# ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?**

**(ਲੇਖ ਸੰਗ੍ਰਹਿ)**

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2011

© ਲੇਖਕ

**ਪ੍ਰਕਾਸ਼ਕ :**

***ਤਰਕਭਾਰਤੀ ਪ੍ਰਕਾਸ਼ਨ,***

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-241744, 233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2011 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    - ਭਾਗ-1
    - ਭਾਗ-2
    - ਭਾਗ-3
    - ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ

# ਤਤਕਰਾ


1. ਕੀ ਭਰਿਸ਼ਟਾਚਾਰ–ਨਵਉਦਾਰਵਾਦੀ ਪੂੰਜੀ ਦੇ ਢਾਂਚੇ ਦਾ ਸਿੱਟਾ ਹੈ? 5
2. ਕਿਵੇਂ ਬਜਟ ਨੇ ਮਿਹਨਤਕਸ਼ਾਂ ਨਾਲ ਧੋਖਾ ਕੀਤਾ? 11
3. ਕੀ ਹੁਣ ਆਲ ਇੰਡੀਆ ਇੰਸਟੀਚਿਊਟ ਦੀ ਵਾਰੀ ਹੈ? 14
4. ਸੀ ਬੀ ਆਈ ਫਿਰ ਕਟਹਿਰੇ 'ਚ ਕਿਉਂ? 16
5. ਰੁਜ਼ਗਾਰ ਯੋਜਨਾ ਕਿਵੇਂ ਬਣੀ ਲੁੱਟ ਦਾ ਅੱਡਾ 18
6. ਦੂਰਸੰਚਾਰ ਘਪਲੇ ਦੇ ਹਮਾਮ 'ਚ ਸਭ ਨੰਗੇ 21
7. ਛਤੀਸਗੜ੍ਹ 'ਚ ਝੋਨਾ ਮੁਨਾਫਾਖੋਰਾਂ ਦੇ ਹਵਾਲੇ ਕਿਉਂ? 24
8. ਜਨਤਾ ਦੇ ਦੁਸ਼ਮਣ ਹਨ ਇਹ ਰਿਸ਼ਵਤਖੋਰ 27
9. ਕੌਣ ਪੜਤਾਲੂਗਾ ਸਵਿਸ ਬੈਂਕ ਖਾਤੇ? 29
10. ਸਿਖਿਆਕਰਮੀਆਂ ਦੀ ਭਰਤੀ ਜਾਂ ਭਰਿਸ਼ਟਾਚਾਰ? 31
11. ਕੀ ਘਪਲਿਆਂ ਦਾ ਦੇਸ਼ ਹੈ ਭਾਰਤ ਭਰਿਸ਼ਟ? 34
12. ਲਾਬੀ ਇਸਟ (ਗੁਟਬੰਦੀ ਕਰਨ ਵਾਲੇ) ਭਾਵ ਸੱਤਾ ਦੇ ਦਲਾਲ? 39
13. ਕਿਉਂ ਡਰਦੀ ਹੈ ਸਰਕਾਰ ਹਸਨ ਅਲੀ ਖਾਨ ਤੋਂ? 42
14. ਕੀ ਭਰਿਸ਼ਟਾਚਾਰ ਕਦੇ ਖਤਮ ਵੀ ਹੋਊ? 51
15. ਕਾਲੇ ਧਨ ਦਾ ਅਚਲ ਜਾਇਦਾਦ 'ਚ ਨਿਵੇਸ਼ ਕਿਵੇਂ? 54
16. ਮਾਫੀਆ ਰਾਜ ਬਨਾਮ ਲਾਟਰੀ ਘਪਲਾ 55
17. ਮਾਫੀਆ ਰਾਜ ਬਨਾਮ ਰੇਲ ਕਬਾੜ ਘਪਲਾ 56
18. ਸਵਾਲਾਂ ਵਿਚ ਕਿਉਂ ਘਿਰੀ ਹੈ ਸੀ ਬੀ ਆਈ? 57
19. ਕੀ ਤੇਲ ਮਾਫੀਆ ਦੀ ਪਹੁੰਚ ਸਿਆਸਤ ਤੋਂ ਸੱਤਾ ਤੱਕ ਹੈ? 60
20. ਕੀ ਹੈ ਟੈਕਸ ਹੈਵਨ ਦਾ ਮਾਇਆ ਜਾਲ? 63
21. ਕੀ ਹੈ ਭਾਰਤੀ ਨਿਆ ਪ੍ਰਨਾਲੀ ਤੇ ਜਾਂਚ ਕਮਿਸ਼ਨਾ ਦਾ ਸੱਚ? 65
22. ਧਰਮ ਨਿਰਪੱਖਤਾ ਦਾ ਕੀ ਇਹੋ ਅਰਥ ਹੈ? 69
23. ਪਤਿਤ ਦਲਾਲ ਸਰਮਾਏਦਾਰੀ ਦੀ ਪਤਿਤ ਸਰਕਾਰ ਹੈ ਇਹ 71
24. ਕੀ ਹੈ ਸਨਅਤ ਕਾਰਾਂ ਨੂੰ ਦੀਵਾਲੀ ਦਾ ਤੋਹਫਾ 73
25. ਕੀ ਹੈ ਟੂ– ਜੀ ਸਪੈਕਟ੍ਰਮ ਘੁਟਾਲਾ? 76
26. ਕੀ ਭ੍ਰਿਸ਼ਟਾਚਾਰ ਦੀ ਬਦਬੂ– ਬਰਦਾਸ਼ਤ ਤੋਂ ਬਾਹਰ ਹੋ ਗਈ? 79
27. ਕੀ ਹੈ ਖੁਦਾਈ ਮਾਫੀਆ ਦੀ ਘੁਸਪੈਠ? 81
28. ਕਿਉਂ ਹਨ ਜਾਨਲੇਵਾ ਇਮਾਰਤਾਂ ਦਿੱਲੀ ਦੀਆਂ? 84
29. ਯਮੁਨਾ ਐਕਸਪ੍ਰੈਸ–ਵੇ ਸੰਬਧੀ ਸੰਘਰਸ਼ ਸਹੀ ਅਵਗਾਈ ਦੀ ਲੋੜ 87
30. ਭੂਪਾਲ ਤੋਂ ਬੀ. ਪੀ. ਟੇਕਸਾਸ ਸ਼ਹਿਰ ਤੱਕ 90
31. ਸੜਦੇ ਪੂੰਜੀਵਾਦ 'ਚ ਭਰਿਸ਼ਟਾਚਾਰ ਹੀ ਆਦਰਸ਼ 98
32. ਨਾਂ ਜਨਤਾ ਦਾ ਪਰ ਹਕੂਮਤ ਸਰਮਾਏਦਾਰਾਂ ਦੀ 100
33. ਕਾਲੇ ਧਨ ਸਬੰਧੀ ਸਰਕਾਰ ਦੀ ਬੇਵਸ਼ੀ ਕਾਹਦੀ? 106
34. ਕਿਸਾਨਾਂ ਦੀ ਮੌਤ 'ਤੇ ਸਿਆਸਤ ਕਿਵੇਂ? 110
35. ਰਾਜਾਂ ਦੀ ਜੇਲ੍ਹਾਂ ਜਾਂ ਮੌਤ ਦੀਆਂ ਕੋਠੜੀਆਂ ਹਨ? 113
36. ਬਰੇਲੀ ਆਈ ਟੀ ਬੀ ਪੀ ਕਾਂਡ ਬਨਾਮ ਬੇਰੁਜ਼ਗਾਰੀ 115
37. ਤਿਲੰਗਾਨਾ 'ਚ ਫੌਜ ਭੇਜਣਾ ਬਨਾਮ ਅੰਬੇਦਕਰ 118
38. ਜਦੋਂ ਗਰੀਬਾਂ ਦੇ ਕਣਕ–ਚੌਲ ਵਿਦੇਸ਼ਾਂ 'ਚ ਵਿਕੇ? 125
39. ਸਮਾਜਕ ਨਾਬਰਾਬਰੀ ਬਨਾਮ ਸਾਮਰਾਜ ਬਹੁਕੌਮੀ (ਸਾਮਰਾਜੀ) ਕੰਪਨੀਆਂ 128
40. ਕੀ ਸਾਮਰਾਜ ਦੀ ਗੁਲਾਮ ਹੈ ਸਾਡੀ ਨਿਆਂ ਪ੍ਰਨਾਲੀ? 136
41. ਕਿਵੇਂ ਹੈ ਸ਼ਾਹੂਕਾਰਾਂ ਦੀ ਚਾਂਦੀ–ਦਲਿਤਾਂ ਆਦਵਾਸੀਆਂ ਦੀ ਲੁੱਟ 139
42. ਜ਼ਮੀਨੇ ਬੇਘਰਿਆਂ ਦੀ ਕਬਜਾ ਜਰਵਾਨਿਆਂ ਦਾ 142
43. ਕ੍ਰਿਕਟ 'ਚ ਵੱਡੇ ਸੱਟੇਬਾਜ਼ ਕਿਵੇਂ ਲੁੱਟਦੇ ਹਨ ਮਾਲ? 144
44. ਸੈਕਸ ਘਪਲਾ ਬਨਾਮ ਮਾਫੀਆ ਰਾਜ 148
45. ਅਪਰਾਧ ਜਗਤ ਦੇ ਮਾਫੀਆ ਬਨਾਮ ਕਾਲਾ ਧਨ 149
46. ਅਪਰਾਧੀ ਤੇ ਬਲਾਤਕਾਰੀ ਵਿਧਾਇਕ ਬਨਾਮ ਮਾਇਆਵਤੀ 155
47. ਬੇਘਰ–ਬੇਸਹਾਰਾ ਬੱਚੇ ਦਿੱਲੀ ਦੀ ਸੜਕਾਂ 'ਤੇ ਰਾਤ ਕੱਟਣ ਲਈ ਮਜ਼ਬੂਰ ਕਿਉਂ? 158

# ਕੀ ਭਰਿਸ਼ਟਾਚਾਰ-ਨਵਉਦਾਰਵਾਦੀ ਪੂੰਜੀ ਦੇ ਢਾਂਚੇ ਦਾ ਸਿੱਟਾ ਹੈ?

"ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ" ਯਾਨੀ ਕਿ ਭਾਰਤ ਦੀ ਗਿਣਤੀ ਅੱਜ ਕੱਲ੍ਹ ਦੁਨੀਆਂ ਦੇ ਸਭ ਤੋਂ ਭਰਿਸ਼ਟ ਦੇਸ਼ਾਂ 'ਚ ਕੀਤੀ ਜਾਣ ਲੱਗੀ ਹੈ। ਦੋ ਮੋਹਰੀ ਗੈਰ ਸਰਕਾਰੀ ਸੰਸਥਾਵਾਂ (ਐਨ ਜੀ ਓ) ਟਰਾਂਸਪੇਰੇਂਸੀ ਇੰਟਰਨੈਸ਼ਨਲ (ਟੀ. ਆਈ) ਅਤੇ ਗਲੋਬਲ ਫਾਇਨੈਂਸ਼ੀਅਲ ਇੰਟਿਗ੍ਰਿਟੀ (ਜੀ ਐਫ ਆਈ) ਨੇ ਭਾਰਤ ਦੀ ਮਨੋਹਨ ਸਿੰਘ ਸਰਕਾਰ ਦਾ ਏਸ਼ੀਆ ਦੇ ਇਕ ਸਭ ਤੋਂ ਭਰਿਸ਼ਟਤੰਤਰ ਵਜੋਂ ਪਰਦਾ ਫਾਸ਼ ਕੀਤਾ ਹੈ। ਧਿਆਨ ਰਹੇ ਕਿ ਗਲੋਬਲ ਫਾਇਨੈਂਸ਼ੀਅਲ ਇੰਟਗ੍ਰਿਟੀ (ਜੀ ਐਫ ਆਈ) ਨਾਂ ਦੀ ਸਵੈਸੇਵੀ ਸੰਸਥਾ ਦੀ ਉਸਾਰੀ ਖੁਦ ਫੋਰਡ ਫਾਊਂਡੇਸ਼ਨ ਨੇ ਕੀਤਾ ਹੈ। ਸੰਸਾਰ ਪੱਧਰ 'ਤੇ ਵੀ ਭਰਿਸ਼ਟਾਚਾਰ ਵਧ ਫੁੱਲ ਰਿਹਾ ਹੈ ਅਤੇ 2010 ਨੈਸ਼ਨਲ ਕਰਪਸ਼ਨ ਬੈਰੋਮੀਟਰ (ਵਿਸ਼ਵੀ ਭਰਿਸ਼ਟਾਚਾਰ ਮਾਪਕ 2010) ਅਨੁਸਾਰ ਪਿਛਲੇ ਤਿੰਨ ਸਾਲਾਂ ਦੌਰਾਨ ਭਰਿਸ਼ਟਾਚਾਰ ਛਾਲਾਂ ਲਗਾਤਾਰ ਵਧਾ ਰਿਹਾ ਹੈ। ਇਹ ਗੱਲ ਟਰਾਂਸਪੇਰੇਂਸੀ ਇੰਟਰਨੈਸ਼ਨਲ ਨੇ ਭਰਿਸ਼ਟਾਚਾਰ ਬਾਰੇ ਦੁਨੀਆਂ 'ਚ ਕੀਤੇ ਗਏ ਜਨਮਤ ਦੇ ਅਧਾਰ 'ਤੇ ਕੀਤੀ ਗਈ ਹੈ। ਇਸ ਰਿਪੋਰਟ ਅਨੁਸਾਰ ਨਜਾਇਜ਼ ਲੈਣ ਦੇਣ ਦੀ ਵਰਤੋਂ ਕਰਕੇ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲੇ ਮਾਫੀਆ ਚਾਲਬਾਜ਼ਾਂ, ਅੱਤਵਾਦੀ ਮਾਸਟਰਮਾਇੰਡਾਂ, ਤੇ ਨਵ-ਉਦਾਰਵਾਦ ਦੇ ਤਹਿਤ ਬਹੁਕੌਮੀ ਨਿਗਮਾਂ ਵਲੋਂ ਵੱਡੇ ਪੈਮਾਨੇ 'ਤੇ ਗੈਰ ਕਨੂੰਨੀ ਕੰਮ ਕੀਤਾ ਜਾ ਰਿਹਾ ਹੈ। ਅਫਰੀਕਾ, ਏਸ਼ੀਆ, ਅਮਰੀਕਾ ਤੇ ਯੂਰਪ ਇਹਨਾਂ ਸਾਰੀਆਂ ਥਾਵਾਂ ਦੇ ਅਨੁਭਵਾਂ ਦੇ ਅਧਾਰ 'ਤੇ ਇਹ ਵਿਖਾਇਆ ਗਿਆ ਹੈ ਕਿ ਬਹੁਕੌਮੀ ਕੰਪਨੀਆਂ, ਬੈਂਕਾਂ ਅਤੇ ਸਨਅਤੀ ਵਪਾਰਕ ਘਰਾਣਿਆਂ ਰਾਹੀਂ ਕਿਸ ਤਰ੍ਹਾਂ ਗੁਪਤ ਲੈਣ ਦੇਣ ਕੀਤਾ ਜਾਂਦਾ ਹੈ ਅਤੇ ਕੌਮੀ ਤੇ ਕੌਮਾਂਤਰੀ ਦੋਨੋਂ ਕਨੂੰਨ ਦੀ ਉਲੰਘਣਾ ਕੀਤੀ ਜਾਂਦੀ ਹੈ। ਹਰ ਸਾਲ ਇਕ ਟ੍ਰਿਲੀਅਨ ਡਾਲਰ (ਇਕ ਅਰਬ ਡਾਲਰ) ਦਾ ਇਸ ਤਰ੍ਹਾਂ ਦਾ ਨਜ਼ਾਇਜ਼ ਕਾਰੋਬਾਰ ਕੀਤਾ ਜਾਂਦਾ ਹੈ। ਉਦਯੋਗਪਤੀਆਂ, ਰਾਜ ਨੇਤਾਵਾਂ, ਨੌਕਰਸ਼ਾਹਾਂ ਤੇ ਵਿਚੋਲਿਆਂ ਦੇ ਗਠਜੋੜ ਰਾਹੀਂ ਕਮਿਸ਼ਨ, ਰਿਸ਼ਵਤ, ਝੂਠੇ ਦਸਤਾਵੇਜ਼, ਨਕਲੀ ਕੰਪਨੀਆਂ ਦੀ ਉਸਾਰੀ ਤਬਾਦਲੇ, ਮੁੱਲ ਨਿਰਧਾਰਣ, ਗੁਪਤ ਖੇਤ੍ਰਾਧਿਕਾਰ ਤੇ ਵਪਾਰ ਦੀਆਂ ਐਸੀਆਂ ਹੋਰ ਚਾਲ ਬਾਜ਼ੀਆਂ ਰਾਹੀਂ ਹਾਸਲ ਵਿਸ਼ਾਲ ਧਨ ਰਾਸ਼ੀ ਨੂੰ ਟੈਕਸ ਦੇਣ ਤੋਂ ਬਚਾਉਣ ਲਈ ਸੁਰਖਿਅਤ ਟੈਕਸ ਹੈਵਨਾ 'ਚ ਭੇਜ ਦਿੱਤਾ ਜਾਂਦਾ ਹੈ। ਟ੍ਰਾਂਸਪੇਰੇਂਸੀ ਇੰਟਰਨੈਸ਼ਨਲ ਦੇ ਭਰਿਸ਼ਟਾਚਾਰ ਸੂਚਕਾਂਕ 'ਚ ਦੁਨੀਆਂ ਦੇ 178 ਦੇਸ਼ਾਂ 'ਚ ਭਾਰਤ ਦੀ ਥਾਂ 78ਵੀਂ ਹੈ। ਇਕ ਹੋਰ ਰਿਪੋਰਟ ਵਿਚ ਜਿਸ ਦੀ ਸੁਰਖੀ ਹੈ "1948 ਤੋਂ 2008 ਭਾਰਤ ਤੋਂ ਨਜਾਇਜ਼ ਵਿੱਤ ਪ੍ਰਵਾਹ ਦੀ ਚਾਲਿਕਾ ਤੇ ਗਤਿਕੀ" ਗਲੋਬਲ ਫਾਈਨੇਸ਼ੀਅਲ ਇੰਟ੍ਰਗਿਟੀ ਨੇ ਅਨੁਸਾਰ ਲਾਇਆ ਹੈ ਕਿ ਟੈਕਸ ਚੋਰੀ, ਅਪਰਾਧ ਤੇ ਭਰਿਸ਼ਟਾਚਾਰ ਦੀ ਵਜ੍ਹਾ ਕਰਕੇ ਭਾਰਤ ਤੋਂ 462 ਅਰਬ ਡਾਲਰ ਦੀ ਕੁਲ ਨਜਾਇਜ਼ ਜਾਇਦਾਦ ਗਾਇਬ ਹੋ ਗਈ ਹੈ। ਇਸ ਤਰ੍ਹਾਂ ਭਾਰਤ ਨੇ ਆਪਣੀ ਕੁਲ ਘਰੇਲੂ ਪੈਦਾਵਾਰ (ਜੀ ਡੀ ਪੀ) ਦੇ ਲਗਭਗ 36 ਫੀਸਦੀ ਦੇ ਬਰਾਬਰ ਰਾਸ਼ੀ ਗੁਆ ਲਈ ਹੈ। ਹਾਲਾਤ ਨੂੰ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਹੈ ਕਿ ਗਲੋਬਲ ਫਾਇਨੈਂਸ਼ੀਅਲ ਇੰਟਗ੍ਰਿਟੀ ਰਿਪੋਰਟ ਕਹਿੰਦੀ ਹੈ,

“ਭਾਰਤ ਦੇ ਕੁਲ ਨਜਾਇਜ਼ ਪੂੰਜੀ ਨੁਕਸਾਨ ਦਾ 68 ਫੀਸਦੀ 1991 ’ਚ ਭਾਰਤ ਦੇ ਆਰਥਕ ਸੁਧਾਰਾਂ ਦੀ ਸ਼ੁਰੂਆਤ ਪਿੱਛੋਂ ਹੋਇਆ ਹੈ। ਇਹ ਸੰਕੇਤ ਕਰਦਾ ਹੈ ਕਿ ਨਿਯਮਾਂ ’ਚ ਢਲਾਈ ਤੇ ਵਪਾਰ ਉਦਾਰੀਕਰਨ ਤੋਂ ਅਸਲ ’ਚ ਨਜਾਇਜ਼ ਪੈਸੇ ਦੇ ਵਿਦੇਸ਼ਾਂ ’ਚ ਤਬਦੀਲੀ ਨੂੰ ਹੱਲਾਸ਼ੇਰੀ ਮਿਲੀ ਹੈ ਅਤੇ ਇਸ ਦੀ ਗਤੀ ਤੇਜ਼ ਹੋਈ ਹੈ। “ਰਿਪੋਰਟ ਅਨੁਸਾਰ ਭਾਰਤ ਦੀ ਭੂਮੀਗਤ ਅਰਥਚਾਰੇ ਦਾ ਜੋ ਇਕ ਅੰਦਾਜ਼ੇ ਮੁਤਾਬਕ ਕੁਲ ਘਰੇਲੂ ਪੈਦਾਵਾਰ ਦਾ ਪੰਜਾਹ ਫੀਸਦੀ (ਸਾਲ 2008 ਦੇ ਅੰਤ ’ਚ ਤਕਰੀਬਨ 640 ਅਰਬ ਡਾਲਰ) ਹਨ, “ਨਜਾਇਜ਼ ਵਿਤੀ ਨਿਗਮ ਦੇ ਨਾਲ ਡੂੰਘੇ ਸਬੰਧ ਹਨ।” ਗਲੋਬਲ ਫਾਇਨੈਂਸੀਅਲ ਇੰਟਰਗਿਟੀ ਦੇ ਮੋਹਰੀ ਅਰਥਸਾਸ਼ਤਰੀ ਦੇਵਕਰ ਨੇ ਇਸ ਗੱਲ ਨੂੰ ਇਹਨਾਂ ਸ਼ਬਦਾਂ ’ਚ ਰਖਿਆ ਹੈ “ਵਿਦੇਸ਼ੀ ਖਾਤਿਆਂ ’ਚ ਜਮਾਂ ਭਾਰਤ ਦੀ ਨਜਾਇਜ਼ ਜਾਇਦਾਦ ਦੀ ਮੌਜੂਦ ਕੁਲ ਕੀਮਤ ਭਾਰਤ ਦੇ ਭੂਮੀਗਤ ਅਰਥਚਾਰੇ ਦਾ ਲਗਭਗ 72 ਫੀ ਹੈ। ਇਸ ਦਾ ਮਤਲਬ ਇਹ ਹੈ ਕਿ ਭਾਰਤ ਦੀ ਭੂਮੀਗਤ ਅਰਥਚਾਰੇ ਦੇ ਕਰੀਬ ਤਿੰਨ ਚੌਥਾਈ ਹਿੱਸਾ ਦੇਸ਼ ਤੋਂ ਬਾਹਰ ਚਲਾ ਜਾਂਦਾ ਹੈ। ਅਸੀਂ ਇਹ ਵੀ ਵੇਖਦੇ ਹਾਂ ਕਿ ਨਜਾਇਜ਼ ਪੂੰਜੀ ਵਹਾਅ ਦੀ ਵੱਡੀ ਮਾਤਰਾ ਤੇ ਆਮਦਨ ਦੀ ਵੰਡ ਦੀ ਖਰਾਬ ਹੁੰਦੀ ਅਵਸਥਾ ਵਿਚ ਅੰਕੜਿਆਂ ਦਾ ਰਵਾਇਤੀ ਸਬੰਧ ਹਨ” ਹਾਲ ਦੀ ਘੜੀ ਟ੍ਰਾਂਸਪੇਰੇਂਸੀ ਇੰਟਰਨੈਸ਼ਨਲ ਤੇ ਗਲੋਬਲ ਫਾਇਨੈਂਸ਼ੀਅਲ ਇੰਟ੍ਰਗਿਟੀ ਵਲੋਂ ਜਾਰੀ ਰਿਪੋਰਟ ਅਨੁਸਾਰ ਭਰਿਸ਼ਟਾਚਾਰ ਦੇ ਸਾਗਰ ’ਚ ਪਾਣੀ ਦੀ ਬੂੰਦ ਹੀ ਹੈ। ਜਾਣਕਾਰ ਲੋਕ ਪਹਿਲਾਂ ਹੀ ਨਿਸ਼ਾਨਦੇਹੀ ਕਰ ਚੁੱਕੇ ਹਨ ਕਿ ਭਾਰਤ ਦੀ ਜਾਇਦਾਦ ਦਾ ਲਗਭਗ ਇਕ ਖਰਬ ਡਾਲਰ ਗੁਪਤ ਵਿਦੇਸ਼ੀ ਬੈਂਕਾਂ ’ਚ ਛਿਪਾ ਕੇ ਰੱਖਿਆ ਗਿਆ ਹੈ ਅਤੇ ਇਹ ਰਾਸ਼ੀ ਭਰਿਸ਼ਟਾਚਾਰਾਂ ਤੇ ਘਪਲਿਆਂ ਰਾਹੀਂ ਦੇਸ਼ ’ਚ ਪੈਦਾ ਹੋਣ ਵਾਲੀ ਰਾਸ਼ੀ ਨੂੰ ਜ਼ਿਆਦਾਤਰ ਬਾਹਰ ਭੇਜ ਦਿੱਤਾ ਜਾਂਦਾ ਹੈ, ਉਥੇ ਰਾਜ ਤੇ ਸਥਾਨਕ ਪੱਧਰ ’ਤੇ ਭੜੱਪੀ ਗਈ ਰਾਸ਼ੀ ਨੂੰ ਅਕਸਰ ਹੀ ਮੁਦਰਾ ਪ੍ਰੀਸੰਚਲਨ ਚੈਨਲ ’ਚ ਫਿਰ ਪਾ ਦਿੱਤਾ ਜਾਂਦਾ ਹੈ ਤਾਂ ਕਿ ਸੱਟੇਬਾਜ਼ੀ ਤੇ ਸਿੱਕੇ ਦੇ ਫੈਲਾਅ ਨੂੰ ਜ਼ਿਆਦਾਤਰ ਹੱਲਾਸ਼ੇਰੀ ਮਿਲੇ। ਰਾਜ ਨੇਤਾ, ਨੌਕਰਸ਼ਾਹ, ਫੌਜੀ ਅਫਸਰ (ਐਸੀਆਂ ਕਈ ਸਾਰੀਆਂ ਕੌਮਾਂਤਰੀ ਰਿਪੋਰਟਾਂ ਹਨ ਜਿਸ ’ਚ ਭਾਰਤ ਨੂੰ ਪੁਰਾਣੇ ਹਥਿਆਰਾਂ ਦੀ ਦਰਾਮਦ ਲਈ ਡੰਪਿੰਗ ਗਰਾਊਂਡ ਵਜੋਂ ਵਰਤ ਕੇ ਪੈਸਾ-ਕੁਤਾਈ ਦਾ ਸਥਾਨ ਦਸਿਆ ਗਿਆ ਹੈ) ਅਤੇ ਸਭ ਤੋਂ ਵੱਧ ਕੇ ਸਨਅਤੀ ਘਰਾਣੇ ਅਤੇ ਉਹਨਾਂ ਦੇ ਦਲਾਲ ਸਭ ਇਸ ਕੰਮ ’ਚ ਲਿਪਤ ਹਨ। ਭਾਰਤ ਨਾਲ ਸੰਬੰਧਿਤ ਉਕਤ ਰਿਪੋਰਟ ’ਤੇ ਵਿਆਪਕ ਚਰਚਾ ਹੋਈ ਹੈ। ਖਾਸ ਕਰਕੇ ਹਾਲ ਦੇ ਵੱਡੇ ਘਪਲਿਆਂ ਦੇ ਮੱਦੇਨਜ਼ਰ ਜਿਵੇਂ ਕੀ ਆਈ ਪੀ ਐਲ ਘਪਲਾ ਰਾਸ਼ਟਰਮੰਡਲ ਘਪਲਾ ਜਿਸ ’ਚ ਕੰਟਰੋਲਰ ਮਹਾ ਲੇਖਾ ਪ੍ਰੀਖਕ ਦੇ ਅੰਦਾਜ਼ੇ ਅਨੁਸਾਰ ਸਪੈਕਟਰਮ ਦੀ ਵਿਕਰੀ ਨਾਲ ਸਰਕਾਰੀ ਖਜਾਨੇ ਨੂੰ 1.76 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਭਾਰਤੀ ਜੀਵਨ ਬੀਮਾ ਨਿਗਮ (ਐਲ ਆਈ ਸੀ) ਤੇ ਸਰਕਾਰੀ ਬੈਂਕਾਂ ਵਲੋਂ ਹਾਊਸਿੰਗ ਲੋਨ ਦੇ ਬਹਾਨੇ ਰੀਅਲ ਅਸਟੇਟ (ਅਚਲ ਜਾਇਦਾਦ) ਤੇ ਸੱਟੇਬਾਜ਼ੀ ’ਚ ਹਜ਼ਾਰਾਂ ਕਰੋੜ ਰੁਪਏ ਲਾਏ ਜਾਣਾ, ਆਦਰਸ਼ ਹਾਊਸਿੰਗ ਸੁਸਾਇਟੀ ਘਪਲਾ, ਕੁਦਰਤੀ ਸਾਧਨਾਂ ਦੀ ਖੁਦਾਈ, ਤੇਲ ਤੇ ਕੁਦਰਤੀ ਗੈਸ ਬੈਸਿਨਾ ਦੇ ਪਟੇ ਦੇਣੇ ਅਤੇ ਅਚਲ ਜਾਇਦਾਦ ਦੇ ਲੈਣ ਦੇਣ ਦੇ ਮਾਮਲਿਆਂ ’ਚ ਹਜ਼ਾਰਾਂ ਕਰੋੜ ਰੁਪਏ ਦੀ ਗੁਪਤ ਸੌਦੇਬਾਜ਼ੀ, ਸ਼ੇਅਰ ਬਜ਼ਾਰ ’ਚ ਅੰਦਰੂਨੀ ਵਪਾਰ ਸਾਮਰਾਜੀ ਵਿਤੀ ਸੱਟੇਬਾਜ਼ਾਂ ਵਲੋਂ ਜਨਤਕ ਖੇਤਰ ਦੇ

ਬੈਂਕਾਂ ਨਾਲ ਪੈਸਾ ਲੈ ਕੇ ਸ਼ੇਅਰ ਬਜ਼ਾਰ 'ਚ ਲਗਾਤਾਰ ਕੀਮਤਾਂ ਨੂੰ ਵਧਾ ਦੇਣਾ ਅਤੇ ਫਿਰ ਭਾਰੀ ਰਕਮ ਕੱਢ ਕੇ ਉਸ ਨੂੰ ਦੇਸ਼ ਤੋਂ ਬਾਹਰ ਲੈ ਜਾਣਾ, ਜਨਤਕ ਖੇਤਰ ਦੇ ਅਦਾਰਿਆਂ ਦੇ ਅਪਨਿਵੇਸ਼ ਦੇ ਅਮਲ 'ਚ ਉਸ ਦੇ ਸ਼ੇਅਰਾਂ ਦੀ ਕੀਮਤਾਂ ਘੱਟ ਰੱਖ ਕੇ ਦੇਸ਼ ਦੀ ਜਾਇਦਾਦ ਨੂੰ ਵੱਡੇ ਪੈਮਾਨੇ 'ਤੇ ਹੜੱਪ ਕਰ ਜਾਣਾ, ਉਦਯੋਗਪਤੀਆਂ ਵਲੋਂ ਜਨਤਕ ਖੇਤਰ ਦੇ ਬੈਂਕਾਂ ਲਈ ਸੈਂਕੜੇ ਕਰੋੜਾਂ ਰੁਪਏ ਦੇ ਕਰਜੇ ਨੂੰ ਡੁੱਬਦੇ ਖਾਤੇ ਦੀ ਜਾਇਦਾਦ ਦੱਸ ਕੇ ਸਾਫ ਕਰ ਦੇਣਾ, ਨਾਗਰਿਕ ਹਵਾਬਾਜ਼ੀ ਦੇ ਨਿਜੀਕਰਣ 'ਚ ਭਾਰੀ ਰਿਸ਼ਵਤ ਹਰ ਸਾਲ ਲੱਖਾਂ ਕਰੋੜਾਂ ਰੁਪਏ ਦੀ ਟੈਕਸ ਚੋਰੀ ਆਦਿ। ਅਸਲ 'ਚ ਇਹਨਾਂ ਘਪਲਿਆਂ 'ਤੇ ਬਹਿਸ ਨਾਲ ਕਾਫੀ ਪਹਿਲਾਂ ਹੀ ਉੱਚ ਪ੍ਰਸ਼ਾਸ਼ਨਿਕ ਪੱਧਰ 'ਤੇ ਵਧਦੇ ਭਰਿਸ਼ਟਾਚਾਰ ਵਜੋਂ 2007 ਤੋਂ 2009 ਤੱਕ ਤਿੰਨ ਸਾਲਾਂ ਦੌਰਾਨ ਸੀ. ਬੀ. ਆਈ. ਨੇ ਭਰਿਸ਼ਟਾਚਾਰ ਦੇ 2439 ਕੇਸ ਦਰਜ ਕੀਤੇ ਸਨ। ਜਿਸ 'ਚ ਰਾਜ ਨੇਤਾ, ਨੌਕਰਸ਼ਾਹ ਤੇ ਉਦਯੋਗ ਜਗਤ ਦੇ ਦਲਾਲ ਸ਼ਾਮਲ ਰਹੇ ਹਨ।

ਇਹਨਾਂ 'ਚੋਂ ਸਾਲ 2007 'ਚ 688 ਸਾਲ 2008 'ਚ 744 ਅਤੇ ਸਾਲ 2009 'ਚ 795 ਕੇਸ ਦਰਜ ਕੀਤੇ ਗਏ ਸਨ। ਪਰ ਮਨਮੋਹਨ ਸਿੰਘ ਸਰਕਾਰ ਨੇ ਜੋ ਖੁਦ ਭਰਿਸ਼ਟਾਚਾਰ ਦਾ ਅਵਤਾਰ ਹੈ, ਸੀ ਬੀ ਆਈ ਨੂੰ ਆਪਣੇ ਹੱਥਾਂ 'ਚ ਇਕ ਰਾਜਸੀ ਖਿਡੌਣਾ ਬਣਾ ਦਿੱਤਾ ਹੈ। ਇਸ ਲਈ ਅਜਿਹੀ ਜਾਂਚ 'ਚ ਸਿਰਫ ਆਪਣੇ ਰਾਜਸੀ ਵਿਰੋਧੀ 'ਤੇ ਦਬਾਅ ਪਾਉਣ ਤੇ ਲੋਕਾਂ ਦਾ ਧਿਆਨ ਵੰਡਣ ਲਈ ਕੀਤੇ ਜਾਂਦੇ ਹਨ। ਨਿਸ਼ਚੇ ਹੀ ਭਰਿਸ਼ਟਾਚਾਰ ਤੇ ਧੋਖੇਬਾਜ਼ੀ ਦਾ ਇਕ ਦੂਜਾ ਆਯਾਮ ਵੀ ਹੈ। ਗੈਰ ਕਨੂੰਨੀ ਤਰੀਕਿਆਂ ਨਾਲ ਰਾਸ਼ਟਰ ਦੀ ਜਾਇਦਾਦ ਦਾ ਸਿੱਧੇ ਤੌਰ 'ਤੇ ਲੁੱਟ ਦੇ ਨਾਲ ਹੀ ਟੈਕਸ 'ਚ 'ਕਨੂੰਨੀ' ਛੋਟ ਵਜੋਂ ਵੀ ਹਰ ਸਾਲ ਭਾਰੀ ਲੁੱਟ ਹੋ ਰਹੀ ਹੈ। ਮਿਸਾਲ ਵਜੋਂ ਜੇ ਪਿਛਲੇ ਕੁਝ ਸਾਲਾਂ ਦੇ ਬਜਟ ਦਾ ਵਿਸ਼ਲੇਸ਼ਣ ਕਰੀਏ ਤਾਂ ਇਹ ਸਾਫ ਹੋ ਜਾਵੇਗਾ ਕਿ ਟੈਕਸਾਂ 'ਚ ਵੱਖ-ਵੱਖ ਰਿਆਇਤਾਂ ਰਾਹੀਂ ਸਨਅਤੀ ਘਰਾਣਿਆਂ ਦੇ ਹੱਥ ਭੀ ਜਾਇਦਾਦ ਦਾ ਵਟਾਂਦਰਾ ਵਧਦਾ ਜਾ ਰਿਹਾ ਹੈ। ਸਾਲ 2008-09 ਦੇ ਬਜਟ 'ਚ ਟੈਕਸਾਂ 'ਚ ਇਸ ਤਰ੍ਹਾਂ ਦੀ ਲੁੱਟ ਦੀ ਰਾਸ਼ੀ 4.14 ਲੱਖ ਕਰੋੜ ਰੁਪਏ ਸੀ ਤਾਂ ਸਾਲ 2009-10 ਦੇ ਬਜਟ ਵਿਚ ਇਹ ਵਧ ਕੇ 5.02 ਲੱਖ ਕਰੋੜ ਰੁਪਏ ਹੋ ਗਈ। ਇਹ ਦੇਸ਼ ਦੇ ਟੈਕਸ ਦੀ ਲੁੱਟ ਨੂੰ ਕੌਮੀ ਜਾਮਾ ਪਹਿਨਾਉਣ ਦਾ ਇਕ ਤਰੀਕਾ ਹੈ ਹੋਰ ਕੁਝ ਨਹੀਂ। ਅਦਾਰਿਆਂ ਦੀ ਇਹ ਡੀਵਰਸ਼ਨ ਜੋ ਉੱਪਰ ਤੋਂ ਕਨੂੰਨੀ ਮਹਿਸੂਸ ਹੁੰਦਾ ਹੈ ਅਤੇ ਜੋ ਮੌਜੂਦਾ ਦਰ 'ਤੇ ਜਨਤਾ ਨੂੰ ਅਨਾਜ ਸਿਹਤ, ਸਿੱਖਿਆ ਤੇ ਖੇਤੀ ਗਰਾਂਟ ਮੁਹਈਆ ਕਰਨ ਲਈ ਕਾਫੀ ਹੈ, ਦਲਾਲ ਹਾਕਮਾਂ ਦੀ ਮਿਲੀ ਭੁਗਤ ਨਾਲ ਦੇਸ਼ ਦੀ ਦੌਲਤ ਦੀ ਕਾਰਪੋਰੇਟ ਲੁੱਟ ਦਾ ਨਵ-ਉਦਾਰਵਾਦੀ ਤਰੀਕਾ ਹੈ। ਅਤੀਤ 'ਚ ਹੋਣ ਵਾਲੀ ਕਾਰਪੋਰੇਟ ਲੁੱਟ ਦੇ ਉਲਟ ਇਸ ਨਵ-ਉਦਾਰਵਾਦੀ ਦੌਰ 'ਚ ਇਸ ਦੀ ਮਾਤਰਾ 'ਚ ਵਾਧੇ ਦੇ ਨਾਲ-ਨਾਲ ਇਕ ਗੁਣਾਤਮਕ ਬਦਲਾਅ ਆਇਆ ਹੈ। ਅਸਲ 'ਚ ਸਾਡੇ ਦੇਸ਼ ਦੇ ਦਲਾਲ ਹਾਕਮਾਂ ਤੇ ਉਦਾਰਵਾਦੀ ਬੁੱਧੀਜੀਵੀਆਂ ਵਲੋਂ ਆਰਥਕ ਉਦਾਰੀਕਰਨ ਤੇ ਭੂਮੰਡਲੀਕਰਨ ਦੇ ਪੱਖ 'ਚ ਇਹ ਤਰਕ ਦਿੱਤਾ ਜਾਂਦਾ ਸੀ ਕਿ ਇਹ ਨਹਿਰੂਵਾਦੀ ਯੁੱਗ ਦੇ ਭਰਿਸ਼ਟਾਚਾਰ ਗ੍ਰਸਿਤ 'ਲਾਇਸੰਸ ਪਰਮਿਟ ਰਾਜ ਤੋਂ ਦੇਸ਼ ਨੂੰ ਮੁਕਤ ਕਰ ਦੇਵੇਗਾ। ਪਰ ਇਸ ਦੇ ਉਲਟ ਹੋਇਆ ਇਹ ਕਿ ਪੁਰਾਣੇ ਕਿਸਮ ਦਾ ਸਰਬ ਵਿਆਪਕ ਭਰਿਸ਼ਟਾਚਾਰ ਤਾਂ ਆਪਣੀ ਥਾਂ ਕਾਇਮ ਹੈ। ਜਿਸ 'ਚ ਸਨਅਤੀ ਹਿੱਤਾਂ ਨੂੰ ਹੱਲਾਸ਼ੇਰੀ ਦੇਣ ਲਈ

ਰਾਜਨੇਤਾ, ਨੌਕਰਸ਼ਾਹਾਂ ਨੂੰ ਕੀਮਤ ਮਿਲਦੀ ਸੀ, ਇਸ ਦੇ ਨਾਲ-ਨਾਲ ਅੱਜ ਆਰਥਕ ਸਰਗਰਮੀਆਂ ਨੂੰ ਨਿਯਮ ਮੁਕਤ ਤੇ ਕੰਟਰੋਲ ਮੁਕਤ ਕਰਨ ਦੇ ਅਮਲ 'ਚ ਹੋ ਰਹੀ ਕੌਮੀ ਦੌਲਤ ਦੀ ਲੁੱਟ 'ਚ ਉਹਨਾਂ ਦੀ ਸਿੱਧੀ ਹਿੱਸੇਦਾਰੀ ਹੋ ਗਈ ਹੈ। ਇਸ ਦੇ ਅਰਥ 'ਚ ਅਸੀਂ ਅੱਜ ਦੇਸ਼ 'ਚ ਦਲਾਲ ਨੌਕਰਸ਼ਾਹੀ ਪੂੰਜੀਪਤੀਆਂ ਨੂੰ ਹੋਰ ਮਜ਼ਬੂਤ ਹੁੰਦਾ ਵੇਖ ਰਹੇ ਹਾਂ ਲੁੱਟ ਦੇ ਮਾਲ 'ਚ ਹਿੱਸੇਦਾਰੀ ਲਈ ਹਾਕਮ ਜਮਾਤ ਦੇ ਰਾਜਸੀ ਨੇਤਾਵਾਂ, ਨੌਕਰਸ਼ਾਹੀ, ਪੂੰਜੀਪਤੀਆਂ ਨੂੰ ਹੋਰ ਮਜ਼ਬੂਤ ਹੁੰਦਾ ਵੇਖ ਰਹੇ ਹਾਂ। ਲੁੱਟ ਦੇ ਮਾਲ 'ਚ ਹਿੱਸੇਦਾਰੀ ਲਈ ਹਾਕਮ ਜਮਾਤ ਦੇ ਰਾਜਸੀ ਨੇਤਾਵਾਂ ਨੌਕਰਸ਼ਾਹਾਂ, ਸਨਅਤੀ ਮਾਫੀਆ ਤੇ ਮੰਡੀਆਂ ਦੇ ਦਲਾਲਾਂ ਸਮੇਤ ਉਹਨਾਂ ਲਈ ਲਾਬੀਇੰਗ ਕਰਨ ਵਾਲਿਆਂ ਵਿਚਕਾਰ ਇਕ ਨਵਾਂ ਅਪਵਿੱਤਰ ਗਠਜੋੜ ਉੱਭਰ ਆਇਆ ਹੈ। ਨਵ-ਉਦਾਰਵਾਦ ਦੇ ਰਾਹ 'ਤੇ ਕੁਲ ਮਿਲਾ ਕੇ ਚੱਲਣ ਵਾਲੇ ਸਾਰੇ ਲੋਕ, ਚਾਹੇ ਉਹਨਾਂ ਦਾ ਨਾਂ ਤੇ ਝੰਡੇ ਦਾ ਰੰਗ ਕੁਝ ਵੀ ਕਿਉਂ ਨਾ ਹੋਵੇ, ਪ੍ਰਸਾਸ਼ਨ ਦੇ ਵੱਖ-ਵੱਖ ਪੱਧਰਾਂ 'ਤੇ ਹੋ ਰਹੀ ਇਸ ਲੁੱਟ 'ਚ ਸ਼ਾਮਲ ਹੈ ਜਾਂ ਇਸ ਦਾ ਫਾਇਦਾ ਉਠਾ ਰਹੇ ਹਨ ਕਿਉਂਕਿ ਜੋ ਖੁਲਾਸੇ ਹੋ ਰਹੇ ਹਨ ਉਸ ਦੀਆਂ ਰਿਪੋਰਟਾਂ 'ਚ ਨੀਰਾ ਰਾਡੀਆ ਦੀ ਭੂਮਿਕਾ ਵੱਲ ਸੰਕੇਤ ਹੈ। ਨੀਰਾ ਰਾਡੀਆ ਉਹੀ ਹੈ ਜੋ ਉਦਯੋਗ ਜਗਤ ਲਈ ਵਿਚੋਲਿਆਂ (ਦਲਾਲ) ਦਾ ਕੰਮ ਕਰਦੀ ਹੈ ਅਤੇ ਕਾਰਪੋਰੇਟ ਨੌਕਰਸ਼ਾਹੀ ਗਲੈਰਿਆਂ 'ਚ ਉਹਨਾਂ ਦੀ ਸ਼ਾਖ ਰਹੀ ਹੈ ਪੱਛਮੀ ਬੰਗਾਲ 'ਚ ਮਾਰਕਸਵਾਦੀ ਕਮਿ. ਪਾ ਦੀ ਅਗਵਾਈ ਵਾਲੀ ਮੋਰਚਾ ਸਰਕਾਰ ਸਨਅਤੀ ਪੂੰਜੀ ਆਕਰਸ਼ਿਤ ਕਰਨ ਦੀ ਕੋਸ਼ਿਸ਼ 'ਚ ਲਾਭੀ ਕਰਤਾ ਤੇ ਸਲਾਹਕਾਰ ਵਜੋਂ ਰਾਡੀਆ ਦੀ ਸੇਵਾਵਾਂ ਦੀ ਤਲਬਗਾਰ ਰਹੀ ਹੈ।

ਸਨਅਤੀਕਰਨ ਤੇ ਬਜ਼ਾਰਤੰਤਰ ਦੇ ਵਿਸਥਾਰ ਦੀ ਸਹਿਚਾਰੀ ਹੈ ਭਰਿਸ਼ਟਾਚਾਰ :- ਅੱਜ ਨਵ ਉਦਾਰਵਾਦ ਦੇ ਤਹਿਤ ਕੌਮਾਂਤਰੀ ਪੱਧਰ ਦਾ ਅਨੁਭਵ ਸਾਫ ਤੌਰ 'ਤੇ ਦਰਸਾਉਂਦਾ ਹੈ ਕਿ ਭਰਿਸ਼ਟਾਚਾਰ ਤੇਜ਼ੀ ਨਾਲ ਫੈਲਿਆ ਹੈ। ਖਾਸ ਕਰਕੇ ਅਜਿਹਾ ਭਰਿਸ਼ਟਾਚਾਰ ਜਿਸ 'ਚ ਕਾਰਪੋਰੇਟ-ਨੌਕਰਸ਼ਾਹੀ ਗੱਠਜੋੜ ਸ਼ਾਮਲ ਹੈ। ਭਰਿਸ਼ਟਾਚਾਰ ਨਵ-ਉਦਾਰਵਾਦੀ ਦੌਰ ਦੀਆਂ ਆਪਣੀਆਂ ਖਾਸੀਅਤਾਂ ਦੇ ਅਨੁਕੂਲ ਸਾਮਰਾਜੀ ਪੂੰਜੀ ਦੇ ਭੰਡਾਰ ਦਾ ਅਮਲ ਅਤੇ ਬਜ਼ਾਰ ਵਿਸਥਾਰ ਦਾ ਇਕ ਲਾਜ਼ਮੀ ਤੇ ਅੰਤ ਸਮੋਹੀ ਰੁਝਾਨ ਬਣ ਗਿਆ ਹੈ। ਜਿਹਾ ਕਿ ਅਮਰੀਕਾ 'ਚ ਐਨਰਾਨ ਤੇ ਵਰਲਡਕਾਮ ਘਪਲਿਆਂ ਤੋਂ ਜਾਹਿਰ ਹੋਇਆ ਹੈ। ਭਰਿਸ਼ਟਾਚਾਰ ਹਾਕਮ ਜਮਾਤ ਵਲੋਂ ਅਮਲ 'ਚ ਲਿਆਉਂਦੀ ਜਾ ਰਹੀ ਨਵ-ਉਦਾਰਵਾਦੀ ਨੀਤੀ ਦਾ ਸਿੱਟਾ ਹੈ ਜੋ ਅਤੀ ਲੋਭ, ਵਿਤੀ ਹੇਰਾਫੇਰੀ, ਜਬਰੀ ਵਸੂਲੀ ਤੇ ਅਪਰਾਧ ਨੂੰ ਹੱਲਾਸ਼ੇਰੀ ਦਿੰਦਾ ਹੈ। ਇਹ ਸਨਅਤੀ ਪੂੰਜੀ ਲਈ ਸ਼ਾਨਦਾਰ ਮੁਨਾਫਾ ਯਕੀਨੀ ਬਣਾਉਣ ਲਈ ਮਜ਼ਦੂਰਾਂ ਤੇ ਮਿਹਨਤਕਸ਼ਾਂ ਜਨਤਾ ਦੇ ਜੀਵਨ ਪੱਧਰ ਤੇ ਜਮਹੂਰੀ ਅਧਿਕਾਰਾਂ 'ਤੇ ਬੇਕਿਰਕ ਹਮਲੇ ਦੀ ਭੂਮਿਕਾ ਦਾ ਹਿੱਸਾ ਹੈ। 1970 ਦੇ ਦਹਾਕੇ 'ਚ ਪੈਦਾਵਾਰ 'ਚ ਸਥਿਰਤਾ ਤੇ ਸਿਕੇ ਦੇ ਫੈਲਾਅ ਦੀ ਅਵਸਥਾ ਪੈਦਾ ਹੋ ਗਈ ਸੀ, ਜਿਸ ਨੂੰ ਅਰਥਸ਼ਾਸਤਰੀਆਂ ਨੇ ਸਿਥਗਸਫੀਤੀ ਦਾ ਨਾਂ ਦਿੱਤਾ ਸੀ। ਉਸ ਸਮੇਂ ਕੁਲੀਨ ਹਾਕਮਾਂ ਤੇ ਬਹੁਕੌਮੀ ਨਿਗਮਾਂ ਤੇ ਵਿਤੀ ਕਾਰਪੋਰੇਸ਼ਨਾਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨੇ ਮੁਨਾਫੇ ਦੀ ਦਰ ਨੂੰ ਵਧਾਉਣ ਲਈ ਇਕ ਪਾਸੇ ਤਾਂ ਉਦਯੋਗਾਂ ਦੇ ਵਿਨਾਸ਼ ਅਤੇ ਵਿਤੀ ਤੰਤਰ ਨੂੰ ਮਜ਼ਬੂਤ ਬਣਾਉਣ ਦਾ ਅਮਲ ਸ਼ੁਰੂ ਕੀਤਾ ਸੀ ਅਤੇ ਦੂਜੇ ਪਾਸੇ ਮਜ਼ਦੂਰਾਂ ਦੇ ਸੰਘਰਸ਼ਾਂ ਰਾਹੀਂ ਜਿਹਨਾਂ ਜਮਹੂਰੀ ਅਧਿਕਾਰਾਂ ਨੂੰ ਹਾਸਲ

ਕੀਤਾ ਸੀ। ਉਸ ਨੂੰ ਖਤਮ ਕਰਨ ਲਈ ਜਬਰਦਸਤ ਵਾਰ ਕਰਨਾ ਸ਼ੁਰੂ ਕੀਤਾ ਸੀ। 1980 ਦੇ ਦਹਾਕੇ ’ਚ ਨਿਯਮਾਂ ’ਚ ਢਿੱਲ, ਕੰਟਰੋਲ, ਜਨਤਕ ਅਦਾਰਿਆਂ ਦੇ ਸ਼ੇਅਰਾਂ ਦਾ ਅਪਨਿਵੇਸ਼ ਸਮਾਜਕ ਕਲਿਆਣ ਦੇ ਪ੍ਰੋਗ੍ਰਾਮਾਂ ਦਾ ਅੰਤ ਅਤੇ ਰਾਜ ਵਲੋਂ ਖਰਚ ’ਚ ਚੌਤਰਫਾ ਕਮੀ ਸਾਮਰਾਜੀ ਤੇ ਨਵ-ਉਪਨਿਵੇਸ਼ਕ ਸਰਕਾਰਾਂ ਦੀ ਕਸੌਟੀ ਬਣ ਗਏ ਸਨ ਜਨਤਕ ਕੋਸ਼ ਨੂੰ ਸ਼ੇਅਰਾਂ, ਮੁਦਰਾ ਤੇ ਰੀਅਲ ਇਸਟੇਟ ਮਾਰਕਿਟ ’ਚ ਸੱਟੇਬਾਜ਼ੀ ਲਈ ਝੌਂਕ ਦਿੱਤਾ ਗਿਆ ਜਿਥੇ ਘੱਟੋ-ਘੱਟ ਸਮੇਂ ’ਚ ਵੱਧ ਤੋਂ ਵੱਧ ਧਨ ਕਮਾਉਣ ਲਈ ਹੇਰਾਫੇਰੀ ਤੇ ਠੱਗੀ ਦੇ ਸਾਰੇ ਰਾਹਾਂ ਨੂੰ ਸਹੀ ਸਮਝਿਆ ਜਾਂਦਾ ਹੈ। ਇਸ ਲਈ ਜਾਇਦਾਦ ਦੀ ਕੀਮਤ ਨੂੰ ਨਕਲੀ ਰੂਪ ਨਾਲ ਤਹਿ ਕਰਨਾ, ਵਹੀ-ਖਾਤਿਆਂ ’ਚ ਹੇਰਾਫੇਰੀ ਕਰਨੀ, ਬਾਜ਼ਾਰ ’ਚ ਜੋੜ ਤੋੜ ਕਰਨਾ ਸਭ ਕੁਝ ਜਾਇਜ਼ ਹੈ। ਮੁੱਠੀਭਰ ਖੁਸ਼ਹਾਲ ਲੋਕਾਂ ਦੇ ਇਸ ਵਿਤੀ ਲੈਣ ਦੇਣ ਦਾ ਸਿੱਟਾ ਆਮ ਆਦਮੀ ਲਈ ਬੇਹੱਦ ਵਿਨਾਸ਼ਕਾਰੀ ਹੁੰਦਾ ਹੈ। ਮੌਜੂਦਾ ਵਿਸ਼ਵ ਵਿਆਪੀ ਆਰਥਕ ਸੰਕਟ, ਜਿਸ ਦੀ ਸ਼ੁਰੂਆਤ ਅਮਰੀਕਾ ’ਚ ਸਾਲ 2008 ਦੇ ਮੱਧ ’ਚ ਅਖੌਤੀ ਗ੍ਰਹਿ ਕਰਜਾ ਸੰਕਟ ਤੋਂ ਹੋਈ ਸੀ। ਅਸਲ ’ਚ ਬਹੁਕੌਮੀ ਬੈਂਕਾਂ, ਵਿਤੀ ਨਿਗਮਾਂ, ਸੱਟੇਬਾਜ਼ ਵਿਚੋਲਿਆਂ ਅਤੇ ਰਾਜਸੀ ਨੇਤਾਵਾਂ ਵਿਚਕਾਰ ਪਰਦੇ ਪਿੱਛੇ ਕੀਤੇ ਗਏ ਸੌਦਿਆਂ ਤੇ ਕਨੂੰਨਾਂ ਦੇ ਉਲੰਘਣ ਦਾ ਸਿੱਟਾ ਸੀ। ਸੰਕਟ ਦੇ ਪੈਦਾ ਹੋਣ ਪਿੱਛੋਂ ਅਮਰੀਕਾ ਤੇ ਹੋਰ ਦੇਸ਼ਾਂ ’ਚ ਦਿੱਤਾ ਗਿਆ ਪੈਕੇਜ ਜਿਸ ਦੇ ਤਹਿਤ ਵਿਤੀ ਨਿਗਮਾਂ ਨੂੰ ਅਰਬਾਂ ਡਾਲਰ ਤਬਦੀਲ ਕੀਤਾ ਗਿਆ ਸੀ।

ਅਸਲ ’ਚ ਮਿਹਨਤਕਸ਼ ਲੋਕਾਂ ਦੀ ਪਿੱਠ ਪਿੱਛੇ ਕੀਤਾ ਗਿਆ ਅਤੇ ਇਹ ਇਕ ਧੋਖਾ ਸੀ। ਯਾਨੀ ਕਿ ਉਹਨਾਂ ਹੀ ਵਿਤੀ ਨਿਗਮਾਂ ਨੂੰ ਜਿਹਨਾਂ ਦੇ ਬੇਲਗਾਮ ਤੇ ਗੈਰ ਕਨੂੰਨੀ ਵਿਤੀ ਸੌਦਿਆਂ ਕਾਰਨ ਵਿਤੀ ਸੰਕਟ ਪੈਦਾ ਹੋਇਆ ਸੀ। ਸਰਕਾਰੀ ਖਜ਼ਾਨੇ ਤੋਂ ਭਾਰੀ ਰਕਮ ਸੌਂਪ ਦਿੱਤੀ ਗਈ। ਇਹ ਕੋਈ ਇਕੱਲੀ ਕਹਿਰੀ ਘਟਨਾ ਨਹੀਂ ਹੈ। ਨਵ-ਬਸਤੀਵਾਦੀ ਵਿਤੀ ਤੇ ਵਿਕਾਸ ਸੰਸਥਾਵਾਂ ਤੇ ਸੰਸਾਰ ਬੈਂਕ ਤੇ ਏਸ਼ੀਅਨ ਡਿਵੈਲਪਮੈਂਟ ਬੈਂਕ ਵਰਗੀਆਂ ਵੰਡ ਦਾਤਾ ਏਜੰਸੀਆਂ ਬਹੁਕੌਮੀ ਨਿਗਮਾਂ ਦੇ ਨਾਲ ਮਿਲ ਕੇ ਨਵ-ਬਸਤੀਵਾਦੀ ਦੇਸ਼ਾਂ ਦੇ ਸਰਕਾਰੀ ਅਫਸਰਾਂ ਨੂੰ ਰਿਸ਼ਵਤ ਦੇਣ ਤੋਂ ਨਹੀਂ ਝਿਜਕਦੀਆਂ ਹਨ ਤਾਂ ਕਿ ਉਥੇ ਸਮਾਜਵਾਦੀ ਵਿਤੀ ਪੂੰਜੀ ਆਪਣੀ ਇੱਛਾ ਅਨੁਸਾਰ ਪ੍ਰੋਗ੍ਰਾਮਾਂ ਤੋਂ ਪ੍ਰੋਜੈਕਟਾਂ ਨੂੰ ਲਾਗੂ ਕਰਵਾ ਸਕਣ। 1980 ਦੇ ਦਹਾਕੇ ਤਕ ਇਹ ਮੰਨਿਆ ਜਾਂਦਾ ਸੀ ਕਿ ਸਰਕਾਰਾਂ ਆਰਥਕ ਪ੍ਰੋਜੈਕਟਾਂ ਨੂੰ ਆਰੰਭ ਕਰਨ ਵਾਲੀਆਂ ਹੁੰਦੀਆਂ ਹਨ। ਇਸ ਵਿਕਾਸ ਕਰਤਾ ਰਾਜ ਨਾਲ ਸਬੰਧਤ ਨਿਆਮਕ ਤੰਤਰ ਸਨਅਤਕਾਰਾਂ ਦੇ ਸੁਆਰਥਾਂ ਦੀ ਬੇਲਗਾਮ ਜੋੜ ਤੋੜ ਦੇ ਰਾਹ ’ਚ ਅੜਿੱਕਾ ਸਨ। ਪਰ ਨਵ-ਉਦਾਰਵਾਦੀ ਦੌਰ ’ਚ ਵਿਕਾਸ ਦੇ ਨਾਂ ਹੇਠ ਜਨਤਕ ਜਾਇਦਾਦ ਹੜੱਪਣ ਲਈ ਕਾਰਪੋਰੇਟ ਪੂੰਜੀ ਦੀ ‘ਰਾਹ ਮੋਕਲਾ ਕਰਨ ਵਾਲਿਆਂ’ ਦਾ ਚੋਲਾ ਪਹਿਨ ਲਿਆ ਹੈ। ਇਕ ਪਾਸੇ ਤਾਂ ਕਟੌਤੀ ਕਰਨ ਤੇ ਕਦਮ ਵਾਪਸੀ ਦੇ ਬਹਾਨੇ ਆਮ ਲੋਕਾਂ ਦੇ ਕਠੋਰ ਸੰਘਰਸ਼ਾਂ ਤੋਂ ਹਾਸਲ ਜਮਹੂਰੀ ਸਮਾਜਕ ਅਧਿਕਾਰਾਂ ਨੂੰ ਖਤਮ ਕਰਕੇ ਰਾਜ ਫਾਸ਼ੀਵਾਦੀ ਰੂਪ ਧਾਰਨ ਕਰਦਾ ਜਾ ਰਿਹਾ ਹੈ। ਉਥੇ ਦੂਜੇ ਪਾਸੇ ਕੰਟਰੋਲ ਅਤੇ ਵਟਾਂਦਰੇ ਦੇ ਨਾਂ ਹੇਠ ਅਰਥਚਾਰੇ ਦੀ ਪੂਰੀ ਲਗਾਮ ਸਨਅਤੀ ਤੇ ਸੱਟੇਬਾਜ ਦਿਉਂਆਂ ਦੇ ਹਵਾਲੇ ਕਰ ਦਿੱਤੀ ਗਈ ਹੈ। ਨਵ-ਉਦਾਰਵਾਦ ਦੇ ਤਹਿਤ, ਕਾਰਪੋਰੇਟ ਪੂੰਜੀ ਦੇ ਹਿੱਤ ਵਿਚ ਨੀਤੀ ਨਿਰਮਾਣ ਦਾ ਕੰਮ ਰਾਜਸੀ ਨੇਤਾਵਾਂ ਤੇ ਨੌਕਰਸ਼ਾਹਾਂ ਲਈ ਭਾਰੀ ਕਮਾਈ ਦਾ ਵਸੀਲਾ

ਬਣ ਗਿਆ ਹੈ। ਹਾਲਾਂਕਿ ਸਾਮਰਾਜੀ ਤੇ ਨਵ-ਬਸਤੀਵਾਦੀ ਦੇਸ਼ਾਂ ਦੀਆਂ ਸਰਕਾਰਾਂ ਲੋਕਾਂ ਦੀਆਂ ਅੱਖਾਂ ’ਚ ਘੱਟਾ ਪਾਉਣ ਲਈ ਮੁਕਾਬਲਾ ਕਮਿਸ਼ਨ ਤੇ ਹਰੇਕ ਖੇਤਰ ’ਚ ਪੈਮਾਨਾ ਬੋਰਡਾਂ ਦੀ ਸਥਾਪਨਾ ਬਾਰੇ ਜ਼ੋਰਸ਼ੋਰ ਨਾਲ ਬੋਲਦੀਆਂ ਹਨ। ਨੀਤੀਆਂ ’ਚ ਜਿੱਥੇ ਅੰਬਾਨੀ ਵਰਗੇ ਸੱਟੇਬਾਜ਼ਾਂ ਤੇ ਹੇਰਾਫੇਰੀ ਕਰਨ ਵਾਲੇ ਮੁੱਠੀ ਭਰ ਲੋਕਾਂ ਨੂੰ ਮਾਲਾਮਾਲ ਬਣਾਇਆ ਹੈ ਅਤੇ ਉਥੇ ਮਜ਼ਦੂਰਾਂ ਨੂੰ ਬੇਹੱਦ ਗੁਰਬਤ ਸਮਾਜਕ ਅਸੁਰੱਖਿਆ ਤੇ ਆਰਥਕ ਨਾ ਬਰਾਬਰੀ ਵੱਲ ਧੱਕ ਦਿੱਤਾ ਹੈ। ਸਪੈਕਟਰਮ ਘਪਲਾ ਤੇ ਇਕ-ਇਕ ਕਰਕੇ ਉਜਾਗਰ ਹੋ ਰਹੇ ਘਪਲਿਆਂ ਦੀ ਪੂਰੀ ਲੜੀ ਸਾਫ ਤੌਰ ’ਤੇ ਵਿਖਾ ਰਹੀ ਹੈ ਕਿ ਮਨਮੋਹਨ ਦੀ ਅਗਵਾਈ ’ਚ ਭਾਰਤ ਦਾ ਕੁਲੀਨ ਵਰਗ ਨਵ-ਉਦਾਰਵਾਦੀ ਨੀਤੀਆਂ ਨੂੰ ਕਿਸ ਤਰ੍ਹਾਂ ਕਾਂਟ ਛਾਂਟ ਕਰਕੇ ਆਪਣੇ ਤੰਗ ਨਜ਼ਰੀ ਕਾਰਪੋਰੇਟ ਬਿਜ਼ਨਸ ਦੇ ਹਿੱਤ ’ਚ ਵਰਤ ਰਿਹਾ ਹੈ। ਇਸ ਪ੍ਰਸੰਗ ’ਚ ਵਿਤੀ ਪੂੰਜੀ ਦੇ ਦਾਬੇ ਨੂੰ ਮਜ਼ਬੂਤ ਬਣਾਉਣ ਵਾਲੀਆਂ ਨਵ-ਉਦਾਰਵਾਦੀ ਨੀਤੀਆਂ ਨੂੰ ਖਤਮ ਕਰਕੇ ਹੀ ਭਰਿਸ਼ਟਾਚਾਰ ਦੀ ਬੀਮਾਰੀ ਨੂੰ ਠੀਕ ਕੀਤਾ ਜਾ ਸਕਦਾ ਹੈ। ਇਸ ਲਈ ਪੂੰਜੀ ਦੇ ਦਾਬੇ ਨੂੰ ਪੁੱਟ ਸਕਣ ਦੇ ਰਾਜਸੀ ਪ੍ਰੋਗ੍ਰਾਮ ਦੇ ਨਾਲ-ਨਾਲ ਇਕ ਦਾਬੇ ਨੂੰ ਪੁੱਟ ਸੁੱਟਣ ਦੇ ਰਾਜਸੀ ਪ੍ਰੋਗ੍ਰਾਮ ਦੇ ਨਾਲ-ਨਾਲ ਇਕ ਸਭਿਆਚਾਰਕ ਕ੍ਰਾਂਤੀ ਵੀ ਫੌਰੀ ਲੋੜ ਬਣ ਗਈ ਹੈ ਜਿਸ ਦਾ ਟੀਚਾ ਸਮਾਜ ਦਾ ਬੁਨਿਆਦੀ ਤੌਰ ’ਤੇ ਜਮਹੂਰੀਕਰਣ ਕਰਨਾ ਹੋਵੇ। ਇਸ ਨਾਲ ਹੀ ਭਰਿਸ਼ਟਾਚਾਰ ਦੇ ਹੱਲ ਦੀ ਸਥਿਤੀ ਬਣੇਗੀ।

# ਕਿਵੇਂ ਬਜਟ ਨੇ ਮਿਹਨਤਕਸ਼ਾਂ ਨਾਲ ਧੋਖਾ ਕੀਤਾ?

ਕੇਂਦਰੀ ਬਜਟ ਦੇਸ਼ੀ-ਵਿਦੇਸ਼ੀ ਸਰਮਾਏਦਾਰਾਂ ਦੇ ਹਿੱਤਾਂ ਨੂੰ ਮੱਦੇਨਜ਼ਰ ਰੱਖ ਕੇ ਬਣਾਇਆ ਗਿਆ ਹੈ। ਉਹਨਾਂ ਨੂੰ ਹਰ ਤਰ੍ਹਾਂ ਨਾਲ ਲਾਭ ਪਹੁੰਚਾਇਆ ਗਿਆ ਹੈ। ਦੇਸ਼ ਦੇ ਮਜ਼ਦੂਰ, ਕਿਸਾਨ, ਆਦਿਵਾਸੀ ਪੀੜਤ ਔਰਤਾਂ ਆਦਿ ਇਸ ਦੇ ਕੇਂਦਰ 'ਚ ਨਹੀਂ ਹਨ। ਦੇਸ਼ ਅੰਦਰ ਬੁਰੇ ਹਾਲਾਤ ਦੇਖ ਕੇ ਅਕਸਰ ਆਮ ਲੋਕ ਇਹ ਕਹਿ ਉਠਦੇ ਹਨ ਕਿ ਇਹ ਦੇਸ਼ ਰੱਬ ਆਸਰੇ ਚੱਲ ਰਿਹਾ ਹੈ। ਲੋਕ ਜਦ ਅਜਿਹਾ ਕਹਿੰਦੇ ਹਨ ਤਾਂ ਆਪਣਾ ਲਾਲਚ ਅਤੇ ਹਾਕਮਾਂ ਦੀ ਲੋਕਾਂ ਪ੍ਰਤੀ ਵਰਤੀ ਜਾਣ ਵਾਲੀ ਲਾਪ੍ਰਵਾਹੀ ਤੇ ਅਸੰਵੇਦਨਸ਼ੀਲਤਾ ਨੂੰ ਬਿਆਨ ਕਰਦੇ ਹਨ ਪਰ ਜਦ ਇਹੀ ਕੰਮ ਦੇਸ਼ ਦੇ ਵਿੱਤ ਮੰਤਰੀ ਆਪਣੇ ਬਜਟ ਭਾਸ਼ਣ 'ਚ ਕਰਦੇ ਹਨ ਤਾਂ ਉਹ ਸ਼ਰੇਆਮ ਆਪਣੀ ਜ਼ਿੰਮੇਵਾਰੀ ਦੀ ਅਣਦੇਖੀ ਕਰਦੇ ਹਨ। ਪ੍ਰਣਬ ਮੁਖਰਜੀ ਨੇ ਭਗਵਾਨ ਇੰਦਰ ਤੇ ਧਨ ਦੀ ਦੇਵੀ ਲਕਸ਼ਮੀ ਦੀ ਅਰਾਧਨਾ ਇਸੇ ਮਕਸਦ ਨਾਲ ਆਪਣੇ ਬਜਟ 'ਚ ਕੀਤੀ ਹੈ। ਚੰਦ-ਮੰਗਲ ਤੇ ਉਪਗ੍ਰਹਿ ਭੇਜਣ ਵਾਲੀ ਸਰਕਾਰ ਨੇ ਮੰਤਰੀ ਅਤੇ ਇਹਨਾਂ ਯੋਜਨਾਵਾਂ ਲਈ ਪੈਸਾ ਮੁਹਈਆ ਕਰਾਉਣ ਵਾਲੇ ਬੰਦੇ ਹੋਣ ਦੇ ਨਾਤੇ ਉਹ ਇਹ ਤਾਂ ਜਾਣਦੇ ਹੋਣਗੇ ਕਿ ਇੰਦਰ ਲਕਸ਼ਮੀ ਦੀ ਹੋਂਦ ਸਿਰਫ਼ ਪੈਰਾਨਿਕ ਹੈ। ਉਹ ਮਜ਼ਦੂਰਾਂ-ਕਿਸਾਨਾਂ ਨੂੰ ਪਾਠ ਪੜ੍ਹਾ ਰਹੇ ਹਨ ਕਿ ਉਹ ਲਕਸ਼ਮੀ ਦੀ ਪੂਜਾ ਕਰਕੇ ਆਪਣੇ ਕਸ਼ਟਾਂ ਨੂੰ ਦੂਰ ਕਰਨ ਦੀ ਉਡੀਕ ਕਰਨ। ਪ੍ਰਣਬ ਮੁਖਰਜੀ ਦੇ ਬਜਟ ਭਾਸ਼ਣ ਦਾ ਸਵਾਗਤ ਸ਼ੇਅਰ-ਬਾਜ਼ਾਰ ਦੇਸ਼ ਦੇ ਸਨਅਤਕਾਰਾਂ ਦੇ ਨਾਲ-ਨਾਲ ਅਮਰੀਕੀ ਸਾਮਰਾਜੀਆਂ ਨੇ ਵੀ ਕੀਤਾ ਹੈ। ਜਾਹਿਰ ਹੈ ਕਿ ਜਿਹਨਾਂ ਨੂੰ ਪ੍ਰਣਬ ਮੁਖਰਜੀ ਨੇ ਰਿਊੜੀਆਂ ਵੰਡੀਆਂ, ਉਹ ਖੁਸ਼ ਵੀ ਹੋਣਗੇ। ਅਮਰੀਕਾ-ਭਾਰਤ-ਵਪਾਰ ਪ੍ਰੀਸ਼ਦ ਦੇ ਪ੍ਰਧਾਨ ਰੋਨ ਸੋਬਰਸ ਦਾ ਕਹਿਣਾ ਹੈ ਕਿ ਬਜਟ 'ਚ ਕੀਤੇ ਗਏ ਪ੍ਰਸਤਾਵਾਂ ਨਾਲ 'ਅਫਸਰਾਂ ਦੇ ਦੇਸ਼ ਭਾਰਤ 'ਚ ਨਿਵੇਸ਼ ਨੂੰ ਕਾਫੀ ਮੌਕਾ ਮਿਲੇਗਾ। ਅਮਰੀਕੀ ਸਾਮਰਾਜੀਆਂ ਨੂੰ ਇਸ ਬਜਟ 'ਚ ਕਾਫੀ ਸੌਗਾਤਾਂ ਮਿਲੀਆਂ ਹਨ। ਇਸ ਲਈ ਉਹ ਕਾਫੀ ਲੰਮੇ ਸਮੇਂ ਤੋਂ ਦਬਾਅ ਵੀ ਬਣਾਈ ਰੱਖ ਰਹੇ ਸਨ। ਉਹਨਾਂ ਦਾ ਮੁੱਖ ਤੌਰ 'ਤੇ ਦਬਾਅ ਸਿੱਧੇ ਵਿਦੇਸ਼ੀ ਨਿਵੇਸ਼ ਦੇ ਨਾਲ-ਨਾਲ ਵਿਦੇਸ਼ ਸੰਸਥਾਗਤ ਨਿਵੇਸ਼ (ਐਫ. ਆਈ. ਆਈ.) 'ਚ ਕਈ ਨਵੀਆਂ ਛੋਟਾਂ ਨੂੰ ਲੈ ਕੇ ਸੀ। ਪ੍ਰਣਬ ਮੁਖਰਜੀ ਨੇ ਆਰਥਕ ਸੁਧਾਰਾਂ ਨੂੰ ਬਿਨਾਂ ਸਖ਼ਤ ਸ਼ਬਦਾਂ ਦੀ ਵਰਤੋਂ ਕਰਕੇ ਅੱਗੇ ਵਧਾਇਆ ਹੈ। ਬੈਕਿੰਗ ਤੇ ਵਿਤੀ ਖੇਤਰ ਨੂੰ ਵਿਦੇਸ਼ੀ ਨਿਵੇਸ਼ਕਾਂ ਲਈ ਖੋਲ੍ਹਣ ਖਾਤਰ ਉਹਨਾਂ ਨੇ ਕਈ ਕਦਮ ਉਠਾਏ ਹਨ। ਉਹਨਾਂ ਨੇ ਬਾਜ਼ਾਰੂ ਪੈਮਾਨਿਆਂ ਪਾਸ ਰਜਿਸਟਡ ਵਿਦੇਸ਼ੀ ਨਿਵੇਸ਼ਕਾਂ ਨੂੰ ਸੰਯੁਕਤ ਮਿਊਚਲ ਫੰਡ ਯੋਜਨਾਵਾਂ 'ਚ ਨਿਵੇਸ਼ ਕਰਨ ਦੀ ਸੀਮਾ ਨੂੰ ਵਧਾ ਕੇ 4000 ਕਰੋੜ ਡਾਲਰ ਕਰ ਦਿੱਤਾ ਹੈ। ਵਿੱਤ ਮੰਤਰੀ ਨੇ ਇਸ ਦੇ ਨਾਲ ਹੀ ਐਲਾਨ ਕੀਤਾ ਕਿ ਸਿੱਧਾ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਲਈ ਅਤੇ ਵੱਧ ਉਦਾਰੀਕ੍ਰਿਤ ਪ੍ਰਸਤਾਵਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਅਜਿਹੇ ਕਈ ਹੋਰ ਫੈਸਲੇ ਇਸ ਬਜਟ ਵਿਚ ਹਨ। ਪ੍ਰਣਬ ਮੁਖਰਜੀ ਨੇ ਜਨਤਕ ਖੇਤਰ ਦੀਆਂ ਕੰਪਨੀਆਂ ਦੇ ਅਪਨਿਵੇਸ਼ੀਕਰਨ ਦੇ ਅਮਲ ਨੂੰ ਹੋਰ ਤੇਜ਼ ਕਰ ਦਿੱਤਾ ਹੈ ਅਤੇ ਇਹਨਾਂ ਕੰਪਨੀਆਂ 'ਚ ਨਿੱਜੀ ਖੇਤਰ ਦੀ ਭਾਗੀਦਾਰੀ ਨੂੰ 49 ਫੀਸਦੀ ਤਕ ਕਰਨ ਦਾ ਪ੍ਰਸਤਾਵ ਹੈ। ਅਪਨਿਵੇਸ਼ੀਕਰਨ ਨੂੰ ਪ੍ਰਣਬ ਮੁਖਰਜੀ ਨੇ ਅਤੇ ਜ਼ਿਆਦਾ ਚਤਰਾਈ ਭਰੀ 'ਵਿਆਪਕ

ਅਧਾਰ ਵਾਲੀ ਮਾਲਕੀ' ਦਾ ਨਾਂ ਦਿੱਤਾ ਹੈ। ਪ੍ਰਣਬ ਮੁਖਰਜੀ ਅਨੁਸਾਰ 2010-11 'ਚ ਅਪਨਿਵੇਸ਼ੀਕਰਨ ਦੇ 40,000 ਕਰੋੜ ਰੁਪਏ ਦੀ ਥਾਂ 22144 ਕਰੋੜ ਰੁਪਏ ਹਾਸਲ ਹੋਏ। ਇਸ ਤਰ੍ਹਾਂ ਸਰਕਾਰ ਨੇ ਆਪਣੇ ਰੈਵਨਿਊ ਘਾਟੇ ਨੂੰ ਘੱਟ ਕਰਨ 'ਚ ਅਪਨਿਵੇਸ਼ੀਕਰਨ ਰਾਹੀਂ ਕਾਫੀ ਸਫਲਤਾ ਹਾਸਲ ਕੀਤੀ ਹੈ। 2011-12 ਦੇ ਲਈ ਸਰਕਾਰ ਨੇ ਫਿਰ 40,000 ਕਰੋੜ ਰੁਪਏ ਦਾ ਟੀਚਾ ਰੱਖਿਆ ਹੈ। ਪ੍ਰਣਬ ਮੁਖਰਜੀ ਨੇ ਆਪਣੇ ਬਜਟ ਭਾਸ਼ਣ 'ਚ ਸਬਸਿਡੀ ਨੂੰ ਖਤਮ ਕਰਨ ਲਈ ਵੀ ਕਾਫੀ ਤਿਕੜਮ ਲਾਈ ਹੈ। ਖਾਦ ਸਬਸਿਡੀ ਤੋਂ ਲੈ ਕੇ ਪੈਟਰੋਲੀਅਮ ਪਦਾਰਥਾਂ 'ਚ ਸਬਸਿਡੀ ਖਤਮ ਕਰਨ ਲਈ ਕਈ ਸੂਖਮ ਚਾਲਾਂ ਚੱਲੀਆਂ ਹਨ। ਬਹੁਤ ਦਿਨਾਂ ਤੋਂ ਇਹ ਹੱਲਾ ਮਚਦਾ ਰਿਹਾ ਹੈ ਕਿ ਸਬਸਿਡੀ ਦਾ ਲਾਭ ਉਹਨਾਂ ਨੂੰ ਨਹੀਂ ਮਿਲਦਾ ਜਿਹਨਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੈ। ਇਸ ਲਈ ਇਹ ਗੱਲ ਉਠਦੀ ਰਹੀ ਹੈ ਕਿ ਸਰਕਾਰ ਗਰੀਬੀ ਰੇਖਾ ਤੋਂ ਹੇਠਾਂ ਜਿਉਣ ਵਾਲਿਆਂ (ਬੀ ਪੀ ਐਲ) ਨੂੰ ਸਿੱਧੇ ਪੈਸੇ ਦੇ ਰੂਪ 'ਚ ਸਬਸਿਡੀ ਦੇਣ ਵੱਲ ਵਧੇ। ਪ੍ਰਣਬ ਮੁਖਰਜੀ ਨੇ ਅਜਿਹਾ ਹੀ ਕਰਨ ਦਾ ਐਲਾਨ ਕੀਤਾ ਹੈ। ਸਬਸਿਡੀ ਨੂੰ ਪੈਸੇ ਵਜੋਂ ਦੇਣ ਨਾਲ ਦੇਸ਼ ਦੇ ਗਰੀਬਾਂ ਦੇ ਨਾਲ ਨਿਮਨ ਮੱਧ ਵਰਗੀ ਲੋਕਾਂ ਲਈ ਘਾਤਕ ਸਿੱਟੇ ਨਿਕਲਣਗੇ। ਲਗਾਤਾਰ ਵਧਦੀ ਮਹਿੰਗਾਈ, ਸਰਕਾਰ ਦੀਆਂ ਬਾਜ਼ਾਰ ਸਮਰਥਕ ਨੀਤੀਆਂ, ਵਿਸ਼ਵ ਬਾਜ਼ਾਰ ਦੇ ਨਾਲ ਭਾਰਤੀ ਖੇਤੀ ਬਾਜ਼ਾਰ ਦੇ ਜੁੜੇ ਹੋਣ ਦੇ ਦਰਾਮਦ ਬਰਾਮਦ ਦੇ ਨਿਯਮਾਂ 'ਚ ਢਿੱਲ ਤੇ ਸੱਟੇਬਾਜ਼ਾਂ-ਜਮਾਖੋਰਾਂ ਦੇ ਸਾਹਮਣੇ ਇਹ ਨਕਦ ਸਬਸਿਡੀ ਰਾਹੀਂ ਜਨਤਕ ਵੰਡ ਪ੍ਰਣਾਲੀ 'ਚ ਭਰਿਸ਼ਟਾਚਾਰ ਨੂੰ ਵੀ ਖਤਮ ਕਰਨ ਦੀ ਗੱਲ ਹੋ ਰਹੀ ਹੈ ਪਰ ਇਹ ਵੀ ਇਕ ਛਲਾਵਾ ਸਾਬਤ ਹੋਵੇਗਾ। ਸਰਕਾਰ ਪੂੰਜੀਪਤੀਆਂ ਨੂੰ ਇਕ ਤੋਂ ਬਾਅਦ ਇਕ ਐਸੀਆਂ ਛੋਟਾਂ ਤੇ ਲਾਭ ਦਿੰਦੀ ਜਾ ਰਹੀ ਹੈ ਕਿ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਰਕਾਰ ਨੇ ਕਸਟਮ ਡਿਊਟੀ ਨੂੰ ਖੁਦ ਅੰਗ ਕੇ ਅਦਾ ਕਰਨ ਦਾ ਪ੍ਰਸਤਾਵ ਕੀਤਾ ਹੈ। ਇਹ ਇਕ ਤਰ੍ਹਾਂ ਨਾਲ ਅੱਖਾਂ ਬੰਦ ਕਰ ਲੈਣਾ ਹੈ ਅਤੇ ਜਿਸ ਪੂੰਜੀਪਤੀ ਨੂੰ ਜੋ ਮਰਜੀ ਆਏ ਉਹ ਕਰੇ। ਦਰਾਮਦ ਤੇ ਬਰਾਮਦ ਨੂੰ ਇਸ ਤਰ੍ਹਾਂ ਦੀਆਂ ਛੋਟਾਂ ਦੇ ਕੇ ਸਰਕਾਰ ਜਿਥੇ ਇਹ ਸਾਬਤ ਕਰਨਾ ਚਾਹੁੰਦੀ ਹੈ ਕਿ ਉਹ 'ਲਾਲ ਫੀਤਾ ਸ਼ਾਹੀ' ਨੂੰ ਹੋਰ ਖਤਮ ਕਰਨਾ ਚਾਹੁੰਦੀ ਹੈ। ਉਥੇ ਉਹ ਦੇਸੀ ਵਿਦੇਸ਼ੀ ਪੂੰਜੀਪਤੀਆਂ ਦਾ ਕਾਲੇ ਕਾਰਨਾਮਿਆਂ ਤਸਕਰੀ ਆਦਿ ਨੂੰ ਜਾਇਜ਼ ਠਹਿਰਾ ਦੇਣਾ ਚਾਹੁੰਦੀ ਹੈ। ਅੱਸੀ ਦੇ ਦਹਾਕੇ 'ਚ ਜੋ ਲਾਭ ਸਿਰਫ ਅੰਬਾਨੀ ਨੂੰ ਹਾਸਲ ਸੀ ਉਹ ਹੁਣ ਹਰ ਸਰਮਾਏਦਾਰ ਨੂੰ ਮਿਲੇਗਾ। ਵਿੱਤ ਮੰਤਰੀ ਨੇ ਰਾਮਦੇਵ ਵਰਗੇ ਧਰਮ, ਧੰਦੇ ਤੇ ਰਾਸ਼ਟਰਵਾਦ ਦੀ ਖਿਚੜੀ ਪਕਾਉਣ ਵਾਲਿਆਂ ਨੂੰ ਵੀ ਪ੍ਰਸੰਨ ਕਰ ਦਿੱਤਾ ਹੈ। ਬਾਬਾ 'ਮੈਗਾ ਫੂਡ ਪਾਰਕ' ਬਣਾ ਕੇ ਕਰੋੜਾਂ 'ਚ ਖੇਡ ਰਹੇ ਹਨ। ਇਕ ਅਖਬਾਰ ਵਾਲੇ ਦੇ ਇਹ ਪੁੱਛਣ 'ਤੇ ਕਿ ਇਸ ਬਜਟ ਦੀ ਸਭ ਤੋਂ ਅੱਛੀ ਚੀਜ਼ ਕੀ ਹੈ ਤਾਂ ਬਾਬਾ ਰਾਮਦੇਵ ਦਾ ਜੁਆਬ ਸੀ ਕਿ ਜੈਵਿਕ (ਆਰਗੈਨਿਕ) ਖੇਤੀ ਨੂੰ ਹੱਲਾਸ਼ੇਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਾਬਾ ਅਨੁਸਾਰ ਗਰੀਬਾਂ ਨੂੰ ਸਿੱਧੀ ਦਿੱਤੀ ਜਾਣ ਵਾਲੀ ਸਬਸਿਡੀ ਵੀ ਅੱਛਾ ਕਦਮ ਹੈ। ਇਸ ਤਰ੍ਹਾਂ ਬਾਬੇ ਨੂੰ ਇਹ ਮੁਰਾਦ ਮਿਲ ਗਈ ਜੋ ਉਹ ਚਾਹੁੰਦਾ ਸੀ।

ਪ੍ਰਣਬ ਮੁਖਰਜੀ ਨੇ ਕਾਲੇ ਧਨ ਨੂੰ ਸਫੈਦ ਧਨ 'ਚ ਬਦਲਣ ਲਈ ਕਨੂੰਨੀ ਸੁਧਾਰਾਂ ਦਾ ਪ੍ਰਸਤਾਵ ਰੱਖਿਆ ਹੈ। ਉਹ ਇਸ ਗੱਲ ਦਾ ਐਲਾਨ ਕਰਦੇ ਹਨ ਕਿ ਉਹ

ਕਾਲੇ ਧਨ ਦੇ ਖਿਲਾਫ ਸੰਸਾਰ ਪੱਧਰ ’ਤੇ ਛਿੜੇ ‘ਧਰਮਯੁੱਧ’ ਦੇ ਨਾਲ ਹਨ। ਨਿਗਰਾਨੀ ਕਰਨ ਵਾਲੀਆਂ ਨਵੀਆਂ ਸੰਸਥਾਵਾਂ ਦੇ ਐਲਾਨ ਉਹਨਾਂ ਦੇ ਇਸ ਧਰਮਯੁੱਧ ਦੇ ਹਥਿਆਰ ਹੋਣਗੇ। ਭਾਰਤ ਸਰਕਾਰ ਦੇ ਪੁਰਾਣੇ ਹਥਿਆਰ ਨਕਾਰਾ ਸਾਬਿਤ ਇਸ ਲਈ ਹੋਏ ਕਿਉਂਕਿ ਸਰਕਾਰ ਦੇ ਨਾਲ-ਨਾਲ ਪੂਰੀ ਸਰਮਾਏਦਾਰ ਦੁਨੀਆਂ ਹੀ ਭ੍ਰਿਸ਼ਟਾਚਾਰ ’ਚ ਡੁੱਬੀ ਹੋਈ ਹੈ। ਇਸ ਬਜਟ ਭਾਸ਼ਣ ’ਚ ਪ੍ਰਣਬ ਮੁਖਰਜੀ ਨੇ ਆਧੁਨਿਕ ਸੂਦਖੋਰਾਂ ਦੀਆਂ ਸੰਸਥਾਵਾਂ, ਸੂਖਮ ਵਿਤੀ ਅਦਾਰਿਆਂ (ਮਾਈਕ੍ਰੋਫਾਇਨਾਂਸ ਸੰਸਥਾਵਾਂ -MFI) ਨੂੰ ਹੋਰ ਵੱਧ ਧਨ ਮੁਹੱਈਆ ਕਰਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਤਦ ਹੈ ਜਦ ਇਹਨਾਂ ਸੰਸਥਾਵਾਂ ਦੀ ਕਰੂਰ ਤੇ ਵਿਆਪਕ ਲੁੱਟ ਕਰਨ ਵਾਲੀ ਪ੍ਰਣਾਲੀ ਤੇ ਕਾਰਜਸ਼ੈਲੀ ਦਾ ਪਿਛਲੇ ਸਾਲ ਕਾਫੀ ਖੁਲਾਸਾ ਹੋਇਆ ਹੈ। ਨਕਦੀ ਦੀ ਕਿੱਲਤ ਨਾਲ ਸੂਖਮ ਵਿਤੀ ਅਦਾਰਿਆਂ ਨੂੰ ਕਈ ਤਰ੍ਹਾਂ ਨਾਲ ਲਾਭ ਪਹੁੰਚਾਉਣ ਲਈ ਪ੍ਰਣਬ ਮੁਖਰਜੀ ਨੇ ਹੋਰ ਐਲਾਨਾਂ ਦੇ ਨਾਲ 100 ਕਰੋੜ ਰੁਪਏ ਇਕਵਟੀ ਕੋਸ਼ ਦਾ ਐਲਾਨ ਕੀਤਾ ਹੈ। ਉਪਰੋਕਿਤ ਕਈ ਕਿਸਮ ਦੇ ਨੀਤੀਗਤ ਫੈਸਲਿਆਂ ਦੇ ਨਾਲ ਸਰਕਾਰ ਨੇ ਰੱਖਿਆ ਬਜਟ ’ਚ 11.59 ਫੀਸਦੀ ਦਾ ਵਾਧਾ ਕੀਤਾ ਹੈ। ਭਾਰਤ ਦਾ ਰੱਖਿਆ ਬਜਟ 164,415 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਏਨੀ ਵੱਡੀ ਰਕਮ ਦੇ ਇਕ ਵੱਡੇ ਹਿੱਸੇ ਦੀ ਵਰਤੋਂ ਹਥਿਆਰਾਂ ਤੇ ਲੜਾਕੂ ਜਹਾਜ਼ਾਂ ਦੀ ਖਰੀਦ ’ਤੇ ਖਰਚ ਹੋਵੇਗੀ। ਅਮਰੀਕਾ, ਰੂਸ, ਫਰਾਂਸ, ਬ੍ਰਿਟੇਨ ਤੇ ਇਜ਼ਰਾਇਲ ਦੀਆਂ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਨੂੰ ਇਸ ਬਜਟ ਤੋਂ ਖੁਸ਼ ਹੋਣ ਦਾ ਮੌਕਾ ਮਿਲਿਆ ਹੈ। ਭਾਰਤ ਜੋ ਕਿ ਲਗਾਤਾਰ ‘ਅਹਿੰਸਾ’ ‘ਗਾਂਧੀਵਾਦ’ ਆਦਿ ਦੀਆਂ ਗੱਲਾਂ ਰੋਜ਼ਾਨਾ ਕਰਦਾ ਹੈ। ਉਸ ਦਾ ਇਸ ਭਾਰੀ ਰਕਮ ਨਾਲ ਕੀ ਲੈਣਾ ਦੇਣਾ ਹੈ, ਕੋਈ ਪ੍ਰਣਬ ਮੁਖਰਜੀ ਤੋਂ ਪੁੱਛੇ। ਜ਼ਾਹਿਰ ਹੈ ਕਿ ਅਹਿੰਸਾ, ਗਾਂਧੀਵਾਦ ਆਦਿ ਸਭ ਅਮਲ ਰਹਿਤ ਗੱਲਾਂ ਹਨ। ਅਸਲ ਗੱਲ ਪੂੰਜੀਪਤੀਆਂ ਦੇ ਹਿੱਤ ਹਨ। ਜਿਹਨਾਂ ਦੀ ਰਾਖੀ ਦੇਸ਼ ਦੇ ਬਾਹਰ ਤੇ ਅੰਦਰ ਦੋਨੋਂ ਥਾਈਂ ਕਰਨੀ ਹੁੰਦੀ ਹੈ ਅਤੇ ਅਸਲੀ ਹਥਿਆਰ ਚਾਹੀਦੇ ਹਨ ਅਤੇ ਹਥਿਆਰਾਂ ਲਈ ਪੈਸਾ ਚਾਹੀਦਾ ਹੈ ਅਤੇ ਇਹ ਪੈਸਾ ਸਬਸਿਡੀ ਖਤਮ ਕਰਕੇ, ਅਪਨਿਵੇਸ਼ ਕਰਕੇ, ਬੇਰੁਜ਼ਗਾਰਾਂ-ਭੁੱਖਿਆਂ ਆਦਿ ਦੀ ਅਣਦੇਖੀ ਕਰਕੇ ਜਿਵੇਂ ਵੀ ਇਕੱਠਾ ਹੁੰਦਾ ਹੈ ਕਰੋ। ਇਹੀ ਪ੍ਰਣਬ ਮੁਖਰਜੀ ਨੇ ਕਿਹਾ ਹੈ। ਕੁਲ ਮਿਲਾ ਕੇ ਇਹ ਬਜਟ ਦੇਸ਼ੀ ਵਿਦੇਸ਼ੀ ਪੂੰਜੀਪਤੀਆਂ ਦੇ ਜ਼ਿਆਦਾਤਰ ਹਿੱਤਾਂ ਨੂੰ ਮੱਦੇਨਜ਼ਰ ਰੱਖਕੇ ਬਣਾਇਆ ਗਿਆ ਹੈ। ਉਹਨਾਂ ਨੂੰ ਸਭ ਤਰ੍ਹਾਂ ਦੇ ਲਾਭ ਪਹੁੰਚਾਏ ਗਏ ਹਨ। ਦੇਸ਼ ਦੇ ਮਜ਼ਦੂਰ, ਕਿਸਾਨ, ਆਦਿਵਾਸੀ, ਪੀੜਤ ਤੇ ਔਰਤਾਂ ਆਦਿ ਇਸ ਦੇ ਕੇਂਦਰ ’ਚ ਨਹੀਂ ਹਨ। ਵੈਸੇ ਵੀ ਇਹ ਉਮੀਦ ਪਾਲਣਾ ਕਿ ਇਕ ਦਲਾਲ ਨੌਕਰਸ਼ਾਹੀ ਸਰਮਾਏਦਾਰੀ ਦੀ ਹਕੂਮਤ ਵਾਲੇ ਦੇਸ਼ ਇਕ ਸਰਕਾਰ ਦੇ ਬਜਟ ’ਚ ਮਜ਼ਦੂਰ-ਕਿਸਾਨ ਕਦੀ ਉਸ ਦੇ ਕੇਂਦਰ ’ਚ ਹੋਣਗੇ ਮੂਰਖਾਂ ਦੇ ਸਵਰਗ ’ਚ ਜਿਉਣ ਵਰਗਾ ਹੋਵੇਗਾ। ਵਿਦਰੋਹਾਂ ਦਾ ਡਰ ਹੀ ਪੂੰਜੀਵਾਦੀ ਦਲਾਲ ਸਰਕਾਰਾਂ ਨੂੰ ਕੁਝ ਕਲਿਆਣਕਾਰੀ ਯੋਜਨਾਵਾਂ ਲਾਗੂ ਕਰਨ ਨੂੰ ਮਜ਼ਬਰ ਕਰਦੀਆਂ ਹਨ। ਅਜਿਹੇ ਕੁਝ ਕਦਮਾਂ ਤੇ ਯੋਜਨਾਵਾਂ ਦੇ ਐਲਾਨਾਂ ਰਾਹੀਂ ਪ੍ਰਣਬ ਮੁਖਰਜੀ ਆਪਣੀ ਜਮਾਤ ਨੂੰ ਦਿਲਾਸਾ ਦੇ ਸਕਦੇ ਹਨ ਕਿ ਦੇਖੋ। ਇਥੇ ਟਿਊਨੇਸ਼ਿਆ, ਮਿਸ਼ਰ, ਲੀਬੀਆ ਵਾਂਗੂੰ ਕੁਝ ਨਹੀਂ ਹੋਣਾ। ਮਹਿੰਗਾਈ ਬੇਰੁਜ਼ਗਾਰੀ, ਭੁੱਖਮਰੀ ਵਰਗੇ ਮੁੱਦੇ ਭਾਰਤ ’ਚ ਕਦੀ ਨਹੀਂ ਉਠਣਗੇ। ਅਸੀਂ ਸਭ ਮੈਨੇਜ ਕਰ ਲਿਆ ਹੈ।

# ਕੀ ਹੁਣ ਆਲ ਇੰਡੀਆ ਇੰਸਟੀਚਿਊਟ ਦੀ ਵਾਰੀ ਹੈ?

ਯੂ. ਪੀ. ਏ. ਦੀ ਅਗਵਾਈ 'ਚ ਬਣੀ ਕੇਂਦਰ ਸਰਕਾਰ ਤੇ ਉਹਨਾਂ ਦੇ ਮੰਤਰੀ ਗਰੀਬ ਅਬਾਦੀ ਦੇ ਹਿੱਤ 'ਚ ਵੱਖ-ਵੱਖ ਮੰਚਾਂ ਤੋਂ ਜੋ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ, ਉਹ ਲਫਾਜ਼ੀ ਦੇ ਛੁਣਛੁਣੇ ਤੋਂ ਵੱਧ ਕੁਝ ਵੀ ਨਹੀਂ ਹੁੰਦਾ ਅਤੇ ਅਜਿਹਾ ਕਰਨ ਵਾਲਿਆਂ 'ਚ ਛੋਟੇ ਤੋਂ ਲੈ ਕੇ ਵੱਡੇ ਸਭ ਨੇਤਾ ਸ਼ਾਮਲ ਹਨ ਚਾਹੇ ਉਹ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਹੋਵੇ ਜਾਂ ਐਮ ਪੀ ਰਾਹੁਲ ਗਾਂਧੀ ਜਾਂ ਹੋਰ ਕੋਈ ਕਿਉਂਕਿ ਜਦ ਕਿਸੇ ਯੋਜਨਾ ਨੂੰ ਲਾਗੂ ਕਰਨ ਦੀ ਗੱਲ ਆਉਂਦੀ ਹੈ ਤਾਂ ਉਹੀ ਯੋਜਨਾਵਾਂ ਠੀਕ ਤਰ੍ਹਾਂ ਨਾਲ ਲਾਗੂ ਨਹੀਂ ਹੁੰਦੀਆਂ। ਜਿਸ 'ਚ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਪਿੱਛੇ ਹਟਦਿਆਂ ਉਸ ਨੂੰ ਨਿੱਜੀ ਹੱਥਾਂ 'ਚ ਸੌਂਪ ਰਹੀ ਹੁੰਦੀ ਹੈ। ਉਸੇ ਲੜੀ 'ਚ ਅੱਗੇ ਵਧਦਿਆਂ ਕੇਂਦਰੀ ਸਿਹਤ ਮੰਤਰਾਲੇ ਨੇ 'ਆਲ ਇੰਡੀਆ ਇੰਸਟੀਚਿਊਟ (ਏਮਸ਼ -AIIms) ਦੀਆਂ ਸੇਵਾਵਾਂ ਦਾ ਰੇਟ ਕਈ ਗੁਣਾ ਵਧਾਉਣ ਦਾ ਫੈਸਲਾ ਕੀਤਾ ਹੈ। ਭਾਰਤ ਦੇ ਸਭ ਤੋਂ ਵੱਡੇ ਸਰਕਾਰੀ ਹਸਪਤਾਲ ਤੇ ਖੋਜ ਸੰਸਥਾ (ਏਮਸ) 'ਚ ਦੇਸ਼ ਭਰ ਤੋਂ ਆਮ ਆਬਾਦੀ ਇਲਾਜ ਕਰਾਉਣ ਆਉਂਦੀ ਹੈ। ਪਰ ਸਰਕਾਰ ਵਲੋਂ ਇਥੋਂ ਦੀਆਂ ਸਿਹਤ ਸੇਵਾਵਾਂ ਦਾ ਰੇਟ ਵਧਾਉਣ ਨਾਲ ਆਮ ਲੋਕਾਂ ਲਈ ਹੁਣ ਇਥੇ ਇਲਾਜ ਕਰਾਉਣਾ ਮੁਸ਼ਕਲ ਹੋ ਜਾਵੇਗਾ। ਭਾਰਤ ਸਰਕਾਰ ਨੇ ਕੇਰਲਾ ਦੇ ਸਾਬਕਾ ਨਿਦੇਸ਼ਕ ਡਾ. ਐਮ ਐਸ ਵਲਿਆਥਨ ਦੀ ਪ੍ਰਧਾਨਗੀ 'ਚ ਏਮਸ ਦੇ ਪ੍ਰਸੰਗ 'ਚ 'ਵਲਿਆਥਨ ਸੰਮਤੀ' ਦਾ ਗਠਨ ਕੀਤਾ। ਇਸ ਸੰਮਤੀ ਨੇ ਆਪਣੀਆਂ ਸਿਫਾਰਸ਼ਾਂ 'ਚ ਏਮਸ 'ਚ ਅਪਨਿਵੇਸ਼ ਦੀ ਵਕਾਲਤ ਕੀਤੀ। ਤਤਕਾਲ ਹੀ ਸਿਹਤ ਮੰਤਰਾਲੇ ਨੇ ਏਮਸ ਨੂੰ ਇਕ ਸਰਕੂਲਰ ਜਾਰੀ ਕੀਤਾ। ਜਿਸ 'ਚ ਕਿਹਾ ਗਿਆ ਹੈ ਕਿ ਏਮਸ 'ਚ ਇਲਾਜ ਦੀਆਂ ਸਾਰੀਆਂ ਵਿਧੀਆਂ ਦੇ ਅਮਲਾਂ ਦੀ ਸੂਚੀ ਬਣਾ ਕੇ ਦਿੱਤੀ ਜਾਵੇ। ਤਾਂ ਕਿ ਉਹਨਾਂ ਦੇ ਨਵੇਂ ਰੇਟ ਤਹਿ ਕੀਤੇ ਜਾ ਸਕਣ। ਮੰਤਰਾਲੇ ਨੇ ਇਲਾਜ ਤੇ ਜਾਂਚ ਦੇ ਬਾਜ਼ਾਰ ਦੀ ਦਰ ਤੇ ਨਿਜੀ ਹਸਪਤਾਲਾਂ ਦੇ ਰੇਟਾਂ ਬਾਰੇ ਵੀ ਜਾਣਕਾਰੀ ਮੰਗੀ ਹੈ ਤਾਂ ਕਿ ਉਸੇ ਅਨੁਪਾਤ 'ਚ ਏਮਸ 'ਚ ਹੋਣ ਵਾਲੀ ਜਾਂਚ ਤੇ ਇਲਾਜ ਦੇ ਰੇਟ ਤਹਿ ਕੀਤੇ ਜਾ ਸਕਣ। ਨਾਲ ਹੀ ਮੰਤਰਾਲੇ ਨੇ ਕਰਮਚਾਰੀਆਂ, ਡਾਕਟਰਾਂ ਸਮੇਤ ਸਮੁੱਚੇ ਮਨੁੱਖੀ ਵਸੀਲਿਆਂ 'ਤੇ ਹੋਣ ਵਾਲੇ ਖਰਚ (ਤਨਖਾਹਾਂ ਆਦਿ) ਵੀ ਮੰਗਿਆ ਹੈ ਤੇ ਹੁਣ ਸੀ ਐਂਡ ਡੀ ਸ਼੍ਰੇਣੀ ਦੇ ਮੁਲਾਜ਼ਮਾਂ ਦੀਆਂ ਭਰਤੀਆਂ ਪ੍ਰਾਈਵੇਟ ਏਜੰਸੀਆਂ ਤੋਂ ਵੀ ਹੋਣਗੀਆਂ। ਸਰਕਾਰ ਵਲੋਂ ਅਕਸਰ ਜਾਰੀ ਕੀਤੇ ਜਾਣ ਵਾਲੇ ਅਜਿਹੇ ਸਰਕੂਲਰ ਦੇ ਪੱਖਪਾਤ ਨੂੰ ਹੋਰ ਸਾਫ ਕਰ ਦਿੰਦੇ ਹਨ। ਇਸ ਵਾਰੀ ਦੇ "ਲੱਖ ਕਰੋੜ ਬਜਟ 'ਚ ਵੀ ਕਾਰਪੋਰੇਟ ਜਗਤ ਨੂੰ ਲਗਭਗ 5 ਲੱਖ ਕਰੋੜ ਦੀ ਛੋਟ ਦੇ ਦਿੱਤੀ ਗਈ ਹੈ ਉਥੇ ਸਿਹਤ ਤੇ ਪ੍ਰੀਵਾਰ ਕਲਿਆਣ ਲਈ 22300 ਕਰੋੜ ਰੁਪਏ ਰੱਖੇ ਹਨ ਜੋ ਵੇਖਣ 'ਚ ਬਹੁਤ ਵੱਡੀ ਰਕਮ ਲੱਗਦੀ ਹੈ ਪਰ ਜੇ ਸਵਾ ਅਰਬ ਲੋਕਾਂ 'ਤੇ ਇਹ ਮਦ ਖਰਚ ਕੀਤੀ ਜਾਵੇ ਤਾਂ ਫੀ ਵਿਅਕਤੀ ਸਿਰਫ 20 ਰੁਪਏ ਆਉਣਗੇ। ਇਕ ਪਾਸੇ ਜਿਥੇ ਸਰਕਾਰ ਸਿਹਤ ਖੇਤਰਾਂ 'ਚ ਸਬਸਿਡੀ 'ਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ ਅਤੇ ਇਸ ਦਾ ਕਾਰਨ ਪੈਸੇ ਦੀ ਕਮੀ ਹੋਣਾ ਦੱਸਿਆ

ਜਾ ਰਿਹਾ ਹੈ ਉਥੇ ਦੂਜੇ ਪਾਸੇ ਦੇਸ਼ ਦੇ ਭਰਿਸ਼ਟ ਨੇਤਾਵਾਂ ਦੀ ਬੇਹਿਸਾਬ ਤਨਖਾਹ ਵਧਾਈ ਜਾ ਰਹੀ ਹੈ। ਇਸ ਤੋਂ ਦੇਸ਼ ਦੇ ਮੰਤਰੀ ਵਿਕਾਸ ਦਾ ਜਿੰਨਾ ਮਰਜ਼ੀ ਸ਼ੋਰ ਪਾਉਣ ਦੇਸ਼ ਦੀ ਬਹੁਗਿਣਤੀ ਅਬਾਦੀ ਦੀ ਹਾਲਤ ਸਾਰੀ ਸਚਾਈ ਨੂੰ ਬਿਆਨ ਕਰ ਦਿੰਦੀ ਹੈ। ਪਿੱਛੇ ਜਿਹੇ ਹੀ ਆਈ ਆਈ ਇਕ ਰਿਪੋਰਟ ਮੁਤਾਬਕ ਭਾਰਤ ਏਸ਼ੀਆ ਦਾ ਸਭ ਤੋਂ ਬੀਮਾਰ ਦੇਸ਼ ਹੈ। ਸਾਡੇ ਇਥੇ ਸਿਸ਼ੂ ਤੇ ਮਾਂ ਦੀਆਂ ਮੌਤਾਂ ਦਰਾਂ ਦੁਨੀਆਂ 'ਚ ਸਭ ਤੋਂ ਵੱਧ ਹਨ। 2008 'ਚ ਭਾਰਤ 'ਚ ਤਪਦਿਕ ਨਾਲ 28 ਜਾਨਾਂ ਗਈਆਂ। ਉਥੇ ਪਿਛਲੇ ਸਾਲ 20 ਲੱਖ ਨਵੇਂ ਕੇਸ ਸਾਹਮਣੇ ਆਏ ਹਨ। ਰਿਪੋਰਟ ਮੁਤਾਬਕ ਹੀ ਇਹਨਾਂ ਬੀਮਾਰੀਆਂ ਨਾਲ ਮੌਤ ਦਰ ਵਧਣ ਦਾ ਇਕ ਕਾਰਨ ਤਹਿਸ਼ੁਧਾ ਅਣਗਹਿਲੀ ਵੀ ਹੈ। ਮੁਨਾਫੇ ਲਈ ਸੰਵੇਦਨਹੀਣ ਹੁੰਦੀ ਇਸ ਪ੍ਰਣਾਲੀ 'ਚ ਸਿਹਤ ਅਦਾਰਾ ਵੀ ਕਮਾਈ ਦਾ ਇਕ ਜ਼ਰੀਆ ਬਣ ਜਾਵੇ ਤਾਂ ਇਸ 'ਚ ਹੈਰਾਨੀ ਕਾਹਦੀ? ਪੂੰਜੀਵਾਦੀ ਪ੍ਰਣਾਲੀ ਦੀ ਤਾਂ ਨੀਅਤ ਹੀ ਇਹੀ ਹੈ। ਜੇ ਅਸੀਂ ਸਿਹਤ ਜਾਂ ਹੋਰ ਬੁਨਿਆਦੀ ਸਹੂਲਤਾਂ ਨੂੰ ਆਮ ਲੋਕਾਂ ਲਈ ਸੁਖਾਲਾ ਬਣਾਉਣਾ ਹੈ ਤਾਂ ਸਾਨੂੰ ਇਸ ਬੀਮਾਰ ਪ੍ਰਣਾਲੀ ਦਾ ਇਲਾਜ ਕਰਨਾ ਹੀ ਪੈਣਾ ਹੈ।

# ਸੀ ਬੀ ਆਈ ਫਿਰ ਕਟਹਿਰੇ 'ਚ ਕਿਉਂ?

ਆਮਦਨ ਟੈਕਸ ਅਪੀਲੀ ਪੰਚਾਟ ਦੇ ਖੁਲਾਸੇ ਨੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਦੀ ਸ਼ਾਖ ਨੂੰ ਇਕ ਵਾਰ ਫਿਰ ਤਹਿਸ-ਨਹਿਸ ਕਰ ਦਿੱਤਾ ਹੈ। ਪੰਚਾਟ ਦੇ ਖੁਲਾਸੇ 'ਚ ਦੱਸਿਆ ਗਿਆ ਹੈ ਕਿ ਇਟਲੀ ਦਾ ਵਪਾਰੀ ਓਤਾਵੀਓ ਕਵਾਰਤੋਚੀ ਨੇ ਬੋਫਰਜ਼ ਤੋਪਾਂ ਦੇ ਸੌਦੇ 'ਚ ਰਿਸ਼ਵਤ ਲਈ ਜਦ ਕਿ ਸੀ. ਬੀ. ਆਈ. ਕਤਰੋਚੀ ਦੇ ਇਸ ਮਾਮਲੇ ਨੂੰ ਵਾਪਸ ਲੈਣਾ ਚਾਹੁੰਦੀ ਸੀ। ਬੜੇ ਸੋਚੇ ਸਮਝੇ ਤਰੀਕੇ ਨਾਲ ਕਵਾਰਤੋਚੀ ਖਿਲਾਫ ਮਾਮਲੇ ਨੂੰ ਕਮਜ਼ੋਰ ਬਣਾਉਣ ਨੇ ਸੀ ਬੀ ਆਈ ਨੂੰ ਦਾਗਦਾਰ ਬਣਾ ਦਿੱਤਾ ਹੈ। ਦੇਸ਼ ਦੀ ਇਸ ਮੁੱਖ ਜਾਂਚ ਏਜੰਸੀ ਖੁਦ ਨੂੰ ਸਰਕਾਰ ਵਲੋਂ ਵਰਤੇ ਜਾਣ ਦੀ ਛੋਟ ਦਿੱਤੀ। ਆਰੁਸ਼ੀ ਤਲਵਾੜ ਦੀ ਹੱਤਿਆ ਦੇ ਮਾਮਲੇ ਨੂੰ ਬੰਦ ਕਰਨਾ, 2 ਜੀ ਸਪੈਕਟਰਮ ਅਲਾਟਮੈਂਟ ਦੇ ਘਪਲੇ ਅਤੇ ਸਾਬਕਾ ਦੂਰ ਸੰਚਾਰ ਮੰਤਰੀ ਏ. ਰਾਜਾ ਤੋਂ ਪੁੱਛਗਿੱਛ 'ਚ ਦੇਰੀ ਕਰਨਾ, ਰਾਸ਼ਟਰਮੰਡਲ ਖੇਡਾਂ ਦੇ ਭਰਿਸ਼ਟਾਚਾਰ ਦੇ ਦੋਸ਼ਾਂ ਸਬੰਧੀ ਆਨਾਕਾਨੀ ਕਰਨਾ, ਰੁਚਿਕਾ ਗਰਹੋਤਰਾ ਮਾਮਲੇ ਦੀ ਲਿਪਾ ਪੋਚੀ ਕਰਨਾ ਤੇ ਹੁਣ ਆਈ. ਈ. ਏ. ਟੀ. ਦਾ ਖੁਲਾਸਾ ਇਹਨਾਂ ਸਭ ਨੇ ਸੀ ਬੀ ਆਈ ਦੀ ਅਖੌਤੀ ਆਜ਼ਾਦੀ 'ਤੇ ਉਠਣ ਵਾਲੇ ਸੁਆਲਾਂ ਨੂੰ ਹੋਰ ਤਿੱਖਾ ਬਣਾ ਲਿਆ ਹੈ। ਸੀ ਬੀ ਆਈ ਦੇ ਸਾਬਕਾ ਨਿਰਦੇਸ਼ਕ ਜੋਗਿੰਦਰ ਸਿੰਘ ਜੋ ਬੋਫਰਜ਼ ਮਾਮਲੇ ਦੀ ਜਾਂਚ 'ਚ ਸ਼ਾਮਲ ਰਹੇ ਹਨ, ਇਸ ਏਜੰਸੀ ਖਿਲਾਫ ਬੋਲਣ ਵਾਲੇ ਪਹਿਲੇ ਬੰਦੇ ਹਨ। ਉਹ ਪੁੱਛਦੇ ਹਨ, "ਕੌਣ ਕਹਿੰਦਾ ਹੈ ਕਿ ਸੀ ਬੀ ਆਈ ਆਜ਼ਾਦ ਹੈ? ਇਹ ਵੀ ਸਰਕਾਰ ਦੀ ਇਕ ਸ਼ਾਖਾ ਹੈ, ਸਰਕਾਰ ਦੀ ਮੰਜੂਰੀ ਬਿਨਾਂ ਇਹ ਇਕ ਅਪੀਲ ਵੀ ਦਾਖਲ ਨਹੀਂ ਕਰ ਸਕਦੀ। ਬੋਫਰਜ਼ ਮਾਮਲੇ 'ਚ ਇਹੀ ਹੋਇਆ। ਤਿੰਨ ਅਫਸਰਾਂ 'ਤੇ ਸੀ ਬੀ ਆਈ ਨੂੰ ਅਦਾਲਤ ਦੇ ਹੁਕਮ ਨੂੰ ਚੁਣੌਤੀ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਗਈ, ਮਾਮਲੇ ਨੂੰ ਬੜੇ ਸੋਚੇ ਸਮਝੇ ਢੰਗ ਨਾਲ ਖਤਮ ਕਰ ਦਿੱਤਾ ਗਿਆ।" ਬੋਫਰਜ਼ ਮਾਮਲੇ ਸਬੰਧੀ ਸਵਿਸ ਅਧਿਕਾਰੀਆਂ ਦੇ ਨਾਲ ਚੱਲੀ ਜਦੋ ਜਹਿਦ ਪਿੱਛੋਂ ਸੌਂਪੇ ਗਏ ਭਾਰੀ ਦਸਤਾਵੇਜ਼ਾਂ ਨੂੰ ਲੈਣ ਲਈ ਖੁਦ ਜੋਗਿੰਦਰ ਸਿੰਘ ਸਵਿਟਜ਼ਰਲੈਂਡ ਦੇ ਬਰਨ ਗਏ ਸਨ। ਉਹਨਾਂ ਨੇ ਦੱਸਿਆ ਕਿ ਇਸ ਗੱਲ ਦੇ ਲੋੜੀਂਦੇ ਸਬੂਤ ਹਨ ਕਿ ਕਵਾਤੀਰੋਚਕਿਕ ਨੇ ਕਮਿਸ਼ਨ ਵਜੋਂ 70.32 ਲੱਖ ਡਾਲਰ ਹਾਸਲ ਕੀਤੇ ਅਤੇ ਇਹ ਕਿ ਮਾਮਲੇ ਨੂੰ ਕਦੀ ਵੀ ਪੁਖਤਾ ਤਰੀਕੇ ਨਾਲ ਅਦਾਲਤ ਦੇ ਸਾਹਮਣੇ ਨਹੀਂ ਰੱਖਿਆ ਗਿਆ। ਸਰਕਾਰ ਕਵਾਤਰੋਕਿਕ ਦੀ ਮਦਦ ਕਰਨ ਲਈ ਬਰਾਬਰ ਤਕਨੀਕੀ ਸਮੱਸਿਆਵਾਂ ਰੱਖਦੀ ਰਹੀ। ਸੀ ਬੀ ਆਈ ਦੀ ਸ਼ਾਖ ਦਿਨੋ ਦਿਨ ਇਕ ਗੈਰ ਪੇਸ਼ਾਵਰ ਤੇ ਰਾਜਨੀਤੀ ਤੋਂ ਪ੍ਰੇਰਿਤ ਏਜੰਸੀ ਦੀ ਬਣਦੀ ਜਾ ਰਹੀ ਹੈ। ਜਿਸ ਵਿਚ ਜਾਂਚ ਪੜਤਾਲ ਦੇ ਪੱਧਰ ਨੂੰ ਸੁਧਾਰਨ ਦੀ ਨਾ ਤਾਂ ਇੱਛਾ ਸ਼ਕਤੀ ਹੈ ਤੇ ਨਾ ਹੀ ਸਮਰਥਾ, ਦੇਸ਼ ਦੀ ਸਭ ਤੋਂ ਮੁੱਖ ਜਾਂਚ ਏਜੰਸੀ ਦੀ ਸ਼ਾਖ ਹੁਣ ਮਾਮਲਿਆਂ 'ਤੇ ਮਿੱਟੀ ਪਾਉਣ 'ਚ ਸਿਰੇ ਦੀ ਸਮਰਥ ਏਜੰਸੀ ਵਾਲੀ ਬਣ ਗਈ ਹੈ। ਅਰੁਸ਼ੀ ਮਾਮਲੇ ਨੂੰ ਬੰਦ ਕਰਨ ਦੇ ਫੈਸਲੇ 'ਤੇ ਪ੍ਰਤੀਕਰਮ ਦਿੰਦੇ ਹੋਏ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਰੁਣ ਜੇਤਲੀ ਨੇ ਕਿਹਾ ਕਿ ਸੀ ਬੀ ਆਈ ਦੀ ਸਮਰਥਾ ਤੇ ਕਾਬਲੀਅਤ ਢਹਿ ਢੇਰੀ ਹੋ ਗਈ ਹੈ। ਵਿਰੋਧੀ ਧਿਰ ਦੇ ਮੈਂਬਰਾਂ ਨੂੰ ਫਸਾਉਣ ਤੇ ਸਰਕਾਰ ਦੇ ਖਿਲਾਫ ਕੇਸਾਂ ਨੂੰ ਬੰਦ ਕਰਨ 'ਚ ਇਸ ਏਜੰਸੀ ਦੀ ਵਰਤੋਂ ਕੀਤੀ ਜਾਂਦੀ ਹੈ। ਜੇਟਲੀ ਦਾ ਦੋਸ਼

ਹੈ ਕਿ 'ਰਾਜਸੀ ਮਦਦ' ਲਈ ਸੀ ਬੀ ਆਈ ਦੀ ਅਜ਼ਾਦ ਹਸਤੀ ਨੂੰ ਨਸ਼ਟ ਕਰਨ ਲਈ ਯੂ ਪੀ ਏ ਸਰਕਾਰ ਵੀ ਜ਼ਿੰਮੇਵਾਰ ਹੈ।

ਸੁਪਰੀਮ ਕੋਰਟ ਵੀ ਸੀ ਬੀ ਆਈ ਨੂੰ ਉਸ ਦੀ ਲੱਚਰ ਜਾਂਚ ਪੜਤਾਲ ਕਾਰਨ ਲਗਾਤਾਰ ਝਿੜਕਾਂ ਪਾ ਰਹੀ ਹੈ। 2-ਜੀ ਸਪੈਕਟਰਮ ਮਾਮਲੇ ਦੀ ਜਾਂਚ 'ਤੇ ਟਿੱਪਣੀ ਕਰਦਿਆਂ ਕੋਰਟ ਨੇ ਸੀ ਬੀ ਆਈ ਤੋਂ ਪੁੱਛਿਆ ਕਿ ਉਸ ਨੇ ਰਾਜਾ ਤੇ ਦੂਰ ਸੰਚਾਰ ਸਕੱਤਰ ਤੋਂ ਪੁੱਛਗਿੱਛ ਕਿਉਂ ਨਹੀਂ ਕੀਤੀ। ਸੁਪਰੀਮ ਕੋਰਟ ਨੇ ਕਿਹਾ, "ਜਦ ਇਹ ਬਿਲਕੁਲ ਸਪਸ਼ਟ ਹੈ ਕਿ ਨਜਾਇਜ਼ ਕੰਮ ਕੀਤਾ ਗਿਆ ਫਿਰ ਵੀ ਏਜੰਸੀ ਮਾਮਲੇ 'ਤੇ ਮਿੱਟੀ ਪਾਉਣ 'ਚ ਲੱਗੀ ਹੋਈ ਹੈ।" ਲਗਦਾ ਹੈ ਕਿ ਸੀ ਬੀ ਆਈ ਸਰਕਾਰ ਦੇ ਦੁਸ਼ਮਣਾਂ ਨੂੰ ਸਬਕ ਸਿਖਾਉਣ ਤੇ ਦੋਸਤਾਂ ਨੂੰ ਮਦਦ ਪਹੁੰਚਾਉਣ ਦੇ ਹਥਿਆਰ ਵਾਂਗੂੰ ਚੱਲ ਰਹੀ ਹੈ। ਬਸਪਾ ਨੇਤਾ ਤੇ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਸਪਾ ਮੁੱਖੀ ਮੁਲਾਇਮ ਸਿੰਘ ਯਾਦਵ ਤੇ ਰਾਜਦ ਮੁਖੀ ਲਾਲੂ ਯਾਦਵ ਵਰਗੀਆਂ ਖੇਤਰੀ ਪਾਰਟੀਆਂ ਖਿਲਾਫ ਸੀ ਬੀ ਆਈ ਜਿਸ ਤਰ੍ਹਾਂ ਕਦੀ ਅੱਗੇ ਤੇ ਕਦੀ ਪਿੱਛੇ ਰਹੀ, ਉਸ ਨਾਲ ਇਹ ਗੱਲ ਚਿੱਟੇ ਦਿਨ ਦੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ। ਜੇ ਮਾਇਆਵਤੀ 'ਚ ਸਹਿਯੋਗੀ ਬਣਨ ਦੀ ਸੰਭਾਵਨਾ ਦਿਸਦੀ ਤਾਂ ਉਸ ਖਿਲਾਫ ਮਾਮਲੇ ਕੰਮਜ਼ੋਰ ਕਰ ਦਿੱਤੇ ਜਾਂਦੇ ਫਿਰ ਉਹਨਾਂ ਨੂੰ ਠੰਡੇ ਬਸਤੇ 'ਚ ਪਾ ਦਿੱਤਾ ਜਾਂਦਾ। ਪਰ ਜੇ ਉਹ ਵਿਰੁੱਧ ਖੜ੍ਹੀ ਹੁੰਦੀ ਤਾਂ ਸੀ ਬੀ ਆਈ ਰਾਹੀਂ ਉਹਨਾਂ 'ਤੇ ਪੇਚ ਕਸ ਦਿੱਤੇ ਜਾਂਦੇ। ਮਾਇਆਵਤੀ ਖਿਲਾਫ ਆਮਦਨ ਤੋਂ ਵੱਧ ਜਾਇਦਾਦ ਦੇ ਛੇ ਸਾਲ ਪੁਰਾਣੇ ਕੇਸ ਨੂੰ ਇਕ ਪਾਸੇ ਮੁਲਤਵੀ ਪਿੱਛੋਂ ਸਤੰਬਰ 2010 'ਚ ਸੁਪਰੀਮ ਕੋਰਟ ਨੇ ਨਰਾਜ਼ ਹੋ ਕੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਸੀ ਬੀ ਆਈ ਤੇ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਇਕ ਦੂਜੇ ਦੀ ਮਿਲੀ ਭੁਗਤ ਨਾਲ ਮਾਮਲੇ ਨੂੰ ਲਮਕਾ ਰਹੇ ਹਨ। ਅਦਾਲਤ ਨੇ ਕਿਹਾ "ਜੇ ਦੋਨੋਂ ਪੱਖ ਮੁਕੱਦਮੇ 'ਚ ਗੰਭੀਰ ਨਹੀਂ ਹਨ ਤਾਂ ਅਦਾਲਤ ਕੋਲ ਨਸ਼ਟ ਕਰਨ ਲਈ ਸਮਾਂ ਨਹੀਂ ਹੈ।" ਅਦਾਲਤ ਨੇ ਹਮਾਇਤ ਦਿੱਤੀ ਕਿ ਸੀ ਬੀ ਆਈ ਜੇ ਇਮਾਨਦਾਰੀ ਨਾਲ ਕੇਸ ਅੱਗੇ ਨਹੀਂ ਚਲਾਉਣਾ ਚਾਹੁੰਦੀ ਤਾਂ ਪਟੀਸ਼ਨ "ਖਾਰਜ" ਕਰ ਦੇਣੀ ਚਾਹੀਦੀ ਹੈ। ਫਰਵਰੀ 2009 'ਚ ਸੁਪਰੀਮ ਕੋਰਟ ਨੇ ਮੁਲਾਇਮ ਖਿਲਾਫ ਵੀ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਸੀ ਬੀ ਆਈ ਦੇ ਲੱਚਰ ਰੁਖ ਤੋਂ ਨਾਰਾਜ਼ ਹੋ ਕੇ ਝਿੜਕ ਪਾਈ ਸੀ। ਕੋਰਟ ਨੇ ਕਿਹਾ ਕਿ ਏਜੰਸੀ "ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ।" ਸੁਪਰੀਮ ਕੋਰਟ ਨੇ ਮੁਲਾਇਮ ਤੇ ਉਹਨਾਂ ਦੇ ਰਿਸ਼ਤੇਦਾਰਾਂ ਖਿਲਾਫ ਮਾਮਲਾ ਵਾਪਸ ਲੈਣ ਦੀ ਪਟੀਸ਼ਨ 'ਤੇ ਸੀ ਬੀ ਆਈ ਨੂੰ ਖਰੀਆਂ-ਖਰੀਆਂ ਸੁਣਾਈਆਂ ਹਨ ਅਤੇ ਇਸ ਦੇ ਵਕੀਲ ਮੋਹਨ ਪਾਰਾਸ਼ਰਨ ਤੋਂ ਪੁੱਛਿਆ "ਸੀ ਬੀ ਆਈ ਨੇ ਕਦੋਂ ਤੋਂ ਸਰਕਾਰ ਕੋਲੋਂ ਸਲਾਹ ਲੈਣੀ ਸ਼ੁਰੂ ਕੀਤੀ ਹੋਈ ਹੈ?" ਸਪਸ਼ਟੀਕਰਨ ਲਈ ਤੁਸੀਂ ਆਏ?" ਮਾਮਲੇ 'ਚ ਸੀ ਬੀ ਆਈ ਦੇ ਢਿੱਲੇ-ਢਾਲੇ ਰੁਖ ਦੀ ਨਿੰਦਾ ਕਰਦਿਆਂ ਕੋਰਟ ਨੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਸੀ ਬੀ ਆਈ ਸਰਕਾਰ ਦਾ ਔਜਾਰ ਬਣੇ। ਭਾਜਪਾ ਨੇ ਵੀ ਸੀ ਬੀ ਆਈ 'ਤੇ ਮਾਮਲੇ 'ਚ ਗੁਜਰਾਤ ਦੇ ਸਾਬਕਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਫਸਾਉਣ ਲਈ ਇਸ ਦੀ ਦੁਰਵਰਤੋਂ ਕਰ ਰਹੀ ਹੈ। ਸੁਪਰੀਮ ਕੋਰਟ ਨੇ ਜਨਵਰੀ 2010 'ਚ ਕਿਹਾ ਕਿ ਏਜੰਸੀ ਹਫਰਾ ਦਫੜੀ ਸੀ ਅਤੇ ਬਿਨਾਂ ਕੋਈ ਤਿਆਰੀ ਕੀਤਿਆਂ ਮੁਕੱਦਮਾ ਤਬਦੀਲ ਕਰਨਾ ਚਾਹੁੰਦੀ ਸੀ।

# ਰੁਜ਼ਗਾਰ ਯੋਜਨਾ ਕਿਵੇਂ ਬਣੀ ਲੁੱਟ ਦਾ ਅੱਡਾ? ਤਿੰਨ ਸਾਲਾਂ 'ਚ 500 ਕਰੋੜ ਦੀ ਹੇਰਾਫੇਰੀ ਹੋਈ

ਉਤਰ ਪ੍ਰਦੇਸ਼ ਨੇ ਕੌਮੀ ਰੁਜ਼ਗਾਰ ਗਰੰਟੀ ਯੋਜਨਾ (ਮਨਰੇਗਾ) ਦੀ ਕਰੋੜਾਂ ਰੁਪਏ ਦੀ ਰਕਮ ਦੀ ਲੁੱਟ ਨੇ ਖਾਸ ਮੁਕਾਮ ਹਾਸਲ ਕਰ ਲਿਆ ਹੈ। ਇਹ ਰੁਜ਼ਗਾਰ ਮੁਹਈਆ ਕਰਾਉਣ ਲਈ ਦੁਨੀਆਂ ਦੀ ਸਭ ਤੋਂ ਵੱਡੀ ਇਕੱਲੀ ਯੋਜਨਾ ਮੰਨੀ ਜਾਂਦੀ ਹੈ। ਬੀਤੇ ਤਿੰਨ ਸਾਲਾਂ 'ਚ ਰਾਜ ਸਰਕਾਰ ਨੇ 500 ਕਰੋੜ ਰੁਪੈ ਤੋਂ ਵੱਧ ਦੀ ਹੇਰਾਫੇਰੀ ਦੇ ਦੋਸ਼ 'ਚ 42 ਅਧਿਕਾਰੀਆਂ ਤੇ 58 ਸਰਪੰਚਾਂ ਖਿਲਾਫ ਅਪਰਾਧਿਕ ਮਾਮਲੇ ਦਾਇਰ ਕੀਤੇ ਹਨ ਅਤੇ ਅਨੁਸਾਸ਼ਨ ਦੀ ਕਾਰਵਾਈ ਸ਼ੁਰੂ ਕੀਤੀ ਹੈ। ਕੇਂਦਰੀ ਰੁਜ਼ਗਾਰ ਗਰੰਟੀ ਪ੍ਰੀਸ਼ਦ ਦੇ ਮੈਂਬਰ ਸੰਜੈ ਦੀਕਸ਼ਤ ਕਹਿੰਦੇ ਹਨ "ਇਸ ਯੋਜਨਾ 'ਚ ਜਿਸ ਹੱਦ ਤੱਕ ਭਰਿਸ਼ਟਾਚਾਰ ਹੈ, ਇਹ ਉਸ ਦਾ ਛੋਟਾ ਜਿਹਾ ਨਮੂਨਾ ਹੈ ਜੇ ਕਿਸੇ ਆਜ਼ਾਦ ਏਜੰਸੀ ਰਾਹੀਂ ਸਹੀ ਜਾਂਚ ਕਰਵਾਈ ਜਾਵੇ ਤਾਂ ਇਸ 'ਚ ਦਰਜਨਾਂ ਆਈ. ਏ. ਐਸ, ਪੀ ਸੀ ਐਸ ਤੇ ਹੇਠਲੇ ਦਰਜੇ ਦੇ ਅਧਿਕਾਰੀ ਸ਼ਾਮਲ ਪਾਏ ਜਾਣਗੇ ਤੇ ਉਹਨਾਂ ਨੂੰ ਗੰਭੀਰ ਸਜ਼ਾ ਮਿਲਣ ਦੀ ਸੰਭਾਵਨਾ ਹੋ ਸਕਦੀ ਹੈ।" ਦੀਕਸ਼ਤ ਕਾਂਗਰਸ ਦੇ ਸਰਗਰਮ ਮੈਂਬਰ ਹਨ, ਲਿਹਾਜਾ ਉਹਨਾਂ ਦੇ ਵਿਚਾਰਾਂ ਨੂੰ ਮਾਇਆਵਤੀ ਦੀ ਅਗਵਾਈ ਵਾਲੀ ਬਸਪਾ ਸਰਕਾਰ ਪ੍ਰਤੀ ਪਹਿਲਾਂ ਹੀ ਇਸ 'ਚ ਸ਼ਾਮਲ ਹੋਣਾ ਮੰਨਿਆ ਜਾ ਸਕਦਾ ਹੈ ਪਰ ਮਨਰੇਗਾ ਦੇ ਰਾਜ ਪ੍ਰਕੋਠ ਦੇ ਮੁਖੀ ਅਤੇ ਚਿਰਾਇਰਡ ਆਈ. ਏ. ਐਸ. ਅਧਿਕਾਰੀ ਵਿਨੋਦ ਸ਼ੰਕਰ ਚੋਬੇ ਵੀ ਇਸ ਰੁਜ਼ਗਾਰ ਗਰੰਟੀ ਯੋਜਨਾ 'ਚ ਵਧਦੇ ਭਰਿਸ਼ਟਾਚਾਰ ਤੇ ਵੱਡੇ ਪੈਮਾਨੇ 'ਤੇ ਬੇਨਿਯਮੀਆਂ ਸਬੰਧੀ ਚਿੰਤਤ ਹਨ। ਅਨੇਕ ਜ਼ਿਲ੍ਹਿਆਂ ਦਾ ਦੌਰਾ ਕਰਨ ਪਿੱਛੋਂ ਉਹਨਾਂ ਨੇ ਅਨੇਕਾਂ ਅਧਿਕਾਰੀਆਂ ਤੇ ਗ੍ਰਾਮ ਸੇਵਕਾਂ 'ਤੇ ਅਪਰਾਧਿਕ ਮਾਮਲੇ ਦਰਜ ਕਰਨ, ਉਹਨਾਂ ਦੀਆਂ ਤਨਖਾਹਾਂ 'ਚੋਂ ਕਟੌਤੀ ਕਰਨ ਤੇ ਉਹਨਾਂ ਦੀ ਏ. ਸੀ ਆਰ 'ਚ ਪ੍ਰਤੀਕੂਲ ਟਿਪਣੀਆਂ ਦਰਜ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਤਾਜ਼ਾ ਮਾਮਲਾ ਸੁਲਤਾਨਪੁਰ ਜ਼ਿਲ੍ਹੇ ਦਾ ਹੈ ਜਿਥੇ ਪੱਧਰ ਦੇ ਅਧਿਕਾਰੀਆ ਨੇ ਮਨਰੇਗਾ ਨਿਯਮਾਂ ਦਾ ਘੋਰ ਉਲੰਘਣਾ ਕਰਕੇ ਪਿੰਡ ਪ੍ਰਧਾਨਾਂ ਲਈ ਕੈਮਰੇ ਖਰੀਦੇ ਜੋ ਉਹਨਾਂ ਦੇ ਕਿਸੇ ਕੰਮ ਦੇ ਨਹੀਂ ਸਨ। ਦੱਸਦੇ ਹਨ ਕਿ ਇਸ ਸਾਲ ਜੁਲਾਈ 'ਚ ਜਿਥੇ ਪਿੰਕੀ ਜੋਵਲ ਨੇ ਇਥੇ ਜ਼ਿਲ੍ਹਾ ਮੁਖੀ ਵਜੋਂ ਚਾਰਜ ਸੰਭਾਲਿਆ ਤਾਂ ਗ੍ਰਾਮ ਪ੍ਰਧਾਨ ਕੋਈ 130 ਪਿੰਡਾਂ ਵਾਲੇ ਦੋਸਤਪੁਰ ਤੇ ਕੁੜੇਭਰ ਵਿਕਾਸ ਖੰਡਾਂ 'ਚ ਕੈਮਰੇ ਖਰੀਦਣ ਗਏ, ਹਰੇਕ ਪ੍ਰਧਾਨ ਨੇ ਕਰੀਬ 6000 ਰੁਪਏ ਦੀ ਲਾਗਤ ਵਾਲਾ ਇਹ ਕੈਮਰਾ ਖਰੀਦ ਲਿਆ ਜ਼ਿਲ੍ਹੇ ਦੇ ਇਕ ਖੰਡ ਵਿਕਾਸ ਅਧਿਕਾਰੀ (BDO) ਨੇ ਮੰਨਿਆ "ਸਾਨੂੰ ਪਤਾ ਸੀ ਕਿ ਇਸ ਕੈਮਰੇ ਦੀ ਮਨਰੇਗਾ ਯੋਜਨਾ ਤਹਿਤ ਇਜਾਜ਼ਤ ਨਹੀਂ ਹੈ ਤੇ ਉਸਦੀ ਕੇਂਦਰਕ੍ਰਿਤ ਖਰੀਦ ਵੀ ਅਪਰਾਧ ਵਰਗੀ ਹੈ।" ਪਰ ਬਕੌਲ ਉਕਤ ਅਧਿਕਰੀ ਜ਼ਿਲ੍ਹੇ ਦੇ ਉਚ ਪੱਧਰੇ ਅਧਿਕਾਰੀ ਦੇ ਦਬਾਅ 'ਚ ਦੋ ਇਕਾਸ ਬਲਾਕਾਂ 'ਚ ਇਹ ਖਰੀਦ ਕਰ ਲਈ ਗਈ। ਸਰਪੰਚਾਂ ਦਾ ਕੈਮਰੇ ਨਾਲ ਕੋਈ ਕੰਮ ਨਹੀਂ ਹੈ ਤੇ ਇਸ ਸੰਵੇਦਨਸ਼ੀਲ ਉਪਰਕਣ ਦੀ ਵੱਡੇ ਪੈਮਾਨੇ 'ਤੇ ਖਰੀਦ ਦਾ ਕੋਈ ਅਰਥ ਨਹੀਂ ਹੈ। ਅਧਿਕਾਰਿਤ ਤੌਰ 'ਤੇ ਇਹ ਕੈਮਰੇ ਮਨਰੇਗਾ ਤਹਿਤ ਹੋਣ ਵਾਲੇ ਕੰਮਾਂ ਦੀਆਂ ਤਸਵੀਰਾਂ ਖਿਚ ਕੇ ਉਹਨਾਂ ਨੂੰ ਉਪਰਲੇ ਪੱਧਰ 'ਤੇ ਦੇਣ ਵਾਸਤੇ

ਖਰੀਦ ਲਏ ਹਨ। ਪਤਾ ਲੱਗਣ ਤੇ ਬਸਪਾ ਦੇ ਇਕ ਨੇਤਾ ਨੇ ਇਸ ਮਾਮਲੇ ਦੀ ਜਾਣਕਾਰੀ ਮੁੱਖ ਮੰਤਰੀ ਦਫਤਰ ਤੇ ਪੇਂਡੂ ਵਿਕਾਸ ਦੇ ਪ੍ਰਮੁੱਖ ਸਕੱਤਰ ਮਨੋਜ ਕੁਮਾਰ ਨੂੰ ਦਿੱਤੀ। ਜਿਹਨਾਂ ਨੇ ਸੁਲਤਾਨਪੁਰ ਜ਼ਿਲ੍ਹੇ 'ਚ ਮਨਰੇਗਾ ਨਿਯਮਾਂ ਦੀ ਉਲੰਘਣਾ ਦੀ ਜਾਂਚ ਦਾ ਹੁਕਮ ਦਿੱਤਾ। ਜਾਂਚ ਰਿਪੋਰਟ 'ਚ ਕੈਮਰੇ ਦੇ ਗੈਰ-ਕਨੂੰਨੀ ਤੌਰ 'ਤੇ ਖਰੀਦੇ ਜਾਣ, ਖਰੀਦ ਨਿਯਮਾਂ ਦੀ ਉਲੰਘਣਾ ਤੇ ਇਸ ਘਪਲੇ 'ਚ ਵੱਡੇ ਅਧਿਕਾਰੀਆਂ ਦੀ ਮਿਲੀ ਭੁਗਤ ਦੀ ਪੁਸ਼ਟੀ ਹੋਈ।

ਅਨੇਕਾਂ ਹੋਰ ਜ਼ਿਲ੍ਹਿਆਂ 'ਚ ਅਜਿਹੀਆਂ ਸ਼ਿਕਾਇਤਾਂ ਨੂੰ ਦੇਖ ਰਹੇ ਅਤੇ ਦੋਸ਼ੀ ਅਧਿਕਾਰੀਆਂ ਖਿਲਾਫ ਕਾਰਵਾਈ ਕਰ ਰਹੇ ਮਨੋਜ ਕੁਮਾਰ ਦਸਦੇ ਹਨ ਕਿ "ਹਾਂ ਇਸ ਰਿਪੋਰਟ 'ਚ ਮੁੱਖ ਵਿਕਾਸ ਅਧਿਕਾਰੀ ਬੀ. ਡੀ. ਓ. ਤੇ ਜ਼ਿਲ੍ਹਾ ਵਿਕਾਸ ਅਧਿਕਾਰ ਨੂੰ ਦੋਸ਼ੀ ਠਹਿਰਾ ਕੇ ਉਹਨਾਂ ਖਿਲਾਫ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।"

ਜੋਵਲ ਦੀ ਭੂਮਿਕਾ ਬਾਰੇ ਪ੍ਰਮੁੱਖ ਸਕੱਤਰ ਦਾ ਕਹਿਣਾ ਸੀ ਕਿ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਸੁਲਤਾਨਪੁਰ ਦੇ ਜ਼ਿਲ੍ਹੇ ਜੱਜ 'ਤੇ ਅਜਿਹੀ ਖਰੀਦ ਦੀ ਇਜਾਜ਼ਤ ਦੇਣ ਦਾ ਦੋਸ਼ ਹੈ ਜੋ ਮਨਰੇਗਾ ਯੋਜਨਾ ਦੇ ਨਿਯਮਾਂ ਦੀ ਉਲੰਘਣਾ ਹੈ। ਦੱਸਿਆ ਜਾਂਦਾ ਹੈ ਕਿ ਸਭ ਕੈਮਰੇ ਹਰਿਆਣਾ ਦੀ ਇਕ ਕੰਪਨੀ ਕੁਮਾਰ ਜੀ ਤੋਂ ਖਰੀਦੇ ਗਏ ਹਨ। ਬਕੌਲ ਪ੍ਰਮੁੱਖ ਸਕੱਤਰ "ਇਸ ਖਰੀਦ 'ਚ ਕੀਤੀ ਗਈ ਇਕ ਹੋਰ ਭੁੱਲ ਹੈ ਕਿਉਂਕਿ ਉਤਰ ਪ੍ਰਦੇਸ਼ 'ਚ ਕੈਮਰੇ ਤੇ ਵੈਟ ਸਿਰਫ 4 ਫੀਸਦੀ ਹੈ ਇਸ ਲਈ ਉਤਰ ਪ੍ਰਦੇਸ਼ ਤੋਂ ਬਾਹਰ ਅਜਿਹਾ ਕੈਮਰਾ ਖਰੀਦਣ ਦੀ ਕੋਈ ਤੁਕ ਨਹੀਂ ਸੀ ਜਦ ਕਿ ਇਹ ਸੂਬੇ 'ਚ ਸਸਤੀ ਦਰ 'ਤੇ ਮਿਲਦਾ ਸੀ।" ਸੁਲਤਾਨਪੁਰ 'ਚ ਕੈਮਰਿਆਂ ਦੀ ਖਰੀਦ ਮਨਰੇਗਾ ਕੋਸ਼ ਤੱਕ ਹੀ ਸੀਮਤ ਨਹੀਂ ਹੈ। ਪਤਾ ਲੱਗਿਆ ਹੈ ਕਿ ਰਾਈਫ਼ਲ ਕਲੱਬ ਦੇ ਕੋਸ਼ ਤੋਂ ਵੀ ਅਜਿਹੇ ਕੈਮਰੇ ਖਰੀਦੇ ਗਏ ਹਨ। ਇਹ ਸਥਾਪਤ ਰਵਾਇਤ ਹੈ ਕਿ ਕਿਸੇ ਵੀ ਹਥਿਆਰ ਦਾ ਲਾਇਸੰਸ ਜਾਰੀ ਕਰਦੇ ਸਮੇਂ ਨਿਵੇਦਕ ਤੋਂ ਇਕ ਮੋਟੀ ਰਕਮ ਰਾਈਫਲ ਕਲੱਬ ਨੂੰ ਦਿਵਾਈ ਜਾਂਦੀ ਹੈ। ਜਿਸ ਦਾ ਕੰਟਰੋਲ ਜ਼ਿਲ੍ਹਾ ਪ੍ਰਸਾਸ਼ਨ ਕੋਲ ਰਹਿੰਦਾ ਹੈ ਅਤੇ ਇਸ ਦੀ ਮੁੱਖ ਭੂਮਿਕਾ ਲਾਇਸੰਸ ਧਾਰਕਾਂ ਲਈ ਨਿਸ਼ਾਨੇਬਾਜ਼ੀ ਦਾ ਅਭਿਆਸ ਆਯੋਜਿਤ ਕਰਨਾ ਹੈ। ਪਰ ਅਸਲ 'ਚ ਅਜਿਹਾ ਕਦੀ ਨਹੀਂ ਹੁੰਦਾ ਤੇ ਵੱਖ-ਵੱਖ ਜ਼ਿਲ੍ਹਿਆਂ 'ਚ ਰਾਈਫਲ ਕਲੱਬ ਦੀ ਮੈਂਬਰੀਸ਼ਿਪ ਦੇ ਕਰੋੜਾਂ ਰੁਪਏ ਅਧਿਕਾਰੀ ਹੜੱਪ ਲੈਂਦੇ ਹਨ ਤੇ ਉਹਨਾਂ ਦੀ ਦੁਰਵਰਤੋਂ ਕਰਦੇ ਹਨ। ਸੁਲਤਾਨਪੁਰ 'ਚ ਵੀ ਰਾਈਫਲ ਕਲੱਬ ਦਾ ਪੈਸਾ ਗੈਸਟ ਹਾਊਸ ਬਣਾਉਣ ਤੇ ਹੁਣ ਕੈਮਰਿਆਂ ਦੀ ਖਰੀਦ ਵੱਲ ਮੋੜ ਦਿੱਤਾ ਗਿਆ ਹੈ। ਵਿਧਾਇਕ ਫੰਡ ਤੇ ਸੰਸਦ ਫੰਡ ਦੇ ਵਾਂਗੂੰ ਮਨਰੇਗਾ ਵੀ ਸਰਕਾਰੀ ਅਧਿਕਾਰੀਆਂ ਦੇ ਭਰਿਸ਼ਟਾਚਾਰ ਤੇ ਪੈਸੇ ਲੁੱਟਣ ਦਾ ਇਕ ਹੋਰ ਸਰੋਤ ਬਣ ਗਿਆ ਹੈ। ਉਤਰ ਪ੍ਰਦੇਸ਼ 'ਚ ਮਨਰੇਗਾ ਦੇ ਤਹਿਤ ਚਾਲੂ ਵਿਤੀ ਸਾਲ 2010-11 ਲਈ 8500 ਕਰੋੜ ਰੁਪਏ ਮੰਜੂਰ ਕੀਤੇ ਗਏ ਪਰ ਅੱਠ ਮਹੀਨਿਆਂ ਪਿੱਛੋਂ ਵੀ ਇਸ ਰਕਮ ਦਾ 30 ਫੀਸਦੀ ਵੀ ਖਰਚ ਨਹੀਂ ਹੋਇਆ ਹੈ। ਦੀਕਸ਼ਤ ਕਹਿੰਦੇ ਹਨ "ਮੈਂ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਉਤਰ ਪ੍ਰਦੇਸ਼ 'ਚ ਸੈਂਕੜੇ ਕਰੋੜ ਰੁਪਏ ਦੀ ਰਕਮ ਹੜੱਪ ਲਈ ਗਈ ਹੈ ਅਤੇ ਕੁਝ ਕੁ ਮਾਮਲਿਆਂ 'ਚ ਕਾਰਵਾਈ ਨੂੰ ਛੱਡ ਕੇ ਮਾਇਆਵਤੀ ਸਰਕਾਰ ਇਸ ਨੂੰ ਰੋਕਣ ਲਈ ਕੁਝ ਨਹੀਂ ਕਰ ਰਹੀ।" ਉਹਨਾਂ ਨੇ ਕਈ ਜ਼ਿਲ੍ਹਿਆਂ ਦਾ ਦੌਰਾ ਕਰਕੇ ਪੈਸੇ ਦੀ

ਵੱਡੇ ਪੈਮਾਨੇ ’ਤੇ ਲੁੱਟ ਪਾਈ ਹੈ। ਇਸ ’ਚ ਨਕਸਲ ਪ੍ਰਭਾਵਿਤ ਜ਼ਿਲ੍ਹਾ ਸੋਨਾਭੱਦਰ ਵੀ ਹੈ ਤੇ ਇਸ ਦੀ ਰਿਪੋਰਟ ਉਹਨਾਂ ਨੇ ਕੇਂਦਰੀਗ੍ਰਾਮਮੀਨ ਵਿਕਾਸ ਮੰਤਰਾਲੇ ਨੂੰ ਭੇਜ ਦਿੱਤੀ ਹੈ। ਆਪਣੀ ਰਿਪੋਰਟ ’ਚ ਦੀਕਸ਼ਤ ਨੇ ਸਪਸ਼ਟ ਕਿਹਾ ਹੈ ਕਿ ਮਨਰੇਗਾ ਤੋਂ ਪੈਸੇ ਵਟੋਰਨ ਲਈ ਜ਼ਿਲ੍ਹਾ ਪ੍ਰਸਾਸ਼ਨ ਨੇ 300 ਤੋਂ ਵੱਧ ਪਿੰਡਾਂ ਨੂੰ ਨਕਸਲ ਪ੍ਰਭਾਵਿਤ ਐਲਾਨਿਆ ਹੈ। ਜਦ ਕਿ ਤੱਥ ਇਹ ਹੈ ਕਿ ਇਸ ਦੇ ਇਕ ਚੌਥਾਈ ਪਿੰਡਾਂ ’ਚ ਵੀ ਕਿਸੇ ਤਰ੍ਹਾਂ ਦੀ ਨਕਸਲੀ ਸਰਗਰਮੀ ਦੇਖਣ ਨੂੰ ਨਹੀਂ ਮਿਲੀ ਹੈ ਅਤੇ ਐਲਾਨ ਪੈਸਾ ਹਾਸਲ ਕਰਨ ਲਈ ਜਾਣਬੁਝ ਕੇ ਕੀਤਾ ਗਿਆ ਹੈ। ਇਸ ਦੀ ਰਿਪੋਰਟ ਪਿੱਛੋਂ ਚੌਬੇਨੇ ਵੀ ਖੁਦ ਕੰਮਾਂ ਦਾ ਨਿਰੀਖਣ ਕੀਤਾ ਅਤੇ ਮਨਰੇਗਾ ਦੇ ਪੈਸੇ ਦੀ ਦੁਰਵਰਤੋਂ ’ਤੇ ਚਿੰਤਾ ਜਾਹਰ ਕੀਤੀ।

ਪਿੰਡ ਪੱਧਰ ’ਤੇ ਮਨਰੇਗਾ ਯੋਜਨਾ ਪੈਸੇ ਦੀ ਲੋੜੀਂਦੀ ਉਪਲੱਬਧਾ ਇਕ ਵਜ੍ਹਾ ਹੈ ਕਿ 2005 ਦੀਆਂ ਪੰਚਾਇਤ ਚੋਣਾਂ ਮੁਕਾਬਲੇ ਇਸ ਵਾਰੀ ਪਿੰਡ ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰਾਂ ’ਚ 20 ਫੀਸਦੀ ਵਾਧਾ ਹੋਇਆ ਹੈ। ਬੀਤੇ ਤਿੰਨ ਸਾਲਾਂ ’ਚ ਸੋਨਭੱਦਰ ਜ਼ਿਲ੍ਹੇ ਨੂੰ 700 ਕਰੋੜ ਰੁਪਏ ਤੋਂ ਵੱਧ ਰਾਸ਼ੀ ਅਲਾਟ ਹੋਈ ਜੋ ਰਾਜ ’ਚ ਸਭ ਤੋਂ ਵੱਧ ਸੀ। ਜ਼ਿਲ੍ਹੇ ਦੇ ਇਕ ਪਿੰਡ ਵਿਚ ਤਾਂ ਪਿੰਡ ਦੇ ਸਰਪੰਚ ਦੇ ਅਹੁਦੇ ਲਈ 71 ਉਮੀਦਵਾਰ ਭਿੜ ਰਹੇ ਸਨ। ਜੋ ਕਿਸੇ ਵੀ ਪਿੰਡ ’ਚ ਸਭ ਤੋਂ ਵੱਧ ਸਨ। ਇਸ ਤੋਂ ਸਪਸ਼ਟ ਹੈ ਕਿ ਪਿੰਡ ਪ੍ਰਧਾਨ ਨੇ ਮਨਰੇਗਾ ਦੇ ਪੈਸੇ ’ਤੇ ਆਪਣੀਆਂ ਅੱਖਾਂ ਗੱਡ ਰੱਖੀਆਂ ਹਨ। ਇਸ ਲਈ ਇਸ ਅਹੁਦੇ ਨੂੰ ਹਥਿਆਉਣ ਲਈ ਸਖਤ ਮੁਕਾਬਲਾ ਹੁੰਦਾ ਹੈ। ਇਸ ਵਾਰ ਪਿੰਡ ਦੇ ਮੁਖੀ ਦੇ ਅਹੁਦੇ ’ਤੇ ਲੜਨ ਵਾਲੇ ਉਮੀਦਵਾਰਾਂ ਨੇ ਵੋਟਰਾਂ ਨੂੰ ਭਰਮਾਉਣ ਲਈ ਲੱਖਾਂ ਰੁਪੈ ਖਰਚ ਕੀਤੇ। ਫਰਵਰੀ 2006 ’ਚ ਸ਼ੁਰੂ ਕੀਤੇ ਨਰੇਗਾ ਨੇ, ਪਿੰਡ ਦੇ ਵਿਕਾਸ ’ਚ ਭੂਮਿਕਾ ਨਿਭਾਈ ਤੇ ਪਿੰਡ ਦੇ ਗਰੀਬਾਂ ਨੂੰ ਘੱਟੋ-ਘੱਟ 100 ਦਿਨ ਦੇ ਰੁਜ਼ਗਾਰ ਦੀ ਗਰੰਟੀ ਦੇ ਕੇ ਇਕ ਕਰੋੜ ਮਨੁੱਖ ਦਿਨ ਸਿਰਜੇ। 2009 ਦੀਆਂ ਲੋਕ ਸਭਾ ਚੋਣਾਂ ’ਚ ਇਸ ਨੇ ਕਾਂਗਰਸ ਦੀ ਜਿੱਤ ’ਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਕਾਰਨ ਕੇਂਦਰ ਸਰਕਾਰ ਨੇ ਇਸ ਦੇ ਬਜਟ ’ਚ ਵਾਧਾ ਕੀਤਾ। ਪਰ ਜਿਵੇਂ ਜਵਾਹਰ ਰੁਜ਼ਗਾਰ ਵਰਗੀਆਂ ਸਕੀਮਾਂ ਨਾਲ ਵਾਪਰਿਆ, ਰਾਜ ਦੇ ਸਰਕਾਰੀ ਅਧਿਕਾਰੀ ਆਪਣੇ ਨਿਜੀ ਹਿੱਤਾਂ ਲਈ ਇਸ ਯੋਜਨਾ ਨੂੰ ਵੀ ਲੁੱਟਣ ਲੱਗੇ ਹਨ। ਇਸ ਦੀ ਮਿਸਾਲ ਇਹ ਹੈ ਕਿ ਕਈ ਥਾਵਾਂ ’ਤੇ ਮਨਰੇਗਾ ਦੇ ਪੈਸੇ ਨਾਲ ਸੰਕਰ ਬੀਜ਼ਾਂ ਦੇ ਨਾਂ ਹੇਠ ਲੱਖਾਂ ਰੁਪਏ ਦੇ ਖਿਡੌਣੇ ਖਰੀਦੇ ਗਏ ਹਨ ਤੇ ਉਹ ਵੀ ਕਾਗਜ਼ਾਂ ਵਿਚ। ਇਹ ਭਰਿਸ਼ਟਾਚਾਰ ਬੇਲਗਾਮ ਹੋ ਗਿਆ ਹੈ ਜਿਸ ਕਾਰਨ ਇਸ ਦਾ ਨਵਾਂ ਨਾਂ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਦੇ ਦਿੱਤਾ ਹੈ।

# ਦੂਰਸੰਚਾਰ ਘਪਲੇ ਦੇ ਹਮਾਮ 'ਚ ਸਭ ਨੰਗੇ

ਦੂਰਸੰਚਾਰ ਘਪਲੇ ਸਬੰਧੀ ਸੱਤਾ ਪੱਖ 'ਤੇ ਤਿੱਖੀਆਂ ਟਿੱਪਣੀਆਂ ਕਰਨ ਵਾਲੀ ਭਾਜਪਾ ਨੂੰ ਵੀ ਹੁਣ ਇਸ ਜਾਂਚ ਦਾ ਸੇਕ ਮਹਿਸੂਸ ਹੋਣ ਲੱਗਿਆ ਹੈ। ਪਾਰਟੀ ਦੇ ਜਨਰਲ ਸਕੱਤਰ ਅਨੰਤ ਕੁਮਾਰ 'ਤੇ ਨੀਰਾ ਰਾਡੀਆ ਦੇ ਸਹਿਯੋਗੀ ਧੀਰਜ ਸਿੰਘ ਲਈ ਗੁਟਬੰਦੀ ਕਰਨ ਤੇ ਬਦਲੇ 'ਚ ਧਨ ਲੈਣ ਦਾ ਦੋਸ਼ ਲੱਗ ਰਿਹਾ ਹੈ। ਟੈਲੀਕਾਮ ਘਪਲੇ ਦੀ ਜਾਂਚ ਅੱਗੇ ਵਧਣ ਦੇ ਨਾਲ-ਨਾਲ ਇਸ 'ਤੇ ਚੱਲ ਰਹੀ ਰਾਜਨੀਤੀ ਵੀ ਗਰਮਾਉਂਦੀ ਜਾ ਰਹੀ ਹੈ। ਇਕ ਪਾਸੇ ਵਿਰੋਧੀ ਧਿਰ ਸੰਯੁਕਤ ਸੰਮਤੀ ਨਾਲ ਇਸ ਮਾਮਲੇ ਦੀ ਜਾਂਚ ਕਰਾਏ ਜਾਣ ਦੀ ਮੰਗ 'ਤੇ ਅੜੀ ਹੋਈ ਹੈ ਤਾਂ ਦੂਜੇ ਪਾਸੇ ਉਹਨਾਂ ਦੇ ਆਪਣੇ ਨੇਤਾਵਾਂ ਵਿਚਕਾਰ ਇਸ ਮੁੱਦੇ 'ਤੇ ਉਭਰੇ ਮੱਤਭੇਦ ਡੂੰਘੇ ਹੁੰਦੇ ਜਾ ਰਹੇ ਹਨ। ਹੁਣ ਸਭ ਦੀ ਨਜ਼ਰਾਂ ਫਰਵਰੀ ਮਹੀਨੇ 'ਚ ਹੋਣ ਵਾਲੇ ਬਜਟ ਸੈਸ਼ਨ 'ਤੇ ਟਿਕੀਆਂ ਹੋਈਆਂ ਹਨ ਕਿਉਂਕਿ ਜੇ ਅੜਿੱਕਾ ਦੂਰ ਨਹੀਂ ਹੁੰਦਾ ਤਾਂ ਇਸ ਸਭ ਤੋਂ ਅਹਿਮ ਸੈਸ਼ਨ 'ਤੇ ਚੱਲ ਸਕਣ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਜਾਣਗੇ। ਸੀ ਬੀ ਆਈ ਨੇ ਸਾਬਕਾ ਦੂਰ ਸੰਚਾਰ ਰਾਜ ਮੰਤਰੀ ਏ-ਰਾਜਾ, ਵਪਾਰਕ ਘਰਾਣਿਆਂ ਲਈ ਵਿਚੋਲਿਆਂ ਦਾ ਕੰਮ ਕਰਨ ਵਾਲੀ ਨੀਰਾ ਰਾਡੀਆ ਤੇ 'ਟ੍ਰਾਈ' ਦੇ ਸਾਬਕਾ ਪ੍ਰਧਾਨ ਪ੍ਰਦੀਪ ਬੈਜਲ 'ਤੇ ਆਪਣਾ ਸ਼ਿਕੰਜਾ ਕਸਣਾ ਸ਼ੁਰੂ ਕਰ ਦਿੱਤਾ ਹੈ। ਸੀ ਬੀ ਆਈ ਨੇ ਲਗਾਤਾਰ ਦੋ ਦਿਨਾਂ ਤੱਕ ਏ-ਰਾਜਾ ਤੋਂ ਲੰਬੀ ਪੁੱਛਗਿੱਛ ਕੀਤੀ। ਇਕ ਪਾਸੇ ਉਹਨਾਂ ਕੰਪਨੀਆਂ ਬਾਰੇ ਪੜਤਾਲ ਕੀਤੀ ਜਿਹਨਾਂ ਨੂੰ ਇਸ ਖੇਤਰ 'ਚ ਜਰਾ ਵੀ ਅਨੁਭਵ ਨਾ ਹੋਣ ਦੇ ਬਾਵਜੂਦ ਅਫਰਾ-ਤਫਰੀ 'ਚ ਲਾਇਸੰਸ ਅਲਾਟ ਕਰ ਦਿੱਤੇ ਗਏ ਤਾਂ ਦੂਜੇ ਪਾਸੇ ਪੂਰੀ ਯੋਗਤਾ ਰੱਖਣ ਵਾਲੀਆਂ ਕੁਝ ਕੰਪਨੀਆਂ ਨੂੰ ਸਪੈਕਟ੍ਰਮ ਦਾ ਲਾਇਸੰਸ ਅਲਾਟ ਨਾ ਕਰਨ 'ਤੇ ਘੇਰਿਆ ਗਿਆ। ਸੀ ਬੀ ਆਈ ਸੂਤਰਾਂ ਮੁਤਾਬਕ ਇਸ ਤਫਸੀਸ਼ ਦਾ ਅਧਾਰ 21 ਅਕਤੂਬਰ 2009 ਨੂੰ ਉਸ ਵਲੋਂ ਦੂਰ ਸੰਚਾਰ ਵਿਭਾਗ 'ਤੇ ਮਾਰੇ ਗਏ ਛਾਪਿਆਂ 'ਚ ਹਾਸਲ ਹੋਈ ਜਾਣਕਾਰੀ ਸੀ। ਇਸ 'ਚ ਉਸ ਵਿਭਾਗ ਦੀ ਐਕਸਿਸ ਸਰਵਿਸ ਸੇਲ ਤੇ ਵਾਇਰ ਲੈਸ ਪਲਾਨਿੰਗ ਐਂਡ ਕੋਆਰਡੀਨੇਸ਼ਨ ਵਿੰਗ ਤੋਂ ਅਹਿਮ ਸੂਚਨਾਵਾਂ ਮਿਲੀਆਂ ਸਨ। ਖਾਸ ਗੱਲ ਇਹ ਸੀ ਕਿ ਏ ਰਾਜਾ ਨੇ ਸੀ ਬੀ ਆਈ ਵਲੋਂ ਹਾਸਲ ਕੀਤੀ ਗਈ ਇਸ ਜਾਣਕਾਰੀ ਦੀ ਵੀ ਪੁਸ਼ਟੀ ਕੀਤੀ, ਜੋ ਉਸ ਨੂੰ ਇਸ ਵਿਭਾਗ ਦੇ ਦੂਜੇ ਅਫਸਰਾਂ ਤੋਂ ਪੁੱਛਗਿੱਛ ਦੌਰਾਨ ਮਿਲੀ ਸੀ। ਪੁੱਛਗਿੱਛ ਦੌਰਾਨ ਪਤਾ ਲੱਗਿਆ ਹੈ ਕਿ ਜਿਹਨਾਂ ਕੰਪਨੀਆਂ ਨੂੰ 2-ਜੀ ਸਪੈਕਟ੍ਰਮ ਦੇ ਲਾਇਸੰਸ ਦਿੱਤੇ ਗਏ ਉਹਨਾਂ ਵਿਚੋਂ ਬਹੁਤਿਆਂ ਨੇ ਆਪਣੀਆਂ ਦੂਜੀਆਂ ਫਰਜ਼ੀ ਕੰਪਨੀਆਂ ਰਾਹੀਂ ਵੀ ਅਰਜੀ ਦੇ ਰੱਖੀ ਸੀ। ਇਹਨਾਂ ਫਰਜੀ ਕੰਪਨੀਆਂ ਨੂੰ ਲਾਇਸੰਸ ਅਲਾਟ ਕਰਕੇ ਸਰਕਾਰ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਉਹ ਅਲਾਟਮੈਂਟ ਨੀਤੀ ਜ਼ਰੀਏ ਕੀਤਾ ਗਿਆ ਹੈ। ਸੀ ਬੀ ਆਈ ਏ ਰਾਜਾ ਦੇ ਇਹਨਾਂ ਕੰਪਨੀਆਂ ਨਾਲ ਸਬੰਧਾਂ ਦਾ ਪਤਾ ਲਾਉਣ ਦੇ ਨਾਲ ਹੀ ਅਨੇਕ ਐਸੇ ਦੇਸ਼ਾਂ ਨਾਲ ਸੰਪਰਕ ਕਰ ਰਹੀ ਹੈ ਜਿਥੇ ਸਾਬਕਾ ਕੇਂਦਰੀ ਸੰਚਾਰ ਰਾਜ ਮੰਤਰੀ ਵਲੋਂ ਕਮਾਈ ਗਈ ਰਕਮ ਭੇਜੇ ਜਾਣ ਦਾ ਸ਼ੱਕ ਹੈ। ਸਵਾਨ ਟੈਲੀਕਾਮ ਤੇ ਯੂਨੀਟੇਕ ਦੀ ਯੋਗਤਾ ਨਾ ਹੋਣ ਦੇ ਬਾਵਜੂਦ ਸਭ ਨਿਯਮ ਕਨੂੰਨ ਛਿੱਕੇ ਟੰਗ ਕੇ ਸਭ ਲਾਇਸੰਸ ਅਲਾਟ ਕੀਤੇ ਜਾਣ ਬਾਰੇ ਜਦ ਏ-ਰਾਜਾ ਤੋਂ ਪੁੱਛਗਿੱਛ ਕੀਤੀ ਗਈ ਤਾਂ ਸਰਦੀਆਂ 'ਚ ਵੀ ਉਹਨਾਂ ਦੇ ਮੱਥੇ 'ਤੇ ਪਸੀਨਾ ਆ ਗਿਆ

ਅਤੇ ਉਹ ਨੀਵਾਂ ਝਾਕਣ ਲੱਗੇ। ਇਸ ਸੰਬੰਧ 'ਚ 27 ਥਾਵਾਂ 'ਤੇ ਛਾਪੇ ਮਾਰ ਕੇ ਸੀ ਬੀ ਆਈ ਨੇ ਕਈ ਦਸਤਾਵੇਜ ਬਰਾਮਦ ਕੀਤੇ ਸਨ। ਸੀ ਬੀ ਆਈ ਨੇ ਰਾਜਾ ਤੇ ਰਾਡੀਆ ਵਿਚਕਾਰ ਗੱਲਬਾਤ ਸਬੰਧੀ ਵੀ ਉਹਨਾਂ ਤੋਂ ਕਈ ਸੁਆਲ ਪੁੱਛੇ। ਅਜੇ ਇਹ ਜਾਂਚ ਚੱਲ ਹੀ ਰਹੀ ਸੀ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਹ ਬਿਆਨ ਦੇ ਕੇ ਵਿਰੋਧੀ ਖੇਮੇ 'ਚ ਇਹ ਖਲਬਲੀ ਮਚਾ ਦਿੱਤੀ ਕਿ ਉਹ ਇਸ ਮਾਮਲੇ 'ਚ ਕੁਝ ਵੀ ਛਿਪਾਉਣਾ ਨਹੀਂ ਚਾਹੁੰਦੇ, ਜੇ ਇਸ ਕੇਸ ਦੀ ਜਾਂਚ ਕਰਨ ਵਾਲੀ ਲੋਕ ਲੇਖਾ ਸੰਮਤੀ ਜੇ ਉਹਨਾਂ ਨੂੰ ਬੁਲਾਉਂਦੀ ਹੈ ਤਾਂ ਉਹ ਉਸ ਮੂਹਰੇ ਪੇਸ਼ ਹੋਣ ਲਈ ਤਿਆਰ ਹਨ। ਉਹਨਾਂ ਦੇ ਇਸ ਬਿਆਨ ਦਾ ਭਾਜਪਾ ਦੇ ਉਚ ਨੇਤਾ ਤੇ ਲੋਕ ਸੇਵਾ ਸੰਮਤੀ ਦੇ ਪ੍ਰਧਾਨ ਮੁਰਲੀ ਮਨੋਹਰ ਜੋਸ਼ੀ ਨੇ ਸੁਆਗਤ ਕੀਤਾ ਹੈ ਅਤੇ ਇਸ ਨਾਲ ਪਾਰਟੀ ਅੰਦਰ ਖਰੂਦ ਪਿਆ ਹੈ। ਜੋਸ਼ੀ ਸ਼ੁਰੂ 'ਚ ਚਾਹੁੰਦੇ ਸਨ ਕਿ ਘਪਲੇ ਦੀ ਜਾਂਚ ਉਹਨਾਂ ਦੀ ਸੰਮਤੀ ਕਰੇ। ਉਹਨਾਂ ਦਾ ਕਹਿਣਾ ਸੀ ਕਿ ਇਹ ਇਕ ਸੰਵਿਧਾਨਕ ਸੰਸਥਾ ਹੈ ਅਤੇ ਇਸ ਦੇ ਅਧਿਕਾਰ ਖੇਤਰ ਤੇ ਕਾਰਜ ਪ੍ਰਣਾਲੀ ਨੂੰ ਸਪਸ਼ਟ ਤੌਰ 'ਤੇ ਪ੍ਰਭਾਸ਼ਿਤ ਕੀਤਾ ਜਾ ਚੁੱਕਿਆ ਹੈ। ਉਹਨਾਂ ਦੇ ਇਸ ਕਦਮ ਨਾਲ ਲੋਕ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਬੁਖਲਾ ਉਠੀ ਤੇ ਉਹਨਾਂ ਨੇ ਬਿਆਨ ਜਾਰੀ ਕੀਤਾ ਕਿ ਭਾਜਪਾ ਇਸ ਘਪਲੇ ਦੀ ਜੇ ਪੀ ਸੀ ਤੋਂ ਜਾਂਚ ਕਰਵਾਏ ਜਾਣ ਦੀ ਮੰਗ 'ਤੇ ਪੂਰੀ ਤਰ੍ਹਾਂ ਕਾਇਮ ਹੈ। ਮਾਮਲਾ ਏਨਾ ਵਧ ਗਿਆ ਕਿ ਭਾਜਪਾ ਮੁਖੀ ਨਿਤਨ ਗਡਕਰੀ ਨੇ ਮੁਰਲੀ ਮਨੋਹਰ ਜੋਸ਼ੀ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਇਸ ਦੇ ਰਾਜਸੀ ਸਿੱਟਿਆਂ ਬਾਰੇ ਸਮਝਿਆ ਤਾਂ ਕਿਤੇ ਜਾ ਕੇ ਇਹ ਬਿਆਨ ਦੇਣ ਲਈ ਤਿਆਰ ਹੋਏ ਕਿ ਇਸ ਘਪਲੇ ਦੀ ਜਾਂਚ ਸੰਯੁਕਤ ਸੰਸਦੀ ਸੰਮਤੀ ਤੋਂ ਹੀ ਕਰਵਾਈ ਜਾਣੀ ਚਾਹੀਦੀ ਹੈ। ਹਾਲਾਂਕਿ ਉਹਨਾਂ ਨੇ ਇਸ ਸਬੰਧੀ ਪਾਰਟੀ ਪ੍ਰਧਾਨ ਨੂੰ ਕਰੜੇ ਹੱਥੀ ਲਿਆ ਅਜੇ ਜੋਸ਼ੀ ਪ੍ਰਕਰਣ ਠੰਡਾ ਨਹੀਂ ਪਿਆ ਸੀ ਕਿ ਸਾਬਕਾ ਕੇਂਦਰੀ ਸੰਚਾਰ ਮੰਤਰੀ ਤੇ ਭਾਜਪਾ ਦੇ ਉਚ ਨੇਤਾ ਅਰੁਣ ਸ਼ੋਰੀ ਨੇ ਜੀ ਪੀ ਸੀ ਰਾਹੀਂ ਇਸ ਘਪਲੇ ਦੀ ਜਾਂਚ ਕਰਾਏ ਜਾਣ 'ਤੇ ਆਪਣਾ ਵਿਰੋਧ ਜਤਾਇਆ। ਉਹਨਾਂ ਦੀ ਦਲੀਲ ਹੈ ਕਿ ਜੇ ਜੀ ਪੀ ਸੀ ਤੋਂ ਇਸ ਦੀ ਜਾਂਚ ਕਰਵਾਈ ਜਾਂਦੀ ਹੈ ਤਾਂ ਸਰਕਾਰ ਨੂੰ ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨ ਦਾ ਬਹਾਨਾ ਮਿਲ ਜਾਵੇਗਾ। ਅਰੁਣਸ਼ੋਰੀ ਮੁਤਾਬਕ, ਬੋਫਰਸ਼, ਸ਼ੇਅਰ ਘੋਟਾਲਾ, ਕੋਕਾਕੋਲਾ 'ਚ ਕੀਟਾਣੂ ਮਾਰਨ ਦੀ ਦਵਾ ਦੀ ਮਿਲਾਵਟ ਵਰਗੇ ਮਾਮਲਿਆਂ ਦੀ ਜਾਂਚ ਲਈ ਗਠਿਤ ਜੇ ਪੀ ਸੀ ਨੇ ਕਿੰਨਾ ਸਮਾਂ ਲਾਇਆ। ਇਹ ਕਿਸੇ ਤੋਂ ਗੁੱਝਾ ਨਹੀਂ ਹੈ। 2-ਜੀ ਸਪੈਕਟ੍ਰਮ ਘਪਲੇ ਦੀ ਜਾਂਚ ਸੰਬੰਧੀ ਸ਼ੁਰੂ ਹੋਇਆ ਰਾਜਸੀ ਝੰਬੇਲਾ ਇਥੇ ਹੀ ਰੁਕ ਜਾਂਦਾ ਤਾਂ ਵੀ ਗਨੀਮਤ ਸੀ। ਰਾਜਗ ਦੇ ਪ੍ਰਧਾਨ ਸ਼ਰਦ ਯਾਦਵ ਦੇ ਆਪਣੇ ਦਲ ਜਦ (ਯੂ) ਦੇ ਐਮ ਪੀ ਕੈਪਟਨ ਜੈ ਨਰਾਇਣ ਨਿਸ਼ਾਦ ਨੇ ਇਕ ਕਦਮ ਹੋਰ ਅੱਗੇ ਵਧਾਉਂਦਿਆਂ ਭਾਜਪਾ ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਉਹਨਾਂ ਮੁਤਾਬਕ ਇਸ ਘਪਲੇ ਦੀ ਸ਼ੁਰੂਆਤ ਰਾਜਗ ਦੀ ਹਕੂਮਤ ਸਮੇਂ ਹੋਈ ਸੀ। ਤਦ ਘਪਲਾ ਭਾਵੇਂ ਹੀ ਨਾ ਹੋਇਆ ਹੋਵੇ ਪਰ ਗੋਲਮਾਲ ਜ਼ਰੂਰ ਹੋਇਆ ਸੀ। ਨਿਸ਼ਾਦ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਜੇ ਪੀ ਸੀ ਤੋਂ ਕਰਾਉਣ ਦੀ ਥਾਂ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਉਸ 'ਚ ਚਰਚਾ ਕੀਤੀ ਜਾਣੀ ਚਾਹੀਦੀ ਹੈ। ਸ਼ਰਦ ਯਾਦਵ ਵਲੋਂ ਜੇ ਪੀ ਸੀ ਦੀ ਮੰਗ 'ਤੇ ਅਜੇ ਰਹਿਣ ਬਾਰੇ ਪੁੱਛੇ ਜਾਣ 'ਤੇ ਉਹਨਾਂ ਨੇ ਪਲਟ ਕੇ ਵਾਰ ਕਰਦਿਆਂ ਦਾਅਵਾ ਕੀਤਾ ਕਿ ਇਸ

ਮੁੱਦੇ 'ਤੇ ਅੱਜ ਤਕ ਉਸ ਦੀ ਪਾਰਟੀ 'ਚ ਕੋਈ ਚਰਚਾ ਨਹੀਂ ਹੋਈ। ਸੰਸਦ 'ਚ ਜਾਰੀ ਅੜਿੱਕੇ ਤੋਂ ਚਿੰਤਤ ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ 30 ਦਸੰਬਰ ਨੂੰ ਮੀਟਿੰਗ ਬੁਲਾਈ। ਇਸ ਪੂਰੇ ਘਟਨਾਕ੍ਰਮ ਦਾ ਸਭ ਤੋਂ ਰੋਚਕ ਪਹਿਲੂ ਇਹ ਹੈ ਕਿ ਹੁਣ ਦੋਨੋਂ ਹੀ ਧਿਰਾਂ ਕਿਰਦਾਰਕੁਸ਼ੀ 'ਤੇ ਉਤਰ ਆਈਆਂ ਹਨ। ਰਾਡੀਆ ਦੇ ਭਾਜਪਾ ਨੇਤਾਵਾਂ ਖਾਸ ਕਰਕੇ ਅਨੰਤ ਕੁਮਾਰ ਨਾਲ ਸੰਬੰਧ ਹੋਣ ਤੇ ਰਾਜਗ ਦੀ ਹਕੂਮਤ ਦੌਰਾਨ ਸਰਕਾਰ ਤੋਂ ਅਨੇਕਾਂ ਲਾਭ ਲੈਣ ਦੇ ਦੋਸ਼ ਸਿਰਫ ਕਾਂਗਰਸ ਨਹੀਂ ਲਾ ਰਹੀ ਹੈ। ਖੁਦ ਭਾਜਪਾ ਦੇ ਹੀ ਨੇਤਾਵਾਂ ਦਾ ਮੰਨਣਾ ਹੈ ਕਿ ਇਹ ਦੋਸ਼ ਨਿਰਾਧਾਰ ਨਹੀਂ ਹਨ ਉਹਨਾਂ ਦਾ ਕਹਿਣਾ ਹੈ ਕਿ ਜੋ ਗੱਲ ਨਿਕਲੇਗੀ ਉਹ ਦੂਰ ਤਕ ਜਾਵੇਗੀ। ਲਗਦਾ ਹੈ ਇਸ ਘਪਲੇ ਦੇ ਹਮਾਮ 'ਚ ਸਾਰੇ ਹੀ ਨੰਗੇ ਹਨ।

# ਛਤੀਸਗੜ੍ਹ 'ਚ ਝੋਨਾ ਮੁਨਾਫਾਖੋਰਾਂ ਦੇ ਹਵਾਲੇ ਕਿਉਂ?

ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਾਂਗੂੰ ਛਤੀਸਗੜ੍ਹ ਦੀ ਤਰਾਸਦੀ ਵੀ ਇਹੀ ਹੈ ਕਿ ਕੰਮ ਦਾ ਸਿਹਰਾ ਲੈਣ ਦੀ ਵਾਰੀ ਆਉਂਦੀ ਹੈ ਤਾਂ ਇਥੋਂ ਦੀ ਸਰਕਾਰ ਆਪਣੇ ਆਪ ਨੂੰ ਆਪ ਹੀ ਹੱਲਾਸ਼ੇਰੀ ਦੇ ਲੈਂਦੀ ਹੈ। ਪਰ ਜਦ ਪੈਸੇ ਦੀ ਗੱਲ ਚਲਦੀ ਹੈ ਤਾਂ ਗੇਂਦ ਕੇਂਦਰ ਦੇ ਪਿੜ 'ਚ ਸੁੱਟ ਦਿੱਤੀ ਜਾਂਦੀ ਹੈ। ਇਸ ਵਾਰੀ ਝੋਨੇ ਸਬੰਧੀ ਰਮਨ ਸਰਕਾਰ ਕੇਂਦਰ ਤੋਂ ਸਿੱਖਣ ਲੱਗੀ ਹੈ। ਹਾਲਾਂਕਿ ਹਰ ਸਾਲ ਰਮਨ ਸਰਕਾਰ 1400 ਕਰੋੜ ਰੁਪਏ ਦਾ ਚੌਲ ਪੈਂਤੀ ਲੱਖ ਪ੍ਰੀਵਾਰਾਂ 'ਚ ਮੁਫਤ ਵੰਡ ਦਿੰਦੀ ਹੈ ਪਰ ਕੇਂਦਰ ਸਰਕਾਰ ਤੋਂ ਉਸ ਨੇ ਇਕ ਹਜ਼ਾਰ ਕਰੋੜ ਰੁਪਏ ਇਸ ਗੱਲ ਲਈ ਮੰਗੇ ਹਨ ਕਿ ਬੇਮੌਸਮੀ ਬਰਸਾਤ ਨਾਲ ਬਰਬਾਦ ਹੋਈ ਝੋਨੇ ਦੀ ਫਸਲ ਦਾ ਮੁਆਵਜ਼ਾ ਕਿਸਾਨਾਂ ਨੂੰ ਅਦਾ ਕੀਤਾ ਜਾਵੇਗਾ। ਝੋਨਾ ਦਰਅਸਲ ਗਰੀਬਾਂ ਦੀ ਭੁੱਖ ਮਿਟਾਉਣ ਦੀ ਬਜਾਏ ਮੁਨਾਫਾਖੋਰਾਂ ਤੇ ਭਰਿਸ਼ਟਾਚਾਰੀਆਂ ਦੀ ਕਮਾਈ ਤੇ ਸਿਆਸੀ ਲੜਾਈ ਦਾ ਜ਼ਰੀਆ ਬਣ ਚੁੱਕਿਆ ਹੈ। ਰਾਜ ਸਰਕਾਰ ਵਲੋਂ ਕੌਡੀਆਂ ਦੇ ਭਾਅ ਵੰਡੇ ਜਾ ਰਹੇ ਚੌਲ ਨਾ ਤਾਂ ਇਸ ਮਾਮਲੇ ਨੂੰ ਕੁਲ ਮਿਲਾ ਕੇ ਕੇਂਦਰ ਰਾਜ ਸਰਕਾਰ ਵਿਚ ਚਲਣ ਵਾਲੀ ਕੁਸ਼ਤੀ ਦੇ ਅਖਾੜੇ 'ਚ ਬਦਲ ਦਿੱਤਾ ਹੈ। ਸਤੀਸ਼ਗੜ੍ਹ 'ਚ ਬੀ ਜੇ ਪੀ ਦਾਅਵਾ ਕਰਦੀ ਹੈ ਕਿ ਉਹ 36 ਲੱਖਾਂ ਲੋਕਾਂ ਤਕ ਸਸਤੇ ਚੌਲ ਦੀ ਯੋਜਨਾ ਦਾ ਫਾਇਦਾ ਪਹੁੰਚਾ ਰਿਹਾ ਹੈ। ਜੇ ਵਾਕਿਆ ਹੀ ਐਸਾ ਹੈ ਤਾਂ ਪ੍ਰਤੀ ਪ੍ਰੀਵਾਰ ਪੰਜ ਲੋਕਾਂ ਦੇ ਹਿਸਾਬ ਨਾਲ ਇਕ ਕਰੋੜ ਤੋਂ ਵੱਧ ਲੋਕਾਂ ਤਕ ਇਹ ਯੋਜਨਾ ਦਾ ਫਾਇਦਾ ਮਿਲ ਰਿਹਾ ਹੈ। ਯਾਨੀ ਸਤੀਸ਼ਗੜ੍ਹ ਦੇ 80 ਫੀਸਦੀ ਤੋਂ ਵੱਧ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਹਨ। ਸਾਫ ਹੈ ਕਿ ਰਾਜਸੀ ਫਾਇਦੇ ਲਈ ਗਰੀਬਾਂ ਦੇ ਨਾਂ ਹੇਠ ਧੜੱਲੇ ਨਾਲ ਰਾਸ਼ਣ ਕਾਰਡ ਬਣਾਏ ਜਾ ਰਹੇ ਹਨ। ਜੋ ਇਹਨਾਂ ਦੇ ਹੱਕਦਾਰ ਨਹੀਂ ਹਨ। ਹਾਲਾਂਕਿ ਮਾਲ ਮੰਤਰੀ ਦਾਅਵਾ ਕਰਦੇ ਹਨ ਕਿ ਉਹਨਾਂ ਦੇ ਰਾਜ 'ਚ ਸਭ ਤੋਂ ਅੱਛੀ ਜਨਤਕ ਵੰਡ ਪ੍ਰਣਾਲੀ ਹੈ। ਪਰ ਪਿੰਡਾਂ 'ਚ ਸਸਤੇ ਚੌਲਾਂ ਕਾਰਨ ਘਪਲਾ ਹੋ ਰਿਹਾ ਹੈ। ਵਿਰੋਧੀ ਪਾਰਟੀ ਕਾਂਗਰਸ ਇਸ ਯੋਜਨਾ ਦਾ ਵਿਰੋਧ ਕਰਨ ਦੀ ਬਜਾਏ ਖਾਮੋਸ਼ ਹੈ ਕਿਉਂਕਿ ਉਹ ਖੁਦ ਹੀ ਮੌਜੂਦਾ ਸਰਕਾਰ ਨੂੰ ਸਸਤੇ ਚੌਲ ਦੇਣ ਦਾ ਐਲਾਨ ਕਰ ਚੁੱਕੀ ਹੈ। ਕਿਸਾਨ ਨੂੰ ਰਾਹਤ ਦੇਣ ਦੇ ਨਾਂ ਹੇਠ ਲੇਵੀ ਦੇ ਬਹਾਨੇ ਸਮੁੱਚਾ ਸਰਕਾਰੀ ਤੰਤਰ ਵੀ ਨਿਹਾਇਤ ਸਫਾਈ ਨਾਲ ਮੁਨਾਫਾ ਖੋਰੀ ਦੀ ਇਸ ਖੇਡ 'ਚ ਸ਼ਾਮਲ ਹੋ ਗਿਆ ਹੈ। ਮਿਸਾਲ ਵਜੋਂ ਝੋਨੇ ਦੀ ਨਮੀ ਨੂੰ ਹੀ ਲੈ ਲਓ। ਕਿਸਾਨਾਂ ਤੋਂ ਝੋਨਾ ਖਰੀਦਣ ਵਾਲੀਆਂ 1500 ਸੋਸਾਇਟੀਆਂ ਨੇਮਾਇਸਚਰਾਈਜ਼ਰ ਮਸ਼ੀਨਾਂ ਲਾ ਰੱਖੀਆਂ ਹਨ। ਰਾਜ ਸਰਕਾਰ ਦੀਆਂ ਹਦਾਇਤਾਂ ਹਨ ਕਿ 17 ਫੀਸਦੀ ਤੋਂ ਵੱਧ ਨਮੀ ਹੋਵੇ ਤਾਂ ਝੋਨਾ ਨਾ ਖਰੀਦੋ। ਅਕਸਰ ਝੋਨੇ ਦੀ ਫਸਲ ਬਾਰਸ਼ ਤੋਂ ਠੀਕ ਪਿਛੋਂ ਨਵੰਬਰ 'ਚ ਆਉਂਦੀ ਹੈ। ਫਸਲ ਕੱਟਣ ਪਿਛੋਂ ਝੋਨੇ 'ਚ ਨਮੀ ਸੁਭਾਵਿਕ ਤੌਰ 'ਤੇ ਹੀ ਹੁੰਦੀ ਹੈ। ਤਿੰਨ ਮਹੀਨੇ ਫਸਲ ਕੱਟਣ ਦੀ ਉਡੀਕ ਕਰ ਰਹੇ ਕਿਸਾਨਾਂ ਨੂੰ ਵੀ ਝੋਨਾ ਬਜ਼ਾਰ 'ਚ ਵੇਚ ਕੇ ਪੈਸਾ ਲੈਣ ਦੀ ਜਲਦੀ ਹੁੰਦੀ ਹੈ। ਜ਼ਾਹਿਰ ਹੈ ਕਿ ਨਮੀ ਦੀ ਫੀਸਦੀ 17 ਤੋਂ ਵੱਧ ਪਾ ਕੇ ਸੋਸਾਇਟੀਆਂ ਕਿਸਾਨਾਂ ਨੂੰ ਬੈਰੰਗ ਮੋੜ ਦਿੰਦੀਆਂ ਹਨ। ਅਜਿਹੇ 'ਚ ਉਹ ਨਿਜੀ ਵਪਾਰੀਆਂ, ਆੜ੍ਹਤੀਆਂ ਤੇ ਦਲਾਲਾਂ ਦੇ ਹੱਥ ਚੜ੍ਹੇ ਬਿਨਾਂ ਨਹੀਂ ਰਹਿੰਦੇ। ਉਹ ਥੋੜ੍ਹੇ ਸਸਤੇ ਭਾਵਾਂ 'ਤੇ ਹੀ ਝੋਨਾ ਵੇਚਣ ਲਈ ਮਜ਼ਬੂਰ ਹਨ। ਰਾਈਸ

ਮਿਲਰਸ ਦੇ ਮੁਨਾਫੇ ਦੀ ਇਕ ਖੇਡ ਟੁੱਟਣ ਦੇ ਬਹਾਨੇ ਸ਼ੁਰੂ ਹੁੰਦੀ ਹੈ। ਭਾਰਤੀ ਖਾਦ ਨਿਗਮ ਨੇ ਝੋਨਾ ਕੁੱਟਣ ਦੌਰਾਨ ਹੋਣ ਵਾਲੀ 25 ਫੀਸਦੀ ਟੋਟੇ ਨੂੰ ਆਪਣੀ ਖਰੀਦ ’ਚ ਮੰਜੂਰੀ ਦੇ ਰੱਖੀ ਹੈ। ਸਤੀਸ਼ਗੜ੍ਹ ਦੇ ਰਾਈਸ ਮਿਲਰਸ ਰਾਜ ਸਰਕਾਰ ਤੇ ਟੋਟੇ ਦੀ ਮਾਤਰਾ 25 ਫੀਸਦੀ ਤੋਂ ਵਧਾ ਕੇ 36 ਫੀਸਦੀ ਕਰਨ ਦਾ ਦਬਾਅ ਬਣਾ ਕੇ ਰੱਖ ਰਹੀ ਹੈ। ਇਥੇ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਸਤੀਸ਼ਗੜ੍ਹ ਦੇ ਰਾਈਸ ਮਿਲਰਸ ਰਾਜ ਸਰਕਾਰ ’ਚ ਸਿੱਧੀ ਪੁਖਤਾ ਦਖਲ ਅੰਦਾਜ਼ੀ ਕਰਦੇ ਹਨ। ਇਹ ਦਖਲ ਕਿੰਨਾ ਭਾਰੀ ਹੋਵੇਗਾ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਰਾਜ ਦੇ ਵਾਪਰਫੂਲ ਮੰਤਰੀ ਬ੍ਰਿਜਮੋਹਨ ਅਗਰਵਾਲ ਦੇ ਭਾਈ ਰਾਈਸ ਮਿਲਰਸ ਐਸੋਸੀਏਸ਼ਨ ਦੇ ਪ੍ਰਧਾਨ ਹਨ। ਮੋਟੇ ਤੌਰ ’ਤੇ ਰਾਜ ਸਰਕਾਰ 40 ਤੋਂ 50 ਲੱਖ ਟਨ ਦੀ ਖਰੀਦ ਲੇਵੀ ਦੇ ਆਧਾਰ ’ਤੇ ਕਰਦੀ ਹੈ। ਰਾਈਸ ਮਿਲਰਸ ਝੋਨਾ ਕੁੱਟਣ ਦੇ ਰੇਟ ਵੀ 60 ਰੁਪਏ ਫੀ ਕੁਇੰਟਲ ਕਰਨਾ ਚਾਹੁੰਦੇ ਹਨ। ਪਰ ਬੇਮੌਸਮੀ ਬਰਸਾਤ ਨੇ ਕਿਸਾਨਾਂ ਨੂੰ ਭਾਰੀ ਹਰਜਾ ਪਹੁੰਚਾਇਆ ਹੈ। ਬਿਲਾਸਪੁਰ ਦੇ ਮਸ਼ਹੂਰ ਤੇ ਸੀਨੀਅਰ ਪੱਤਰਕਾਰ ਰਾਜੇਸ਼ ਅਗਰਵਾਲ ਖੇਤੀ ਮੰਤਰੀ ਦੀ ਇਸ ਗੱਲ ਨਾਲ ਸਹਿਮਤ ਨਹੀਂ ਕਿ ਕੇਂਦਰ ਸਰਕਾਰ ਤੋਂ ਮੁਆਵਜੇ ਦੀ ਮੰਗ ਪਿੱਛੋਂ ਸਿਰਫ ਕਿਸਾਨਾਂ ਦਾ ਹੀ ਹਿੱਤ ਸ਼ਾਮਲ ਹੈ। ਉਹਨਾਂ ਦਾ ਕਹਿਣਾ ਹੈ ਕਿ ਉਹ ਚਾਹੇ ਝੋਨੇ ’ਚ ਨਮੀ ਦਾ ਮਾਮਲਾ ਹੋਵੇ, ਚਾਹੇ ਟੁੱਟਣ ’ਚ ਛੋਟ ਵਧਾਉਣ ਦਾ ਕੇਸ, ਇਸ ਤਰ੍ਹਾਂ ਨਾਲ ਰਾਈਸ ਮਿਲਰਸ ਦੇ ਹਿੱਤਾਂ ਦੀ ਰਾਖੀ ਹੋ ਰਹੀ ਹੈ। ਹੋਰ ਤਾਂ ਹੋਰ ਬੀਜ਼ ਕਾਰਪੋਰੇਸ਼ਨ ਨੇ ਮਾਸਚਰਾਈਜ਼ਰ ਮਸ਼ੀਨਾਂ ਖਰੀਦਣ ਵਿਚ ਵੀ ਕਰੋੜਾਂ ਦੀ ਹੇਰਾਫੇਰੀ ਕਰ ਲਈ।

ਰਾਈਸ ਮਿਲਰਸ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਰਾਜ ਕੁਮਾਰ ਅਗਰਵਾਲ ਇਸ ਗੱਲ ਨੂੰ ਨਕਾਰਦੇ ਹਨ ਕਿ ਮਿਲਿੰਗ ਮੁਨਾਫੇ ਦਾ ਕਾਰੋਬਾਰ ਹੈ। ਅਗਰਵਾਲ ਦਾ ਕਹਿਣਾ ਹੈ ਕਿ ਬਿਹਾਰ-ਮਹਾਂਰਾਸ਼ਟਰ ਵਰਗੇ ਰਾਜਾਂ ’ਚ ਸਤੀਸ਼ਗੜ੍ਹ ਦੇ ਚੌਲ ਦੀ ਮੰਗ ਹੁਣ ਪਹਿਲਾਂ ਵਰਗੀ ਨਹੀਂ ਰਹੀ। ਇਸ ਨਾਲ ਮਿੱਲਾਂ ਚਲਾਉਣਾ ਹੁਣ ਰਾਈਸ ਮਿਲਰਸ ਦੀ ਵਪਾਰਕ ਮਜ਼ਬੂਰੀ ਬਣ ਗਈ ਹੈ। ਵਰਨਾ ਇਹ ਧੰਦਾ ਹੁਣ ਮੁਨਾਫੇ ਵਾਲਾ ਨਹੀਂ ਰਹਿ ਗਿਆ ਹੈ। ਇਕ ਪਾਸੇ ਐਫ ਸੀ ਆਈ ਪਾਸ ਸਤੀਸ਼ਗੜ੍ਹ ਦੇ ਚੌਲ ਖਾਤਰ ਥਾਂ ਨਹੀਂ। ਪੁਰਾਣਾ ਚੌਲ ਭਾਰੀ ਮਾਤਰਾ ’ਚ ਸਟੋਰ ਪਿਆ ਹੈ। ਦੂਜੇ ਪਾਸੇ ਰਾਜ ਸਰਕਾਰ ਮਿਨਿੰਗ ਦੀਆਂ ਦਰਾਂ ਤੇ ਟੋਟੇ ਦੇ ਮਾਤਰਾ ਵਧਾਉਣ ਵਰਗੀਆਂ ਛੋਟੀਆਂ-ਛੋਟੀਆਂ ਮੰਗਾਂ ਦੀ ਵੀ ਅਣਦੇਖੀ ਕਰ ਰਹੀ ਹੈ। ਖੇਤੀ ਵਿਭਾਗ ਦੇ ਇਕ ਅਧਿਕਾਰੀ ਅਨੁਸਾਰ ਰਾਜ ’ਚ ਖਰਾਬ ਮੌਸਮ ਦੇ ਬਾਵਜੂਦ ਕਿਸਾਨਾਂ ਨੇ ਕਰਜੇ ਲੈ ਕੇ ਸੌਣੀ ਦੀ ਫਸਲ ਬੀਜੀ ਸੀ ਪਰ ਬੇਮੌਸਮੀ ਭਾਰੀ ਬਾਰਸ਼ ਕਾਰਨ ਵਿੱਕਰੀ ਲਈ ਖੁੱਲ੍ਹੇ ਮੈਦਾਨ ’ਚ ਰੱਖਿਆ ਝੋਨਾ ਬਰਬਾਦ ਹੋ ਗਿਆ। ਰਾਜ ਦੇ ਸਾਰੇ 18 ਜ਼ਿਲ੍ਹਿਆਂ ’ਚ ਸਹਿਕਾਰੀ ਸੰਮਤੀਆਂ ਰਾਹੀਂ ਇਕ ਨੰਬਰ ਦੇ ਝੋਨੇ ਦੀ ਖਰੀਦਦਾਰੀ ਸ਼ੁਰੂ ਕੀਤੀ ਹੈ। ਇਸ ਸਾਲ ਆਮ ਕਿਸਮ ਦੇ ਪ੍ਰਤੀ ਕੁਇੰਟਲ ਝੋਨੇ ਦੀ ਕੀਮਤ 1030 ਰੁਪਏ ਤੇ ਉਤਮ ਕਿਸਮ ਦੇ ਝੋਨੇ ਦੀ ਕੀਮਤ 1060 ਰੁਪਏ ਕੁਇੰਟਲ ਤਹਿ ਕੀਤੀ ਗਈ ਹੈ। ਰਾਜ ਦੇ ਰਾਈਸ ਮਿਲਰਸ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਨੂੰ ਮਿਲੇ। ਉਹਨਾਂ ਦਾ ਕਹਿਣਾ ਸੀ ਕਿ ਬਾਰਸ਼ ਕਾਰਨ ਖਰਾਬ ਹੋਏ ਝੋਨੇ ’ਚ ਟੁੱਟ ਵਧੇਗੀ। ਕੇਂਦਰ ਦੇ ਮਾਪਦੰਡਾਂ ਅਨੁਸਾਰ ਚੌਲ ਤਿਆਰ ਕਰਨ ’ਚ ਸਮੱਸਿਆ ਆ ਰਹੀ ਹੈ। ਉਸਨਾ ਤੇ ਅਰਵਾ ਚੌਲਾਂ ਦੇ ਬਦਰੰਗ ਦਾਣੇ ਦੀ ਹੱਦ

ਮੌਜੂਦਾ 3 ਤੋਂ 5 ਫੀਸਦੀ ਵਧਾ ਕੇ ਸੱਤ ਫੀਸਦੀ ਕੀਤੀ ਜਾਣੀ ਚਾਹੀਦੀ ਹੈ। ਸੀ ਐਮ ਆਰ ਅਤੇ ਲੇਵੀ ਤੋਂ ਹਾਸਲ ਹੋਣ ਵਾਲੇ ਅਰਵਾ ਚੌਲ ਲਈ ਬ੍ਰੋਕਨ 25 ਫੀਸਦੀ ਤੋਂ ਵਧਾ ਕੇ 30 ਫੀਸਦੀ ਤੇ ਅਰਵਾ ਤੇ ਉਸਨਾ ਲਈ ਝੜਦੀ 67 ਤੋਂ 65 ਫੀਸਦੀ ਕੀਤੀ ਜਾਵੇ। ਮੁੱਖ ਮੰਤਰੀ ਦੇ ਪੱਤਰ ਪਿਛੋਂ ਇਸ ਦਿਸ਼ਾ 'ਚ ਹੁਣ ਤਕ ਕੋਈ ਕਾਰਵਾਈ ਨਹੀਂ ਹੋਈ ਹੈ। ਰਾਈਸ ਮਿਲਰਸ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਯੋਗੇਸ਼ ਅਗਰਵਾਲ ਨੇ ਅਨਾਜ (ਖੁਰਾਕ) ਵਿਭਾਗ ਦੇ ਪ੍ਰਮੁਖੀ ਸਕੱਤਰ ਵਿਵੇਕ ਕਾਂਡ ਤੋਂ ਕਸਟਮ ਸੀਲਿੰਗ ਦੀ ਦਰ ਵਧਾਉਣ ਦੀ ਬੇਨਤੀ ਕੀਤੀ ਹੈ। ਇਹ ਦਰ ਹੁਣ 47 ਰੁਪਏ ਸੀ ਜਿਸ 'ਚ ਮੁੱਖ ਮੰਤਰੀ ਨੇ 2 ਰੁਪਏ ਦੇ ਵਾਧੇ ਦੀ ਸਹਿਮਤੀ ਦਿੱਤੀ ਸੀ ਪਰ ਅਗਰਵਾਲ ਅਨੁਸਾਰ ਅਜੇ ਤੱਕ ਵੀ ਹੁਕਮ ਜਾਰੀ ਨਹੀਂ ਹੋ ਸਕੇ।

# ਜਨਤਾ ਦੇ ਦੁਸ਼ਮਣ ਹਨ ਇਹ ਰਿਸ਼ਵਤਖੋਰ

ਭਰਿਸ਼ਟਾਚਾਰ ਦੇ ਵਿਸ਼ਵੀ ਵਾਚਡਾਗ ਟ੍ਰਾਂਸਪੇਰੇਂਸੀ ਇੰਟਰਨੈਸ਼ਨਲ (ਟੀ ਆਈ) ਵਲੋਂ 2005 'ਚ ਕਰਾਏ ਗਏ ਇਕ ਅਧਿਐਨ 'ਚ ਪਾਇਆ ਗਿਆ ਹੈ ਕਿ 50 ਫੀਸਦੀ ਤੋਂ ਵੱਧ ਭਾਰਤੀਆਂ ਨੂੰ ਕਿਸੇ ਸਰਕਾਰੀ ਦਫਤਰ ਤੋਂ ਕੰਮ ਕਰਾਉਣ ਲਈ ਰਿਸ਼ਵਤ ਦੇਣ ਜਾਂ ਸੱਤਾ ਦੇ ਦਲਾਲਾਂ ਨੂੰ ਵਰਤਣ ਦਾ ਨਿੱਜੀ ਅਨੁਭਵ ਹੈ। ਰਾਜਾਂ ਦੀਆਂ ਹੱਦਾਂ, ਜਿੱਥੋਂ ਭਾਰਤ ਦੀ ਜ਼ਿਆਦਾਤਰ ਵਪਾਰਕ ਆਵਾਜਾਈ ਹੁੰਦੀ ਹੈ, ਭਰਿਸ਼ਟਾਚਾਰ ਦੀਆਂ ਮੋਹਰਲੀਆਂ ਕਤਾਰਾਂ ਹਨ। ਟੀ ਆਈ ਦਾ ਅੰਦਾਜ਼ਾ ਹੈ ਕਿ ਟਰੱਕ ਵਾਲੇ ਹਰ ਸਾਲ ਪੁਲਸੀਆਂ ਨੂੰ ਤੇ ਚੁੰਗੀ ਅਧਿਕਾਰੀਆਂ ਨੂੰ 22500 ਕਰੋੜ ਰੁਪਏ ਰਿਸ਼ਵਤ ਦਿੰਦੇ ਹਨ। ਇਹ ਗੱਲ ਖਬਰ ਨਹੀਂ ਬਣਦੀ ਕਿ ਭਰਿਸ਼ਟਾਚਾਰ ਦਾ ਸਾਹਮਣਾ ਹੋਣ 'ਤੇ ਭਾਰਤੀ ਚੁੱਪ ਵੱਟੀ ਰੱਖਦੇ ਹਨ, ਹੋ ਸਕਦਾ ਹੈ ਕਿ ਰਿਸ਼ਵਤ ਦੀਆਂ ਮੰਗਾਂ ਨੂੰ ਅਧਿਕਾਰੀਆਂ ਨੂੰ ਨਾ ਦੱਸਿਆ ਜਾਂਦਾ ਹੋਵੇ। ਜਾਂ ਉਸ ਪ੍ਰਤੀ ਘੋਰ ਲਾਹਪ੍ਰਵਾਹੀ ਹੋਵੇ ਜਾਂ ਅਗਿਆਨਤਾ ਹੋਵੇ ਜਾਂ ਇਹ ਵੀ ਹੋ ਸਕਦਾ ਹੈ ਕਿ ਉਹ ਮੰਨ ਚੁੱਕੇ ਹੋਣ ਕਿ ਭਰਿਸ਼ਟਾਚਾਰ ਜੀਵਨ ਦੀ ਇਕ ਸ਼ੈਲੀ ਹੈ। ਭਰਿਸ਼ਟਾਚਾਰ ਦੀ ਮੰਗ ਤੇ ਸਪਲਾਈ ਪੱਖਾਂ ਨੂੰ ਸਮਝਣਾ ਜ਼ਰੂਰੀ ਹੈ। ਭਰਿਸ਼ਟਾਚਾਰ ਦੀ ਹਰਕਤ 'ਚ ਇਕ ਦੇਣ ਵਾਲਾ (ਸਪਲਾਈ ਪੱਖ) ਤੇ ਇਕ ਲੈਣ ਵਾਲਾ (ਮੰਗ ਪੱਖ) ਸ਼ਾਮਲ ਹੁੰਦੇ ਹਨ। ਭਾਰੀ ਭਰਿਸ਼ਟਾਚਾਰ ਨਿਰਪਵਾਦ ਤੌਰ 'ਤੇ ਪ੍ਰਣਾਲੀ ਨਾਲ ਛੇੜ ਛਾੜ ਕਰਕੇ ਨਜਾਇਜ਼ ਤੇ ਭਾਰੀ ਭਰਕਮ ਮੁਨਾਫਾ ਦੀ ਇੱਛਾ ਨਾਲ ਪ੍ਰੇਰਿਤ ਹੁੰਦਾ ਹੈ। ਇਹ ਜਾਹਿਰ ਤੌਰ 'ਤੇ ਸਪਲਾਈ ਪੱਖ 'ਤੇ ਇਕ ਅਤਿਅੰਤ ਮਹੱਤਵਪੂਰਨ ਦਬਾਅ ਬਣਾਉਂਦਾ ਹੈ, ਜਿਸ ਨਾਲ ਰੋਗ ਹੋਰ ਗੰਭੀਰ ਹੋ ਜਾਂਦਾ ਹੈ। ਛੋਟੇ ਪੱਧਰ 'ਤੇ ਵੱਡੇ ਪੈਮਾਨੇ 'ਤੇ ਲੋਕ ਜਿਹਨਾਂ ਦਾ ਆਪਣੇ ਰੋਜ਼ ਮਰਾ ਦੇ ਜੀਵਨ 'ਚ ਸਰਕਾਰੀ ਮਸ਼ੀਨਰੀ ਨਾਲ ਵਾਹ-ਵਾਸਤਾ ਪੈਂਦਾ ਹੈ। ਇਹ ਸੋਚਦੇ ਹਨ ਕਿ ਕਨੂੰਨ ਨਾਲ ਖੜ੍ਹੇ ਹੋਣ ਦੀ ਬਜਾਏ ਥੋੜ੍ਹੀ ਬਹੁਤ ਰਿਸ਼ਵਤ ਦੇ ਕੇ ਕਨੂੰਨ ਤੋਂ ਬਚੇ ਰਹਿਣ 'ਚ ਹੀ ਸਾਵਧਾਨੀ ਹੈ। ਇਹਨਾਂ 'ਚ ਲਾਲ ਫੀਤੇ 'ਚ ਫਸੀਆਂ ਫਾਇਲਾਂ ਨੂੰ ਅੱਗੇ ਵਧਾਉਣ ਲਈ ਲੱਖਾਂ ਤੇ ਕਰੋੜਾਂ ਰੁਪਏ ਦੀ ਰਿਸ਼ਵਤ ਨੌਕਰਸ਼ਾਹਾਂ ਨੂੰ ਦੇਣ ਵਾਲੇ ਕਾਰੋਬਾਰੀ ਵੀ ਹੁੰਦੇ ਹਨ। ਜਾਂ ਮੁਕਾਬਲਤਨ ਤੇ ਜਾਂ ਮੁਕਾਬਲਤਨ ਛੋਟੇ ਪੱਧਰ 'ਤੇ ਲਾਲ ਬੱਤੀ ਪਾਰ ਕਰ ਜਾਣ ਵਾਲੇ ਵੀ ਹੁੰਦੇ ਹਨ। ਇਸ ਦਾ ਅਰਥ ਇਹ ਨਹੀਂ ਹੈ ਕਿ ਰਾਜਨੇਤਾ ਤੇ ਸਰਕਾਰੀ ਅਧਿਕਾਰੀ ਉਹਨਾਂ ਹਾਲਤਾਂ ਨੂੰ ਪੈਦਾ ਨਹੀਂ ਕਰਦੇ ਜਿਹਨਾਂ 'ਚ ਗਰੀਬਾਂ ਨੂੰ ਆਪਣੇ ਅਧਿਕਾਰ ਦੀਆਂ ਚੀਜ਼ਾਂ ਮਨਰੇਗਾ, ਰਾਸ਼ਣ ਕਾਰਡ, ਤੇ ਕਈ ਹੋਰ ਹਾਸਲ ਕਰਨ ਲਈ ਵੀ ਕੁਝ ਭੁਗਤਾਨ ਕਰਨਾ ਹੁੰਦਾ ਹੈ। ਟੀ ਆਈ ਇੰਡੀਆ ਵਲੋਂ 2008 'ਚ ਕਮਾਏ ਗਏ ਭਾਰਤ ਭਰਿਸ਼ਟਾਚਾਰ ਅਧਿਐਨ ਅਨੁਸਾਰ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਨੇ 2007 'ਚ ਬੁਨਿਆਦੀ ਤੇ ਜ਼ਰੂਰਤ ਅਧਾਰਿਤ ਸੇਵਾਵਾਂ ਹਾਸਲ ਕਰਨ ਲਈ 900 ਕਰੋੜ ਰੁਪਏ ਰਿਸ਼ਵਤ ਵਜੋਂ ਦਿੱਤੇ। ਕਾਪੋਰਿਟਸ ਦੀ ਅਗਵਾਈ 'ਚ ਚੱਲ ਰਿਹਾ ਭਰਿਸ਼ਟਾਚਾਰ ਦਾ ਸਪਲਾਈ ਪੱਖ ਦੇਸ਼ 'ਚ ਗਰੀਬੀ ਤੇ ਨਾ ਬਰਾਬਰੀ 'ਚ ਵਾਧਾ ਕਰਦਾ ਹੈ। ਨਾ ਬਰਾਬਰੀ ਕਾਰਨ ਮਾਓਵਾਦੀ ਬਗਾਵਤ ਪੈਦਾ ਹੋਈ ਹੈ ਭਾਰਤ ਦੇ 40 ਹਜ਼ਾਰ ਵਰਗ ਕਿਲੋਮੀਟਰ ਖੇਤਰ 'ਚ ਫੈਲੀ ਹੈ ਇਹ ਬਗਾਵਤ। ਭਰਿਸ਼ਟ ਕਾਰੋਬਾਰੀ ਤਰੀਕਿਆਂ ਕਾਰਨ ਪੈਦਾ ਹੁੰਦੀਆਂ ਅਜਿਹੀਆਂ ਬਗਾਵਤਾਂ ਹਨ ਜੋ ਦੇਸ਼ ਦੇ ਮਿਹਨਤਕਸ਼ਾਂ ਦੀਆਂ

ਹੱਕੀ ਮੰਗਾਂ 'ਤੇ ਆਧਾਰਤ ਹਨ ਪਰ ਵਿਕਾਸ ਕੋਸ਼ ਦਾ ਭਾਰੀ ਹਿੱਸਾ ਸਰਕਾਰਾਂ ਇਸ ਬਗਾਵਤ ਨੂੰ ਕੁਚਲਣ 'ਤੇ ਲਾ ਕੇ ਘੋਰ ਭਰਿਸ਼ਟਾਚਾਰ ਕਰ ਰਹੀਆਂ ਹਨ। ਅਣਸਾਵੇਂ ਵਿਕਾਸ (ਜਾਂ ਵਿਨਾਸ਼) ਕਾਰਨ ਪੈਸਾ ਕੁਝ ਕੁ ਪ੍ਰਭਾਵਸ਼ਾਲੀ ਵਿਅਕਤੀਆਂ ਪਾਸ ਪਹੁੰਚ ਜਾਂਦਾ ਹੈ, ਉਹਨਾਂ ਨੂੰ ਹੋਰ ਅਮੀਰ ਬਣਾ ਦਿੰਦਾ ਹੈ। ਗਰੀਬਾਂ ਤੇ ਅਮੀਰਾਂ ਵਿਚਾਲੇ ਖਾਈ ਹੋਰ ਡੂੰਘੀ ਹੋ ਜਾਂਦੀ ਹੈ। ਬਹੁਕੌਮੀ ਕੰਪਨੀਆਂ ਜੋ ਭਰਿਸ਼ਟਾਚਾਰ ਨੂੰ ਹੱਲਾਸ਼ੇਰੀ ਦਿੰਦੀਆਂ ਹਨ। ਖੁਦ ਵਿਕਾਸਸ਼ੀਲ ਦੁਨੀਆਂ 'ਚ ਪ੍ਰਚੱਲਤ ਵਿਕਾਊਪਣ ਦੇ ਸਭਿਆਚਾਰ ਦਾ ਲਾਲਚ ਪੀੜਤ ਹੋਣ ਦਾ ਦਾਅਵਾ ਨਹੀਂ ਕਰ ਸਕਦੀਆਂ ਇਸ ਦੇ ਉਲਟ ਉਹ ਉਤਪ੍ਰੇਰਕ ਤੱਤ, ਲੋਕ ਸੇਵਕਾਂ, ਸਰਕਾਰ ਤੇ ਰਾਜਸੀ ਪਾਰਟੀਆਂ ਦੇ ਮੈਂਬਰ ਨੂੰ ਰਿਸ਼ਵਤ ਦੇਣ 'ਚ ਬੇਹੱਦ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ। ਟੀ ਆਈ ਦੇ ਗਲੋਬਲ ਕਰਪਸ਼ਨ ਬੈਰੋਮੀਟਰ 2009 ਅਤੇ 2010 'ਚ ਦੇਸ਼ ਦੇ ਅਦਾਰਿਆਂ ਦੇ ਮੋਹਰੀ ਮੈਂਬਰਾਂ ਦਾ ਖਿਤਾਬ ਪਾਉਣ ਵਾਲੇ ਰਾਜਸੀ ਨੇਤਾ ਤੇ ਲੋਕ ਸੇਵਕ ਇਸ ਗੱਲ ਬਾਰੇ ਚਿੰਤਤ ਨਹੀਂ ਹਨ ਕਿ ਵਿਦੇਸ਼ਾਂ 'ਚ ਦੇਸ਼ ਦੀ ਧੁੰਦਲੀ ਹੁੰਦੀ ਛਵੀ ਬਾਰੇ ਆਤਮ ਚਿੰਤਨ ਕੀਤਾ ਜਾਵੇ ਨਾ ਤਾਂ ਆਪ ਵਿਦੇਸ਼ੀ ਬੈਂਕਾਂ 'ਚ 462 ਅਰਬ ਡਾਲਰ ਜਮ੍ਹਾਂ ਕਰਵਾਏ ਜਾਣ ਨੂੰ ਕਿਸ ਤਰ੍ਹਾਂ ਜਾਇਜ਼ ਠਹਿਰਾ ਸਕਦੇ ਹਨ। ਪੈਸੇ ਦੀ ਇਸ ਨਜਾਇਜ਼ ਨਿਕਾਸੀ ਨੂੰ ਸੀਮਤ ਰੱਖਣ ਤੇ ਵਸੂਲਣ ਪ੍ਰਤੀ ਰਾਜਸੀ ਇੱਛਾ ਸ਼ਕਤੀ ਦੀ ਪੂਰਨ ਘਾਟ ਨੇ ਦੇਸ਼ 'ਚ ਗਰੀਬੀ ਤੇ ਨਾਬਰਾਬਰੀ 'ਚ ਵਾਧਾ ਕੀਤਾ ਹੈ। ਜਨਤਕ ਅਦਾਰਿਆਂ ਦੀ ਕਦਰ ਘਟਾਈ ਹੈ ਅਤੇ ਦੇਸ਼ 'ਚ ਨਿਜੀ ਨਿਵੇਸ਼ ਦੇ ਵਾਤਾਵਰਣ ਨੂੰ ਠੰਡਾ ਪਾਇਆ ਹੈ। ਵਿਸ਼ਵ ਬੈਂਕ ਅਨੁਸਾਰ ਲੱਚਰ ਪ੍ਰਸ਼ਾਸ਼ਨ ਤੇ ਭਰਿਸ਼ਟਾਚਾਰ ਨੇ ਵਿਤੀ ਤੇ ਆਰਥਕ ਪਤਨ 'ਚ ਲੋਕਾਂ ਦਾ ਮੋਹ ਭੰਗ ਹੋਣ ਤੇ ਇਥੋਂ ਤਕ ਕਿ ਗਰੀਬਾਂ ਲਈ ਵਿਨਾਸ਼ਾਤਮਕ ਸਿੱਟੇ ਕੱਢਣ ਵਾਲੀ ਹਿੰਸਾ 'ਚ ਆਪਣਾ ਯੋਗਦਾਨ ਦਿੱਤਾ ਹੈ। ਜਨਤਕ ਜੀਵਨ 'ਚ ਸੁਚਿਤਾ ਲਈ ਭਾਰਤ 'ਚ ਕੋਈ ਵਰਨਣਯੋਗ ਮਿਸਾਲਾਂ ਮੁਹਈਆ ਨਹੀਂ ਹਨ। ਭਰਿਸ਼ਟਾਚਾਰ ਨੂੰ ਤਾਂ ਹੀ ਕਾਬੂ 'ਚ ਰੱਖਿਆ ਜਾ ਸਕਦਾ ਹੈ ਜਦ ਇਸ ਦੀ ਜੜ੍ਹ ਉਪਰ ਤੋਂ ਹੀ ਕੱਟੀ ਜਾਵੇ। ਭਰਿਸ਼ਟ ਨੇਤਾਵਾਂ ਨੂੰ ਕਨੂੰਨ ਦੇ ਸਾਹਮਣੇ ਲਿਆ ਕੇ ਸੱਤਾ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਅਜਿਹੀ ਸਜ਼ਾ ਦੇਣੀ ਮਹੱਤਵਪੂਰਨ ਹੈ ਜੋ ਦੂਜਿਆਂ ਲਈ ਵੀ ਸਬਕ ਬਣ ਸਕੇ। ਟੀ ਆਈ ਵਲੋਂ ਪੇਸ਼ ਡਿਵੈਲਪਮੈਂਟ ਵਰਗੇ ਉਪਾਵਾਂ ਨੂੰ ਅਪਣਾ ਕੇ ਸਰਕਾਰ 'ਚ ਪਾਰਦਰਸ਼ਿਤਾ ਤੇ ਜੁਆਬਦੇਹੀ ਨੂੰ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ। ਡਿਵੈਲਪਮੈਂਟ ਪੈਕਟ ਨਿਰਵਾਚਿਤ ਰਾਜਸੀ ਨੁਮਾਇੰਦਿਆਂ ਤੇ ਵੰਚਿਤ ਜਮਾਤਾਂ ਦੇ ਨਿਰਵਾਚਕਾਂ ਵਿਚਕਾਰ ਆਪਸੀ ਗੱਲਬਾਤ ਨਾਲ ਤਿਆਰ ਕੀਤਾ ਗਿਆ ਇਕ ਜਨਤਕ ਸਮਝੌਤਾ ਹੁੰਦਾ ਹੈ। ਉਹ ਚੁਣਾਵੀਂ ਵਾਅਦਿਆਂ ਨੂੰ ਅਸਲ ਤੇ ਸਮਾਂ ਬੱਧ ਵਸਤਾਂ 'ਚ ਬਦਲ ਦਿੰਦਾ ਹੈ। ਜਿਹਨਾਂ ਨੂੰ ਲੋਕਾਂ ਨਾਲ ਸਾਂਝੇ ਤੌਰ 'ਤੇ ਤਹਿ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਜਨ ਸੇਵਕਾਂ ਨੂੰ ਵੀ ਜੁਆਬਦੇਹ ਬਣਾਉਣਾ ਪਵੇਗਾ। 2010 ਲਈ ਭਾਰਤ ਨੂੰ ਟੀ ਆਈ ਵਲੋਂ 178 ਦੇਸ਼ਾਂ ਵਿਚੋਂ 87 ਵੀਂ ਸਭ ਤੋਂ ਭਰਿਸ਼ਟ ਜਗ੍ਹਾ ਰੱਖਿਆ ਗਿਆ ਹੈ। ਜਦ ਤਕ ਲੋਕਾਂ ਦੀ ਆਵਾਜ਼ ਸਾਫ ਸਪਸ਼ਟ ਤੇ ਜ਼ੋਰਸ਼ੋਰ ਨਾਲ ਬੁਲੰਦ ਨਹੀਂ ਹੁੰਦੀ, ਇਸ ਰੈਂਕਿੰਗ ਦੇ ਬਦਲ ਪਾਉਣ ਦੀ ਉਮੀਦ ਨਹੀਂ ਹੈ।

# ਕੌਣ ਪੜਤਾਲੂਗਾ ਸਵਿਸ ਬੈਂਕ ਖਾਤੇ?

ਭਾਰਤ ਨਵੇਂ ਸਾਲ 'ਚ ਨਵੀਆਂ ਉਮੀਦਾਂ ਨਾਲ ਦਾਖਲ ਹੋ ਗਿਆ ਹੈ। ਬੀਤੇ ਵਰ੍ਹੇ ਦੇ ਅੰਤ 'ਚ ਦੇਸ਼ 'ਚ ਇਕ ਨਵਾਂ ਦੁਖਦਾਈ ਇਤਿਹਾਸ ਬਣਿਆ। ਸੰਸਦ ਦਾ ਸਰਦ ਰੁੱਤ ਦਾ ਸ਼ੈਸ਼ਨ ਬਿਨਾਂ ਕਿਸੇ ਕੰਮਕਾਜ ਦੇ ਹੀ ਖਤਮ ਹੋ ਗਿਆ। ਐਮ ਪੀ ਪਾਰਲੀਮੈਂਟ ਜਾਂਦੇ ਸਨ, ਸ਼ੋਰ ਸ਼ਰਾਬਾ ਪੈਂਦਾ ਸੀ ਤੇ ਦੋਨੋਂ ਸਦਨ ਵਾਰੀ-ਵਾਰੀ ਅਗਲੇ ਦਿਨ ਲਈ ਮੁਲਤਵੀ ਹੋ ਜਾਂਦੇ ਸਨ ਐਮ. ਪੀ. ਖਾਲੀ ਹੱਥ ਵਾਪਸ ਆ ਜਾਂਦੇ ਸਨ। ਕਾਰਨ ਕੋਈ ਵੀ ਰਿਹਾ ਹੋਵੇ ਪਰ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਅਖਵਾਉਣ ਵਾਲੇ ਦੇਸ਼ ਦੀ ਸਭ ਤੋਂ ਵੱਡੀ ਮਹਾਂ ਸਭਾ ਇਹ ਦ੍ਰਿਸ਼ ਵੇਖਣ ਨੂੰ ਮਿਲਿਆ। ਬੀਤਿਆ ਸਾਲ ਘਪਲਿਆਂ ਦਾ ਸਾਲ ਕਿਹਾ ਜਾ ਸਕਦਾ ਹੈ। ਲਗਾਤਾਰ ਇਕ ਤੋਂ ਬਾਅਦ ਇਕ ਗੰਭੀਰ ਘਪਲੇ ਸਾਹਮਣੇ ਆਉਂਦੇ ਰਹੇ। ਹੁਣ ਇਹਨਾਂ ਘਪਲਿਆਂ 'ਚ ਵੀ ਇਕ ਵੱਡਾ ਘਪਲਾ ਹੈ ਜਿਸ 'ਤੇ ਪੂਰਾ ਧਿਆਨ ਹੀ ਨਹੀਂ ਦਿੱਤਾ ਗਿਆ ਤੇ 2-ਜੀ ਘਪਲੇ 'ਤੇ ਸੰਸਾਰ ਦੀ ਏਕਤਾ ਵਾਂਗੂੰ ਇਕ ਆਵਾਜ਼ 'ਚ ਵਿਰੋਧ ਵੀ ਜਾਹਰ ਨਹੀਂ ਹੋਇਆ। ਇਹ ਘਪਲਾ ਸਵਿਸ ਬੈਂਕਾਂ 'ਚ ਜਮ੍ਹਾਂ ਭਾਰਤ ਦਾ ਨਜਾਇਜ਼ ਧਨ ਹੈ ਜਿਸ ਦੀ ਰਾਸ਼ੀ 70 ਲੱਖ ਕਰੋੜ ਤੋਂ ਵੀ ਵੱਧ ਹੈ। ਇਹ ਇਕ ਹੈਰਾਨਕੁੰਨ ਗੱਲ ਹੈ ਕਿ ਭਾਰਤ ਦੀ ਕੁਲ ਘਰੇਲੂ ਪੈਦਾਵਾਰ ਵਧ ਰਹੀ ਹੈ। ਦੇਸ਼ ਦੇ ਅਮੀਰ ਖੁਸ਼ਹਾਲ ਹੋ ਰਹੇ ਹਨ ਪਰ ਦੇਸ਼ ਦਾ ਇਕ ਬਹੁਤ ਵੱਡਾ ਹਿੱਸਾ ਲਗਾਤਾਰ ਹੋਰ ਵੱਧ ਗਰੀਬ ਹੁੰਦਾ ਜਾ ਰਿਹਾ ਹੈ। ਇਸ ਦਾ ਇਕ ਹੋਰ ਵੱਡਾ ਕਾਰਣ ਇਹ ਹੈ ਕਿ ਦੇਸ਼ ਦੇ ਕੁਝ ਪ੍ਰਭਾਵਸ਼ਾਲੀ ਤੇ ਭਰਿਸ਼ਟ ਲੋਕਾਂ ਨੇ ਦੇਸ਼ ਦਾ ਪੈਸਾ ਵਿਦੇਸ਼ੀ ਬੈਂਕਾਂ ਦੇ ਗੁਪਤ ਖਾਤਿਆਂ 'ਚ ਜਮ੍ਹਾਂ ਕਰ ਰੱਖਿਆ ਹੈ। ਸੰਸਾਰ ਭਰ ਦੀਆਂ ਵੱਖ-ਵੱਖ ਵਿਤੀ ਖੋਜ ਸੰਸਥਾਵਾਂ ਨੇ ਇਸ ਸਬੰਧੀ ਜੋ ਨਿਸ਼ਚਤ ਅਨੁਮਾਨ ਲਾਏ ਹਨ ਉਹ ਦਿਲ ਦਹਿਲਾ ਦੇਣ ਵਾਲੇ ਹਨ। ਸੰਸਾਰ ਦੇ 35 ਦੇਸ਼ਾਂ ਦੀ ਸੰਸਥਾ, ਆਰਥਕ ਸਹਿਯੋਗ ਤੇ ਵਿਕਾਸ ਸੰਗਠਨ ਟੈਕਸ ਜਸਟਿਸ ਨੈਟਵਰਕ ਅਨੁਸਾਰ ਭਾਰਤ ਦੇ ਇਕ ਲੱਖ ਕਰੋੜ ਰੁਪਏ ਵਿਦੇਸ਼ਾਂ 'ਚ ਜਮ੍ਹਾਂ ਹਨ। ਦੂਜੇ ਪਾਸੇ ਭਾਰਤ ਦੇ ਆਰਥਕ ਮਾਹਰ ਅਰੁਣ ਕੁਮਾਰ ਮੁਤਾਬਕ ਭਾਰਤ ਦੇ ਪੰਜ ਲੱਖ ਕਰੋੜ ਰੁਪਏ ਵਿਦੇਸ਼ੀ ਬੈਂਕ ਖਾਤਿਆਂ 'ਚ ਜਮ੍ਹਾਂ ਹਨ। ਸਿਵਸ ਬੈਂਕਰਸ ਐਸੋਸੀਏਸ਼ਨ ਦੀ ਸਾਲ 2006 ਦੀ ਰਿਪੋਰਟ ਅਨੁਸਾਰ ਭਾਰਤ, ਰੂਸ, ਬ੍ਰਿਟੇਨ, ਯੂਕਰੇਨ ਤੇ ਚੀਨ ਪੰਜ ਦੇਸ਼ਾਂ ਦੇ ਸਵਿਸ ਬੈਂਕਾਂ 'ਚ 251.2 ਕਰੋੜ ਡਾਲਰ ਜਮ੍ਹਾਂ ਹਨ ਜਿਹਨਾਂ 'ਚੋਂ ਭਾਰਤ ਦੀ 145.6 ਕਰੋੜ ਡਾਲਰ ਰਾਸ਼ੀ ਹੈ। ਇਹ ਰਾਸ਼ੀ ਬਾਕੀ ਚਾਰ ਦੇਸ਼ਾਂ ਦੀ ਕੁਲ ਰਾਸ਼ੀ ਨੂੰ ਮਿਲਾ ਕੇ ਵੀ ਸਭ ਤੋਂ ਵੱਧ ਹੈ। ਪੁਣੇ ਦੇ ਘੋੜਾ ਫਾਰਮ ਮਾਲਕ ਹਸਨ ਅਲੀ ਦੇ ਦਸ ਵਿਦੇਸ਼ੀ ਖਾਤਿਆਂ ਦਾ ਪਤਾ ਲੱਗਿਆ ਸੀ। ਭਾਰਤ ਸਰਕਾਰ ਨੇ ਉਸ ਵਿਰੁੱਧ ਪੰਜਾਹ ਹਜ਼ਾਰ ਕਰੋੜ ਰੁਪਏ ਆਮਦਨ ਟੈਕਸ ਦੀ ਦੇਣਦਾਰੀ ਕੱਢੀ ਸੀ। ਛਾਪਾ ਵੀ ਪਿਆ ਸੀ। ਕੁਝ ਵੱਡੇ ਨੇਤਾਵਾਂ ਨਾਲ ਉਹਨਾਂ ਦੇ ਸੰਬੰਧਾਂ ਦੀ ਚਰਚਾ ਹੋਈ ਤੇ ਫਿਰ ਉਹਨਾਂ ਦਾ ਮਾਮਲਾ ਦਬਾ ਦਿੱਤਾ ਗਿਆ। ਫੋਰਡ ਫਾਊਂਡੇਸ਼ਨ ਦੀ ਇਕ ਰਿਪੋਰਟ ਅਨੁਸਾਰ 2002-2006 ਤੱਕ ਭਾਰਤ ਦੇ 136 ਲੱਖ ਕਰੋੜ ਰੁਪਏ ਸਿਵਸ ਬੈਂਕ 'ਚ ਜਮ੍ਹਾਂ ਹਨ। ਸੰਸਾਰ ਦੇ ਇਸ ਕਿਸਮ ਦੇ 69 ਦੇਸ਼ ਹਨ। ਜੋ ਟੈਕਸ ਸਵਰਗ ਦੇ ਨਾਂ ਨਾਲ ਜਾਣੇ ਜਾਂਦੇ ਹਨ। ਜੇ ਭਾਰਤ ਦੇ ਸਿਵਸ ਬੈਂਕਾਂ 'ਚ ਹੀ 70 ਲੱਖ ਕਰੋੜ ਰੁਪਏ ਜਮ੍ਹਾਂ ਹਨ ਤਾਂ ਹੋਰ ਸਾਰੇ ਦੇਸ਼ਾਂ 'ਚ ਕਿੰਨਾ ਹੋਵੇਗਾ।

ਅਨੁਮਾਨ ਲਾਉਣਾ ਔਖਾ ਨਹੀਂ ਹੈ। ਪੂਰਾ ਸੰਸਾਰ ਨਜਾਇਜ਼ ਧਨ ਦੀ ਸਮੱਸਿਆ ਤੋਂ ਚਿੰਤਤ ਹੈ। ਰਾਸ਼ਟਰ ਸੰਘ ’ਚ ਸਾਲਾਂ ਬੱਧੀ ਇਸ ਮੁੱਦੇ ’ਤੇ ਚਰਚਾ ਹੋਈ। ਸਾਲ 2003 ’ਚ ਇਕ ਮਹੱਤਵਪੂਰਨ ਪ੍ਰਸਤਾਅ ਯੂਨਾਈਟਡ ਨੈਸ਼ਨਲ ਕਨਵੈਂਨਸਨ ਅਗੇਂਸਟ ਕਰਪਨਸ਼ਨ ਪਾਸ ਹੋਇਆ ਕੋਈ 140 ਦੇਸ਼ਾਂ ਨੇ ਇਸ ਪ੍ਰਸਤਾਅ ’ਤੇ ਦਸਖਤ ਵੀ ਕੀਤੇ ਅਤੇ 126 ਦੇਸ਼ਾਂ ’ਚ ਇਸ ਨੂੰ ਸਥਾਪਤ ਕੀਤਾ। ਬਹੁਤ ਸਾਰੇ ਦੇਸ਼ਾਂ ’ਚ ਇਸ ਪ੍ਰਸਤਾਅ ਅਧੀਨ ਟੈਕਸ ਸਵਰਗ ਦੇਸ਼ਾਂ ਤੋਂ ਧਨ ਵਾਪਸ ਲਿਆਉਣ ਦੀ ਕਾਰਵਾਈ ਵੀ ਕੀਤੀ। ਇਸ ਪ੍ਰਸਤਾਅ ਦਾ ਮੁੱਖ ਉਦੇਸ਼ ਵੀ ਇਹੀ ਹੈ ਕਿ ਇਸ ਪ੍ਰਕਾਰ ਦਾ ਨਜਾਇਜ਼ ਪੈਸਾ ਮੂਲ ਦੇਸ਼ ਨੂੰ ਵਾਪਸ ਕੀਤਾ ਜਾਵੇ।

ਰਾਸ਼ਟਰਸੰਘ ਮਹਾਂਸਭਾ ’ਚ ਸਿਵਸ ਨੁਮਾਇੰਦੇ ਨੇ ਅਕਤੂਬਰ ਮਹੀਨੇ ਕਿਹਾ ਕਿ ਉਹਨਾਂ ਦਾ ਦੇਸ਼ ਭਰਿਸ਼ਟਾਚਾਰ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਉਹਨਾਂ ਨੇ ਕਿਹਾ ਕਿ ਏਨਾ ਹੀ ਨਹੀਂ ਸਿਵਸ ਸੰਸਦ ’ਚ ਇਕ ਕਨੂੰਨ ਪਾਸ ਕੀਤਾ ਗਿਆ ਹੈ ਤਾਂ ਕਿ ਸਬੰਧਤ ਦੇਸ਼ਾਂ ਨੂੰ ਸਿਵਸ ਬੈਂਕਾਂ ’ਚ ਜਮ੍ਹਾਂ ਉਹਨਾਂ ਦੇ ਦੇਸ਼ ਦਾ ਨਜਾਇਜ਼ ਪੈਸਾ ਵਾਪਸ ਦਿੱਤਾ ਜਾ ਸਕੇ। ਇਹ ਬਿਆਨ ਅੱਖਾਂ ਖੋਲ੍ਹਣ ਵਾਲਾ ਹੈ। ਅੱਜ ਤੱਕ ਭਾਰਤ ਸਰਕਾਰ ਵੀ ਇਹ ਧਾਰਨਾ ਦਿੰਦੀ ਰਹੀ ਕਿ ਸਵਿਟਜ਼ਰਲੈਂਡ ਪੈਸਾ ਦੇਣਾ ਨਹੀਂ ਚਾਹੁੰਦਾ। ਭਾਰਤ ਨੇ ਰਾਸ਼ਟਰਮੰਡਲ ਦੇ ਇਸ ਪ੍ਰਸਤਾਅ ਦੇ ਪਾਸ ਹੋਣ ਦੇ ਦੋ ਸਾਲ ਬਾਅਦ ਸਾਲ 2005 ’ਚ ਦਸਖਤ ਕੀਤੇ ਪਰ ਅੱਜ ਤੱਕ ਇਸ ਪ੍ਰਸਤਾਅ ਨੂੰ ਲਾਗੂ ਨਹੀਂ ਕੀਤਾ ਗਿਆ। ਬਿਨਾਂ ਲਾਗੂ ਕੀਤਿਆਂ ਵਿਦੇਸ਼ਾਂ ਤੋਂ ਪੈਸਾ ਵਾਪਸ ਲਿਆਉਣ ਦੀ ਕਾਰਵਾਈ ਨਹੀਂ ਹੋ ਸਕੀ। ਅਮਰੀਕਾ ਨੇ 4420 ਖਾਤਾ ਧਾਰਕਾਂ ਦੇ ਨਾਂ ਲੈ ਲਏ ਅਤੇ ਸਭ ਨੂੰ ਵੱਡੇ ਸਿਵਸ ਬੈਂਕ ’ਤੇ 78 ਕਰੋੜ ਡਾਲਰ ਦੀ ਪੇਨਲਟੀ ਕਰ ਦਿੱਤੀ। ਫ੍ਰਾਂਸ, ਜਰਮਨੀ ਆਦਿ ਵੀ ਇਸ ਵਿਦੇਸ਼ੀ ਗੁਪਤ ਖਾਤਿਆਂ ’ਚ ਪਿਆ ਹੈ ਭਾਰਤ ਦੇ 84 ਕਰੋੜ ਲੋਕ ਸਿਰਫ 20 ਰੁਪਏ ਰੋਜ਼ਾਨਾ ’ਤੇ ਕੰਮ ਕਰ ਰਹੇ ਹਨ। ਸੰਸਾਰ ਦੇ 126 ਦੇਸ਼ ਰਾਸ਼ਟਰ ਸੰਘ ਦੇ ਪ੍ਰਸਤਾਅ ਨੂੰ ਸਥਾਪਤ ਕਰ ਸਕਦੇ ਹਨ ਕੁਝ ਦੇਸ਼ ਪੈਸਾ ਵਾਪਸ ਲੈਣ ਦੀ ਕਾਰਵਾਈ ਕਰ ਸਕਦੇ ਹਨ, ਪਰ ਭਾਰਤ ਇਸ ਦਿਸ਼ਾਂ ’ਚ ਉਕਾ ਹੀ ਅੱਗੇ ਨਹੀਂ ਵਧ ਰਿਹਾ ਹੈ। ਸਿਰਫ ਸਿਵਸ ਬੈਂਕਾਂ ’ਚ 70 ਲੱਖ ਕਰੋੜ ਰੁਪਏ ਪੂਰੇ ਭਾਰਤ ਦੇ ਸੱਤ ਸਾਲਾਂ ਦੇ ਕੁਲ ਘਰੇਲੂ ਬਜਟ ਦੇ ਬਰਾਬਰ ਹਨ। ਵਿਦੇਸ਼ਾਂ ’ਚ ਜਮ੍ਹਾਂ ਇਹ ਪੈਸਾ ਦੇਸ਼ ਨੂੰ ਵਿਦੇਸ਼ੀ ਕਰਜੇ ਤੋਂ ਮੁਕਤ ਕਰ ਸਕਦਾ ਹੈ। ਇਹੀ ਨਹੀਂ ਹਰੇਕ ਪ੍ਰੀਵਾਰ ਨੂੰ ਇਕ ਲੱਖ ਰੁਪਏ ਸਹਾਇਤਾ ਵੀ ਦੇ ਸਕਦਾ ਹੈ। ਲੁੱਟ ਦੇ ਇਸ ਪੈਸੇ ਦਾ ਬਹੁਤ ਸਾਰਾ ਹਿੱਸਾ ਜਿਸ ਸਵਿਟਜ਼ਰਲੈਂਡ ਦੇ ਬੈਂਕਾਂ ’ਚ ਜਮ੍ਹਾਂ ਹੈ ਉਸ ਦੇ ਨੁਮਾਇੰਦੇ ਨੇ ਰਾਸ਼ਟਰਸੰਘ ’ਚ ਐਲਾਨ ਕੀਤਾ ਕਿ ਉਹ ਪੈਸਾ ਵਾਪਸ ਕਰਨਾ ਚਾਹੁੰਦਾ ਹੈ। ਮਨਮੋਹਨ ਸਿੰਘ ਸਰਕਾਰ ਇਸ ਸਬੰਧੀ ਸਹੀ ਕਾਰਵਾਈ ਨਹੀਂ ਕਰ ਰਹੀ। ਅਜਿਹਾ ਕਿਉਂ ਹੈ? ਸਮਾਜ ਦੇ ਦਲਾਲ ਦਾ ਇਹੀ ਕਿਰਦਾਰ ਹੁੰਦਾ ਹੈ।

# ਸਿਖਿਆ ਕਰਮੀਆਂ ਦੀ ਭਰਤੀ ਜਾਂ ਭਰਿਸ਼ਟਾਚਾਰ?

ਸਿੱਖਿਆ, ਸਿਹਤ ਤੇ ਜਨਤਕ ਵੰਡ ਪ੍ਰਣਾਲੀ ਸਤੀਸ਼ਗੜ੍ਹ 'ਚ ਸਰਕਾਰੀ ਤੰਤਰ ਦੇ ਸੁਰਖਿਅਤ ਢੰਗ ਨਾਲ ਘਪਲੇ-ਘੋਟਾਲੇ ਕਰਨ ਦਾ ਜ਼ਰੀਆ ਬਣ ਚੁੱਕੇ ਹਨ। ਖਾਸ ਕਰਕੇ ਸਿਖਿਆ ਸਬੰਧੀ ਸਤੀਸ਼ਗੜ੍ਹ 'ਚ ਨੌਨਿਹਾਲਾਂ ਦਾ ਭਲਾ ਹੋਵੇ ਜਾਂ ਨਾ ਹੋਵੇ, ਨੇਤਾਵਾਂ ਤੇ ਅਫਸਰਾਂ ਦੀਆਂ ਤਿਜੌਰੀਆਂ ਦਾ ਵਜਨ ਇਸ ਨਾਲ ਜ਼ਰੂਰ ਵਧ ਰਿਹਾ ਹੈ। ਸਿਖਿਆ ਕਰਮੀਆਂ ਦੀ ਭਰਤੀ ਤਾਂ ਰਾਜ 'ਚ ਭਰਿਸ਼ਟਾਚਾਰ ਦਾ ਸਭ ਤੋਂ ਵੱਡਾ ਜ਼ਰੀਆ ਬਣ ਕੇ ਸਾਹਮਣੇ ਆਈ ਹੈ। ਤਾਜ਼ਾ ਮਿਸਾਲ ਸਿਖਿਆ ਕਰਮੀਆਂ ਦਾ ਪ੍ਰਧਾਨ ਪਾਠਕ ਬਨਾਉਣ ਦਾ ਹੈ। ਬਿਲਾਸਪੁਰ ਹਾਈਕੋਰਟ ਇਸ ਮਾਮਲੇ 'ਚ ਪਹਿਲਾਂ ਹੀ ਰਾਜ ਸਰਕਾਰ ਤੋਂ ਜੁਆਬ ਤਲਬ ਕਰ ਚੁੱਕਿਆ ਹੈ। ਹੁਣ ਸਿਖਿਆ ਮੰਤਰੀ ਬ੍ਰਿਜ ਮੋਹਨ ਅਗਰਵਾਲ ਨੂੰ ਵੀ ਜਾਂਚ ਦੇ ਨਿਰਦੇਸ਼ ਦੇਣੇ ਪਏ ਹਨ। ਸਤੀਸ਼ਗੜ੍ਹ ਦੇ ਕਈ ਜ਼ਿਲ੍ਹਿਆਂ 'ਚ ਸਿਖਿਆ ਕਰਮੀਆਂ ਨੂੰ ਪ੍ਰਧਾਨ ਪਾਠਕ ਬਣਾਉਣ 'ਚ ਹੋ ਰਹੇ ਭਰਿਸ਼ਟਾਚਾਰ 'ਤੇ ਸਰਕਾਰ ਨੇ ਪਹਿਲੀ ਵਾਰੀ ਸਖਤ ਰੁਖ ਅਖਤਿਆਰ ਕੀਤਾ ਹੈ। ਇਸ ਨੂੰ ਲੈ ਕੇ ਚੋਣ 'ਚ ਘਪਲੇ, ਪੈਸਾ ਵਸੂਲੀ ਸਮੇਤ ਕਈ ਤਰ੍ਹਾਂ ਦੇ ਗੰਭੀਰ ਦੋਸ਼ਾਂ ਦੇ ਮੱਦੇਨਜ਼ਰ ਸਿਖਿਆ ਮੰਤਰੀ ਬ੍ਰਿਜ ਮੋਹਨ ਅਗਰਵਾਲ ਨੂੰ ਵਿਭਾਗੀ ਅਫਸਰਾਂ ਨੂੰ ਗੜਬੜਾਂ ਦੀ ਜਾਂਚ ਪੜਤਾਲ ਕਰਕੇ ਵਿਸਥਾਰਿਤ ਰਿਪੋਰਟ ਪੇਸ਼ ਕਰਨ ਲਈ ਕਹਿਣਾ ਪਿਆ ਹੈ। ਮੈਰਿਟ ਲਿਸਟ 'ਚ ਨੌਕਰਸ਼ਾਹਾਂ ਤੇ ਨੇਤਾਵਾਂ ਦੇ ਰਿਸ਼ਤੇਦਾਰਾਂ ਦਾ ਦਬਦਬਾ ਹੈ। ਸਰਕਾਰ ਦੀ ਨੱਕ ਹੇਠ ਪ੍ਰਧਾਨ ਪਾਠਕ ਨਿਯੁਕਤੀਆਂ 'ਚ ਨੌਕਰਸ਼ਾਹਾਂ ਤੇ ਰਾਜਸੀ ਨੇਤਾਵਾਂ ਦੇ ਦਬਦਬਾ ਦੀਆਂ ਬੇਸ਼ੁਮਾਰ ਉਦਾਹਰਣਾਂ ਵੇਖਣ ਨੂੰ ਮਿਲੀਆਂ। ਗੜਬੜ ਮੈਰਿਟ ਲਿਸਟ ਦੀ ਪੱਧਰ 'ਤੇ ਵੀ ਹੋਈ। ਇਸ 'ਚ ਸਿਖਿਆ ਵਿਭਾਗ ਦੇ ਅਫਸਰਾਂ ਦੇ ਰਿਸ਼ਤੇਦਾਰਾਂ, ਸਿਖਿਆ ਕਰਮੀ ਯੂਨੀਅਨ ਦੇ ਅਹੁਦੇਦਾਰਾਂ ਤੇ ਉਹਨਾਂ ਦੇ ਨਾਤੇਦਾਰਾਂ ਦਾ ਦਬਦਬਾ ਸਾਫ਼ ਨਜ਼ਰ ਆਉਂਦਾ ਹੈ। ਰਾਏਪੁਰ ਦੇ ਨਾਲ ਦੇ ਬਲੌਦਾ ਬਾਜ਼ਾਰ ਦੇ ਜ਼ਿਲ੍ਹਾ ਸਿਖਿਆ ਅਧਿਕਾਰੀ ਦਫਤਰ ਨੇ 10 ਦਸੰਬਰ ਨੂੰ 518 ਸਿਖਿਆ ਕਰਮੀਆਂ ਨੂੰ ਪ੍ਰਧਾਨ ਅਧਿਆਪਕ ਬਣਾਏ ਜਾਣ ਦਾ ਹੁਕਮ ਜਾਰੀ ਹੋਇਆ ਪਰ ਜੋ ਮੈਰਿਟ ਲਿਸਟ ਬਣੀ ਉਸ 'ਚ ਮਰਦ ਪ੍ਰਧਾਨ ਪਾਠਕਾਂ ਦੀ ਲਿਸਟ 'ਚ ਟਾਪ 14 ਅਧਿਆਪਕਾਂ 'ਚੋਂ 12 ਅਧਿਆਪਕ ਜਾਂ ਤਾਂ ਸਿਖਿਆ ਅਧਿਕਾਰੀਆਂ ਦੇ ਰਿਸ਼ਤੇਦਾਰ ਸਨ ਜਾਂ ਫਿਰ ਸਿਖਿਆ ਕਰਮਚਾਰੀ ਯੂਨੀਅਨ ਦੇ ਨੇਤਾ। ਇਹੀ ਨਜ਼ਾਰਾ ਔਰਤਾਂ ਦੀ ਮੈਰਿਟ ਲਿਸਟ 'ਚ ਵੀ ਦੇਖਣ ਨੂੰ ਮਿਲਦਾ ਹੈ। ਟਾਪ ਦਸਾਂ 'ਚੋਂ ਛੇ ਸਿਖਿਆ ਅਧਿਕਾਰੀਆਂ ਦੇ ਰਿਸ਼ਤੇਦਾਰ ਪਾਏ ਗਏ ਹਨ। ਤਿੰਨ ਹਜ਼ਾਰ ਪ੍ਰੀਖਿਆਰਥੀਆਂ 'ਚੋਂ ਚੁਣੇ ਗਏ ਪ੍ਰਧਾਨ ਪਾਠਕਾਂ ਦੀ ਪੂਰੀ ਲਿਸਟ ਨੂੰ ਵੇਖੀਏ ਤਾਂ ਚਾਰ ਅਜਿਹੇ ਗਰੁੱਪ ਦਿਖਾਈ ਦਿੰਦੇ ਹਨ ਜੋ ਪ੍ਰੀਖਿਆ 'ਚ ਇਕੱਠੇ ਬੈਠੇ ਤੇ ਮੈਰਿਟ 'ਚ ਵੀ ਆਏ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕੁਝ ਕੇਸਾਂ 'ਚ ਤਾਂ ਪਤੀ-ਪਤਨੀ ਇਕੱਠੇ ਪ੍ਰੀਖਿਆ 'ਚ ਬੈਠੇ ਤੇ ਮੈਰਿਟ ਲਿਸਟ 'ਚ ਸ਼ਾਮਲ ਹੋ ਗਏ। ਮਿਸਾਲ ਵਜੋਂ ਸ਼ਬੀਰਾਮ ਵਰਮਾ, ਨਰੇਂਦਰ ਵਰਮਾ, ਰਮੇਸ਼ ਵਰਮਾ ਦੀਆਂ ਪਤਨੀਆਂ ਅਤੇ ਇਕ ਹੋਰ ਔਰਤ ਨੇ ਵੱਖ-ਵੱਖ ਬੈਠ ਕੇ ਪ੍ਰੀਖਿਆ ਦਿੱਤੇ। ਚਾਰੋਂ ਨੂੰ ਪਹਿਲੀ ਪ੍ਰਕਾਸ਼ਨ 'ਚ ਮੈਰਿਟ ਲਿਸਟ 'ਚ ਥਾਂ ਮਿਲੀ। ਪ੍ਰੀਖਿਆ ਭਾਵੇਂ ਹੀ ਬਲੌਦਾ ਬਾਜ਼ਾਰ ਜ਼ਿਲ੍ਹੇ 'ਚ ਹੋਈ ਪਰ ਇਸ 'ਚ ਭਾਟਪਾਰਾ ਬਲਾਕ ਦੇ ਸਿਖਿਆ ਕਰਮੀ ਭਾਰੀ ਗਿਣਤੀ 'ਚ ਸਨ। ਇਸ ਬਲਾਕ ਦੇ

ਕਰੀਬ 160 ਸਿਖਿਆ ਕਰਮੀਆਂ ਨੇ ਸਿਖਿਆ ਦਿੱਤੀ ਅਤੇ 140 ਅਧਿਆਪਕ ਪ੍ਰਧਾਨ ਪਾਠਕ ਚੁਣੇ ਗਏ। ਰਾਏਪੁਰ ਦੇ ਕਮਿਸ਼ਨਰ ਮਨੋਹਰ ਪਾਂਡੇ ਤੱਕ ਜਦ ਸ਼ਿਕਾਇਤ ਪਹੁੰਚੀ ਤਾਂ ਉਹਨਾਂ ਨੇ ਜਾਂਚ ਦੇ ਆਦੇਸ਼ ਜਾਰੀ ਹੋਏ। ਚੁਣੇ ਗਏ ਅਧਿਆਪਕਾਂ ’ਚੋਂ ਕੁਝ ’ਤੇ ਇਹ ਦੋਸ਼ ਲੱਗ ਰਿਹੈ ਕਿ ਉਹਨਾਂ ਦੀ ਜ਼ਿਲ੍ਹਿਆਂ ਅਧਿਕਾਰੀ ਨਾਲ ਰਿਸ਼ਤੇਦਾਰੀ ਹੈ। ਹਾਲਾਂਕਿ ਮਾਖਨ ਚੰਦਰਾਕਾਰ, ਨਰੇਂਦਰ ਚੰਦਰਾਕਾਰ, ਖਿਲੇਂਦਰ ਚੰਦਰਾਕਾਰ, ਧਾਰਿਤਾ ਚੰਦਰਾਕਾਰ, ਕਵਿਤਾ ਚੰਦਰਾਕਾਰ ਨੇ ਬਲੌਂਦਾ ਬਾਜ਼ਾਰ ਦੇ ਜ਼ਿਲ੍ਹਾਂ ਕਲੈਕਟਰ ਨੂੰ ਦਿੱਤੇ ਹਲਫੀਆ ਬਿਆਨ ’ਚ ਕਿਹਾ ਹੈ ਕਿ ਉਹਨਾਂ ਦੀ ਜ਼ਿਲ੍ਹਾਂ ਸਿਖਿਆ ਅਧਿਕਾਰੀ ਚੰਦਰਾਕਰ ਨਾਲ ਕੋਈ ਰਿਸ਼ਤੇਦਾਰੀ ਨਹੀਂ ਹੈ। ਦੂਜੇ ਪਾਸੇ ਬਿਲਾਸਪੁਰ ਜ਼ਿਲ੍ਹੇ ’ਚ ਪ੍ਰਧਾਨ ਪਾਠਕ ਜਾਂ ਹੈਡਮਾਸਟਰ ਪ੍ਰੀਖਿਆ ’ਚ ਨੇਤਰਹੀਣ ਨੂੰ ਰਾਖਵਾਂਕਰਨ ਨਾ ਦੇਣ ਦੇ ਮਾਮਲੇ ’ਚ ਹਾਈਕੋਰਟ ਪਹਿਲਾਂ ਹੀ ਰਾਜ ਸ਼ਾਸਨ, ਸਿੱਖਿਆ ਸਕੱਤਰ ਬਿਲਾਸਪੁਰ ਕਲੈਕਟਰ ਤੇ ਡੀ ਈ ਓ ਨੂੰ ਨੋਟਿਸ ਜਾਰੀ ਕਰ ਚੁੱਕੀ ਹੈ। ਕੋਰਟ ਦੇ ਸਿੰਗਲ ਬੈਂਚ ਨੇ ਇਹ ਵੀ ਹੁਕਮ ਦਿੱਤਾ ਹੈ ਕਿ ਹੈਡਮਾਸਟਰ ਦੀ ਨਿਯੁਕਤੀ ’ਤੇ ਅਦਾਲਤ ਦਾ ਹੁਕਮ ਲਾਗੂ ਹੋਵੇਗਾ।

ਬਿਲਾਸ ਦੇ ਜ਼ਿਲ੍ਹੇ ਦੇ ਪਿੰਡ ਜੈਰਾਮਨਗਰ ਦੇ ਹਾਇਰ ਸੈਕੰਡਰੀ ਸਕੂਲ ’ਚ ਸਿਖਿਆ ਕਰਮੀ ਵਰਗ ਇਕ ਅਹੁਦੇ ’ਤੇ ਕੰਮ ਕਰਦਾ ਈਸ਼ਰ ਪ੍ਰਸ਼ਾਦ ਸਾਹੂ ਨੇਤਰਹੀਣ ਹੈ। ਉਹ ਹੈਡਮਾਸਟਰ ਪ੍ਰੀਖਿਆ ’ਚ ਸ਼ਾਮਲ ਹੋਇਆ ਜਿਸ ’ਚ ਉਸ ਨੇ 42 ਫੀਸਦੀ ਨੰਬਰ ਹਾਸਲ ਕੀਤੇ। ਇਸ ਪਿੱਛੋਂ ਵੀ ਉਸ ਦੀ ਹੈਡਮਾਸਟਰ ਅਹੁਦੇ ਲਈ ਚੋਣ ਨਹੀਂ ਹੋਈ। ਤਦ ਉਸ ਨੇ ਬਿਲਾਸਪੁਰ ਹਾਈਕੋਰਟ ’ਚ ਇਕ ਪਟੀਸ਼ਨ ਦਾਇਰ ਕਰ ਦਿੱਤੀ ਤੇ ਅਕਤੂਬਰ 2005 ’ਚ ਰਾਜ ਸਰਕਾਰ ਦੇ ਆਮ ਪ੍ਰਸਾਸ਼ਕ ਵਿਭਾਗ ਰਾਹੀਂ ਜਾਰੀ ਸਰਕੂਲਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਨੇਤਰਹੀਣਾਂ ਨੂੰ ਸਾਸ਼ਕੀ ਅਹੁਦਿਆਂ ’ਚ ਦੋ ਫੀਸਦੀ ਰਾਂਖਵਾਂਕਰਨ ਦੇਣਾ ਤਹਿ ਕੀਤਾ ਹੋਇਆ ਹੈ। ਪਰ ਫਿਰ ਵੀ ਉਸ ਨੂੰ ਇਸ ਵਿਵਸਥਾ ਦਾ ਲਾਭ ਨਹੀਂ ਮਿਲਿਆ। ਬਿਲਾਸਪੁਰ ਜ਼ਿਲ੍ਹੇ ’ਚ ਹੈਡਮਾਸਟਰ (ਪ੍ਰਧਾਨ ਪਾਠਕ) ਦੇ ਇਕ ਹਜ਼ਾਰ 24 ਥਾਂ ਖਾਲੀ ਹਨ। ਪਰ ਇਕ ਵੀ ਅਸਾਮੀ ਰਾਖਵੀਂ ਨਹੀਂ ਕੀਤੀ ਗਈ। ਇਸੇ ਕਾਰਨ ਉਹਨਾਂ ਦੀ ਚੋਣ ਨਹੀਂ ਹੋ ਸਕੀ। ਸਿੱਖਿਆ ਮੰਤਰੀ ਬ੍ਰਿਜ ਮੋਹਨ ਅੱਗਰਵਾਲ ਨੇ ਕਿਹਾ ਕਿ ਉਹ ਕਿਸੇ ਨਾਲ ਵੀ ਅਨਿਆਂ ਨਹੀਂ ਹੋਣ ਦੇਣਗੇ। ਜਿਨ੍ਹਾਂ ਸਿੱਖਿਆ ਕਰਮੀਆਂ ਨੂੰ ਹੈਡਮਾਸਟਰ ਬਣਾਇਆ ਜਾਵੇਗਾ ਉਹਨਾਂ ਦੀ ਥਾਂ ’ਤੇ ਸਿੱਖਿਆ ਕਰਮੀਆਂ ਦੀ ਭਰਤੀ ਫੌਰਨ ਕਰ ਲਈ ਜਾਵੇਗੀ। ਸਿੱਖਿਆ ਕਰਮੀ ਰਾਜ ’ਚ ਫਰਜੀਵਾੜੇ ਦਾ ਇਕ ਵੱਡਾ ਜ਼ਰੀਆ ਬਣ ਚੁੱਕਿਆ ਹੈ। ਨਵਾਗੜ੍ਹ-ਜਨਪਦ ਪੰਚਾਇਤ ਦੇ ਬਹੁਚਰਚਿਤ ਸਿੱਖਿਆ ਕਰਮੀ ਭਰਤੀ ਘਪਲੇ ਨੂੰ ਹੀ ਲੈ ਲਓ। ਇਸ ਮਾਮਲੇ ’ਚ ਸਿਖਿਆ ਕਰਮੀ ਤੇ ਕਾਰਵਾਈ ਪਿੱਛੋਂ ਚੋਣ ਸੰਮਤੀ ਦੇ ਮੈਂਬਰਾਂ ਖਿਲਾਫ ਰਾਜ ਸਰਕਾਰ ਨੂੰ ਕਾਰਵਾਈ ਕਰਨੀ ਪਈ ਹੈ। ਭਾਰਤੀ ਘਪਲੇ ਦੇ ਮੁੱਖ ਦੋਸ਼ੀ ਨਵਗੜ ਜਨਪਦ ਦੇ ਤਤਕਲੀਨ ਸੀ ਈ ਓ ਬੀ ਐਸ ਸਿਧਾਰ ਜੋ ਰਾਏਪੁਰ ਜ਼ਿਲ੍ਹਾ ਪੰਚਾਇਤ ’ਚ ਸੀ ਈ ਓ ਸਨ, ਪੁਲਸ ਵਲੋਂ ਧਾਰਾ 420, 467, 468, 471 ’ਤੇ 34 ਤਹਿਤ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਸਾਲ 2007 ’ਚ 193 ਅਹੁਦਿਆਂ ਲਈ ਸੀ ਈ ਓ ਬੀ ਐਸ ਸਿਧਾਰ ਵੱਲੋਂ ਜਾਰੀ ਚੋਣ ਸੂਚੀ ਖਿਲਾਫ ਵਿਧਾਇਕ ਡੀ ਡੀ ਬਘੇਲ ਨੇ ਸ਼ਿਕਾਇਤ ਦਰਜ ਕਰਵਾਈ ਸੀ। ਉਸ ਵੇਲੇ ਦੇ ਕਲੈਕਟਰ ਸੁਰਬਤ ਸ਼ਾਹੂ ਦੇ ਹੁਕਮਾਂ ’ਤੇ ਤਤਕਲੀਨ

ਐਸ ਡੀ ਐਮ ਓਮ ਪ੍ਰਕਾਸ਼ ਚੌਧਰੀ ਨੇ ਜਾਂਚ 'ਚ ਪਾਇਆ ਸੀ ਕਿ ਵੱਡੀ ਗਿਣਤੀ 'ਚ ਖੇਡ ਤਜ਼ਰਬਾ, ਅੰਕ ਸੂਚੀ ਡੀ ਐਡ, ਬੀ ਐਡ, ਐਨ ਸੀ ਸੀ ਸਕਾਊਟ ਦੇ ਸਰਟੀਫਿਕੇਟ ਫਰਜੀ ਲਾਏ ਗਏ ਹਨ। ਕਲੈਕਟਰ ਨੂੰ ਸੌਂਪੀ ਗਈ ਐਸ ਡੀ ਐਮ ਚੌਧਰੀ ਦੀ 116 ਸਫਿਆਂ ਦੀ ਰਿਪੋਰਟ 'ਚ ਜਿਸ 'ਚ 99 ਚੁਣੇ ਗਏ ਸਿੱਖਿਆ ਕਰਮੀਆਂ ਦੇ ਸਰਟੀਫਿਕੇਟਾਂ ਨੂੰ ਪਹਿਲੀ ਨਜ਼ਰੇ ਸ਼ਕੀ ਦਸਿਆ ਗਿਆ ਸੀ। ਗ੍ਰਿਫਤਾਰ ਹੋਣ ਵਾਲੇ ਕਈ ਸਿੱਖਿਆ ਕਰਮੀਆਂ ਨੇ ਨਵਾਗੜ੍ਹ ਪੁਲਸ ਨੂੰ ਇਹ ਬਿਆਨ ਦਿੱਤਾ ਸੀ ਕਿ ਜੋ ਸਰਟੀਫਿਕੇਟ ਫਰਜੀ ਮਿਲੇ ਹਨ, ਉਹ ਉਹਨਾਂ ਦੇ ਨਹੀਂ ਹਨ। ਨਕਲੀ ਸਰਟੀਫਿਕੇਟ ਉਹਨਾਂ ਦੀ ਅਰਜੀ ਨਾਲ ਜਨਪਦ 'ਚ ਨੱਥੀ ਕੀਤੇ ਗਏ ਹਨ। ਤਕਲੀਫ ਦੇਹ ਗੱਲ ਇਹ ਹੈ ਕਿ ਜਦ ਤਕ ਲੈਣ-ਦੇਣ ਦੀ ਪੂਰੀ ਤਿਆਰੀ ਨਹੀਂ ਹੋ ਜਾਂਦੀ ਅਧਿਕਾਰੀ ਅਧਿਆਪਕਾਂ ਦੀ ਕਮੀ ਦੇ ਬਾਵਜੂਦ ਭਰਤੀ ਅਮਲ ਨੂੰ ਲਟਕਾਈ ਰੱਖਣ 'ਚ ਯਕੀਨ ਕਰਦੇ ਹਨ। ਦੁਰਗ ਜ਼ਿਲ੍ਹੇ ਨੂੰ ਹੀ ਲਓ। ਇਥੇ ਯੁਕਤੀ ਯੁਕਤ ਕਰਣ 'ਚ ਲੇਟ ਲਤੀਫੀ ਤੇ ਪ੍ਰਬੰਧ ਦੀਆਂ ਨੀਤੀਆਂ ਕਾਰਨ ਸੈਂਕੜੇ ਸਕੂਲਾਂ 'ਚ ਸਿੱਖਿਆ ਕਰਮੀਆਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਜ਼ਿਲ੍ਹੇ ਦੇ 12 'ਚੋਂ ਸਿਰਫ 3 ਬਲਾਕਾਂ 'ਚ ਸਿੱਖਿਆ ਕਰਮੀ ਵਰਗ ਤਿੰਨ ਲਈ ਭਰਤੀ ਪ੍ਰੀਕ੍ਰਿਆ ਹੋ ਸਕੀ ਹੈ। ਜਦ ਕਿ ਹੋਰ ਬਲਾਕਾਂ 'ਚ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਭਰਤੀ ਨਹੀਂ ਹੋ ਸਕੀ। ਸੁਰਗੁਜਾ ਜ਼ਿਲ੍ਹੇ 'ਚ ਹੋਏ ਸਿਖਿਆ ਕਰਮੀ ਭਰਤੀ ਘਪਲੇ ਦੀ ਜਾਂਚ ਅਮਲ ਅਜੇ ਜਾਰੀ ਹੈ। ਦੂਜੇ ਪਾਸੇ ਫਰਜੀਵਾੜਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਸੂਰਜਪੁਰ ਵਿਕਾਸ ਬਲਾਕ ਦੇ ਸਿਖਿਆ ਕਰਮੀਆਂ ਦੇ ਦਸਤਾਵੇਜ਼ਾਂ ਦੀ ਜਾਂਚ ਨਿਰੰਤਰ ਚਲ ਰਹੀ ਹੈ। ਫਰਜੀ ਦਸਤਾਵੇਜ਼ਾਂ ਦੇ ਘਪਲੇ 'ਚ ਤਤਕਲੀਨ ਬਲਾਕ ਅਫਸਰਾਂ ਨੂੰ ਵੀ ਸ਼ਾਮਲ ਪਾਇਆ ਗਿਆ ਹੈ। ਸਿੱਖਿਆ ਕਰਮੀਆਂ ਦੇ ਦਸਤਾਵੇਜ਼ਾਂ ਦੀ ਜਾਂਚ 'ਚ ਸਕਾਊਟ, ਖੇਡਾਂ ਤੇ ਤਜਰਬਾ ਸਰਟੀਫਿਕੇਟ ਜ਼ਿਆਦਾਤਰ ਜਾਹਲੀ ਪਾਏ ਗਏ। ਸਿਖਿਆ ਕਰਮੀ ਇਹ ਕਹਿ ਕੇ ਦਸਤਾਵੇਜ ਅਰਜੀਆਂ ਨਾਲ ਕਿਸ ਨੇ ਲਾਏ, ਉਹਨਾਂ ਨੂੰ ਪਤਾ ਨਹੀਂ, ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਜਾਂਦੇ। ਸਤੀਸ਼ਗੜ੍ਹ 'ਚ ਸਿਖਿਆ ਵਿਵਸਥਾ ਨੂੰ ਲਕਵਾ ਮਾਰ ਗਿਆ ਹੈ।

ਹਾਈਕੋਰਟ 'ਚ ਦਾਇਰ ਪਟੀਸ਼ਨਾਂ 'ਚ ਇਹ ਇਤਰਾਜ ਜਾਹਰ ਕੀਤਾ ਗਿਆ ਹੈ ਕਿ ਪ੍ਰਬੰਧਕਾਂ ਵਲੋਂ ਹੈਡਮਾਸਟਰ ਪ੍ਰੀਖਿਆ ਲਈ ਕੋਈ ਮਾਪਦੰਡ ਨਹੀਂ ਤਹਿ ਕੀਤਾ ਗਿਆ ਹੈ। ਇਹ ਸਪਸ਼ਟ ਨਹੀਂ ਹੈ ਕਿ ਇਹ ਪ੍ਰਮੋਸ਼ਨ ਪ੍ਰੀਖਿਆ ਹੈ ਜਾਂ ਕਿ ਸਿੱਧੀ ਭਰਤੀ।

# ਕੀ ਘਪਲਿਆਂ ਦਾ ਦੇਸ਼ ਹੈ ਭਾਰਤ ਭਰਿਸ਼ਟ?

ਜੇ ਟਰਾਂਸਪੇਰੇਂਸੀ ਇੰਟਰਨੈਸ਼ਨਲ ਨਾਂ ਦੀ ਸੰਸਥਾ ਦੀ ਮੰਨੀਏ ਤਾਂ ਭਾਰਤ ਦੀ ਦੁਨੀਆਂ ਦੇ ਬੇਹੱਦ ਭਰਿਸ਼ਟ ਦੇਸ਼ਾਂ 'ਚ 87ਵੀਂ ਥਾਂ ਹੈ ਅਤੇ ਇਮਾਨਦਾਰੀ 'ਚ ਇਸ ਦੇ 3.3 ਅੰਕ ਹਨ। ਜਾਹਿਰ ਹੈ ਕਿ ਭਾਰਤ 'ਚ ਭਰਿਸ਼ਟਾਚਾਰ ਦੇ ਨਾਲ ਜ਼ਿਆਦਾਤਰ ਰਾਜਸੀ ਆਗੂ ਜੁੜੇ ਹੋਏ ਹਨ ਅਤੇ ਕੁਝ ਕੇਸਾਂ 'ਚ ਦੇਸ਼ ਦੀ ਹਕੂਮਤੀ ਜਮਾਤ ਵੀ ਉਸ ਨਾਲ ਜੁੜੀ ਹੋਈ ਹੈ। ਪਿੱਛੇ ਮੁੜ ਕੇ ਦੇਖੀਏ ਤਾਂ 1964 'ਚ ਸੰਤਾਨਮ ਸੰਮਤੀ ਨੇ ਇਹ ਟਿਪਣੀ ਕੀਤੀ ਸੀ'' ਵਿਆਪਕ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਮਾਨਦਾਰੀ 'ਤੇ ਖਰ੍ਹੇ ਨਾ ਉਤਰਨਾ ਮੰਤਰੀਆਂ 'ਚ ਕੋਈ ਓਪਰੀ ਗੱਲ ਨਹੀਂ ਹੈ। ਪਿੱਛੇ 16 ਸਾਲਾਂ ਦੌਰਾਨ ਜੋ ਲੋਕ ਸੱਤਾ 'ਚ ਰਹੇ ਹਨ ਉਹਨਾਂ ਨੇ ਗੈਰ ਕਨੂੰਨੀ ਤਰੀਕਿਆਂ ਨਾਲ ਆਪਣੀਆਂ ਤਜੌਰੀਆਂ ਹੀ ਭਰੀਆਂ ਹਨ।'' 1991 'ਚ ਸ਼ੇਅਰ ਬਾਜ਼ਾਰ 'ਚ ਜ਼ਬਰਦਸਤ ਤੇਜ਼ੀ ਅਤੇ ਮੁਕਤ ਬਜ਼ਾਰ ਦੇ ਮੌਕੇ ਖੁਲ੍ਹ ਜਾਣ ਨਾਲ ਵੱਡੇ-ਵੱਡੇ ਤੇਜਤੜੀਏ ਰਾਜਸੀ ਨੇਤਾ ਤੇ ਕਾਰੋਬਾਰੀ ਇਕ ਮੰਚ ਤੇ ਆ ਗਏ, ਰਾਜਸੀ ਭਰਿਸ਼ਟਾਚਾਰ ਨੂੰ ਸ਼ਹਿ ਦਿੰਦੀ ਹੈ। ਸੰਨ 2009 ਦੀਆਂ ਲੋਕ ਸਭਾ ਚੋਣਾਂ 'ਚ ਅਨੁਮਾਨ ਹੈ ਕਿ ਉਮੀਦਵਾਰਾਂ ਨੇ ਕੁੱਲ ਮਿਲਾ ਕੇ 10,000 ਕਰੋੜ ਰੁਪਏ ਦੀ ਰਕਮ ਖਰਚ ਕੀਤੀ।

ਜਾਲਸਾਜ ਅਬਦੁਲ ਕਰੀਮ ਤੇਲਗੀ ਨੇ ਨਕਲੀ ਸਟੈਂਪ ਪੇਪਰ ਛਪਵਾ ਲਏ ਅਤੇ ਫਿਰ ਉਹਨਾਂ ਨੂੰ ਥੋਕ 'ਚ ਬੈਂਕਾਂ ਵਿਦੇਸ਼ੀ ਨਿਵੇਸ਼ਕਾਂ, ਬੀਮਾ ਕੰਪਨੀਆਂ ਤੇ ਸ਼ੇਅਰ ਬਜ਼ਾਰ ਦੇ ਖਿਡਾਰੀਆਂ ਕੋਲ ਵੇਚਣ ਲਈ ਵੱਖ-ਵੱਖ ਥਾਵਾਂ 'ਤੇ ਕਰੀਬ 300 ਏਜੰਟ ਖੜ੍ਹੇ ਕਰ ਲਏ। ਜਿਸ ਨਾਲ ਉਹ ਹਰ ਮਹੀਨੇ ਕਰੀਬ 200 ਕਰੋੜ ਰੁਪਏ ਦੀ ਕਮਾਈ ਕਰਨ ਲੱਗਿਆ। ਇਹ ਘਪਲਾ 43000 ਕਰੋੜ ਰੁਪਏ ਦੀ ਰਕਮ ਨੂੰ ਪਾਰ ਕਰ ਗਿਆ ਅਤੇ ਕੋਈ 12 ਰਾਜ ਇਸ ਦੀ ਲਪੇਟ 'ਚ ਆ ਗਏ। ਤੇਲਗੀ ਘਪਲੇ ਦੇ ਰਾਜਸੀ ਮਾੜੇ ਅਰਥ ਵੀ ਸਨ। ਇਕ ਨਾਰਕੋ ਟੈਸਟ 'ਚ ਪਤਾ ਲੱਗਿਆ ਕਿ ਸ਼ਰਦ ਪਵਾਰ ਤੇ ਸ਼ਗਨ ਮੁਜਬਲ ਵਰਗੇ ਮਹਾਂਰਾਸ਼ਟਰ ਦੇ ਰਾਜਸੀ ਆਗੂ ਉਸ ਨਾਲ ਜੁੜੇ ਹੋਏ ਹਨ। 28 ਜੂਨ 2007 ਨੂੰ ਤੇਲਗੀ ਨੂੰ 13 ਸਾਲ ਦੀ ਸਖਤ ਕੈਦ ਤੇ 202 ਕਰੋੜ ਰੁਪਏ ਜੁਰਮਾਨਾ ਹੋਇਆ। ਤੇਲਗੀ ਦੇ 42 ਹਿੱਸੇਦਾਰਾਂ ਨੂੰ ਵੀ ਛੇ ਸਾਲ ਦੀ ਸਖਤ ਕੈਦ ਦਾ ਦੰਡ ਦਿੱਤਾ ਗਿਆ।

ਸਤਿਅਮ ਘਪਲਾ 2009-24000 ਕਰੋੜ ਰੁਪਏ :- ਸਤਿਅਮ ਕੰਪਿਊਟਰ ਕੰਪਨੀ 'ਚ ਜਾਲਸਾਜ਼ੀ ਦਾ ਮਾਮਲਾ ਦੱਸਿਆ ਜਾਂਦਾ ਹੈ ਕਿ ਭਾਰਤ 'ਚ ਇਹ ਸਭ ਤੋਂ ਵੱਡਾ ਕਾਰਪੋਰੇਟ ਘਪਲਾ ਸੀ ਜੋ 24000 ਕਰੋੜ ਰੁਪਏ ਦਾ ਸੀ। ਇਸ ਕੰਪਨੀ ਦੇ ਪ੍ਰਧਾਨ ਰਾਮ ਲਿੰਗਾ ਰਾਜੂ ਨੇ ਨਿਦੇਸ਼ਕ ਮੰਡਲ ਤੇ ਸੇਬੀ ਦੇ ਸਾਹਮਣੇ ਇਹ ਮੰਨਿਆ ਕਿ ਉਹਨਾਂ ਨੇ ਲੇਖਾ ਪੁਸਤਕਾਂ 'ਚ ਹੇਰਾਫੇਰੀ ਕੀਤੀ। ਫੇਰ ਉਹਨਾਂ ਕੰਪਨੀ ਤੋਂ ਅਸਤੀਫਾ ਦੇ ਦਿੱਤਾ। ਸੰਨ 2008 ਦੇ ਸਤਿਅਮ ਦੇ ਤੁਲਨ ਪੱਤਰ 'ਚ 5040 ਕਰੋੜ ਰੁਪਏ ਦੀਆਂ ਨਕਦ ਜਾਇਦਾਦਾਂ ਨੂੰ ਵਧਾ ਕੇ 5361 ਰੁਪਏ ਦੀਆਂ ਕਰ ਦਿੱਤੀਆਂ ਗਈਆਂ ਜਿਸ 'ਤੇ 376 ਕਰੋੜ ਰੁਪਏ ਦਾ ਹੋਂਦ ਰਹਿਤ ਵਿਆਜ ਵੀ ਜੋੜ ਦਿੱਤਾ ਗਿਆ। ਕੰਪਨੀ ਦਾ ਵਿਆਜ 2651 ਕਰੋੜ ਰੁਪਏ ਦੀ ਬਜਾਏ 490 ਕਰੋੜ ਰੁਪਏ ਦੱਸਿਆ ਗਿਆ। ਰਾਜ ਤੇ ਉਹਨਾਂ ਦੇ ਜੋਟੀਦਾਰਾਂ ਨੇ ਉੱਚ ਬਾਜ਼ਾਰ ਮੁਲਅੰਕਣ 'ਤੇ ਆਧਾਰਤ ਆਪਣੇ

ਸ਼ੇਅਰਾਂ ਨੂੰ ਬਾਜ਼ਾਰ 'ਚ ਲਿਆ ਕੇ ਵੇਚ ਦਿੱਤਾ ਤੇ ਕਰੋੜਾਂ ਰੁਪਏ ਦੀ ਕਮਾਈ ਕਰ ਲਈ ਜਿਸ ਨਾਲ ਉਹਨਾਂ ਨੇ 374 ਇਨਫਰਾਸਟਰਕਚਰ ਫਰਮਾਂ ਸਥਾਪਤ ਕੀਤੀਆਂ ਅਤੇ ਅੱਠ ਨਿਵੇਸ਼ ਕੰਪਨੀਆਂ ਬਣਾ ਲਈਆਂ।

ਮਰੂਤੀ ਘੋਟਾਲ (1974) ਸੰਜੇ ਗਾਂਧੀ ਨੂੰ ਮਰੂਤੀ ਕਾਰਾਂ ਦੇ ਨਿਰਮਾਣ ਦਾ ਲਾਇਸੰਸ ਇਸ ਨਾਲ ਸਬੰਧਤ ਕੰਪਨੀ ਦਾ ਗਠਨ ਹੋਣ ਤੋਂ ਪਹਿਲਾਂ ਹੀ ਦੇ ਦਿੱਤਾ।

ਕੂਓ ਤੇਲ ਸੌਦਾ (1976) ਭਾਰਤੀ ਤੇਲ ਨਿਗਮ ਨੇ ਹਾਂਗਕਾਂਗ 'ਚ ਇਕ ਫਰਜੀ ਤੇਲ ਕੰਪਨੀ ਦੇ ਨਾਲ 2.2 ਕਰੋੜ ਰੁਪਏ ਦਾ ਇਕ ਇਕਰਾਰ ਕਰ ਲਿਆ।

ਅੰਤੁਲੇ ਟਰੱਸਟ (1981) ਮਹਾਂਰਾਸ਼ਟਰ ਦੇ ਮੁੱਖ ਮੰਤਰੀ ਅਬਦੁਲ ਰਹਿਮਾਨ ਅੰਤੁਲੇ ਨੇ ਅਨੇਕਾਂ ਕੰਪਨੀਆਂ ਤੋਂ 30 ਕਰੋੜ ਦੀ ਰਿਸ਼ਵਤ ਹਾਸਲ ਕੀਤੀ ਤੇ ਇਹ ਰਕਮ ਉਹਨਾਂ ਦੇ ਨਿੱਜੀ ਟ੍ਰਸਟ ਦੇ ਖਾਤੇ 'ਚ ਤਬਦੀਲੀ ਕੀਤੀ ਗਈ।

ਐਚ ਡੀ ਡਬਲਯੂ ਦਲਾਲੀ (1987) ਇਹਨਾਂ ਦੋਸ਼ਾਂ ਪਿਛੋਂ ਕਿ ਜਰਮਨੀ ਦੀ ਪਣ ਡੁਬੀ ਨਿਰਮਾਤਾ ਐਚ ਡੀ ਡਬਲਯੂ ਨੇ ਵਿਚੋਲਿਆਂ ਨੂੰ 20 ਕਰੋੜ ਰੁਪੈ ਦੀ ਦਲਾਲੀ ਦਿੱਤੀ ਹੈ। ਸਰਕਾਰ ਨੇ ਫੌਰਨ ਇਸ ਨੂੰ ਕਾਲੀ ਸੂਚੀ 'ਚ ਪਾ ਦਿੱਤਾ ਅਤੇ ਇਸ ਖਿਲਾਫ ਕੇਸ ਦਰਜ ਕਰ ਲਿਆ। 2005 'ਚ ਐਚ ਡੀ ਡਬਲਯੂ ਨੇ ਲੋੜੀਂਦੇ ਸਬੂਤਾਂ ਦੀ ਘਾਟ ਕਾਰਨ ਕੇਸ ਜਿੱਤ ਲਿਆ।

ਚੀਨੀ ਦਰਾਮਦ (1994) ਉਸ ਵੇਲੇ ਦੇ ਖਾਦ ਮੰਤਰੀ ਕਪਲਨਾਥ ਨੇ ਵੱਧ ਦਰਾਂ 'ਤੇ ਚੀਨੀ ਦੀ ਦਰਾਮਦ ਕਰਨ ਦੀ ਮੰਜੂਰੀ ਦੇ ਦਿੱਤੀ ਤੇ ਸਰਕਾਰੀ ਖਜਾਨੇ ਨੂੰ 650 ਕਰੋੜ ਰੁਪਏ ਦਾ ਚੂਨਾ ਲਾਇਆ।

ਬੋਫਰਸ ਘਪਲਾ–187–64 ਕਰੋੜ ਰੁਪਏ– ਹੱਦ ਦਰਜ ਤਕ ਰਾਜਨੀਤੀ ਤੋਂ ਪ੍ਰੇਰਿਤ ਬੋਫਰਸ ਘਪਲਾ ਆਖਰਕਾਰ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਬਹੁਤ ਮਹਿੰਗਾ ਪਿਆ। ਜਿਸ ਦੀ ਕੀਮਤ ਉਹਨਾਂ ਨੂੰ ਵੋਟਾਂ 'ਚ ਹਾਰ ਕੇ ਤਾਰਨੀ ਪਈ। ਉਹਨਾਂ 'ਤੇ ਅਤੇ ਹਿੰਦੂਜਾ ਭਰਾਵਾਂ ਵਰਗੇ ਹੋਰ ਲੋਕਾਂ 'ਤੇ ਸਵੀਡਨ ਤੋਂ 155 ਮਿ ਮੀ. ਬੋਫਰਜ਼ ਤੋਪਾਂ ਦੀ ਖਰੀਦ ਸਬੰਧੀ ਇਕ ਰੱਖਿਆ ਸੌਦੇ 'ਚ 64 ਕਰੋੜ ਰੁਪਏ ਰਿਸ਼ਵਤ ਦੇਣ ਦੇ ਦੋਸ਼ ਲੱਗੇ। ਹਥਿਆਰਾਂ ਦੇ ਦਲਾਲ ਵਿੰਨ ਚੱਡਾ ਦੀ ਵਿਚੋਲਗੀ ਨਾਲ ਹੋਏ ਇਸ ਸੌਦੇ ਨੇ ਗਾਂਧੀ ਪ੍ਰੀਵਾਰ ਦੇ ਕਰੀਬੀ ਇਤਾਵਲੀ ਵਪਾਰੀ ਓਤਾਵੀਓ ਕਵਾਤੋਚੀ ਅਤੇ ਉਸ ਦੀ ਕੰਪਨੀ ਸਨੈਮਪ੍ਰੋਗੇਤ੍ਰੀ ਨੂੰ ਖਬਰਾਂ 'ਚ ਲੈ ਆਂਦਾ। ਪਰ ਸਰਕਾਰੀ ਜਾਂਚ ਪਿਛੋਂ ਘਪਲੇ 'ਤੇ ਮਿੱਟੀ ਪਾ ਦਿੱਤੀ ਗਈ।

ਚਾਰ ਘਪਲਾ (1996) 950 ਕਰੋੜ ਰੁਪਏ – ਦੋ ਦਹਾਕਿਆਂ ਤੋਂ ਵੱਧ ਅਰਸੇ ਤੱਕ ਬਿਹਾਰ ਦੇ ਮੰਤਰੀਆਂ ਤੇ ਅਧਿਕਾਰੀਆਂ ਨੇ ਗੰਢਤੁੱਪ ਕਰਕੇ ਫਰਜੀ ਪਸ਼ੂਆਂ ਲਈ ਚਾਰਾ, ਦਵਾਈਆਂ ਤੇ ਪਸ਼ੂ ਪਾਲਣ, ਲਾਲ ਸਬੰਧਤ ਸਮਾਨ ਦੀ ਸਪਲਾਈ ਕਰਕੇ ਸੂਬੇ ਦੇ ਖਜਾਨੇ ਨੂੰ 950 ਕਰੋੜ ਰੁਪਏ ਤੋਂ ਵੱਧ ਦਾ ਚੂਨਾ ਲਾਇਆ। ਇਸ ਜਾਹਲਸਾਜੀ 'ਚ ਦੋ ਮੁੱਖ ਮੰਤਰੀ ਜਗਨ ਨਾਲ ਮਿਸ਼ਰਾ ਤੇ ਲਾਲੂ ਪ੍ਰਸ਼ਾਦ ਸ਼ਾਮਲ ਹੋਏ। ਲਾਲੂ ਨੂੰ ਤਾਂ ਇਸ ਕੇਸ 'ਚ ਜੇਲ੍ਹ ਵੀ ਹੋਈ ਸੀ।

ਹਵਾਲਾ ਘਪਲਾ (1996) 810 ਕਰੋੜ ਰੁਪਏ – ਹਵਾਲਾ ਦੀ ਜਾਲਸਾਜੀ 'ਚ ਦੇਸ਼ ਦੇ ਕਈ ਵੱਡੇ ਨੇਤਾਵਾਂ ਦਾ ਨਾਂ ਆਇਆ ਜਿਹਨਾਂ ਨੂੰ ਹਵਾਲਾ ਪੈਸੇ ਦੀ ਦਲਾਲੀ ਕਰਨ ਵਾਲੇ ਜੈਨ ਭਰਾਵਾਂ ਤੋਂ ਕੁੱਲ ਮਿਲਾ ਕੇ 1.8 ਕਰੋੜ ਰੁਪਏ ਦੀ ਰਕਮ

ਰਿਸ਼ਵਤ ਵਜੋਂ ਹਾਸਲ ਹੋਈ। ਇਹ ਰਾਜਸੀ ਆਗੂ ਸਾਰੀਆਂ ਮੁੱਖ ਪਾਰਟੀਆਂ ਦੇ ਸਨ ਅਤੇ ਹੋਰ ਲੋਕਾਂ ਤੋਂ ਇਲਾਵਾ ਇਹਨਾਂ 'ਚ ਲਾਲਕ੍ਰਿਸ਼ਣ ਅਡਵਾਣੀ, ਵਿੱਦਿਆਚਰਣ ਸ਼ੁਕਲਾ, ਪੀ ਸ਼ਿਵਸ਼ੰਕਰ ਤੇ ਸ਼ਰਦ ਯਾਦਵ ਸਨ। ਅਡਵਾਣੀ ਨੇ ਅਸਤੀਫਾ ਦੇ ਦਿੱਤਾ ਅਤੇ ਪੂਰੀ ਤਰ੍ਹਾਂ ਬਰੀ ਹੋਣ ਪਿਛੋਂ ਹੀ ਪਾਰਲੀਮੈਂਟ ਪਰਤੇ। ਸੀ ਬੀ ਆਈ ਦਾ ਦੋਸ਼ ਸੀ ਕਿ ਹਵਾਲਾ ਦੇ ਪੈਸਿਆਂ ਦਾ ਇਕ ਹਿੱਸਾ ਦੇਸ਼ 'ਚ ਹਿਜਬੁਲ ਮੁਜਾਹਿਦੀਨ ਦੀਆਂ ਕਾਰਵਾਈਆਂ 'ਚ ਲਾਇਆ ਗਿਆ।

ਆਈ. ਪੀ. ਓ. ਘਪਲਾ (2006) 61 ਕਰੋੜ ਰੁਪਏ – ਇੰਡੀਆ ਬੁਲਸ ਦੀ ਰੁਪਨਬੇਲ ਪੰਚਾਲ ਦੀ ਅਗਵਾਈ 'ਚ ਵਿਤ ਦਾਤਿਆਂ ਤੇ ਸ਼ੇਅਰ ਬਾਜ਼ਾਰ ਦੇ ਖਿਡਾਰੀਆਂ ਨੇ 61 ਕਰੋੜ ਰੁਪਏ ਦੇ ਮੁੱਲ ਦੇ ਰਿਜ਼ਰਵ ਕੀਤੇ ਗਏ ਆਈ ਪੀ ਓ ਸ਼ੇਅਰਾਂ ਨੂੰ ਗੈਰਕਨੂੰਨੀ ਤਰੀਕੇ ਨਾਲ ਹਾਸਲ ਕਰਨ ਲਈ ਬੇਨਾਮੀ ਤੇ ਫਰਜੀ ਡੀ ਮੈਟ ਖਾਤਿਆਂ ਦੀ ਵਰਤੋਂ ਕੀਤੀ ਗਈ। ਸੂਚੀ ਬੱਧ ਹੋਣ ਦੇ ਪਹਿਲੇ, ਹੀ ਦਿਨ ਜਦ ਇਹ ਸ਼ੇਅਰ ਵੇਚੇ ਗਏ ਤਾਂ ਛੋਟੇ ਨਿਵੇਸ਼ਕ ਇਸ ਦਾ ਸ਼ਿਕਾਰ ਹੋ ਗਏ ਅਤੇ ਜਾਰੀ ਕੀਤੇ ਜਾਣ ਵਾਲੇ ਰੇਟਾਂ ਵਿਚਕਾਰ ਭਾਰੀ ਫਰਕ ਹੋਣ ਕਰਕੇ ਮੁਨਾਫਾ ਕਮਾਇਆ ਗਿਆ।

ਪ੍ਰਤਿਭੂਤੀ ਘਪਲਾ (1992) 4000 ਕਰੋੜ ਰੁਪਏ – ਅਪ੍ਰੈਲ 1992 'ਚ ਭਾਰਤੀ ਸਟੇਟ ਬੈਂਕ ਕੋਲ ਸਰਕਾਰੀ ਪ੍ਰਤੀਭੂਤੀਆਂ ਦੀ ਕਮੀ ਹੋ ਜਾਣ ਕਰਕੇ ਦਲਾਲ ਸਟਰੀਟ 'ਚ ਭਗਦੜ ਮੱਚ ਗਈ। ਜਾਂਚ ਤੋਂ ਪਤਾ ਲੱਗਿਆ ਕਿ ਇਸ ਘਪਲੇ 'ਚ 4000 ਕਰੋੜ ਰੁਪਏ ਦੀ ਹੇਰਾਫੇਰੀ ਹੋਈ ਅਤੇ ਇਸ 'ਚ ਅਨੇਕਾਂ ਕੌਮੀ ਤੇ ਵਿਦੇਸ਼ੀ ਬੈਂਕਾਂ ਦੇ ਉੱਚ ਅਧਿਕਾਰੀਆਂ ਤੋਂ ਇਲਾਵਾ ਸ਼ੇਅਰ ਬਾਜ਼ਾਰ ਦੇ ਦਲਾਲ, ਨੌਕਰਸ਼ਾਹ ਤੇ ਰਾਜਸੀ ਆਗੂ ਸ਼ਾਮਲ ਰਹੇ ਹਨ। ਦਹਿਸ਼ਤ ਇਸ ਕਦਰ ਫੈਲ ਗਈ ਕਿ ਸ਼ੇਅਰ ਬਾਜ਼ਾਰ ਬੰਦ ਰਹਿ ਗਏ ਅਤੇ ਸ਼ੇਅਰਾਂ ਦੇ ਭਾਅ 40 ਫੀਸਦੀ ਤੋਂ ਵੱਧ ਡਿਗ ਪਏ। ਜਿਸ ਕਾਰਨ 100000 ਕਰੋੜ ਰੁਪਏ ਦੇ ਬਾਜ਼ਾਰ ਮੁੱਲ ਦੇ ਬਰਾਬਰ ਘਾਟਾ ਹੋ ਗਿਆ। ਸਭ ਤੋਂ ਵੱਡੇ ਤੇਜੜੀਏ ਹਰਸ਼ਦ ਮਹਿਤਾ ਨੇ ਸਰਕਾਰੀ ਜਾਇਦਾਦਾਂ ਬਦਲੇ ਐਮਰਜੰਸੀ ਕਰਜਾ ਹਾਸਲ ਕਰਨ ਲਈ ਬੈਂਕਾਂ 'ਚ ਰੈਡੀ ਫਾਰਵਰਡ (ਆਰ ਐਫ) ਸੌਦਿਆਂ ਦੀ ਵਰਤੋਂ ਕੀਤੀ ਗਈ ਤੇ ਇਸ ਤਰ੍ਹਾਂ ਕਰੋੜਾਂ ਰੁਪਏ ਦੀ ਦਲਾਲੀ ਕਮਾ ਲਈ। ਉਸ ਨੇ ਕਰਾਡ ਬੈਂਡ ਅਤੇ ਮੈਟਰੋ ਪੋਲੀਟਨ ਕੋਆਪ੍ਰੇਟਿਵ ਬੈਂਕਾਂ ਦੇ ਅਧਿਕਾਰੀਆਂ ਨੂੰ ਰਿਸ਼ਤੇਦਾਰਾਂ ਨੂੰ ਰਿਸ਼ਵਤ ਦੇ ਕੇ ਫਰਜੀ ਬੈਂਕ ਰਸੀਦਾਂ (ਬੀ ਆਰ) ਜਾਰੀ ਕਰਵਾ ਲਈਆਂ। ਪਿਛੋਂ ਉਹ ਦੂਜੇ ਬੈਂਕਾਂ ਨੂੰ ਵੇਚ ਦਿੱਤੀਆਂ ਗਈਆਂ ਜਿਹਨਾਂ ਨੇ ਮਿਹਤਾ ਨੂੰ ਪੈਸਾ ਉਧਾਰ ਦਿੱਤਾ। ਇਹ ਬੈਂਕ ਇਸ ਮੁਕਾਲਤੇ 'ਚ ਰਿਹਾ ਕਿ ਉਹ ਸਰਕਾਰੀ ਜਾਇਦਾਦਾਂ ਬਦਲੇ ਕਰਜੇ ਦੇ ਰਹੇ ਹਨ। ਸ਼ੇਅਰਾਂ ਦੇ ਭਾਅ ਆਕਾਸ਼ ਛੂਹਣ ਲੱਗੇ ਤੇ ਬਾਜ਼ਾਰ 'ਚ ਕਰੋੜਾਂ ਰੁਪਏ ਦਾ ਹੜ੍ਹ ਆ ਗਿਆ। ਪਿੱਛੋਂ ਬੀ ਆਰ ਖਲਾਸ ਹੋਣ 'ਤੇ ਇਹ ਸ਼ੇਅਰ ਮੁਨਾਫੇ 'ਤੇ ਵੇਚੇ ਗਏ। ਘਪਲੇ ਦਾ ਭਾਂਡਾ ਫੁਟਿਆ ਤਾਂ ਕਈ ਬੈਂਕਾਂ ਨੂੰ ਬੇਮਾਨੀ ਬੀ ਆਰ ਦੀ ਆੜ 'ਚ ਕਰੋੜਾਂ ਰੁਪਏ ਦਾ ਚੂਨਾ ਲੱਗ ਗਿਆ।

ਯੂ ਟੀ ਆਈ ਘੋਟਾਲਾ (2000)–32 ਕਰੋੜ ਰੁਪਏ – ਯੂਨਿਟ ਟਰੱਸਟ ਆਫ ਇੰਡੀਆ (UTI) ਦੇ ਸਾਬਕਾ ਮੁਖੀ ਪੀ ਐਸ ਸੁਬਰਾਮਣੀਆ ਤੇ ਦੋ ਕਾਰਜਕਾਰੀ ਨਿਰਦੇਸ਼ਕਾਂ ਐਮ ਐਮ ਕਪੂਰ ਅਤੇ ਐਸ ਕੇ ਬਸੂ ਨੇ ਸ਼ੇਅਰ ਬਾਜ਼ਾਰ ਦੇ ਦਲਾਲ ਰਾਕੇਸ਼ ਮਹਿਤਾ ਨਾਲ ਗੰਢਤੁਪ ਕਰਕੇ ਸਾਈਬਰ ਸਪੇਸ ਇਨਫੋਸਿਸ ਦੇ 40,000 ਸ਼ੇਅਰ ਲਗਭਗ

3.3 ਕਰੋੜ ਰੁਪਏ ’ਚ ਖਰੀਦ ਲਏ। ਉਸ ਸਮੇਂ ਇਸ ਸ਼ੇਅਰ ਦਾ ਬਾਜ਼ਾਰ ’ਚ ਕੋਈ ਖਰੀਦਦਾਰ ਹੀ ਨਹੀਂ ਸੀ। ਸੀ ਬੀ ਆਈ ਅਨੁਸਾਰ ‘ਇਸ ਸਾਜ਼ਿਸ’ ਦਾ ਸਿੱਟਾ ਇਹ ਹੋਇਆ ਕਿ ਯੂ ਟੀ ਆਈ ਨੂੰ 32 ਕਰੋੜ ਰੁਪਏ ਦਾ ਘਾਟਾ ਉਠਾਉਣਾ ਪਿਆ। ਦੋਸ਼ ਇਹ ਵੀ ਹੈ ਕਿ ਸਾਈਬਰ ਸਪੇਟ ਦੇ ਪ੍ਰੋਮੋਟਰ ਅਰਵਿੰਦ ਜੋਹਰੀ ਨੇ ਆਪਣੀ ਕੰਪਨੀ ਦੇ ਸ਼ੇਅਰ ਨੂੰ ਅੱਗੇ ਵਧਾਉਣ ਲਈ ਯੂ. ਟੀ. ਆਈ. ਦੇ ਅਧਿਕਾਰੀਆਂ ਨੂੰ 50 ਲੱਖ ਰੁਪਏ ਦੀ ਰਿਸ਼ਵਤ ਦਿੱਤੀ।

ਇੰਡੀਅਨ ਬੈਂਕ ਘਪਲਾ (1992) ਇੰਡੀਆ ਬੈਂਕ ਨੇ ਗੈਰ ਭਰੋਸੇਮੰਦ ਲੋਕਾਂ ਨੂੰ ਕਰਜੇ ਦਿੱਤੇ ਤਾਂ ਉਸ ਨੂੰ ਕੁੱਲ ਮਿਲਾ ਕੇ 1300 ਕਰੋੜ ਦੀ ਰਕਮ ਤੋਂ ਹੱਥ ਧੋਣਾ ਪਿਆ। ਬੈਂਕ ਦੇ ਉਸ ਵੇਲੇ ਦੇ ਮੁਖੀ ਐਮ ਗੋਪਾਲ ਕ੍ਰਿਸ਼ਣ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਗਿਆ।

ਝ. ਮੂ. ਮੋ. ਰਿਸ਼ਵਤ ਕਾਂਡ (1995) ਪੀ ਵੀ ਨਰਸਿਮਹਾ ਰਾਓ ਦੀ ਸਰਕਾਰ ਨੇ 1993 ’ਚ ਪੇਸ਼ ਕੀਤੇ ਗਏ ਬੇਭਰੋਸਗੀ ਮਤੇ ’ਚ ਹਮਾਇਤ ਹਾਸਲ ਕਰਨ ਲਈ ਝਾਰਖੰਡ ਮੁਕਤੀ ਮੋਰਚਾ ਦੇ ਐਮਪੀਆਂ ਨੂੰ 30 30 ਲੱਖ ਰੁਪਏ ਰਿਸ਼ਵਤ ਵਜੋਂ ਦਿੱਤੇ।

ਪਲਪ ਕਾਂਡ – ਵਪਾਰੀ ਲੱਖੂਭਾਈ ਪਾਠਕ ਨੇ ਕਿਹਾ ਕਿ ਉਹਨਾਂ ਨੇ ਕਾਗਜ ਦੀ ਲੁਗਦੀ ਦਾ ਇਕ ਠੇਕਾ ਹਾਸਲ ਕਰਨ ਲਈ ਤਤਕਲੀਨ ਪ੍ਰਧਾਨ ਪੀ. ਵੀ. ਨਰਸਿਮਹਾ ਰਾਓ ਤੇ ਤਾਂਤਰਿਕ ਚੰਦਰਾਸੁਆਮੀ ਨੂੰ 10 ਲੱਖ ਦੀ ਰਿਸ਼ਵਤ ਦਿੱਤੀ।

ਦੂਰਸੰਚਾਰ ਘਪਲਾ (1996) ਤਤਕਲੀਨ ਦੂਰ ਸੰਚਾਰ ਮੰਤਰੀ ਸੁਖਰਾਮ ਨੇ ਦੂਰ ਸੰਚਾਰ ਉਪਕਰਣਾਂ ਦੀ ਸਪਲਾਈ ਲਈ ਹੈਦਰਾਬਾਦ ਦੀ ਇਕ ਕੰਪਨੀ ਨੂੰ ਚੁਣਿਆ ਜਿਸ ’ਚ ਉਹਨਾਂ ਨੇ ਟੈਂਡਰ ਦੀ ਘੱਟ ਰਕਮ ਦੀ ਅਣਦੇਖੀ ਕੀਤੀ। ਇਸ ਨਾਲ ਸਰਕਾਰੀ ਖਜ਼ਾਨੇ ਨੂੰ 16 ਕਰੋੜ ਰੁਪਏ ਦਾ ਚੂਨਾ ਲੱਗਿਆ। ਇਸ ਕਾਰਨ 2002 ’ਚ ਉਹਨਾਂ ਨੂੰ ਜੇਲ੍ਹ ਜਾਣਾ ਪਿਆ।

ਮਿਊਚਲ ਫੰਡ ਘਪਲਾ (2001) 1350 ਕਰੋੜ ਰੁਪਏ – ਸਰਕਾਰ ਨੇ ਕਰਦਾਤਿਆਂ ਦੀ 4800 ਰੁਪਏ ਦੀ ਰਕਮ ਦੇ ਕੇ ਯੂ ਟੀ ਆਈ ਨੂੰ ਉਭਾਰ ਲਿਆ ਤਾਂ ਉਸ ਪਿਛੋਂ ਉਸ ਨੇ ‘ਪੈਂਟਾਫੋਰ ਬੁਲ’ ਕੇਤਨ ਪਾਰਿਖ ਤੋਂ ਛਲਯੁਕਤ ਸ਼ੇਅਰ ਦੀ ਭਾਰੀ ਗਿਣਤੀ ਖਰੀਦ ਲਈ, ਸੰਨ 2001 ’ਚ ਬਾਜ਼ਾਰਾਂ ਜਦ ਢਹਿ ਢੇਰੀ ਹੋਇਆ ਸੀ ਤਾਂ ਸੇਬੀ ਪਾਰਿਖ ਸਮੇਤ ਅਨੇਕ ਦਲਾਲਾਂ ਦੇ ਹਿਸਾਬ–ਕਿਤਾਬ ਦਾ ਨਿਰੀਖਣ ਕਰਨ ’ਤੇ ਮਜ਼ਬੂਰ ਹੋ ਗਈ। ਸੀ ਬੀ ਆਈ ਨੇ ਉਸ ਨੂੰ ਇਹਨਾਂ ਦੋਸ਼ਾਂ ਦੇ ਆਧਾਰ ’ਤੇ ਗ੍ਰਿਫਤਾਰ ਕਰ ਲਿਆ ਕਿ ਉਸ ਨੇ ਬੈਂਕ ਆਫ ਇੰਡੀਆ ਤੋਂ ਹੇਰਾਫੇਰੀ ਕਰਕੇ ਤਿੰਨ ਕਰੋੜ ਡਾਲਰ ਹੜੱਪ ਲਏ ਹਨ। ਸੈਂਕੜੇ ਲੋਕ ਇਸ ਨਾਲ ਦਿਵਾਲੀਆ ਹੋ ਗਏ ਅਤੇ ਅੱਠ ਨਿਵੇਸ਼ਕਾਂ ਨੇ ਆਤਮ ਹੱਤਿਆ ਕਰ ਲਈ ਅਤੇ ਅੰਤ ’ਚ ਬਜ਼ਾਰ ਦੇ 1,15000 ਕਰੋੜ ਰੁਪਏ ਇਸ ਘਪਲੇ ਦੀ ਭੇਟ ਚੜ੍ਹ ਗਏ।

ਭੰਸਾਲੀ ਘਪਲਾ (1995) 1200 ਕਰੋੜ ਰੁਪਏ :– ਬਿਜਨੇਸਮੈਨ ਚੇਨ ਰੂਪ ਭੰਸਾਲੀ ਨੇ ਆਪਣੀਆਂ ਵਿਤੀ ਕੰਪਨੀਆਂ ਸੀ ਆਰ ਬੀ ਕੈਪੀਟਲ ਮਾਰਕਟਰਸ, ਸੀ ਆਰ ਬੀ ਮਿਊਚਲ ਫੰਡ ਤੇ ਆਰ ਬੀ ਸ਼ੇਅਰ ਕਸੋਡੀਅਲ ਸਰਵਸਿਜ ’ਚ ਨਿਵੇਸ਼ ਕਰਨ ਲਈ ਜਨਤਕ ਸੱਦਾ ਦਿੱਤਾ ਤੇ ਉਸ ਪਿਛੋਂ ਇਹ ਪੈਸਾ ਫਰਜੀ ਨਾਂ ਦੀਆਂ ਕੰਪਨੀਆਂ ਨੂੰ ਤਬਦੀਲ ਕਰ ਦਿੱਤਾ ਸੀ। ਆਰ ਬੀ ਕੈਪੀਟਲ ਮਾਰਕਟਸ ਨੇ 176 ਕਰੋੜ ਰੁਪਏ

ਬਾਜ਼ਾਰ ਤੋਂ ਇਕੱਠੇ ਕੀਤੇ ਤਾਂ ਸੀ ਆਰ ਬੀ ਮਿਊਚਲ ਫੰਡਜ਼ ਨੇ 230 ਕਰੋੜ ਰੁਪਏ ਇਸ ਤੋਂ ਇਲਾਵਾ ਸਾਵਧੀ ਜਮਾਵਾਂ ਤੋਂ ਉਸ ਨੂੰ 180 ਕਰੋੜ ਰੁਪਏ ਵੀ ਇਕੱਠੇ ਕਰ ਲਏ। ਭੰਸਾਲੀ ਬਾਜ਼ਾਰ ਤੋਂ ਉਧਾਰ ਲੈ ਕੇ ਨਿਵੇਸ਼ਾਂ 'ਤੇ ਵਿਆਜ ਦਾ ਭੁਗਤਾਨ ਕਰਨਾ ਪਰ 1995 'ਚ ਸ਼ੇਅਰ ਬਾਜ਼ਾਰ ਦੇ ਮੂਧੇ ਮੂੰਹ ਡਿਗਣ ਨਾਲ ਭੰਸਾਲੀ ਵੀ ਢਹਿ ਢੇਰੀ ਹੋ ਗਿਆ ਤੇ ਪੁਲਸ ਨੇ ਉਸ ਨੂੰ ਘਰੇ ਆ ਦਬੋਚਿਆ।

ਮਧੂ ਕੌੜਾ ਘਪਲਾ (2009) 4000 ਕਰੋੜ ਰੁਪਏ – 10 ਅਕਤੂਬਰ 2009 ਨੂੰ ਪਰਵਰਤਨ ਡਾਇਰੈਕਟਰੇਟ ਨੇ ਝਾਰਖੰਡ ਦੇ ਮੁੱਖ ਮੰਤਰੀ ਮਧੂ ਕੌੜਾ 'ਤੇ ਚਾਰਜ਼ਸੀਟ ਦਾਖਲ ਕੀਤੀ ਕਿ ਉਹਨਾਂ ਨੇ ਕਾਲੀ ਕਮਾਈ ਦਾ 4000 ਕਰੋੜ ਰੁਪਏ ਤੋਂ ਵੱਧ ਦੀ ਰਕਮ ਨੂੰ ਨਜਾਇਜ਼ ਬਣਾਇਆ ਹੈ। ਸੰਨ 2005 'ਚ ਜਦ ਉਹ 35 ਸਾਲ ਦੀ ਉਮਰ 'ਚ ਮੁੱਖ ਮੰਤਰੀ ਬਣੇ ਤਾਂ ਉਹਨਾਂ ਦੀ ਐਲਾਨੀਆ ਜਾਇਦਾਦ ਕੁਲ ਮਿਲਾ ਕੇ 12 ਲੱਖ ਰੁਪਏ ਸੀ। ਪ੍ਰਵਰਤਨ ਡਾਇਰੈਕਟੋਰੇਟ ਨੇ ਮੁੰਬਈ ਤੇ ਕੋਲਕਾਤਾ 'ਚ ਉਹਨਾਂ ਦੇ ਹੋਟਲਾਂ, ਜਾਇਦਾਦ ਤੇ ਤਿੰਨ ਕੰਪਨੀਆਂ ਉਪਰ ਛਾਪੇ ਮਾਰੇ ਅਤੇ ਉਸ ਤੋਂ ਪਤਾ ਲੱਗਿਆ ਕਿ ਥਾਈਲੈਂਡ, ਇੰਡੋਨੇਸ਼ੀਆ, ਸਿੰਗਾਪੁਰ ਤੇ ਦੁਬਈ 'ਚ ਵੀ ਉਹਨਾਂ ਦੀ ਜਾਇਦਾਦ ਹੈ। ਉਹਨਾਂ ਨੇ ਲਾਇਬੇਰੀਆ 'ਚ ਵੀ 8.5 ਕਰੋੜ ਰੁਪਏ ਦੀ ਇਕ ਕੋਲਾ ਖਾਣ ਖਰੀਦ ਰੱਖੀ ਹੈ ਕਦੀ ਮਜ਼ਦੂਰੀ ਕਰਨ ਵਾਲੇ ਕੌੜਾ ਦੇ ਦੁਨੀਆਂ ਭਰ 'ਚ 1800 ਬੈਂਕ ਖਾਤੇ ਪਾਏ ਗਏ ਹਨ। ਜਾਂਚ ਕਰਤਾਵਾਂ ਦਾ ਕਹਿਣਾ ਸੀ ਕਿ ਕੌੜਾ ਦੀਆਂ ਬਹੁਤੀਆਂ ਜਾਇਦਾਦਾਂ ਉਹਨਾਂ ਦੇ ਮੁੱਖ ਸਹਿਭਾਗੀਆਂ ਚਾਈਬਾਸਾ ਦੇ ਵਿਨੋਦ ਸਿਨਹਾ ਤੇ ਜਮਸ਼ੇਦਪੁਰ ਦੇ ਸੰਜੈ ਚੌਧਰੀ ਦੇ ਨਾਂ 'ਤੇ ਹਨ।

ਯੂਰੀਆ ਸੌਦਾ (1996) ਤਤਕਲੀਨ ਪ੍ਰਧਾਨ ਮੰਤਰੀ ਨਰਸਿਮਾ ਰਾਓ ਦੇ ਕਰੀਬੀ ਦੱਸੇ ਜਾਂਦੇ ਕੁਝ ਸਾਜਸੀ ਵਪਾਰੀਆਂ ਨੇ ਨੈਸ਼ਨਲ ਫਰਟੀਲਾਈਜਰਸ ਲਿਮਟਿਡ ਦੇ ਪ੍ਰਬੰਧ ਨਿਰਦੇਸ਼ਕ ਸੀ ਐਸ ਰਾਮਕ੍ਰਿਸ਼ਨ ਦੇ ਨਾਲ ਮਿਲ ਕੇ ਦੋ ਲੱਖ ਟਨ ਯੂਰੀਆ ਦਰਾਮਦ ਕਰਨ ਦੇ ਇਕ ਐਸੇ ਸੌਦੇ ਨਾਲ 133 ਕਰੋੜ ਰੁਪਏ ਬਣਾ ਲਏ ਜੋ ਦੇਸ਼ 'ਚ ਆਏ ਹੀ ਨਹੀਂ।

ਮੈਚ ਫਿਕਸਿੰਗ (2000) ਮੁਹੰਮਦ ਅਜਹਰੂਦੀਨ ਨੂੰ ਕਪਤਾਨੀ ਤੋਂ ਹੱਥ ਧੋਣਾ ਪਿਆ ਤੇ ਟੀਮ 'ਚ ਉਸ ਦੇ ਕਰੀਬੀ ਖਿਡਾਰੀਆਂ ਅਜੈ ਸ਼ਰਮਾ, ਅਜੈ ਜਾਡੇਜਾ ਤੇ ਮਨੋਜ ਪ੍ਰਭਾਕਰ 'ਤੇ ਮੈਚ ਫਿਕਸਿੰਗ ਦੇ ਦੋਸ਼ ਲੱਗੇ ਤਾਂ ਉਹਨਾਂ ਨੇ ਖੇਡਣ 'ਤੇ ਪਾਬੰਦੀ ਲਾ ਦਿੱਤੀ ਗਈ।

ਹੋਮਟ੍ਰੇਂਡ ਘੋਟਾਲਾ – ਮੁੰਬਈ ਦੀ ਦਲਾਲੀ ਕਰਨ ਵਾਲੀ ਕੰਪਨੀ ਹੋਮਟ੍ਰੇਂਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੰਜੇ ਅੱਗਰਵਾਲ ਨੇ ਗਿਲਟ ਟ੍ਰੇਡਿੰਗ ਦੇ ਬਹਾਨੇ ਨਾਲ ਮਹਾਂਰਾਸ਼ਟਰ ਦੇ ਸਹਿਕਾਰੀ ਬੈਂਕਾਂ ਤੋਂ ਕੁੱਲ ਮਿਲਾ ਕੇ 600 ਕਰੋੜ ਰੁਪਏ ਦੀ ਰਕਮ ਠੱਗ ਲਈ।

ਤੇਲ ਬਦਲੇ ਅਨਾਜ ਘੋਟਾਲਾ (2005) ਵਾਲਕਰ ਰਿਪੋਰਟ ਵਿਚ ਇਸ ਖੁਲਾਸੇ ਪਿਛੋਂ ਕਿ ਤੇਲ ਬਦਲੇ ਅਨਾਜ ਘੁਟਾਲੇ 'ਚ ਗੈਰ-ਕਨੂੰਨੀ ਰਿਸ਼ਵਤ ਪਾਉਣ ਵਾਲਿਆਂ 'ਚ ਵਿਦੇਸ਼ ਮੰਤਰੀ ਕੰਵਰ ਨਟਵਰ ਸਿੰਘ ਤੇ ਉਸ ਦੇ ਪੁੱਤਰ ਜਗਤ ਸਿੰਘ ਹਨ। ਨਟਵਰ ਤੋਂ ਅਸਤੀਫਾ ਲੈ ਲਿਆ ਗਿਆ।

# ਲਾਬੀ ਇਸਟ (ਗੁਟਬੰਦੀ ਕਰਨ ਵਾਲੇ) ਭਾਵ ਸੱਤਾ ਦੇ ਦਲਾਲ?

ਭਾਜਪਾ ਦੇ ਉੱਚ ਕੋਟੀ ਦੇ ਨੇਤਾ ਯਾਨੀ ਲਾਲ ਕ੍ਰਿਸ਼ਨ ਅਡਵਾਨੀ ਨੇ ਵੀ ਇਸ ਗੱਲ 'ਤੇ ਹੈਰਾਨੀ ਜਾਹਰ ਕੀਤੀ ਕਿ ਯੂ ਪੀ ਏ ਸਰਕਾਰ ਨੂੰ ਗੁਟ-ਬੰਦੀ ਕਰਨ ਵਾਲੇ (ਲਾਬੀਇਸਟ) ਚਲਾ ਰਹੇ ਹਨ। ਅਡਵਾਨੀ ਨੇ ਵੀ ਉਹਨਾਂ ਟੇਪਾਂ ਤੇ ਗੱਲਾਂ ਨੂੰ ਸੁਣਿਆ ਜਿਹਨਾਂ ਨੂੰ ਸਰਕਾਰ ਨੇ ਰਿਕਾਰਡ ਕੀਤਾ ਸੀ। ਹੁਣ ਤਾਂ ਸਾਰੇ ਹੀ ਦੇਸ਼ ਨੂੰ ਪਤਾ ਲੱਗ ਗਿਆ ਹੈ ਕਿ ਯੂ ਪੀ ਏ ਸਰਕਾਰ ਦੇ ਦੂਜੇ ਕਾਰਜਕਾਲ ਦੌਰਾਨ ਕਿਹੜੇ-ਕਿਹੜੇ ਲੋਕਾਂ ਨੇ ਭੰਨਤੋੜ ਜਾਂ ਗੁਟਬੰਦੀ (ਲਾਬੀਇੰਗ) ਕਰਕੇ ਏ-ਰਾਜਾ ਨੂੰ ਸੰਚਾਰ ਮੰਤਰੀ ਬਣਾਇਆ। ਦੇਸ਼ 'ਚ ਲਾਬੀਇਸਟਾਂ ਦੇ ਵਧਦੇ ਦਾਇਰੇ ਪਿਛੋਂ ਹੁਣ ਨਵੀਂ ਬਹਿਸ ਛਿੜ ਗਈ ਹੈ ਕਿ ਆਖਰਕਾਰ ਇਹ ਲਾਬੀਇਸਟ ਹਨ ਕੌਣ? ਇਹਨਾਂ ਦਾ ਕੰਮ ਕਰਨ ਦਾ ਤਰੀਕਾ ਕੀ ਹੈ? ਇਹਨਾਂ ਦਾ ਉਦੇਸ਼ ਕੀ ਹੁੰਦਾ ਹੈ? ਲਾਬੀਇਸਟਾਂ ਦਾ ਅਸਲੀ ਧੰਦਾ ਕੀ ਹੈ? ਕਿੰਨੀ ਸ਼ਕਤੀਸ਼ਾਲੀ ਲਾਬੀ ਹੈ ਇਹਨਾਂ ਦੀ? ਅਜਿਹੇ ਬਹੁਤ ਸਾਰੇ ਸੁਆਲ ਹਨ ਜੋ ਫਿਜਾ ਵਿਚ ਤੈਰ ਰਹੇ ਹਨ। ਹਰ ਬੰਦਾ ਲਾਬੀਇਸਟਾਂ ਬਾਰੇ ਜਾਨਣਾ ਚਾਹੁੰਦਾ ਹੈ। ਸਿੱਧੇ ਸਪਸ਼ਟ ਸ਼ਬਦਾਂ 'ਚ ਦੱਸਿਆ ਜਾਵੇ ਤਾਂ ਲਾਬੀਇਸਟਾਂ ਨੂੰ 'ਦਲਾਲ' ਕਿਹਾ ਜਾਂਦਾ ਹੈ। ਹੁਣ ਦਲਾਲ ਦਾ ਨਾਂ ਦਿਮਾਗ 'ਚ ਆਉਂਦਿਆਂ ਹੀ ਲੋਕਾਂ ਦੇ ਜਹਿਨ 'ਚ ਪ੍ਰਾਪਰਟੀ ਡੀਲਰ, ਲਾਇਸੰਸ ਡੀਲਰ ਤੇ ਸ਼ੇਅਰ ਦਲਾਲਾਂ ਦੀ ਤਸਵੀਰ ਘੁੰਮਣ ਲਗਦੀ ਹੈ। ਪਰ ਇਹਨਾਂ ਦਲਾਲਾਂ ਦੇ ਮੁਕਾਬਲੇ ਲਾਬੀ ਇਸਟ ਤਾਂ ਬਹੁਤ ਵੱਡੇ ਦਲਾਲ ਹੁੰਦੇ ਹਨ। ਉਹ ਫਰਾਟੇਦਾਰ ਅੰਗ੍ਰੇਜ਼ੀ ਬੋਲਦੇ ਹਨ। ਬਹੁਤ ਪੜ੍ਹੇ ਲਿਖੇ ਹੁੰਦੇ ਹਨ। ਹਰ ਵੇਲੇ ਸਭਿਅਕ ਦਿਸਣ ਦੀ ਕੋਸ਼ਿਸ਼ ਕਰਦੇ ਹਨ। ਮਹਿੰਗੀਆਂ ਤੇ ਵਿਦੇਸ਼ੀ ਗੱਡੀਆਂ 'ਚ ਘੁੰਮਦੇ ਹਨ। ਸਭ ਤੋਂ ਵੱਡੀ ਗੱਲ ਇਹ ਕਿ ਉਹ ਅਕਸਰ ਦੇਸ਼ 'ਚ ਹੋਣ ਵਾਲੀਆਂ ਪੇਜ ਥ੍ਰੀ ਦੀਆਂ ਪਾਰਟੀਆਂ 'ਚ ਸ਼ਮੂਲੀਅਤ ਕਰਦੇ ਹਨ। ਲਾਬੀਇਸਟਾਂ ਦੀ ਪਹਿਚਾਣ ਹੁਣ ਤੱਕ ਬਹੁਤ ਮੁਸ਼ਕਿਲ ਸੀ ਤੇ ਜੇ ਕੋਈ ਉਨ੍ਹਾਂ ਨੂੰ ਜਾਣਦਾ ਵੀ ਸੀ ਤਾਂ ਉਹਨਾਂ ਦੇ ਅਸਲੀ ਧੰਦੇ ਨੂੰ ਉਜਾਗਰ ਕਰਨ ਦੀ ਹਿੰਮਤ ਉਹਨਾਂ 'ਚ ਨਹੀਂ ਸੀ ਹੁੰਦੀ। ਵਿਦੇਸ਼ੀ ਜਸੂਸੀ ਦੇ ਸ਼ਕ 'ਚ ਨੀਰਾ ਰਾਡੀਆ ਦੇ ਜੋ ਫੋਨ ਸਰਕਾਰ ਨੇ ਟੇਪ ਕੀਤੇ, ਉਹਨਾਂ ਦੇ ਜਨਤਕ ਹੋਣ ਪਿੱਛੋਂ ਪਤਾ ਲਗਿਆ ਕਿ ਪੱਤਰਕਾਰ, ਵਕੀਲ, ਨੌਕਰਸ਼ਾਹ, ਨੇਤਾ, ਸਾਬਕਾ ਨੌਕਰਸ਼ਾਹ ਤੇ ਸਨਅਤਕਾਰ ਕਿਸ ਤਰ੍ਹਾਂ ਦੇਸ਼ ਵਿਚ ਲਾਬਿੰਗ ਦੇ ਧੰਦੇ ਨੂੰ ਅੰਜਾਮ ਦੇ ਰਹੇ ਸਨ। ਦਰਅਸਲ ਦੇਸ਼ ਦੇ ਸਨਅਤਕਾਰਾਂ ਨੂੰ ਆਪਣਾ ਕੰਮ ਧੰਦਾ ਕਰਵਾਉਣ ਲਈ ਅਜਿਹੇ ਲੋਕਾਂ ਦੀ ਲੋੜ ਪੈਂਦੀ ਹੈ। ਜੋ ਸਰਕਾਰ ਤੋਂ ਲੈ ਕੇ ਨੌਕਰਸ਼ਾਹਾਂ ਵਿਚਕਾਰ ਇਕ ਪਕੜ ਰੱਖਦੇ ਹੋਣ। ਸਨਅਤੀ ਘਰਾਣੇ ਅਜਿਹੇ ਲੋਕਾਂ ਨੂੰ ਆਪਣੇ ਲਾਇਸੰਸ, ਕਲੀਅਰੈਂਸ, ਤੇ ਸਾਰੇ ਮਹਿਕਮਿਆਂ ਦੇ ਅਫਸਰਾਂ ਕੋਲ ਦੱਬੀਆਂ ਪਈਆਂ ਫਾਈਲਾਂ ਨੂੰ ਫਟਾਫਟ ਚਲਦਾ ਕਰ ਦਿੰਦੇ ਹਨ। ਨੇਤਾ ਤੋਂ ਲੈ ਕੇ ਵੱਡੇ-ਵੱਡੇ ਪ੍ਰਸ਼ਾਸ਼ਨਿਕ ਅਫਸਰ ਤਕ ਤੋਂ ਇਹ ਕੰਮ ਕਢਵਾ ਲੈਂਦੇ ਹਨ। ਬਦਲੇ 'ਚ ਉਹਨਾਂ ਨੂੰ ਸਨਅਤੀ ਘਰਾਣਿਆਂ ਤੋਂ ਮੋਟੀ ਰਕਮ ਮਿਲਦੀ ਰਹਿੰਦੀ ਹੈ। ਦੇਸ਼ ਦੇ ਟਰਾਂਸਪੋਰਟ/ਆਵਜਾਈ ਵਿਭਾਗ ਤੋਂ ਲੈ ਕੇ ਆਮਦਨ ਟੈਕਸ ਤੇ ਵਪਾਰ ਟੈਕਸ ਵਿਭਾਗ ਦੇ ਦਫਤਰਾਂ ਦੇ ਨੇੜੇ-ਤੇੜੇ

ਦਲਾਲਾਂ ਦੀ ਵੱਡੀ ਭੀੜ ਰਹਿੰਦੀ ਹੈ। ਇਹਨਾਂ ਵਿਭਾਗਾਂ 'ਚ ਆਉਣ ਵਾਲੇ ਲੋਕਾਂ ਦੇ ਵਿਭਾਗੀ ਕੰਮ ਇਹ ਦਲਾਲ ਚੁਟਕੀਆਂ 'ਚ ਕਰਵਾ ਲੈਂਦੇ ਹਨ। ਜਿਸ ਕੰਮ ਲਈ ਦਫਤਰ ਦੇ ਬਾਬੂ ਹਫਤਿਆਂ ਤਕ ਚੱਕਰ ਲਗਵਾਉਂਦੇ ਹਨ ਉਸ ਨੂੰ ਦਲਾਲ ਦੋ ਮਿੰਟਾਂ 'ਚ ਕਰਵਾ ਲੈਂਦੇ ਹਨ। ਦਰਅਸਲ ਵੱਖ-ਵੱਖ ਮਹਿਕਮਿਆਂ ਦੇ ਬਾਬੂ ਲੋਕ ਆਮ ਆਦਮੀ ਤੋਂ ਸਿੱਧੀ ਰਿਸ਼ਵਤ ਮੰਗਣ ਤੋਂ ਸਰਮਾਉਂਦੇ ਹਨ। ਦਲਾਲਾਂ ਨੂੰ ਹਰ ਕੰਮ ਦੇ ਰੇਟ ਪਤਾ ਹੁੰਦੇ ਹਨ। ਉਹ ਦਿਨ ਭਰ ਕੰਮ ਕਰਦੇ ਹਨ ਤੇ ਸ਼ਾਮ ਨੂੰ ਬਾਬੂਆਂ ਨਾਲ ਹਿਸਾਬ ਕਰਕੇ ਨਿਕਲ ਜਾਂਦੇ ਹਨ। ਲਾਬੀਇਸਟਾਂ ਦਾ ਕੰਮ ਦਲਾਲ ਤੋਂ ਥੋੜ੍ਹਾ ਵੱਖਰਾ ਹੁੰਦਾ ਹੈ। ਉਹ ਹਜ਼ਾਰਾਂ-ਲੱਖਾਂ ਦੇ ਕੰਮ ਨੂੰ ਹੱਥ ਹੀ ਨਹੀਂ ਲਾਉਂਦੇ ਬਲਕਿ ਕਰੋੜਾਂ ਅਰਬਾਂ ਦੀ ਖੇਡ-ਖੇਡਦੇ ਹਨ। ਲਾਬੀਇਸਟਾਂ ਦੀ ਪਹੁੰਚ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਹ ਨਾ ਸਿਰਫ ਨਿਯਮ ਕਾਇਦੇ ਕਨੂੰਨਾਂ ਨੂੰ ਬਦਲਣ 'ਚ ਮਹਾਰਤ ਰੱਖਦੇ ਹਨ ਬਲਕਿ ਸਰਕਾਰੀ ਨੀਤੀਆਂ ਨੂੰ ਵੀ ਬਦਲਾਉਣ ਦੀ ਤਾਕਤ ਰੱਖਦੇ ਹਨ। ਸਰਕਾਰ ਦੀਆਂ ਨੀਤੀਆਂ ਨੂੰ ਬਾਹਰੋਂ ਆਸਅੰਦਾਜ਼ ਕਰਨ ਵਾਲੇ ਲਾਬੀਇਸਟਾਂ ਨੂੰ ਇਹਨਾਂ ਗੱਲਾਂ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹਨਾਂ ਦੇ ਕੰਮਾਂ ਨਾਲ ਦੇਸ਼ ਨੂੰ ਘਾਟਾ ਪੈ ਰਿਹਾ ਹੈ, ਟੈਕਸ ਘਟ ਰਿਹਾ ਹੈ।

ਦੇਸ਼ ਦੇ ਬਹੁਤੇ ਵੱਡੇ ਮਹਿਕਮੇ 'ਚ ਕੰਮ ਕਰ ਚੁੱਕੇ ਸਾਬਕਾ ਨੌਕਰਸ਼ਾਹ ਕਹਿੰਦੇ ਹਨ ਕਿ ਲਾਬੀਇਸਟਾਂ ਦੀ ਲਾਬੀ ਏਨੀ ਤਾਕਤਵਰ ਹੁੰਦੀ ਹੈ ਕਿ ਇਹ ਇਮਾਨਦਾਰ ਆਦਮੀ ਦੀ ਬਦਲੀ ਕਰਵਾ ਕੇ ਆਪਣੇ ਰਾਹ ਦੀਆਂ ਮੁਸ਼ਕਿਲਾਂ ਨੂੰ ਹਟਾਉਂਦੀ ਹੋਈ ਚਲਦੀ ਹੈ। ਏਨਾ ਹੀ ਨਹੀਂ, ਇਹ ਲੋਕ ਦੇਸ਼ ਦੀ ਸੰਸਦ ਤੋਂ ਲੈ ਕੇ ਵਿਧਾਨ ਸਭਾਵਾਂ ਤਕ ਵਿਚ ਆਪਣੇ ਹਿੱਤਾਂ ਦੇ ਸੁਆਲ ਤਕ ਉਠਵਾ ਲੈਂਦੇ ਹਨ। ਉੜੀਸਾ 'ਚ ਪਿੱਛੇ ਜਿਹੇ ਹੀ ਇਕ ਬਹੁਕੌਮੀ ਦੁਆਰਾ ਇਕ ਵੱਡੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ। ਇਸ ਯੋਜਨਾ ਦੇ ਸ਼ੁਰੂਆਤੀ ਪੜਾਅ 'ਚ ਜਦ ਪ੍ਰੇਸ਼ਾਨੀਆਂ ਖੜ੍ਹੀਆਂ ਹੋਈਆਂ ਤਾਂ ਕੰਪਨੀ ਨੇ ਆਪਣੇ ਸਟਾਫ ਨੂੰ ਮਾਮਲਾ ਹੱਲ ਕਰਨ ਲਈ ਲਾਇਆ। ਪਰ ਮਾਮਲਾ ਨਹੀਂ ਨਿਬੜਿਆ ਥੱਕ ਹਾਰ ਕੇ ਕੰਪਨੀ ਨੇ ਲਾਬੀਇਸਟਾਂ ਦਾ ਸਹਾਰਾ ਲਿਆ ਜਿਸ ਪਿੱਛੋਂ ਰੁਕਿਆ ਪਿਆ ਕੰਮ ਚਲ ਨਿਕਲਿਆ। ਜੋ ਸਥਾਨਕ ਨੇਤਾ ਕੰਪਨੀ ਖਿਲਾਫ ਨਾਹਰੇ ਲਾ ਰਹੇ ਸਨ ਉਹ ਵੀ ਕੰਪਨੀ ਦੇ ਹੱਕ 'ਚ ਖੜ੍ਹੇ ਹੋ ਗਏ ਅਤੇ ਗੁਣਗਾਣ ਕਰਨ ਲੱਗੇ ਕਿ ਇਹ ਕੰਪਨੀ ਖੇਤਰ 'ਚ ਵਿਕਾਸ ਦੀ ਗੰਗਾ ਵਹਾ ਦੇਵੇਗੀ। ਇਹੀ ਕਮਾਲ ਹੁੰਦਾ ਹੈ ਲਾਬੀਇਸਟਾਂ (ਜੋੜ-ਤੋੜ ਕਰਨ ਵਾਲਿਆਂ) ਦਾ ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਲਾਬੀਇਸਟ ਸਨਅਤੀ ਘਰਾਨਿਆਂ ਦੀ ਮਾਰਫਤ ਰਾਜਸੀ ਪਾਰਟੀਆਂ ਨੂੰ ਚੰਦਾ ਦਿੰਦੇ ਹਨ ਅਤੇ ਵੱਡੇ ਨੇਤਾਵਾਂ ਦੇ ਚੋਣਾਵਾਂ ਤਕ ਦਾ ਸਾਰਾ ਪ੍ਰਬੰਧ ਤਕ ਸੰਭਾਲਦੇ ਹਨ। ਇਕ ਜਾਣਕਾਰੀ ਅਨੁਸਾਰ ਦੇਸ਼ 'ਚ ਇਹ ਹਰ ਸਾਲ ਅਰਬਾਂ ਰੁਪਏ ਦਾ ਕਾਰੋਬਾਰ ਕਰਦੇ ਹਨ ਅਤੇ ਕਰੋੜਾਂ ਰੁਪਏ ਤੋਹਫਿਆਂ ਵਜੋਂ ਲੈਂਦੇ ਹਨ। ਦੇਸ਼ ਦੀਆਂ ਕਈ ਵੱਡੀਆਂ ਕੰਪਨੀਆਂ ਤਾਂ ਇਹਨੀਂ ਦਿਨੀ ਆਪਣੇ ਸਟਾਫ 'ਚ ਬਕਾਇਆ ਆਫੀਸਰ ਨੂੰ ਤੈਨਾਤ ਕਰਨ ਲੱਗੀਆਂ ਹਨ। ਝਾਰਖੰਡ, ਸਤੀਸ਼ਗੜ੍ਹ, ਮਹਾਂਰਾਸ਼ਟਰ, ਉਤਰਾਖੰਡ ਤੇ ਹਿਮਾਚਲ 'ਚ ਪਾਵਰ ਪਲਾਂਟ, ਸਟੀਲ ਪਲਾਂਟ ਤੇ ਰਿਅਲਇਸਟੇਟ ਦਾ ਕਾਰੋਬਾਰ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਨੇ ਫੁੱਲ ਟਾਈਮ ਲਾਈਜਨਰਾਂ ਦੀ ਨਿਯੁਕਤੀ ਕਰ ਰੱਖੀ ਹੈ। ਕੰਪਨੀਆਂ ਦੇ ਲਾਈਜਨਰ ਵੱਡੇ-ਵੱਡੇ ਲਾਬੀਇਸਟਾਂ ਦੇ ਨਾਲ ਮਿਲ ਕੇ ਆਪਣੀਆਂ ਕੰਪਨੀਆਂ

ਨੂੰ ਫਾਇਦਾ ਪਹੁੰਚਾਉਣ ਦਾ ਕੰਮ ਕਰ ਰਹੇ ਹਨ। ਸਾਮ ਦਾਮ, ਦੰਡ, ਭੇਦ ਚਾਰੋ ਨੀਤੀਆਂ ਨਾਲ ਇਹ ਲੋਕ ਕੰਮ ਕਰ ਲੈਂਦੇ ਹਨ। ਇਥੇ ਇਕ ਗੱਲ ਸਪਸ਼ਟ ਤੌਰ ਤੇ ਸਾਫ ਕਰ ਲਈਏ ਕਿ ਲਾਬੀਇੰਗ ਕਰਨ ਵਾਲੇ ਲਾਬੀਇਸਟਾਂ ਤੇ ਕੰਮ-ਧੰਦੇ ਕਰਵਾਉਣ ਵਾਲੇ ਦਲਾਲਾਂ 'ਚ ਬਹੁਤ ਫਰਕ ਹੁੰਦਾ ਹੈ। ਦਲਾਲ ਕਿਸੇ ਵਿਅਕਤੀ ਵਿਸ਼ੇਸ਼ ਦੇ ਹੱਕ 'ਚ ਸਰਗਰਮ ਨਹੀਂ ਹੁੰਦੇ ਬਲਕਿ ਲੋਕਾਂ ਦਾ ਕੰਮ ਕਰਵਾਉਂਦੇ ਹਨ ਅਤੇ ਆਪਣਾ ਕਮਿਸ਼ਨ ਲੈ ਕੇ ਨਿਕਲ ਜਾਂਦੇ ਹਨ। ਜਦ ਕਿ ਲਾਬੀਇਸਟ ਤਾਂ ਸਰਕਾਰੀ ਨੀਤੀਆਂ ਨੂੰ ਬਦਲਾਉਣ ਤੋਂ ਲੈ ਕੇ ਆਪਣੇ ਹਿਸਾਬ ਨਾਲ ਨੀਤੀਆਂ ਬਣਾਉਣ ਤਕ ਦਾ ਠੇਕਾ ਲੈਂਦੇ ਹਨ ਅਤੇ ਕਿਵੇਂ ਨਾ ਕਿਵੇਂ ਆਪਣਾ ਕੰਮ ਕੱਢ ਲੈਂਦੇ ਹਨ। ਕੰਮ ਦੇ ਪਿੱਛੋਂ ਚਾਹੇ ਜੋ ਹੋਵੇ ਸੀ ਬੀ ਆਈ ਮਾਮਲੇ ਦੀ ਖੋਜ ਬੀਨ ਕਰੇ ਜਾਂ ਪੁਲਸ, ਉਹਨਾਂ ਨੂੰ ਕੋਈ ਫਰਕ ਨਹੀਂ ਪੈਂਦਾ। ਇਹ ਹੈ ਮੌਜੂਦਾ ਵਿਵਸਥਾ ਦਾ ਕੌੜਾ ਸੱਚ।

ਲਾਬੀਇਸਟਾਂ ਤੋਂ ਦੇਸ਼ ਦੀ ਅੰਦਰੂਨੀ ਸੁਰਖਿਆ ਨੂੰ ਵੀ ਖਤਰਾ ਹੋ ਸਕਦਾ ਹੈ। ਗੁਪਤ ਸਰਕਾਰੀ ਨੀਤੀਆਂ ਉਜਾਗਰ ਹੋ ਸਕਦੀਆਂ ਹਨ, ਕਾਰਪੋਰੇਟ ਘਰਾਣਿਆਂ ਦੀ ਨਿਜਤਾ ਭੰਗ ਹੋ ਸਕਦੀ ਹੈ, ਭਰਿਸ਼ਟਾਚਾਰ ਨੂੰ ਹੱਲਾਸ਼ੇਰੀ ਮਿਲਦੀ ਹੈ।

# ਕਿਉਂ ਡਰਦੀ ਹੈ ਸਰਕਾਰ ਹਸਨ ਅਲੀ ਖਾਨ ਤੋਂ?

ਸਵਿਸ ਬੈਂਕ 'ਚ ਇਸ ਬੰਦੇ ਦਾ ਖਾਤਾ ਹੈ, ਇਸ ਦੇ ਸਿਰ 50 ਹਜ਼ਾਰ ਕਰੋੜ ਦਾ ਟੈਕਸ ਬਕਾਇਆ ਹੈ। ਸਰਕਾਰ ਚੁੱਪ ਕਿਉਂ? ਹਸਨ ਅਲੀ ਖਾਨ ਤੋਂ ਪੁੱਛੋ ਕਿ ਉਹ ਕੀ ਕਰਦੇ ਹਨ ਤੇ ਨਿਮਰਤਾਪੂਰਵਕ ਜੁਆਬ ਮਿਲੇਗਾ ਕਿ ਉਹ 30 ਲੱਖ ਰੁਪਏ ਸਾਲਾਨਾ ਆਮਦਨ ਵਾਲੇ 'ਮਾਮੂਲੀ ਕਬਾੜੀਏ' ਹਨ। ਪਰ ਇਸ "ਮਾਮੂਲੀ ਕਬਾੜੀਏ" ਨੇ ਆਪਣੇ ਇਕ ਸਵਿਸ ਬੈਂਕ ਖਾਤੇ 'ਚ 8 ਅਰਬ ਡਾਲਰ ਜਮ੍ਹਾਂ ਕਰ ਰੱਖੇ ਹਨ। ਭਾਰਤ ਸਰਕਾਰ ਨੇ ਇਸ ਦੀ ਪੁਸ਼ਟੀ ਵੀ ਕਰ ਲਈ ਹੈ। ਉਹਨਾਂ ਦਾ ਖਾਤਾ ਯੂ. ਬੀ. ਐਸ. ਵਿਚ ਹੈ। ਸਰਕਾਰ ਨੇ ਉਹਨਾਂ ਨੂੰ ਇਸ ਰਕਮ 'ਤੇ 50 ਹਜ਼ਾਰ ਰੁਪਏ ਦਾ ਟੈਕਸ ਅਦਾ ਕਰਨ ਦਾ ਹੁਕਮ ਦਿੱਤਾ ਹੈ। ਪਰ ਖਾਨ ਦੇ ਕੰਨ 'ਤੇ ਜੂੰ ਨਹੀਂ ਸਰਕੀ ਤੇ ਉਸ ਨੇ ਇਕ ਰੁਪਿਆ ਵੀ ਨਹੀਂ ਦਿੱਤਾ ਹੈ। ਜ਼ਾਹਿਰ ਹੈ ਉਸ ਨੂੰ ਇਸ ਦੀ ਉੱਕ ਹੀ ਕੋਈ ਪ੍ਰਵਾਹ ਨਹੀਂ। ਖਾਨ 24 ਜਨਵਰੀ ਨੂੰ ਪੁਣੇ ਰੇਸ ਕੋਰਸ 'ਚ ਸ਼ਰਤ ਲਾਉਂਦੇ ਵੀ ਵੇਖੇ ਗਏ ਸਨ। ਉਹਨਾਂ ਦਾ ਮੰਨਣਾ ਹੈ ਕਿ ਉਹਨਾਂ ਨੂੰ ਦਿੱਲੀ ਦੀਆਂ ਸ਼ਕਤੀਸ਼ਾਲੀ ਹਸਤੀਆਂ ਦਾ ਵਰਦਾਨ ਹਾਸਲ ਹੈ। ਅਧਿਕਾਰੀਆਂ ਕੋਲ ਲੋੜੀਂਦੇ ਸਬੂਤ ਵੀ ਹਨ ਪਰ ਉਹਨਾਂ ਨੇ ਕਰੀਬ ਤਿੰਨ ਸਾਲਾਂ ਤੋਂ ਕੁਝ ਨਹੀਂ ਕੀਤਾ ਹੈ। ਸਰਕਾਰ ਨੇ ਖਾਨ ਦੀ ਵਿਸ਼ਾਲ ਸੰਪਤੀ (ਜਿਸ ਦੇ ਸਰੋਤ ਅਜੇ ਵੀ ਜੱਗ ਜਾਹਰ ਹਨ) ਦੀ ਜਾਂਚ ਜਨਵਰੀ 2007 'ਚ ਸ਼ੁਰੂ ਕੀਤੀ ਸੀ। ਉਸ ਵੇਲੇ ਆਮਦਨ ਟੈਕਸ (ਆਈ ਟੀ) ਵਿਭਾਗ ਨੇ ਪੁਣੇ, ਮੁੰਬਈ ਤੇ ਕੋਲਕਾਤਾ 'ਚ ਖਾਨ ਤੇ ਉਹਨਾਂ ਦੇ ਸਹਿਯੋਗੀਆਂ ਦੇ ਠਿਕਾਣਿਆਂ 'ਤੇ ਕਈ ਛਾਪੇ ਮਾਰੇ। 5 ਜਨਵਰੀ 2007 ਨੂੰ ਮਾਰੇ ਗਏ ਛਾਪਿਆਂ ਦੌਰਾਨ ਬਰਾਮਦ ਜਾਣਕਾਰੀਆਂ ਤੇ ਦਸਤਾਵੇਜਾਂ ਸਬੂਤਾਂ ਦੇ ਆਧਾਰ 'ਤੇ ਪ੍ਰੀਵਰਤਨ ਡਾਇਰੈਕਟੋਰੇਟ (ਈ. ਡੀ.) ਨੇ 8 ਜਨਵਰੀ 2007 ਨੂੰ ਜ਼ਬਰਦਸਤ ਇਨਫੋਰਸਮੈਂਟ ਕੇਸ ਇਨਫਾਰਮੇਸ਼ਨ ਰਿਪੋਰਟ ਦਾਖਲ ਕੀਤੀ। ਈ. ਡੀ. ਰਿਪੋਰਟ ਅਤੇ ਛਾਪੇ ਦੌਰਾਨ ਬਰਾਮਦ ਦਸਤਾਵੇਜ਼ੀ ਸਬੂਤਾਂ ਨੂੰ ਏਨਾ ਮਹੱਤਵਪੂਰਨ ਮੰਨਿਆ ਗਿਆ ਸੀ ਕਿ ਉਹਨਾਂ ਦੇ ਆਧਾਰ 'ਤੇ ਖਾਨ ਤੇ ਉਹਨਾਂ ਦੇ ਸਹਿਯੋਗੀਆਂ ਖਿਲਾਫ ਪੜਤਾਲ 'ਚ ਸਹਿਯੋਗ ਕਰਨ ਲਈ ਪੰਜ ਵਿਦੇਸ਼ੀ ਸਰਕਾਰਾਂ ਨੂੰ ਬੇਨਤੀ ਪੱਤਰ ਭੇਜਿਆ ਗਿਆ। ਪ੍ਰਵੈਨਸ਼ਨ ਆਫ ਮਨੀ ਲਾਂਡਰਿੰਗ ਐਕਟ 2002 ਦੇ ਤਹਿਤ ਮੁੰਬਈ ਦੀ ਵਿਸ਼ੇਸ਼ ਅਦਾਲਤ ਨੇ ਖਾਨ ਤੇ ਉਸ ਦੇ ਸਹਿਯੋਗੀਆਂ ਦੇ ਪੰਜ ਖਤਾਂ ਦਾ ਬਿਉਰਾ ਦਿੰਦਿਆਂ ਸਿੰਗਾਪੁਰ, ਅਮਰੀਕਾ, ਹਾਂਗਕਾਂਗ, ਬ੍ਰਿਟੇਨ, ਯੂ. ਏ. ਈ. ਦੇ ਅਧਿਕਾਰੀਆਂ ਨੂੰ 2009 ਦੌਰਾਨ ਬੇਨਤੀ ਭੇਜੀ। ਹਰੇਕ ਚਿੱਠੀ 'ਚ ਇਹਨਾਂ ਪੰਜ ਦੇਸ਼ਾਂ 'ਚ ਇਹਨਾਂ ਸਵਿਸ ਬੈਂਕ ਖਾਤਿਆਂ ਵਿਚੋਂ ਵਿਦੇਸ਼ੀਆਂ ਨੂੰ ਕੀਤੇ ਗਏ ਲੈਣ-ਦੇਣ ਦਾ ਬਿਓਰਾ ਸ਼ਾਮਲ ਹੈ। ਇਹ ਅੱਠ ਅਰਬ ਡਾਲਰ ਤਾਂ ਘੱਟੋ-ਘੱਟ ਰਾਸ਼ੀ ਹੈ:- ਖਾਨ ਦੀ ਕੁਲ ਜਾਇਦਾਦ ਇਸ ਤੋਂ ਕਿਤੇ ਵੱਧ ਹੋ ਸਕਦੀ ਹੈ ਕਿਉਂਕਿ ਉਸ ਦੇ ਇਕ ਤੋਂ ਵੱਧ ਬੈਂਕ ਖਾਤੇ ਹਨ। ਜਾਂਚ ਕਰਤਾਵਾਂ ਦਾ ਕਹਿਣਾ ਹੈ ਕਿ ਇਹ ਹੈਰਾਨ ਕਰਨ ਵਾਲਾ ਅੰਕੜਾ ਭਾਰਤ ਤੇ ਵਿਦੇਸ਼ ਦੇ ਵੱਖ-ਵੱਖ ਲੋਕਾਂ ਨਾਲ ਸੌਦੇਬਾਜੀ ਕਰਕੇ ਤਿਆਰ ਹੋਇਆ ਹੈ। ਇਹਨਾਂ ਲੋਕਾਂ 'ਚ ਹਥਿਆਰਾਂ ਦਾ ਕੌਮਾਂਤਰੀ ਦਲਾਲ ਅਦਨਾਨ ਖਸ਼ੋਗੀ ਵੀ ਸ਼ਾਮਲ ਹੈ। ਕੋਲਕਾਤਾ ਦੇ ਵਪਾਰੀ ਕਾਂਸ਼ੀਨਾਥ ਤਾਪੜੀਆ ਭਾਰਤ 'ਚ ਚੀਨ ਦੇ ਇਕ ਕਰੀਬੀ ਵਪਾਰੀ ਸਾਂਝੀਦਾਰ ਹਨ। ਤਾਪੜੀਆ ਦੀ ਪਤਨੀ ਚੰਦਰਿਕਾ 20000

ਕਰੋੜ ਰੁਪਏ ਦਾ ਆਮਦਨ ਟੈਕਸ ਨੋਟਿਸ ਪਹਿਲਾਂ ਹੀ ਭੇਜਿਆ ਜਾ ਚੁੱਕਿਆ ਹੈ। ਸਰਕਾਰ ਨੂੰ ਸ਼ੱਕ ਹੈ ਕਿ ਖਾਨ ਦੇ ਖਾਤੇ 'ਚ ਜਮ੍ਹਾਂ ਰਕਮ ਦਾ ਕੁਝ ਹਿੱਸਾ ਜਹਾਜ਼ ਸੌਦੇ 'ਚ ਮਿਲੇ ਜਾਇਜ਼ ਕਮਿਸ਼ਨ ਦਾ ਹੋ ਸਕਦਾ ਹੈ। ਈ. ਡੀ. ਦੀ ਕੇਸ ਇਨਫਾਰਮੇਸ਼ਨ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਜਹਾਜ਼ ਸੌਦੇ ਇਕ ਅਮਰੀਕੀ ਕੰਪਨੀ ਤੇ ਏਅਰ ਇੰਡੀਆ ਵਿਚਕਾਰ ਕੀਤੇ ਗਏ ਸਨ। ਖਾਨ ਪਾਸ ਏਨੀਆਂ ਜਾਣਕਾਰੀਆਂ ਹਨ ਕਿ ਇਹ ਭਾਰਤ ਦੇ ਬਾਹਰ ਵੱਡੇ ਪੈਮਾਨੇ 'ਤੇ ਹਵਾਲਾ ਲੈਣ ਦੇਣ ਬਾਰੇ ਸਿੱਧੀ ਤੇ ਅਸਿਧੀਆਂ ਗੱਲਾਂ ਬਣਾ ਸਕਦੇ ਹਨ। ਪਰ ਉਹਨਾਂ ਨੇ ਇਕ ਲਿਖਤੀ ਇਕਬਾਲੀਆ ਬਿਆਨ 'ਚ ਇਸ ਤੋਂ ਪੂਰੀ ਤਰ੍ਹਾਂ ਅਣਭਿਜ ਹੋਣ ਦਾ ਦਾਅਵਾ ਕੀਤਾ ਹੈ। ਪੁਸ਼ਟੀਯੋਗ ਤੱਥਾਂ ਤੋਂ ਉਹਨਾਂ ਦਾ ਇਹ ਇਕਬਾਲੀਆ ਬਿਆਨ ਝੂਠ ਦਾ ਪੁਲੰਦਾ ਲਗਦਾ ਹੈ। ਪਰ ਸਰਕਾਰ ਹੱਥ 'ਤੇ ਹੱਥ ਧਰ ਕੇ ਬੈਠੀ ਦਿਸ ਰਹੀ ਹੈ। ਖਾਨ ਦਾ ਮੰਨਣਾ ਹੈ ਕਿ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ ਨਾ ਹੀ ਉਸ ਦੀ ਕੋਈ ਜੁਆਬਦੇਹੀ ਹੈ, ਲੋਕਾਂ ਦੇ ਦਬਾਅ ਕਾਰਨ ਕੇਂਦਰ ਸਰਕਾਰ ਆਖਰਕਾਰ ਕੁਝ ਕਰਨ ਲਈ ਮਜ਼ਬੂਰ ਹੋਈ ਹੈ। ਅਲਬੱਤਾ ਇਹ ਬਹੁਤ ਘੱਟ ਹੈ। ਜਰਮਨ ਅਧਿਕਾਰੀਆਂ ਨੇ ਸਰਕਾਰ ਨੂੰ ਲਿਸਟੇਂਟਾਈਨ ਬੈਂਕ 'ਚ 26 ਲੋਕਾਂ ਦੇ ਖਾਤਿਆਂ ਦੀ ਸੂਚੀ ਦੇ ਦਿੱਤੀ ਹੈ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ। 20 ਜਨਵਰੀ ਨੂੰ ਕੇਂਦਰੀ ਮੰਤਰੀ ਮੰਡਲ 'ਚ ਕਾਲੇਧਨ ਦੇ ਮੁੱਦੇ 'ਤੇ ਚਰਚਾ ਹੋਈ ਸੀ ਪਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਵਿਦੇਸ਼ 'ਚ ਖਾਤਾ ਖੋਲ੍ਹਣ ਵਾਲੇ ਲੋਕਾਂ ਦੇ ਨਾਂ ਜਨਤਕ ਨਹੀਂ ਕੀਤੇ ਜਾ ਸਕਦੇ, ਕਿਉਂਕਿ ਉਹਨਾਂ ਬਾਰੇ ਜਾਣਕਾਰੀ ਉਹਨਾਂ ਨੇ 'ਗੁਪਤ' ਰੱਖਣ ਦੀ ਸ਼ਰਤ 'ਤੇ ਹਾਸਲ ਕੀਤੀ ਗਈ ਹੈ। ਇਸ ਕਾਰਨ ਵਿਰੋਧੀ ਧਿਰ ਨੇ ਸਰਕਾਰ 'ਤੇ 'ਲਿਪਾਪੋਚੀ' ਕਰਨ ਦਾ ਇਲਜਾਮ ਲਾਉਣਾ ਸ਼ੁਰੂ ਕਰ ਦਿੱਤਾ। ਵਿਤ ਮੰਤਰੀ ਪ੍ਰਣਬ ਮੁਖਰਜੀ ਨੇ 24 ਜਨਵਰੀ ਨੂੰ ਇਕ ਪ੍ਰੈਸ ਕਾਨਫਰੰਸ 'ਚ ਮੰਨਿਆ ਕਿ 'ਟੈਕਸ ਚੋਰੀ ਤੇ ਭਰਿਸ਼ਟਾਚਾਰ ਦੇ ਸਿੱਟੇ ਵਜੋਂ ਕਾਲੇ ਧਨ ਦੀ ਸਮੱਸਿਆ ਪੈਦਾ ਹੋ ਗਈ ਹੈ।" ਉਹਨਾਂ ਨੇ ਕਿਹਾ, "ਹੁਣ ਤੱਕ ਦੇਸ਼ ਤੇ ਵਿਦੇਸ਼ 'ਚ ਕਾਲੇ ਧਨ ਦਾ ਕੋਈ ਭਰੋਸੇਯੋਗ ਅੰਕੜਾ ਨਹੀਂ ਹੈ। ਇਹ ਸਾਰੇ ਅੰਕੜੇ ਬਿਨਾਂ ਪੁਸ਼ਟੀ ਤੋਂ ਧਾਰਨਾਵਾਂ ਤੇ ਅਟਕਲਾਂ ਉਪਰ ਅਧਾਰਿਤ ਹਨ।" ਇਸ ਤਰ੍ਹਾਂ ਉਹਨਾਂ ਨੇ ਕਾਲੇ ਧਨ ਉਪਰ ਸਰਕਾਰ ਦੇ ਢਿੱਲੇ ਰੁਖ ਦੀ ਪੁਸ਼ਟੀ ਕੀਤੀ ਹੈ ਅਤੇ ਫਿਰ 'ਖੁਫੀਆ' ਦੀ ਦਲੀਲ ਦੀ ਦੁਹਰਾਈ ਭਾਵੇਂ ਹੀ ਉਹਨਾਂ ਦੀ ਦਲੀਲ 'ਚ ਦਮ ਹੋਵੇ ਪਰ ਹਕੀਕਤ ਇਹ ਹੈ ਕਿ ਖਾਨ ਦੀ ਹਵਾਲਾ ਰਕਮ ਤੇ ਉਸ ਦੀ ਪਹਿਚਾਣ ਸਾਫ ਹੈ। ਖਾਸ ਕਰਕੇ ਖਾਨ ਬਾਰੇ ਪੁੱਛੇ ਜਾਣ 'ਤੇ ਮੁਖਰਜੀ ਨੇ ਕਿਹਾ, "ਪੜਤਾਲ ਅਜੇ ਵੀ ਜਾਰੀ ਹੈ। ਇਸ ਮਾਮਲੇ 'ਚ ਪ੍ਰਵਰਤਨ ਡਾਇਰੈਕਟੋਰੇਟ ਤੇ ਆਮਦਨ ਟੈਕਸ ਵਿਭਾਗ ਕਰ ਰਹੇ ਹਨ।" ਪਰ ਇਸ ਮਾਮਲੇ 'ਚ ਜਨਵਰੀ 2007 'ਚ ਹੀ ਜਾਣਕਾਰੀ ਇਕੱਠੀ ਕਰ ਲਈ ਗਈ ਸੀ। ਸਰਕਾਰ ਨੇ 40 ਸਾਲਾਂ ਦੌਰਾਨ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਸਿੱਧੀ ਜਿਹੀ ਗੱਲ ਹੈ ਕਿ ਉਹਨਾਂ ਦੀ ਦਲੀਲ 'ਚ ਦਮ ਨਹੀਂ ਹੈ। ਸਰਕਾਰ ਕੋਲ ਸਾਰੇ ਬਿਉਰੇ ਮੌਜੂਦ ਹਨ ਅਤੇ ਖਾਨ ਬਾਰੇ ਇਹ ਸਭ ਕੁਝ ਜਾਣਦੀ ਹੈ: ਖਾਨ ਨੂੰ ਕੌਣ ਤੇ ਕਿਉਂ ਬਚਾ ਰਿਹਾ ਹੈ।

**ਖਾਨ ਖਿਲਾਫ ਮਾਮਲਾ** – ਵਿਦਸ਼ ਮੰਤਰਾਲੇ ਨੇ 2009 'ਚ ਪੰਜ ਦੇਸ਼ਾਂ ਨਾਲ ਸਬੰਧਤ ਅਧਿਕਾਰੀਆਂ ਨੂੰ ਬੇਨਤੀ ਪੱਤਰ ਦੇ ਦਿੱਤਾ ਗਿਆ ਸੀ। ਇਹਨਾਂ ਪੱਤਰਾਂ 'ਚ ਖਾਨ ਦੀਆਂ ਨਜਾਇਜ਼ ਸਰਗਰਮੀਆਂ ਦਾ ਸਪਸ਼ਟ ਵਰਣਨ ਹੈ। ਸਿੰਘਾਪੁਰ ਨੂੰ ਲਿਖੇ

ਬੇਨਤੀ ਪੱਤਰ 'ਚ ਕਿਹਾ ਗਿਆ ਹੈ ਕਿ "ਭਾਰਤੀ ਨਾਗਰਿਕ ਸ੍ਰੀ ਹਸਨ ਅਲੀ ਖਾਨ ਪੁੱਤਰ ਸਵਰਗੀ ਸ੍ਰੀ ਗੌਸੁਦੀਨ ਅਲੀ ਖਾਨ (ਜਨਮ 16 ਜਨਵਰੀ 1952) ਸਵਿਟਜ਼ਰਲੈਂਡ 'ਚ ਵੱਖ-ਵੱਖ ਹੇਠ ਲਿਖੇ ਬੈਂਕ ਖਾਤਿਆਂ ਰਾਹੀਂ ਲੈਣ ਦੇਣ ਕਰ ਰਹੇ ਹਨ। ਉਹ ਤੇ ਸਹਿਦੋਸ਼ੀ ਉਪਰੋਕਿਤ ਅਪਰਾਧ ਦੀ ਕਮਾਈ ਦੇ ਲੈਣ ਦੇਣ ਲਈ ਇਹਨਾਂ ਖਾਤਿਆਂ ਨੂੰ ਫੀਡਰ ਸੋਰਸ ਵਜੋਂ ਵਰਤ ਰਹੇ ਹਨ।-ਜਊਰਿਖ ਦੇ ਯੂ ਬੀ ਐਸ 'ਚ ਖਾਤਾ ਨੰ: ਜੈਡ-ਏ-1-ਏ 1 ਏ, ਜਿਉਰਿਖ ਦੇ ਯੂ ਬੀ ਐਸ 'ਚ ਖਾਤਾ ਨੰ: 206-794-786, ਜਿਊਰਿਖ ਦੇ ਯੂ ਬੀ ਐਸ 'ਚ ਖਾਤਾ ਨੰ: 206-789-758, ਜਿਊਰਿਖ ਦੇ ਯੂ ਬੀ ਐਸ 'ਚ ਖਾਤਾ ਨੰ: 206-790-786 ਅਤੇ ਜਿਊਰਿਖ ਦੇ ਕ੍ਰੇਡਿਟ ਸਵਿਸ ਬੈਂਕ 'ਚ ਖਾਤਾ ਨੰ. 0835-844346-61" ਬੇਨਤੀ ਪੱਤਰ 'ਚ ਪੁਸ਼ਟੀ ਕੀਤੀ ਗਈ ਹੈ ਕਿ ਯੂ ਬੀ ਐਸ ਲਿਮਟਿਡ 'ਚ ਖਾਨ ਦੀ ਕੁਲ ਜਮ੍ਹਾਂ ਰਾਸ਼ੀ 8 ਅਰਬ ਡਾਲਰ ਤੋਂ ਵੱਧ ਹੈ। ਯੂ ਬੀ ਐਸ ਵੈਲਥ ਦੇ ਐਮ ਰੋਨਰ ਨੇ ਖਾਨ ਨੂੰ 8 ਦਸੰਬਰ, 2006 ਨੂੰ ਇਕ ਚਿੱਠੀ, ਜਿਸ ਦੀ ਇਕ ਕਾਪੀ ਬੇਨਤੀ ਪੱਤਰ ਦੇ ਨਾਲ ਐਫ 'ਚ ਨੱਥੀ ਕੀਤੀ ਗਈ ਹੈ, ਲਿਖ ਕੇ ਕਿਹਾ ਸੀ ਕਿ "ਕਲਾਇੰਟ ਯੂ ਬੀ ਐਸ ਲਿ. 'ਚ ਜਮ੍ਹਾਂ ਆਪਣੀ ਕੁਲ ਰਾਸ਼ੀ 8000, 453,000 ਡਾਲਰ ਵਿਚੋਂ 6,000,000,000 ਡਾਲਰ (6 ਅਰਬ ਡਾਲਰ) ਕੱਢ ਸਕਦਾ ਹੈ। ਕਲਾਇੰਟ ਆਪਣੀ ਮਰਜ਼ੀ ਤੇ ਸਹੂਲਤ ਮੁਤਾਬਕ ਕਦੀ ਵੀ ਇਸ ਰਕਮ ਨੂੰ ਨਿਵੇਸ਼ ਕਰਨ ਲਈ ਆਜ਼ਾਦ ਹੈ। ਬਾਕੀ 2000453000 ਡਾਲਰ 15 ਜਨਵਰੀ 2007 ਤੱਕ ਯੂ ਬੀ ਐਸ ਲਿਮਟਿਡ 'ਚ ਰਹਿਣਗੇ।" ਪੜਤਾਲ ਕਰਨ ਵਾਲੀਆਂ ਏਜੰਸੀਆਂ ਨੂੰ ਏਨੀ ਮੋਟੀ ਕਮਾਈ ਦੇ ਕਿਸੇ ਸ੍ਰੋਤ ਦਾ ਪਤਾ ਨਹੀਂ ਚੱਲ ਸਕਿਆ। ਖਾਨ 'ਤੇ ਛਾਪੇ ਪਿੱਛੋਂ ਮੁੰਬਈ ਆਮਦਨ ਟੈਕਸ ਵਿਭਾਗ (ਪੜਤਾਲ) ਤੋਂ ਇਲਾਵਾ ਦੋਸ਼ੀ ਵਲੋਂ ਲਿਖੇ ਗੁਪਤ ਪੱਤਰ ਦਾ ਹਵਾਲਾ ਦਿੰਦਿਆਂ ਈ. ਡੀ. ਦੇ ਸਹਾਇਕ ਨਿਰਦੇਸ਼ਕ ਸੰਜੈ ਤ੍ਰਿਪਾਠੀ ਲਿਖਦੇ ਹਨ, "ਸ੍ਰੀ ਐਚ ਏ ਖਾਨ ਦੀ ਜਾਇਜ਼ ਆਮਦਨ ਦੇ ਸ੍ਰੋਤ, ਜਿਹਨਾਂ ਦਾ ਪਤਾ ਉਹਨਾਂ ਦੇ ਗੈਰ-ਮੌਜੂਦ ਆਮਦਨ ਰਿਟਰਨ ਤੋਂ ਲਗਦਾ ਹੈ, ਉਹਨਾਂ ਦੀ ਜੀਵਨ ਸ਼ੈਲੀ ਨੂੰ ਚਲਾ ਨਹੀਂ ਸਕਦੇ, ਜਿਸ 'ਚ ਮਹਿੰਗੀਆਂ ਜਾਇਦਾਦਾਂ, ਲਕਜ਼ਰੀ ਕਾਰਾਂ ਦੀ ਖਰੀਦ ਤੇ ਜਹਾਜ਼ ਦੇ ਫਸਟ ਕਲਾਸ 'ਚ ਲੰਬੇ ਸਮੇਂ ਤੱਕ ਵਿਦੇਸ਼ ਦੌਰਾ ਕਰਨਾ ਸ਼ਾਮਲ ਹੈ। ਨਿਸ਼ਚਤ ਤੌਰ 'ਤੇ ਅਜਿਹਾ ਲਗਦਾ ਹੈ ਕਿ ਉਹ ਅਪਰਾਧ ਦੀ ਕਮਾਈ ਨਾਲ ਆਪਣੀ ਜੀਵਨ ਸ਼ੈਲੀ ਚਲਾ ਰਹੇ ਹਨ।"

ਸਵਿਸ ਬੈਂਕ ਦੇ ਪੰਜ ਖਾਤਿਆਂ 'ਚੋਂ ਸਰਹੱਦੋਂ ਪਾਰ ਵਿਤੀ ਲੈਣ-ਦੇਣ ਕੀਤੇ ਗਏ ਜਿਹਨਾਂ ਦਾ ਪਤਾ ਸਿੰਗਾਪੁਰ ਦਾ ਸੀ। ਜਿਊਰਿਖ ਦੇ ਖਾਤਿਆਂ ਤੋਂ ਸਿੱਧਾ ਅਮਰੀਕਾ ਜਾਂ ਅਮਰੀਕਾ ਦੇ ਖਾਤਿਆਂ ਰਾਹੀਂ ਦੁਬਈ ਦੇ ਹਾਂਗਕਾਂਗ 'ਚ 12 ਲੈਣ ਦੇਣ ਹੋਏ ਹਨ। ਖਾਨ ਨੇ ਇਸ ਤਰ੍ਹਾਂ ਦੇ ਇਕ ਲੈਣ ਦੇਣ 'ਚ 12 ਮਾਰਚ 2001 ਨੂੰ ਕਾਰੋਬਾਰੀ ਸਹਿਯੋਗੀ ਚੰਦ੍ਰਿਕਾ ਟਾਪਰਿਆ ਦੇ ਦੁਬਈ ਸਥਿਤ ਖਾਤੇ 'ਚ 70 ਲੱਖ ਡਾਲਰ ਜਮ੍ਹਾਂ ਕੀਤੇ। ਬ੍ਰਿਟੇਨ ਨੂੰ ਭੇਜੇ ਗਏ ਬੇਨਤੀ ਪੱਤਰ 'ਚ ਲੰਦਨ ਦੀ ਏਜਵੇਅਰ ਰੋਡ ਤੇ ਸਥਿਤ ਬਾਰਕਲੇਜ ਬੈਂਕ 'ਚ ਤਿੰਨ ਵਾਰੀ ਪੈਸੇ ਜਮ੍ਹਾਂ ਕਰਵਾਉਣ ਦੇ ਸਬੂਤ ਹਨ। ਯੂ. ਏ. ਈ. ਨੂੰ ਲਿਖੀ ਅਰਜੀ 'ਚ ਖਾਨ ਅਤੇ ਸਹਿਯੋਗੀਆਂ ਦੇ ਦੁਬਈ 'ਚ ਸੱਤ ਬੈਂਕ ਖਾਤਿਆਂ ਦੀ ਸੂਚੀ ਦਿੱਤੀ ਗਈ ਹੈ। ਜਿਸ 'ਚ ਛੇ ਖਾਤੇ ਸਟੈਂਡਰਡ ਚਾਰਟਰਡ ਵਿਚ ਅਤੇ ਇਕ ਖਾਤਾ ਏ. ਬੀ. ਐਨ ਏਮ੍ਰੋ 'ਚ ਹੈ। ਈ. ਡੀ. ਦੇ ਪਾਸ ਹਾਂਗਕਾਂਗ ਦੀਆਂ ਕੰਪਨੀਆਂ

ਦੇ ਨਾਲ ਚਾਰ ਵਾਰੀ ਲੈਣ ਦੇਣ ਦੀ ਸੂਚੀ ਹੈ, ਜਿਹਨਾਂ 'ਚੋਂ ਦੋ ਦੇ ਖਾਤੇ ਹਾਂਗਕਾਂਗ ਦੇ ਕਾਊਲੂਨ ਸਥਿਤ ਐਚ ਐਸ ਬੀ ਸੀ 'ਚ ਸਨ। ਕੌਮਾਂਤਰੀ ਪੱਤਰ 'ਤੇ ਪੈਸੇ ਦੇ ਲੈਣ ਦੇਣ ਬਾਰੇ 'ਚ ਈ. ਡੀ. ਦਾ ਕਹਿਣਾ ਹੈ, "ਇਹ ਲੈਣ ਦੇਣ ਦੀ ਇਕ ਕੜੀ ਦਾ ਹਿੱਸਾ ਹੀ ਹੈ ਜਿਹਨਾਂ ਨਾਲ ਭਾਰਤੀ ਬੈਂਕਿੰਗ ਦੇ ਕਈ ਕਨੂੰਨਾਂ ਦੀ ਉਲੰਘਣਾ ਕੀਤੀ ਗਈ ਅਤੇ ਟੈਕਸ ਤੋਂ ਬਚਣ ਦੇ ਸਵਿਟਜ਼ਰਲੈਂਡ ਵਰਗੇ ਅੱਡੇ 'ਚ ਅਪਰਾਧਕ ਮੰਚ ਦੇ ਨਾਲ ਬੇਹਿਸਾਬ ਜਾਇਦਾਦ ਜਮ੍ਹਾਂ ਕਰਨ ਲਈ ਜੋੜ-ਤੋੜ ਦੀ ਕੋਸ਼ਿਸ਼ ਕੀਤੀ ਗਈ।"

ਈ. ਡੀ. ਨੇ ਸੰਕੇਤ ਦਿੱਤਾ ਹੈ ਕਿ ਭਰਿਸ਼ਟਾਚਾਰ ਹੀ ਇਨ੍ਹਾਂ ਪੈਸਿਆਂ ਦਾ ਸ੍ਰੋਤ ਹੋ ਸਕਦਾ ਹੈ। "ਵੱਡੇ ਲੈਣ ਦੇਣ ਦੇ ਮਾਮਲਿਆਂ 'ਚ ਭਰਿਸ਼ਟਾਚਾਰ ਦੇ ਪੈਸਿਆਂ ਦੀ ਭੂਮਿਕਾ ਦੇ ਸਪਸ਼ਟ ਸੰਕੇਤ ਹਨ। ਏਅਰ ਇੰਡੀਆ ਨੂੰ ਬੋਇੰਗ ਜਹਾਜ਼ ਦੀ ਵਿਕਰੀ 'ਚ ਮਿਲਿਆ ਕਮਿਸ਼ਨ (ਜੋ ਨਜਾਇਜ਼ ਲਗਦਾ ਹੈ) ਇਸ ਵਿਚ ਸ਼ਾਮਲ ਹੈ।" ਆਮਦਨ ਟੈਕਸ ਵਿਭਾਗ ਤੋਂ ਮਿਲੀ ਸੂਚਨਾ ਦੇ ਅਧਾਰ 'ਤੇ ਤਿਆਰ ਤ੍ਰਿਪਾਠੀ ਦੇ ਸਾਰਾਸ਼ ਦੇ ਸਿੱਟੇ ਸਪਸ਼ਟ ਹਨ" ਅਜਿਹਾ ਲਗਦਾ ਹੈ ਕਿ ਇਸ ਦੀ ਵਰਤੋਂ ਕਾਲੇ ਧਨ ਨੂੰ ਸਫੈਦ ਬਣਾਉਣ ਲਈ ਕੀਤੀ ਗਈ। ਸ਼ੱਕ ਹੈ ਕਿ ਇਹਨਾਂ ਖਾਤਿਆਂ 'ਚ ਵੱਖ-ਵੱਖ ਕੌਮਾਂਤਰੀ ਠਿਕਾਣਿਆਂ ਤੋਂ ਮਿਲੇ ਪੈਸੇ ਅਤੇ ਅੱਤਵਾਦ, ਹਥਿਆਰਾਂ ਦੀ ਵਿਕਰੀ, ਭਰਿਸ਼ਟਾਚਾਰ ਅਤੇ ਵਿਉਂਤਬੱਧ ਫਰਜ਼ੀਵਾੜੇ ਤੇ ਧੋਖਾਧੜੀ ਵਰਗੇ ਸੰਗੀਨ ਅਪਰਾਧਾਂ ਲਈ ਮਿਲਿਆ ਪੈਸਾ ਜਮ੍ਹਾ ਹੈ। ਏਨੀ ਮੋਟੀ ਰਕਮ ਤੇ ਵਿਨਾਸ਼ਕਾਰੀ ਸਰਗਰਮੀਆਂ ਤੇ ਅੱਤਵਾਦ ਵਿਚਕਾਰ ਗੱਠਜੋੜ ਦੀ ਡੂੰਘੀ ਪੜਤਾਲ ਦੀ ਲੋੜ ਹੈ।" ਈ. ਡੀ. ਦੇ ਕੇਸ ਇਨਫਾਰਮੇਸ਼ਨ ਰਿਪੋਰਟ 'ਚ ਖਾਨ ਤੇ ਉਹਨਾਂ ਦੇ ਸਹਿਯੋਗੀਆਂ ਦੀ ਜਾਇਦਾਦ-ਜ਼ਮੀਨ-ਜਾਇਦਾਦ, ਜੇਵਰ ਤੇ ਨਕਦੀ-ਦੀ ਲੰਬੀ ਸੂਚੀ ਹੈ।" ਰਿਪੋਰਟ 'ਚ ਖਾਨ ਦੇ ਖਾਤਿਆਂ 'ਚ 2006 'ਚ ਅਚਾਨਕ ਵਾਧੇ ਦੀ ਗੱਲ ਕਹੀ ਗਈ ਹੈ। ਜਿਊਰਿਖ ਸਥਿਤ ਯੂ ਬੀ ਐਸ ਬੈਂਕ 'ਚ 31.8 2006 ਨੂੰ 6.620565,431 ਡਾਲਰ ਸਨ ਜੋ ਚਾਰ ਮਹੀਨੇ ਤੋਂ ਵੀ ਘੱਟ ਸਮੇਂ 'ਚ ਬੇਤਹਾਸ਼ਾ 1.38 ਅਰਬ ਡਾਲਰ ਵਧ ਕੇ 8,000,453,000 ਡਾਲਰ ਹੋ ਗਏ।"

ਕੇਸ ਇਨਫਾਰਮੇਸ਼ਨ ਰਿਪੋਰਟ ਖਾਨ ਦੀ ਪੰਜ ਕੀਮਤੀ ਜਾਇਦਾਦਾਂ ਦੀ ਸੂਚੀ ਹੈ। ਜਿਸ ਬਾਰੇ ਸ਼ੱਕ ਹੈ ਕਿ ਉਹ 'ਅਪਰਾਧ ਦੀ ਕਮਾਈ' ਹੈ। ਇਹਨਾਂ 'ਚ ਮੁੰਬਈ ਦੀ ਪੇਡਰ ਰੋਡ 'ਤੇ ਅਨੰਦ ਦਰਸ਼ਨ 'ਚ ਇਕ ਫਲੈਟ, ਪੁਣੇ ਦੇ ਕੋਰੇਗਾਂਵ ਪਾਰਕ ਸਥਿਤ ਵੈਂਟਾਈਨ ਸੁਸਾਇਟੀ 'ਚ ਇਕ ਫਲੈਟ, ਹੈਦਰਾਬਾਦ ਦੇ ਬੰਜਾਰਾ ਹਿਲਸ 'ਚ ਇਕ ਫਲੈਟ, ਹੈਦਰਾਬਾਦ 'ਚ ਹੀ ਅਕਬਰ ਮੰਜਿਲ 'ਚ ਜਾਇਦਾਦ ਤੇ ਸਇਟਜ਼ਰਲੈਂਡ 'ਚ ਸ਼ੈਟ ਯੂ ਗੁਸ਼, ਜੋ ਈ ਡੀ ਮੁਤਾਬਕ 2001 'ਚ ਕਰੀਬ 2.5 ਕਰੋੜ ਡਾਲਰ 'ਚ ਖਰੀਦਿਆ ਗਿਆ। ਈ ਡੀ ਨੂੰ ਸ਼ੱਕ ਹੈ "ਕਰੋੜਾਂ ਰੁਪਏ ਦੀਆਂ" ਇਹਨਾਂ ਜਾਇਦਾਦਾਂ 'ਚੋਂ ਕੁਝ ਇਕ ਨੂੰ 'ਸੰਭਵ ਹੈ ਨਕਦੀ ਦੇ ਕੇ ਖਰੀਦਿਆ ਗਿਆ ਹੈ।" ਇਸ 'ਚ ਖਾਨ ਦੀਆਂ ਕਾਰਾਂ ਦੇ ਕਾਫਲੇ ਦਾ ਵੀ ਜ਼ਿਕਰ ਹੈ ਜਿਹਨਾਂ 'ਚ ਦੋ ਮਰਸੀਡੀਜ਼ ਤੇ ਇਕ ਪੋਰਸ਼ ਸ਼ਾਮਲ ਹੈ। ਈ ਡੀ ਦਾ ਕਹਿਣਾ ਹੈ ਕਿ "ਕਥਿਤ ਤੌਰ 'ਤੇ ਇਹਨਾਂ ਲਈ ਨਕਦ ਭੁਗਤਾਨ ਕੀਤਾ ਗਿਆ।" ਇਸ ਰਿਪੋਰਟ 'ਚ ਲੱਖਾਂ ਰੁਪਏ ਦੇ 15-20 ਘੋੜਿਆਂ ਤੇ ਕਰੋੜਾਂ ਰੁਪਏ ਦੇ ਜੇਵਰਾਤ ਤੇ ਨਕਦੀ ਦਾ ਜ਼ਿਕਰ ਹੈ। ਘੁੜਦੌੜ ਖਾਨ ਦਾ ਖਾਸ ਸ਼ੌਂਕ ਹੈ।

**ਕਾਲੇ ਨੂੰ ਸਫੈਦ ਕਰਨ ਦਾ ਸਿਲਸਿਲਾ** – ਖਾਨ ਇਹਨਾਂ ਸਾਰੀਆਂ ਗੱਲਾਂ ਤੋਂ ਇਨਕਾਰ ਕਰਦਾ ਹੈ ਖਾਨ ਦੇ ਹੱਥ ਨਾਲ ਲਿਖੇ ਪੰਜ ਪੰਨਿਆਂ ਦੇ ਇਕਬਾਲੀਆ ਬਿਆਨ 'ਚ ਕਿਹਾ ਹੈ ਕਿ "ਸਵਿਟਜ਼ਰਲੈਂਡ 'ਚ ਮੇਰੇ ਤੇ ਮੇਰੀ ਬੇਗਮ ਤੇ ਮੇਰੇ ਸਹੁਰਿਆਂ ਦੇ ਕਿਸੇ ਖਾਤੇ 'ਚ ਜਮ੍ਹਾਂ ਪੈਸੇ ਦੇ ਸੁਆਲ 'ਤੇ ਮੇਰਾ ਕਹਿਣਾ ਹੈ ਕਿ ਕੋਈ ਖਾਤਾ ਉਥੇ ਨਹੀਂ ਹੈ।" ਆਮਦਨ ਟੈਕਸ ਵਿਭਾਗ ਨੇ ਖਾਨ ਨੂੰ 8 ਅਰਬ ਡਾਲਰ 'ਤੇ ਬਕਾਇਆ 36000 ਕਰੋੜ ਰੁਪਏ ਦਾ ਟੈਕਸ ਭਰਨ ਦਾ ਪਹਿਲੀ ਵਾਰੀ ਨੋਟਿਸ 29 ਦਸੰਬਰ 2008 ਨੂੰ ਦਿੱਤਾ। ਪਿਛੋਂ ਇਕ ਸੋਧੇ ਹੋਏ ਨੋਟਿਸ 'ਚ ਬਕਾਏ ਦੀ ਰਕਮ ਨੂੰ ਵਧਾ ਕੇ 50000 ਕਰੋੜ ਰੁਪਏ ਕਰ ਦਿੱਤਾ ਗਿਆ। (ਈ ਡੀ ਤੇ ਆਮਦਨ ਟੈਕਸ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਖਾਨ ਜੋ ਕਦੀ ਦੁਬਈ ਤੇ ਹੈਦਰਾਬਾਦ ਤੋਂ ਮੈਟਲ ਸਕ੍ਰੈਪ ਦਾ ਕਾਰੋਬਾਰ ਕਰਦਾ ਸੀ ਅਤੇ ਅਲ ਸਮੀਰ ਇੰਟਰਪ੍ਰਾਈਜ਼ਜ਼ ਬ੍ਰਾਂਡ ਦੇ ਤਹਿਤ ਪੱਛਮੀ ਏਸ਼ੀਆ 'ਚ ਚਾਵਲ ਤੇ ਪਿਆਰ ਦੀ ਬਰਾਬਰ ਕਰਦਾ ਸੀ।) ਨੇਤਾਵਾਂ ਤੇ ਉਦਯੋਗਪਤੀਆਂ ਲਈ ਸਵਿਸ ਬੈਂਕਾਂ 'ਚ ਨਜਾਇਜ਼ ਧਨ ਤਬਦੀਲ ਕਰਨ ਦਾ ਜ਼ਰੀਆ ਬਣ ਗਿਆ ਪਰ ਜਾਂਚ ਕਰਤਾ ਅਜੇ ਤੱਕ ਇਸ ਗਠਜੋੜ ਦਾ ਪਤਾ ਨਹੀਂ ਲਾ ਸਕੇ ਹਨ। ਜਿਸ ਨਾਲ ਦੇਸ਼ 'ਚ ਹੁਣ ਤੱਕ ਦੇ ਸਭ ਤੋਂ ਵੱਡੇ ਵਿਦੇਸ਼ੀ ਮੁਦਰਾ ਘੁਟਾਲੇ ਦਾ ਪਰਦਾਫਾਸ਼ ਹੋ ਸਕਦਾ। ਆਮਦਨ ਟੈਕਸ ਵਿਭਾਗ ਦੇ 140 ਸਫਿਆਂ ਦੇ ਕਾਰਨ 2 ਸੋ ਨੋਟਿਸ 'ਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਖਾਨ ਨੇ 1982 'ਚ 15 ਲੱਖ ਡਾਲਰ ਤੋਂ 2006 'ਚ 8 ਅਰਬ ਡਾਲਰ ਜਮ੍ਹਾਂ ਕਰਾਉਣ ਲਈ ਸਰਕਾਰੀ ਤਾਣੇ-ਬਾਣੇ ਦੀ ਵਰਤੋਂ ਕੀਤੀ ਗਈ। ਇਸ ਦੇ ਲਈ ਉਸ ਨੇ ਵਿਵਾਦਗ੍ਰਸਿਤ ਸੌਦਾਗਰ ਅਦਨਾਨ ਖਸ਼ੋਗੀ ਸਮੇਤ ਕਈ ਕੌਮੀ ਤੇ ਕੌਮਾਂਤਰੀ ਪੱਧਰ ਦੇ ਲੋਕਾਂ ਨਾਲ ਆਪਣੇ ਸੰਪਰਕਾਂ ਨੂੰ ਵਰਤਿਆ। ਖਾਨ ਦੀ ਰਕਮ ਦੇ ਤਬਦੀਲੀ ਦੇ ਤੌਰ ਤਰੀਕੇ ਦਾ ਪਤਾ ਲਾਉਣ ਲਈ ਅਜੇ ਕਈ ਏਜੰਸੀਆਂ ਜਾਂਚ ਕਰ ਰਹੀਆਂ ਹਨ ਅਤੇ ਇਹ ਵੀ ਪਤਾ ਲਾਇਆ ਜਾ ਰਿਹਾ ਹੈ ਕਿ ਉਸ ਦੀ ਲੁੱਟ ਦੀ ਰਕਮ ਦੀ ਤਬਦੀਲੀ 'ਚ ਕੀ ਮਾਫੀਆ ਸਰਗਣਾ ਵੀ ਸ਼ਾਮਲ ਜਾਂਚ ਕਰਤਾ ਇਹ ਵੀ ਪਤਾ ਲਾ ਰਹੇ ਹਨ ਕਿ ਕੀ ਖਾਨ ਵਲੋਂ ਜਮ੍ਹਾਂ ਕੀਤੀ ਗਈ 50 ਕਰੋੜ ਡਾਲਰ ਦੀ ਰਾਸ਼ੀ ਤੇ ਅੱਤਵਾਦੀ ਸਰਗਰਮੀਆਂ ਨੂੰ ਪੈਸਾ ਮੁਹਈਆ ਕਰਾਏ ਜਾਣ ਦੇ ਵਿਚ ਕੋਈ ਸੰਬੰਧ ਹੈ। ਇਹ ਜਾਂਚ ਤਿੰਨ ਮੈਂਬਰੀ ਸੰਮਤੀ ਕਰ ਰਹੀ ਹੈ। ਇਸ ਦੇ ਮੁਖ ਹਨ ਈ. ਡੀ. ਮੁੰਬਈ ਦੇ ਉਪਨਿਰਦੇਸ਼ਕ ਸਮੀਰ ਬਜਾਜ। ਆਮਦਨ ਟੈਕਸ ਕਮਿਸ਼ਨਰ (ਅਪੀਲ) ਰਾਜੀਵ ਨਾਬਰ ਤੇ ਮੁੰਬਈ ਪੁਲਸ ਦੇ ਵਧੀਕ ਕਮਿਸ਼ਨਰ (ਆਰਥਕ ਅਪਰਾਧ) ਸੰਜੈ ਸਕਸੈਨਾ ਉਸ ਦੇ ਮੈਂਬਰ ਹਨ। ਖੁਫੀਆ ਬਿਊਰੋ ਦੇ ਇਕ ਉਚ ਅਧਿਕਾਰੀ ਨੇ ਕਿਹਾ, " ਉਹ ਮੋਟੀ ਰਕਮ ਦਾ ਲੈਣ ਦੇਣ ਕਰਦਾ ਸੀ ਅਤੇ ਇਹ ਰਕਮ ਇਕ ਅਰਸੇ ਵਿਚ ਤਬਦੀਲ ਕੀਤੀ ਗਈ। ਸਾਨੂੰ ਕੁਝ ਅੰਦਾਜ਼ਾ ਹੈ ਕਿ ਰਕਮ ਕਿਵੇਂ ਉਥੇ ਭੇਜੀ ਗਈ ਪਰ ਅਸੀਂ ਅਜੇ ਇਸ ਦੀ ਜਾਂਚ ਕਰ ਰਹੇ ਹਾਂ।"

**ਘੋੜਿਆਂ ਦੇ ਫਾਰਮ ਦਾ ਮਾਲਕ** – ਪੂਨੇ ਤੇ ਮੁੰਬਈ ਦੇ ਕਾਰੋਬਾਰੀ ਹਲਕਿਆਂ 'ਚ ਘੋੜਿਆਂ ਦੇ ਫਾਰਮ ਦੇ ਮਾਲਕ ਵਜੋਂ, ਮਸ਼ਹੂਰ 58 ਸਾਲਾ ਖਾਨ ਹਾਜ਼ੀ ਅਲੀ ਦੇ ਕਰੀਬ ਸਥਿਤ 211 ਸਾਲ ਪੁਰਾਣੇ ਘੁੜਦੌੜ ਦੇ ਮੈਦਾਨ ਵਿਚ ਹਮੇਸ਼ਾ ਹਾਜ਼ਰ ਰਹਿੰਦੇ ਹਨ। ਅਮੀਰ ਲੋਕਾਂ ਲਈ ਤਹਿ ਗ੍ਰਾਂਡ ਸਟੈਂਡ 'ਚ ਉਹ ਬਿਨਾ ਨਾਗਾ ਆਪਣੇ ਲੋਕਾਂ ਦੇ ਨਾਲ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਹਾਜ਼ਰ ਰਹਿੰਦਾ ਹੈ। ਰਾਹਿਲ ਵੇਸਟਰਨ

ਟਰਫ ਕਲੱਬ ਆਫ ਇੰਡੀਆ ਦੇ ਅਧਿਕਾਰੀਗਣ, ਖਾਨ ਨੂੰ ਪੁਣੇ ਦੇ ਇਕ ਅਜਿਹੇ ਸਾਧਾਰਨ ਘੋੜਿਆਂ ਦੇ ਫਾਰਮ ਦੇ ਮਾਲਕ ਵਜੋਂ ਯਾਦ ਕਰਦੇ ਹਨ। ਜਿਸ ਨੂੰ ਕਈ ਕਦੀ ਪੁਰਸਕਾਰ ਦੇਣ ਲਈ ਬੁਲਾਇਆ ਜਾਂਦਾ ਸੀ। ਈ. ਡੀ. ਅਤੇ ਆਮਦਨ ਟੈਕਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਘੁੜਦੌੜ ਦੇ ਮੈਦਾਨ 'ਚ ਲੰਮੇ ਸਮੇਂ ਤਕ ਰਹਿ ਕੇ ਖਾਨ ਨੇ ਨੈਟਵਰਕਿੰਗ ਕੀਤੀ। ਮੰਨਿਆ ਜਾਂਦਾ ਹੈ ਕਿ ਉਹ ਭਾਰਤ ਦਾ ਅਵਲ ਦਰਜੇ ਦਾ ਹਵਾਲਾ ਕਾਰੋਬਾਰੀ ਸੀ। ਸ਼ਾਨਦਾਰ ਪਾਰਟੀਆਂ ਲਈ ਮਸ਼ਹੂਰ ਅਤੇ ਸਿੰਗਲ ਮਾਲਟਸਰਕਾਚ ਵਿਸਕੀ ਦਾ ਸ਼ੌਕੀਨ ਖਾਨ ਘੋੜੇ ਦੀ ਸਿਖਲਾਈ ਦੇਣ ਵਾਲੇ ਪੁਣੇ ਦੇ ਅਬਾਸ ਅਹਿਮਦ ਅਬਾਸ ਦੀ ਬੇਟੀ ਰੀਮਾ ਨਾਲ ਸ਼ਾਦੀ ਕਰਨ ਪਿੱਛੋਂ ਪੁਣੇ ਦੇ ਪਾਸ਼ ਕੋਰੇਗਾਂਵ ਪਾਰਕ 'ਚ ਰਹਿੰਦਾ ਸੀ। ਉਹਨਾਂ ਦੀ ਮੁਲਾਕਾਤ ਮੁੰਬਈ ਦੇ ਮਹਾਂਲਕਸ਼ਮੀ ਰੇਸ ਕੋਰਸ 'ਚ ਹੋਈ ਸੀ। ਇਸ ਤੋਂ ਪਹਿਲਾਂ ਖਾਨ ਨੇ ਆਪਣੀ ਪਹਿਲੀ ਬੀਵੀ ਮਹਿਬੂਬ ਉਨੀਸਾ ਬੇਗਮ ਨੂੰ, ਜਿਸ ਦੇ ਨਾਲ ਉਹ ਹੈਦਰਾਬਾਦ ਦੇ ਬੰਜਾਰਾ ਹਿਲਸ 'ਚ ਰਹਿੰਦਾ ਸੀ, ਤਲਾਕ ਦਿੱਤਾ ਤੇ ਫਿਰ ਪੁਣੇ ਰਹਿਣ ਲੱਗ ਪਿਆ। ਖਾਨ ਦੇ ਪਿਤਾ ਆਬਕਾਰੀ ਅਧਿਕਾਰੀ ਸਨ ਪਰ ਬੇਟਾ ਕਾਰੋਬਾਰ ਕਰਨ ਲੱਗਿਆ, ਸ਼ੁਰੂ 'ਚ ਉਸ ਨੇ ਖੁਦ ਨੂੰ ਨਿਜਾਮ ਦੇ ਖਾਨਦਾਨ ਦਾ ਦੱਸ ਕੇ ਪ੍ਰਾਚੀਨ ਵਸਤੂਆਂ ਨੂੰ ਵੇਚਿਆ। ਪਿਛੋਂ ਉਸ ਨੇ 1970 'ਚ ਕਿਰਾਏ 'ਤੇ ਕਾਰ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ ਅਤੇ ਫਿਰ 1983 ਵਿਚ ਦੁਬਈ 'ਚ ਮੈਟਲ ਸਕ੍ਰੈਪ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ। ਉਸ ਨੇ ਗ੍ਰੇਟ ਵੇਂਚਰਸ ਨਾਮਕ ਆਪਣਾ ਕਾਰੋਬਾਰ 1993 'ਚ ਬੰਦ ਕਰ ਦਿੱਤਾ ਕਿਉਂਕਿ ਸੂਤਰਾਂ ਮੁਤਾਬਕ ਘੁੜਦੌੜ 'ਚ ਉਸ ਦੀ ਦਿਲਚਸਪੀ ਵਧ ਗਈ ਸੀ। ਉਸ ਨੇ 1991 'ਚ ਦੋ ਘੋੜਿਆਂ ਨਾਲ ਸ਼ੁਰੂਆਤ ਕੀਤੀ, ਜਿਥੇ ਬਾਜੀ ਵੀ ਲਾਉਂਦਾ ਸੀ। ਇਸ ਪਿਛੋਂ ਪੁਣੇ, ਦਿੱਲੀ, ਚੇਨਈ, ਬੰਗਲੌਰ 'ਚ ਘੁੜਦੌੜ ਦੀਆਂ ਸਰਗਰਮੀਆਂ ਵਧਾਈਆਂ।

**ਕਾਰੋਬਾਰ ਦੇ ਸਹਿਯੋਗੀ** – ਖਾਨ ਨੇ ਫੇਮਾ (ਵਿਦੇਸ਼ੀ ਮੁਦਰਾ ਪ੍ਰਬੰਧਕੀ ਕਨੂੰਨ) ਦੇ ਜਾਲ ਤੋਂ ਬਚਣ ਲਈ ਜਨਵਰੀ 2007 'ਚ ਈ. ਡੀ. ਨੂੰ ਦੱਸਿਆ ਕਿ ਉਹ ਦੁਬਈ 'ਚ ਬਸਾ ਅਪ੍ਰਵਾਸੀ ਭਾਰਤੀ ਹਨ, ਪਰ ਕੁਝ ਦਿਨਾਂ ਬਾਅਦ ਜਦ ਈ. ਡੀ. ਅਧਿਕਾਰੀਆਂ ਨੇ ਉਸ ਨੂੰ ਇਹ ਦੱਸਦੇ ਹੋਏ ਕਿ ਪਾਸੇ ਨੋਟਿਸ ਭੇਜਿਆ ਕਿ ਦੁਬਈ 'ਚ ਐਨ ਆਰ ਆਈ ਦਾ ਦਰਜਾ 2003 'ਚ ਖਤਮ ਹੋ ਗਿਆ ਤਾਂ ਉਸ ਕੋਲ ਕੋਈ ਜੁਆਬ ਨਹੀਂ ਸੀ। ਪੁਣੇ ਦੇ ਇਕ ਉਚ ਪੁਲਸ ਅਧਿਕਾਰੀ ਨੇ ਫੋਨ 'ਤੇ ਗੱਲਬਾਤ 'ਚ ਦੱਸਿਆ, "ਜਦ ਅਸੀਂ ਉਸ ਨੂੰ ਯੂ ਬੀ ਐਸ ਏ ਜੀ ਦੇ ਮੁੱਖ ਪ੍ਰਬੰਧਕਾਂ ਦੇ ਨਾਲ ਉਸ ਦੀ ਗੱਲਬਾਤ ਤੇ ਬੈਂਕ 'ਚ ਉਸ ਦੀ ਜਮ੍ਹਾਂ ਰਾਸ਼ੀ 7.78 ਅਰਬ ਡਾਲਰ ਦੀ ਪੁਸ਼ਟੀ ਕਰਨ ਵਾਲੀ ਚਿੱਠੀ ਵਿਖਾਈ ਤਾਂ ਉਹ ਚੁੱਪ ਹੋ ਗਿਆ ਅਤੇ ਪੁਛਗਿੱਛ ਕਰਨ ਵਾਲੇ ਕਮਰੇ 'ਚ ਚਲਾ ਗਿਆ ਅਤੇ ਇਕ ਸਫੈਦ ਕਾਗਜ਼ 'ਤੇ ਲਿਖਿਆ ਕਿ ਉਸ ਪਾਸ ਕੋਈ ਖਾਤਾ ਨਹੀਂ ਹੈ।" ਉਸ ਅਧਿਕਾਰੀ ਨੇ ਆਪਣਾ ਨਾਂ ਉਜਾਗਰ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਖਾਨ ਦੇ ਸਾਬਕਾ ਕਾਰੋਬਾਰੀ ਸਹਿਯੋਗੀ ਤਾਪੜਿਆਂ ਨੇ ਨਾ ਸਿਰਫ ਖਾਨ ਦੇ ਐਨ ਆਰ ਆਈ ਦਰਜੇ ਦੀ ਪੁਸ਼ਟੀ ਕੀਤੀ ਬਲਕਿ ਬੈਂਕ ਦੇ ਗੁਪਤ ਪੱਤਰਾਂ ਨੂੰ ਵੀ ਸਾਂਝਾ ਕੀਤਾ। ਜਿਸ ਨਾਲ 8 ਅਰਬ ਡਾਲਰ ਜਮ੍ਹਾਂ ਚੋਣ ਦੀ ਪੁਸ਼ਟੀ ਹੋ ਗਈ ਅਤੇ ਕਾਲੇ ਧਨ ਨੂੰ ਸਫੈਦ ਕਰਨ ਦੇ ਘਪਲੇ 'ਚ ਖਾਨ ਦੀ ਭੂਮਿਕਾ ਸਪਸ਼ਟ ਹੋ ਗਈ। ਤਾਪੜਿਆ ਨੇ ਈ. ਡੀ. ਨੂੰ ਲੰਦਨ ਦੇ ਨੋਟਰੀ ਪਬਲਿਕ ਦੇ ਨਿਕੋਲਸ ਰੋਨਾਲਡ ਰਥਬੋਨ

ਸਿਮਥ ਵਲੋਂ ਪ੍ਰਮਾਣਿਤ ਇਕ ਦਸਤਾਵੇਜ਼ ਵੀ ਦਿੱਤਾ ਉਸ ਵਿਚ ਖਾਨ ਦੇ ਪਾਸਪੋਰਟ ’ਤੇ ਉਸ ਦੇ ਦਸਖਤ ਸਥਾਪਿਤ ਕੀਤਾ ਗਿਆ ਸੀ। ਮਜ਼ੇਦਾਰ ਗੱਲ ਇਹ ਹੈ ਕਿ ਉਸੇ ਬਿਆਨ ਦੇ ਆਧਾਰ ’ਤੇ ਖਾਨ ਨੇ 1982 ’ਚ ਪਹਿਲੀ ਵਾਰੀ ਯੂ ਬੀ ਐਸ ਸਿੰਘਾਪੁਰ ’ਚ ਖਾਤਾ ਖੋਲ੍ਹਿਆ ਸੀ ਅਤੇ ਦੱਸਿਆ ਸੀ ਕਿ ਕਿਸ ਤਰ੍ਹਾਂ ਖਸ਼ੋਗੀ ਦੀ ਸਿਫਾਰਸ਼ ’ਤੇ ਉਸੇ ਖਾਤੇ ਨੂੰ ਜਿਊਰਖ ਤਬਦੀਲ ਕੀਤਾ ਗਿਆ ਸੀ। ਤਾਪੜਿਆ ਨੇ ਦੋ ਦਸਤਾਵੇਜ਼ ਦਿੱਤੇ–ਉਹਨਾਂ ਨਾਲ ਖਸ਼ੋਗੀ ਦੇ ਨਾਲ ਖਾਨ ਦੇ 30 ਕਰੋੜ ਡਾਲਰ ਦੇ ਸੌਦੇ ਦੀ ਪੁਸ਼ਟੀ ਹੋ ਗਈ, ਸ਼ਾਇਦ ਇਹ ਰਕਮ ਸਵਿਟਜ਼ਰਲੈਂਡ ’ਚ ਖਰੀਦੇ ਗਏ ਖਾਨ ਦੇ ਮਹਿਲ ਲਈ ਦਿੱਤੀ ਗਈ ਸੀ। ਜਿਸ ਅਧਿਕਾਰੀ ਨੇ ਦੱਸਿਆ “ਜੇ ਤਾਪੜਿਆ ਤੇ ਵਿਲਿਪ ਆਨੰਦ ਰਾਜ (ਖਾਨ ਦਾ ਕਾਰੋਬਾਰੀ ਸਹਿਯੋਗੀ) ਨੇ ਦਸਤਾਵੇਜ ਸਾਂਝਾ ਨਹੀਂ ਕੀਤਾ ਹੁੰਦਾ ਤੇ ਖਾਨ ਦੇ ਵਿਦੇਸ਼ੀ ਮੁਦਰਾ ਦੇ ਲੈਣ ਦੇਣ ਨੂੰ ਨਾ ਦੱਸਿਆ ਹੁੰਦਾ ਤਾਂ ਉਸ ਦੇ ਝੂਠ ਨੂੰ ਗਲਤ ਸਾਬਤ ਕਰਨਾ ਬਹੁਤ ਮੁਸ਼ਕਲ ਹੁੰਦਾ।” ਤਾਪੜਿਆ ਨੇ ਆਪਣੇ ਇਕਬਾਲੀਆ ਬਿਆਨ ’ਚ ਕਿਹਾ ਹੈ ਕਿ ਦੱਖਣੀ ਭਾਰਤ ਦੇ ਦੋ ਨੇਤਾਵਾਂ ਨੇ ਉਸ ਨੂੰ ਖਾਨ ਨਾਲ ਮਿਲਾਇਆ ਸੀ। ਮੈਨੂੰ ਕਾਰੋਬਾਰ ’ਚ ਘਾਟਾ ਹੋ ਰਿਹਾ ਸੀ ਤੇ ਮੈਨੂੰ ਖਾਨ ਦਾ ਨਾਂ ਦੱਸਿਆ ਗਿਆ ਸੀ ਕਿ ਉਹ ਹੈਦਰਾਬਾਦ ਨਿਜ਼ਾਮ ਦੇ ਦੀਵਾਨ ਦਾ ਪੜਪੋਤਾ ਹੈ। ਉਸ ਨੇ ਮੈਨੂੰ ਇਹ ਵੀ ਦੱਸਿਆ ਸੀ ਕਿ ਉਸ ਕੋਲ ਕੁਝ ਜੇਵਰ ਤੇ ਸਾਮਾਨ ਹੈ ਅਤੇ ਮੈਨੂੰ ਇਹ ਸਾਮਾਨ ਵਿਖਾਇਆ ਪਰ ਕਿਉਂਕਿ ਮੈਨੂੰ ਉਸ ’ਚ ਕੋਈ ਦਿਲਚਸਪੀ ਨਹੀਂ ਸੀ, ਲਿਹਾਜਾ ਮੈਂ ਬਹੁਤਾ ਨਹੀਂ ਪੁੱਛਿਆ। ਵਕਤ ਲੰਘਣ ਦੇ ਨਾਲ ਖਾਨ ਦੇ ਨਾਲ ਮੇਰੀ ਰਫਤਜਫਤ ਤੇ ਦੋਸਤੀ ਵਧਦੀ ਗਈ। ਤਾਪੜਿਆ ਤੇ ਆਨੰਦ ਰਾਜ ਦੋਨਾਂ ਦੇ ਬਿਆਨਾਂ ਮੁਤਾਬਕ ਖਾਨ ਨੇ ਉਹਨਾਂ ਨੂੰ ਬਹੁਤ ਕਮਾਊ ਕਾਰੋਬਾਰ ਦਾ ਸਾਂਝੀਦਾਰ ਬਣਨ ਨੂੰ ਕਿਹਾ ਸੀ। ਹੈਰਾਨੀ ਨਹੀਂ ਹੈ ਕਿ ਹਰ ਕੋਈ ਖਾਨ ਦੇ ਸਾਹਮਣੇ ਕਤਾਰ ’ਚ ਖੜ੍ਹਾ ਹੋਣ ਲੱਗਿਆ। ਉਸ ਕੋਲ ਜਾਦੂਈ ਨਕਦੀ ਸੀ। ਆਮਦਨ ਟੈਕਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਆਨੰਦ ਰਾਜ, ਜੋ ਕਦੀ ਜਿਊਰਿਖ ’ਚ ਕੋਰਮਾਸੂਤਰਾ ਨਾਂ ਦੇ ਭਾਰਤੀ ਰੇਸਤੋਰੇਂਤਾ ਦਾ ਮਾਲਕ ਸੀ, ਛਾਪੇ ਦੌਰਾਨ ਖਾਨ ਦੇ ਪੂਣੇ ਸਥਿਤ ਘਰੇ ਹੀ ਸੀ। ਪੁੱਛਣ ’ਤੇ ਉਸ ਨੇ ਜਾਂਚ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਖਾਨ ਤੋਂ 5 ਲੱਖ ਡਾਲਰ ਲੈਣ ਆਇਆ ਹੈ। ਖਾਨ ਉਸ ਦਾ ਹੋਟਲ ਖਰੀਦਣਾ ਚਾਹੁੰਦਾ ਸੀ। ਆਨੰਦ ਰਾਜ ਨੇ ਈ. ਡੀ. ਤੇ ਆਈ. ਟੀ ਅਧਿਕਾਰੀਆਂ ਨੂੰ ਦਿੱਤੇ ਬਿਆਨ ’ਚ ਮੰਨਿਆ ਹੈ ਕਿ ਉਸ ਨੂੰ ਸਵਿਟਜ਼ਰਲੈਂਡ ’ਚ ਖਾਨ ਦੇ ਵੱਖ–ਵੱਖ ਖਾਤਿਆਂ ਬਾਰੇ ਪਤਾ ਸੀ। ਆਨੰਦਰਾਜ ਨੇ ਦੱਸਿਆ ਕਿ “ਮੈਂ ਦਿਵਾਲੀਆ ਐਲਾਨੇ ਜਾਣ ਪਿੱਛੋਂ ਭਾਰਤ ’ਚ ਖਾਨ ਦੇ ਨਾਲ ਰਹਿਣ ਲੱਗਿਆ, ਮੈਨੂੰ ਕਈ ਅਜਿਹੇ ਕਾਗਜਾਤ ਦਿਸੇ ਜਿਹਨਾਂ ਨੂੰ ਮੈਂ ਆਪਣੇ ਮੈਕ ਪਾਵਰਬੁਕ ’ਚ ਸੇਵ ਕਰ ਲਿਆ। ਮੈਂ ਇਹ ਖਾਨ ਦੇ ਖਾਤਿਆਂ ’ਚ ਜਮ੍ਹਾਂ ਅਰਬਾਂ ਡਾਲਰ ਦਾ ਪਤਾ ਲਾਉਣ ਲਈ ਕੀਤਾ।”

**ਅਪਰਾਧਿਕ ਪਿਛੋਕੜ** – ਖਾਨ ਨੂੰ ਪਹਿਲੀ ਵਾਰੀ ਮੁੰਬਈ ਪੁਲਸ ਦਾ ਸਾਹਮਣਾ ਕਰਨਾ ਪਿਆ, ਤਿੰਨ ਪਾਸਪੋਰਟ ਰੱਖਣ ਦੀ ਵਜ੍ਹਾ ਕਰਕੇ ਕਰਨਾ ਪਿਆ। ਪਹਿਲਾ ਪਾਸਪੋਰਟ ਹੈਦਰਾਬਾਦ, ਦੂਜਾ ਮੁੰਬਈ ਤੇ ਤੀਜਾ ਪਟਨਾ ’ਚ ਜਾਰੀ ਕੀਤਾ ਗਿਆ ਸੀ। ਖਾਨ ਦਾ ਜ਼ਿਕਰ ਕਰਦਿਆਂ ਭਾਰਤ ਦੀ ਬੇਨਤੀ ’ਚ ਕਿਹਾ ਗਿਆ ਹੈ ਕਿ ਉਕਤ ਵਿਅਕਤੀ ਜਾਲਸਾਜੀ, ਠੱਗੀ, ਫਰਜੀਵਾੜੇ ਅਤੇ ਵੱਡੇ ਪੈਮਾਨੇ ’ਤੇ ਜਲਦੀ ਦਸਤਾਵੇਜਾਂ

ਦੀ ਵਰਤੋਂ ਦਾ ਦੋਸ਼ੀ ਹੈ। ਜਿਹਨਾਂ ਲਈ ਆਂਧਰਾਪ੍ਰਦੇਸ਼ ਪੁਲਸ 'ਚ ਕਰੀਬ 10 ਸ਼ਿਕਾਇਤਾਂ ਦਰਜ ਹਨ। ਸ੍ਰੀ ਹਸਨ ਅਲੀ ਖਾਨ ਨੇ ਫਰਜੀ ਦਸਤਾਵੇਜ ਜਮ੍ਹਾਂ ਕਰਕੇ ਭਾਰਤੀ ਦੇ ਵੱਖ-ਵੱਖ ਖੇਤਰੀ ਪਾਸਪੋਰਟ ਦਫਤਰਾਂ ਤੋਂ ਕਈ ਭਾਰਤੀ ਪਾਸਪੋਰਟ ਬਣਵਾਏ।" ਖਾਨ ਕਰੀਬ ਇਕ ਸਾਲ ਤੱਕ ਮੁੰਬਈ ਪੁਲਸ ਨਾਲ ਲੁਕਣਮਿਟੀ ਖੇਡਦਾ ਰਿਹਾ। ਉਹ ਦਸੰਬਰ 2008 'ਚ ਵਰਲੀ ਪੁਲਸ ਥਾਣੇ ਪਹੁੰਚਿਆ, ਪੁਲਸ ਨੇ ਫੌਰਨ ਉਸ ਦਾ ਤੇ ਉਸ ਦੀ ਪਤਨੀ ਦਾ ਪਾਸਪੋਰਟ ਜਬਤ ਕਰਕੇ ਉਹਨਾਂ ਨੂੰ ਈ. ਡੀ. ਨੂੰ ਦੇ ਦਿੱਤਾ, ਜਿਸ ਨੇ ਉਹਨਾਂ ਨੂੰ ਆਪਣੇ ਕੋਲ ਰੱਖ ਲਿਆ। ਖਾਨ ਫਰਜੀ ਪਾਸਪੋਰਟ ਮਾਮਲੇ 'ਚ ਜਮਾਨਤ 'ਤੇ ਹੈ ਅਤੇ ਮੁੰਬਈ ਪੁਲਸ ਦੀ ਸੂਚਨਾ ਮੁਤਾਬਿਕ ਉਹ ਕਦੀ ਪੁਣੇ ਤੇ ਕਦੀ ਦੱਖਣੀ ਮੁੰਬਈ 'ਚੋਂ ਦੇ ਅਪਾਰਟਮੈਂਟ 'ਚ ਰਹਿੰਦਾ ਹੈ। ਮੁੰਬਈ ਪੁਲਸ ਦੇ ਸਾਹਮਣੇ ਉਸ ਦੇ ਆਤਮ ਸਮਰਪਣ ਸਮੇਂ ਆਮਦਨ ਟੈਕਸ ਅਧਿਕਾਰੀਆਂ ਨੇ ਉਸ ਦੇ ਆਲੀਸ਼ਾਨ ਘਰਾਂ, ਘੋੜਿਆਂ (32) ਅਤੇ ਗੱਡੀਆਂ ਨੂੰ ਜਬਤ ਕਰ ਲਿਆ ਸੀ। ਮਾਰਚ ਤੇ ਜੂਨ 2008 ਦੇ ਦੌਰਾਨ ਜਦ ਪੁਲਸ ਉਸ ਦੇ ਪਿੱਛੇ ਪਈ ਸੀ ਉਸ ਨੇ ਮੁੰਬਈ ਦੇ ਮੁੱਖ ਬਿਲਡਰ ਯੂਸਫ ਲਾਕੜਾਵਾਲਾ ਦੇ ਰਿਜ਼ੋਰਟ 'ਚ ਪਨਾਹ ਲਈ ਸੀ। ਦੇਸ਼ ਦਾ ਆਮਦਨ ਟੈਕਸ ਦਾ ਸਭ ਤੋਂ ਵੱਡਾ ਬਕਾਏਦਾਰ ਹੋਣ ਦੇ ਬਾਵਜੂਦ ਖਾਨ ਬੇਫਿਕਰ ਹੈ। ਕਾਗਜ਼ 'ਤੇ ਉਸ ਨੇ ਸਭ ਕੁਝ ਨਾਕਾਰ ਦਿੱਤਾ ਹੈ, ਉਸ ਦੇ ਵਕੀਲ ਉਸ ਨੂੰ ਐਸਾ ਨਰਮ ਵਿਅਕਤੀ ਦੱਸ ਰਹੇ ਹਨ ਜਿਸ ਨੂੰ ਜਾਂਚ ਏਜੰਸੀਆਂ ਨੇ ਗਲਤ ਕਾਰਨਾ ਕਰਕੇ ਘੇਰਿਆ।

**ਪਹੁੰਚ ਰੱਖਣ ਵਾਲਾ ਸਖਸ਼** - ਜਾਂਚ ਕਰਤਾਵਾਂ ਨੂੰ ਉਸ ਦੀ ਪਹੁੰਚ ਬਾਰੇ ਪਤਾ ਹੈ ਪਿਛਲੇ ਹਫਤੇ ਦਿੱਲੀ ਦੇ ਈ. ਡੀ. ਮੁੱਖ ਦਫਤਰ 'ਚ ਇਕ ਮੀਟਿੰਗ ਸਮੇਂ ਮੁੰਬਈ ਦੇ ਉਚ ਅਧਿਕਾਰੀਆਂ ਨੇ ਖਾਨ ਦੇ ਪ੍ਰਭਾਵਸ਼ਾਲੀ ਨੈਟਵਰਕ ਬਾਰੇ ਦੱਸਿਆ ਕਿ ਉਹਨਾਂ ਨੂੰ ਡਰ ਹੈ ਕਿ ਦਸੰਬਰ 2008 ਦੇ ਦੂਜੇ ਹਫਤੇ ਪੂਰੀ ਹੋਈ ਦੋ ਸਾਲ ਦੀ ਜਾਂਚ ਨਾਲ ਦੁਨੀਆਂ ਭਰ 'ਚ ਨਕਦੀ ਦੇ ਜਾਲ ਦਾ ਜੋ ਖੁਲਾਸਾ ਹੋਇਆ ਹੈ, ਉਸ ਦੇ ਸਾਰੇ ਨਿਸ਼ਾਨਿਆਂ ਨੂੰ ਇਹ ਨੈਟਵਰਕ ਹੌਲੀ-ਹੌਲੀ ਪੂੰਝ ਸਕਦਾ ਹੈ। ਉਸ ਦੀ ਇਕ ਵਕੀਲ ਸੁਧਾ ਜਾਘ ਦਾ ਕਹਿਣਾ ਹੈ, "ਉਹਨਾਂ ਨੇ ਲਿਖਤੀ ਰੂਪ 'ਚ ਸਭ ਨਾਕਾਰ ਦਿੱਤਾ ਹੈ।" ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਉਚ ਮੈਂਬਰ ਤੇ ਦੇਸ਼ ਦੇ ਮੁੱਖ ਫੌਜਦਾਰੀ ਵਕੀਲ ਮਾਜਿਦ ਮੇਮਨ ਵੀ ਖਾਨ ਦੀ ਪੈਰਵੀ ਕਰ ਰਹੇ ਹਨ। ਹਾਲਾਂਕਿ ਉਹ ਮੰਨਦੇ ਹਨ ਕਿ ਆਪਣੇ ਮੁਅਕਲ ਨੂੰ ਮਿਲਿਆ ਉਹਨਾਂ ਨੂੰ 6 ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਈ. ਡੀ. ਤੇ ਆਮਦਨ ਟੈਕਸ ਅਧਿਕਾਰੀਆਂ ਨੂੰ ਚਿੰਤਾ ਹੈ ਕਿ ਖਾਨ ਦੇ ਸਵਿਸ ਬੈਂਕ ਦੇ ਜ਼ਿਆਦਾਤਰ ਪੈਸੇ ਨੂੰ ਪਹਿਲੇ 'ਏ ਏ ਏ' ਯੂ ਬੀ ਐਸ ਬਾਂਡ 'ਚ ਤਬਦੀਲ ਕਰਕੇ ਉਥੋਂ ਦੇ ਦੂਜੇ ਬੈਂਕਾਂ 'ਚ ਤਬਦੀਲ ਕਰ ਦਿੱਤਾ ਹੈ। ਉਹਨਾਂ ਦੀ ਪੜਤਾਲ ਫਿਲਹਾਲ ਖਾਨ ਦੇ ਜਿਊਰਿਖ ਖਾਤੇ ਤਕ ਹੀ ਸੀਮਤ ਹੈ। ਕਈ ਲੋਕਾਂ ਨੂੰ ਪਤਾ ਹੈ ਕਿ ਇਹ ਸਾਬਕਾ ਕਬਾੜੀਆ ਤੇ ਘੋੜਿਆਂ ਦੇ ਫਾਰਮ ਦਾ ਮਾਲਕ ਦੇਸ਼ ਦੀ ਵਪਾਰਕ ਰਾਜਧਾਨੀ 'ਚ ਆਪਣੇ ਪ੍ਰਭਾਵਸ਼ਾਲੀ ਨੈਟਵਰਕ ਰਾਹੀਂ ਹਾਲਤਾਂ ਨੂੰ ਆਪਣੇ ਪੱਖ 'ਚ ਕਰਨ ਦੀ ਸਮਰਥਾ ਰੱਖਦਾ ਹੈ। ਯਾਦ ਰਹੇ ਇਸ ਮਾਮਲੇ ਦੀ ਜਾਂਚ ਕਰ ਰਹੇ ਤਿੰਨ ਵੱਡੇ ਅਧਿਕਾਰੀਆਂ ਦੀ ਮੁਕਾਬਲਤਨਾ ਘੱਟ ਮਹੱਤਵਪੂਰਨ ਅਹੁਦਿਆਂ 'ਤੇ ਬਦਲੀ ਕਰ ਦਿੱਤੀ ਗਈ ਹੈ ਅਤੇ ਮੁੱਖ ਪੁਲਸੀਆਂ ਨੂੰ ਪੁੱਛਗਿੱਛ ਦੌਰਾਨ ਜ਼ਿਆਦਾ ਤੇਜ਼ੀ ਵਿਖਾਉਣ ਤੋਂ ਬਚਣ ਨੂੰ ਕਿਹਾ ਹੈ। ਖਾਨ ਨੇ ਮੁੰਬਈ ਪੁਲਸ ਦੇ ਨਾਲ ਗੱਲਬਾਤ ਵਾਰ-ਵਾਰ ਵੱਡੇ ਲੋਕਾਂ

ਦਾ ਨਾਂ ਲਿਆ। ਉਸ ਦੀ ਲੰਮੀ ਸੂਚੀ 'ਚ ਮੁੰਬਈ ਦੇ ਲਗਭਗ ਸਭ ਨਾਮੀ-ਗਰਾਮੀ ਲੋਕ ਸ਼ਾਮਲ ਹਨ। ਖਾਨ ਤੋਂ ਪੁੱਛਗਿੱਛ ਕਰਨ ਵਾਲੀ ਟੀਮ ਦੇ ਮੈਂਬਰ ਰਹੇ ਇਕ ਇਨਸਪੈਕਟਰ ਨੇ ਕਿਹਾ ਕਿ ਵੈਸੇ ਉਹ ਆਪਣੇ ਦਿਲ, ਜਿਗਰ ਤੇ ਗੁਰਦੇ ਤੋਂ ਲੈ ਕੇ ਵੱਖ-ਵੱਖ ਬਿਮਾਰੀਆਂ ਬਾਰੇ ਦਸਦਾ ਰਹਿੰਦਾ ਸੀ। ਅਸੀਂ ਪੁੱਛਗਿੱਛ ਰੋਕ ਕੇ ਉਸ ਨੂੰ ਅਗਲੇ ਦਿਨ ਬੁਲਾਉਂਦੇ ਸੀ।" ਵੱਡੇ ਲੋਕਾਂ ਨਾਲ ਉਸ ਦੇ ਸੰਬੰਧ ਦੀ ਵਜ੍ਹਾ ਕਰਕੇ ਜਾਂਚ ਕਰਤਾ ਚਿੰਤਤ ਸਨ। ਖਾਨ ਤੋਂ ਪੁੱਛਗਿੱਛ ਵਾਲੇ ਮੁੰਬਈ ਪੁਲਸ ਦੇ ਸਾਬਕਾ ਉਪ ਕਮਿਸ਼ਨਰ ਅਸ਼ੋਕ ਦੇਸ਼ ਭ੍ਰਾਤਰ ਨੇ ਕਿਹਾ, "ਇਹ ਵੈਸੇ ਸਮੇਂ ਕਰਜਾ ਵਸੂਲਣ ਵਰਗਾ ਸੀ, ਜਦ ਵਿਤੀ ਅਰਥਚਾਰਾ ਸੰਕਟ 'ਚ ਹੋਵੇ।" ਪੁਲਸ ਅਧਿਕਾਰੀਆਂ ਮੁਤਾਬਕ ਵਕਤ ਬੀਤਣ ਦੇ ਨਾਲ ਖਾਨ ਨੂੰ ਇਹ ਚਿੰਤਾ ਹੋਣ ਲੱਗੀ ਕਿ ਪ੍ਰਸਾਸ਼ਨਿਕ ਅਮਲੇ 'ਚ ਉਸ ਦੇ ਰਾਖੇ ਨਕਾਰਤਮਕ ਖਬਰਾਂ ਕਾਰਨ ਆਪਣਾ ਮਹੱਤਵ ਗੁਆਉਣ ਲੱਗੇ ਹਨ। ਉਸ ਨੇ ਪੈਂਤਰਾ ਬਦਲਦਿਆਂ ਵੱਡੇ ਲੋਕਾਂ ਦਾ ਨਾਂ ਲੈਣਾ ਛੱਡ ਦਿੱਤਾ ਤੇ ਖੁਦ ਨੂੰ ਅਜਿਹਾ ਤਬਾਹ, ਸਿੱਧਾ-ਸਾਦਾ ਛੋਟਾ ਵਪਾਰੀ ਦੱਸਣ ਲੱਗਿਆ। ਜਨਵਰੀ 2010 'ਚ ਮੁੰਬਈ ਹਾਈਕੋਰਟ ਨੇ ਫਰਜੀ ਪਾਸਪੋਰਟ ਮਾਮਲੇ 'ਚ ਖਾਨ ਦੀ ਜਮਾਨਤ ਰੱਦ ਕਰ ਦਿੱਤੀ, ਉਸਨੇ ਕਿਹਾ ਕਿ ਸਰਕਾਰ ਹੀ ਖਾਨ ਦੀ ਜਮਾਨਤ ਕਰਨ 'ਚ ਦਿਲਚਸਪੀ ਨੂੰ ਲੈ ਰਹੀ ਹੈ। ਇਸ ਹੈਰਾਨਕੁੰਨ ਬਿਆਨ ਤੋਂ ਸੰਕੇਤ ਮਿਲਦਾ ਹੈ ਕਿ ਸਰਕਾਰ ਨੇ ਖਾਨ ਨੂੰ ਸਲਾਖਾਂ ਪਿੱਛੇ ਰੱਖਣ ਲਈ ਜਾਣਬੁਝ ਕੇ ਆਪਣੀ ਕਨੂੰਨ ਕੋਸ਼ਿਸ਼ 'ਚ ਦੇਰੀ ਕਰ ਦਿੱਤੀ ਹੈ। ਨਿਆਂਮੂਰਤੀ ਡੀ ਜੀ ਕਾਰਣਿਕ ਨੇ ਕਿਹਾ, "ਰਾਜ ਸਰਕਾਰ ਦੋਸ਼ ਸੂਚੀ ਦਾਖਲ ਕਰਨ ਦੇ ਛੇ ਮਹੀਨੇ ਬਾਅਦ ਵੀ (ਦੋਸ਼ੀ ਨੂੰ) ਨੋਟਿਸ ਜਾਰੀ ਕਰਨ 'ਚ ਦਿਲਚਸਪੀ ਨਹੀਂ ਲੈ ਰਹੀ ਹੈ। ਸਰਕਾਰ ਆਪਣੀ ਹੀ ਅਪੀਲ ਨੂੰ ਅੱਗੇ ਵਧਾਉਣ ਲਈ ਉਤਸੁਕ ਨਹੀਂ ਹੈ ਤਾਂ ਅਦਾਲਤ ਇਸ 'ਤੇ ਵਕਤ ਨਹੀਂ ਬਰਬਾਦ ਕਰਨਾ ਚਾਹੁੰਦੀ।" ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਫੈਸਲੇ ਨੇ ਜਾਂਚ ਕਰਤਾਵਾਂ ਦੇ ਉਤਸ਼ਾਹ ਨੂੰ ਠੰਢਾ ਕਰ ਦਿੱਤਾ ਅਤੇ ਪ੍ਰੇਸ਼ਾਨ ਕੀਤੇ ਜਾਣ ਦੀ ਖਾਨ ਦੀ ਦਲੀਲ ਨੂੰ ਮਜ਼ਬੂਤੀ ਦਿੱਤੀ। ਇਹ ਘਪਲਾ ਬਹੁਤ ਵੱਡਾ ਹੈ ਅਤੇ ਇਸ ਦੇ ਸੰਬੰਧ ਡੂੰਘੇ ਹਨ। ਡਰ ਹੈ ਕਿ ਸ਼ਾਇਦ ਹੀ ਹਕੀਕਤ ਦਾ ਪਤਾ ਲੱਗੇ। ਕਰੀਬ 500 ਡਾਲਰ ਭਾਰਤੀ ਧਨ ਕਰ ਮੁਕਤ ਦੇਸ਼ਾਂ 'ਚ ਜਮ੍ਹਾਂ ਹੈ ਇਸ ਨਾਲ ਕਰੀਬ 2 ਫੀਸਦੀ ਜਾਂ 8 ਅਰਬ ਡਾਲਰ ਸਿਰਫ ਇਕ ਬੰਦੇ ਹਸਨ ਅਲੀ ਦੇ ਨਾਂ 'ਤੇ ਜਮ੍ਹਾਂ ਹੈ। ਇਹ ਪੈਸਾ ਨਜਾਇਜ਼ ਹਥਿਆਰਾਂ ਦੇ ਕਾਰੋਬਾਰ ਤੇ ਅੱਤਵਾਦ ਨਾਲ ਜੁੜਿਆ ਹੋ ਸਕਦਾ ਹੈ ਤਾਂ ਸਰਕਾਰ ਕਾਰਵਾਈ ਤੋਂ ਕਿਉਂ ਝਿਜਕ ਰਹੀ ਹੈ।

# ਕੀ ਭਰਿਸ਼ਟਾਚਾਰ ਕਦੇ ਖਤਮ ਵੀ ਹੋਊ?

ਕੀ ਭਾਰਤ 'ਚ ਭਰਿਸ਼ਟਾਚਾਰ 'ਤੇ ਲਗਾਮ ਇਸ ਲਈ ਨਹੀਂ ਕਸੀ ਜਾ ਸਕਦੀ ਕਿ ਇਥੇ ਇਸ ਲਈ ਲੋੜੀਂਦੇ ਅਧਿਕਾਰ ਹਾਸਲ ਢੁਕਵੀਂ ਵਿਵਸਥਾ ਨਹੀਂ ਹੈ? ਭਰਿਸ਼ਟਾਚਾਰ ਨਾਲ ਲੜਨ ਵਾਲੇ ਤੇ ਸਰਕਾਰੀ ਪੱਧਰ 'ਤੇ ਵਿਆਪਕ ਭਰਿਸ਼ਟਾਚਾਰ ਨੂੰ ਸੂਚਨਾ ਦੇ ਅਧਿਕਾਰ ਤੋਂ ਉਜਾਗਰ ਕਰਨ ਵਾਲੇ ਸਰਗਰਮ ਸਮੂਹ ਦਾ ਤਾਂ ਘੱਟੋ-ਘੱਟ ਇਹੀ ਮੰਨਣਾ ਹੈ ਤੇ ਫਿਰ ਅਜਿਹੀਆਂ ਉਦਾਹਰਣਾਂ ਮੌਜੂਦ ਹਨ ਜਿਹਨਾਂ 'ਚ ਦੁਨੀਆਂ ਦੇ ਕਈ ਦੇਸ਼ਾਂ 'ਚ ਕਈ ਕਾਰਗਰ ਤੇ ਉਚ ਅਧਿਕਾਰ ਪ੍ਰਾਪਤ ਵਿਵਸਥਾ ਕਰਨ ਨਾਲ ਭਰਿਸ਼ਟਾਚਾਰ ਤੇ ਨਕੇਲ ਕਸੀ ਜਾ ਸਕਦੀ ਹੈ। ਇਸ ਲਈ ਇਹ ਸਮੂਹ ਇਸ ਗੱਲ ਨਾਲ ਇਤਫ਼ਾਕ ਨਹੀਂ ਰੱਖਦਾ ਹੈ ਕਿ ਭਰਿਸ਼ਟਾਚਾਰ ਸਾਡੇ ਖ਼ੂਨ 'ਚ ਦਾਖਲ ਹੋ ਚੁੱਕਿਆ ਹੈ ਤੇ ਕੋਈ ਵਿਵਸਥਾ ਇਸ ਦਾ ਇਲਾਜ ਨਹੀਂ ਕਰ ਸਕਦੀ। ਅਜਿਹੇ ਹੀ ਸੱਜਣਾ ਨੇ ਮਿਲ ਕੇ ਪਿਛਲੇ ਦਿਨੀਂ ਇਕ ਸੰਮੇਲਨ ਆਯੋਜਿਤ ਕੀਤਾ ਅਤੇ ਇਸ 'ਚ ਐਸੀਆਂ ਕਈ ਨਵੀਆਂ ਕਾਰਗਰ ਵਿਵਸਥਾਵਾਂ ਬਣਾਏ ਜਾਣ ਦਾ ਮਸੌਦਾ ਪੇਸ਼ ਕੀਤਾ। ਪਰ ਮਸੌਦੇ ਦਾ ਵੇਰਵਾ ਜਾਨਣ ਤੋਂ ਪਹਿਲਾਂ ਆਓ ਇਹ ਜਾਣੀਏ ਕਿ ਦੁਨੀਆਂ 'ਚ ਜੋ ਪ੍ਰਯੋਗ ਹੋਏ ਉਹ ਕੀ ਸਨ? ਅਤੇ ਕੀ ਸਨ ਉਹਨਾਂ ਦੇ ਸਿੱਟੇ? ਸਭ ਤੋਂ ਪਹਿਲੀ ਗੱਲ ਹਾਂਗਕਾਂਗ ਸਭ ਤੋਂ ਭਰਿਸ਼ਟ ਦੇਸ਼ਾਂ ਦੀ ਸੂਚੀ 'ਚ ਸਿਖਰ 'ਤੇ ਸੀ। ਹਰ ਪਾਸੇ ਭਰਿਸ਼ਟਾਚਾਰ ਦਾ ਬੋਲ ਬਾਲਾ ਸੀ। ਇਥੋਂ ਤੱਕ ਕਿ ਜੇ ਅੱਗ ਲੱਗਣ 'ਤੇ ਤੁਸੀਂ ਜੇ ਫਾਇਰ ਬ੍ਰਿਗੇਡ ਨੂੰ ਬੁਲਾਉਂਦੇ ਤਾਂ ਉਥੇ ਵੀ ਕਿਹਾ ਜਾਂਦਾ ਕਿ ਜੇਬ ਢਿੱਲੀ ਕਰੋ ਤਦ ਹੀ ਅੱਗ ਬੁਝਾਉਣ ਆਵਾਂਗੇ। ਜਦ ਪਾਣੀ ਸਿਰੋਂ ਲੰਘ ਗਿਆ ਤਾਂ ਕਈ ਸੰਗਠਨ ਬਣੇ ਤੇ ਲੱਖਾਂ ਲੋਕ ਸੜਕਾਂ 'ਤੇ ਉਤਰ ਆਏ, ਮਜ਼ਬੂਰ ਸਰਕਾਰ ਨੂੰ ਤਾਬੜ ਤੋੜ ਕਾਰਵਾਈਆਂ ਕਰਨੀਆਂ ਪਈਆਂ। ਸਰਕਾਰ ਨੇ ਇਕ ਸਰਭ ਅਧਿਕਾਰ ਹਾਸਲ ਕਮਿਸ਼ਨ ਬਣਾਇਆ ਜਿਸ ਦਾ ਨਾਂ ਰੱਖਿਆ ਗਿਆ ਇੰਡੀਪੈਂਟੇਂਟ ਕਮਿਸ਼ਨ ਅਗੈਂਸਟ ਕਰਪੋਸ਼ਨ (ਰਿਸ਼ਵਤਖੋਰੀ ਵਿਰੋਧੀ ਅਜਾਦ ਆਯੋਗ) ਜਾਂ ਆਈ ਸੀ ਐਸ ਸੀ। ਹਾਂਗਕਾਂਗ ਕਿਉਂਕਿ ਇਕ ਛੋਟਾ ਦੇਸ਼ ਹੈ ਤਦ ਉਥੇ ਕੁਲ 107 ਵੱਡੇ ਪੁਲਸ ਅਫਸਰ ਸਨ। ਆਈ ਸੀ ਐਸੀ ਨੇ ਪਹਿਲੇ ਫੈਸਲੇ 'ਚ ਇਹਨਾਂ 'ਚੋਂ 103 ਪੁਲਸ ਅਫਸਰਾਂ ਨੂੰ ਬਰਖਾਸਤ ਕਰ ਦਿੱਤਾ। ਆਯੋਗ ਦੇ ਪਹਿਲੇ ਸਖਤ ਫੈਸਲੇ ਦਾ ਅਸਰ ਹੋਇਆ ਤੇ ਉਹ ਹੌਲੀ-ਹੌਲੀ ਹਾਂਗਕਾਂਗ ਭਰਿਸ਼ਟਾਚਾਰ ਦੇ ਕਚਰੇ ਤੋਂ ਸਾਫ ਸੁਥਰਾ ਹੋਣ ਲੱਗਿਆ। ਅੱਜ ਇਹ ਦੇਸ਼ ਦੁਨੀਆਂ ਦੇ ਸਭ ਤੋਂ ਘੱਟ ਭਰਿਸ਼ਟ ਦੇਸ਼ਾਂ 'ਚ ਸ਼ਾਮਲ ਹੈ। ਅਜਿਹੇ ਹੀ ਕਮਿਸ਼ਨਾਂ ਪਿਛੋਂ ਅਸਟ੍ਰੇਲੀਆ ਦੱਖਣੀ ਕੋਰੀਆ ਤੇ ਇੰਡੋਨੇਸ਼ੀਆ 'ਚ ਵੀ ਬਣਾਏ ਗਏ ਤੇ ਸਿੱਟੇ ਕਾਰਗਰ ਰਹੇ ਦਰਅਸਲ ਧਿਆਨ ਦੇਣ ਦੀ ਗੱਲ ਇਹ ਹੈ ਕਿ ਅਜਿਹੇ ਸਭ ਕਮਿਸ਼ਨਾਂ ਨੂੰ ਅਧਿਕਾਰ ਭਰਪੂਰ ਬਣਾਇਆ ਗਿਆ। ਭਾਰਤ 'ਚ ਕੇਂਦਰੀ ਪੱਧਰ 'ਤੇ ਕੇਂਦਰੀ ਚੌਕਸੀ ਕਮਿਸ਼ਨ (ਸੀ ਵੀ ਸੀ) ਤੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਵਰਗੀਆਂ ਸੰਸਥਾਵਾਂ ਹਨ ਪਰ ਇਹਨਾਂ ਦੋਨਾਂ ਦੇ ਅਧਿਕਾਰ ਸੀਮਤ ਤੇ ਰਾਜਨੀਤੀ ਪ੍ਰਭਾਵਿਤ ਹੈ। ਇਸ ਲਈ ਸਾਨੂੰ ਇਕ ਐਸੀ ਵਿਵਸਥਾ ਦੀ ਬੇਹੱਦ ਜ਼ਰੂਰਤ ਹੈ ਜੋ ਮੌਜੂਦਾ ਵਿਵਸਥਾ ਦੀਆਂ ਖਾਮੀਆਂ ਦੂਰ ਕਰਦੀ ਹੋਵੇ।

**ਸੀ ਬੀ ਆਈ ਤੇ ਸੀ ਵੀ ਸੀ ਦੀਆਂ ਖਾਮੀਆਂ**

- ਸੀ ਬੀ ਆਈ ਕੰਮ ਦੇ ਬੋਝ ਹੇਠ ਦਬੀ ਹੋਈ ਹੈ ਹੁਣ ਇਹ ਇਕ ਕਰੋੜ ਰੁਪਏ ਤੋਂ

ਘੱਟ ਦੇ ਭਰਿਸ਼ਟਾਚਾਰ ਦੇ ਕੇਸ ਲੈਂਦੀ ਹੀ ਨਹੀਂ।
– ਸੀ ਬੀ ਆਈ ਏਜੰਸੀ ਆਜ਼ਾਦ ਨਹੀਂ ਹੈ। ਉਹ ਕੇਂਦਰ ਸਰਕਾਰ ਦੀ ਗੁਲਾਮ ਹੈ।
– ਇਸ ਲਈ ਗਠਜੋੜ ਸਰਕਾਰ ’ਚ ਮੰਤਰੀ ਜਾਂ ਰਾਜਨੇਤਾ ਜਾਂ ਉਸ ਦੇ ਕਰੀਬੀ ਅਫਸਰ ਖਿਲਾਫ ਜਾਂਚ ’ਚ ਸੀ ਬੀ ਆਈ ਦੀ ਸ਼ਾਖ ਖਰਾਬ ਹੋਈ ਹੈ।
– ਇਹ ਵੀ ਸ਼ਾਖ ਬਣੀ ਹੈ ਕਿ ਸੀ ਬੀ ਆਈ ਦੀ ਵਰਤੋਂ ਕੇਂਦਰ ਸਰਕਾਰ ਆਪਣੇ ਰਾਜਸੀ ‘ਦੁਸ਼ਮਣਾਂ’ ਨੂੰ ਸਿੱਧਾ ਕਰਨ ਲਈ ਕਰਦੀ ਹੈ।
– ਸੀ ਵੀ ਸੀ ਦਾ ਸਟਾਫ ਬਹੁਤ ਛੋਟਾ ਹੈ ਸਿਰਫ 200 ਲੋਕਾਂ ਦਾ। ਇਸ ਨੇ ਨਜ਼ਰ ਰੱਖਣੀ ਹੈ। 150 ਕੇਂਦਰੀ ਸਰਕਾਰੀ ਵਿਭਾਗਾਂ ਤੇ ਮੰਤਰਾਲਿਆਂ ਉਪਰ।
– ਸੀ ਵੀ ਸੀ ਸਿਰਫ ਸਲਾਹਕਾਰ ਦੀ ਭੂਮਿਕਾ ’ਚ ਹੈ। ਕੇਂਦਰ ਸਰਕਾਰ ਦੇ ਵਿਭਾਗ ਭਰਿਸ਼ਟਾਚਾਰ ਸਬੰਧੀ ਸੀ ਵੀ ਸੀ ਦੀ ਰਾਇ ਮੰਗਦੇ ਹਨ ਅਤੇ ਵਿਭਾਗ ਨੂੰ ਇਹ ਅਧਿਕਾਰ ਹੈ ਕਿ ਉਹ ਸੀ ਵੀ ਸੀ ਦੀ ਸਲਾਹ ਨੂੰ ਮੰਨੇ ਜਾਂ ਨਾ ਮੰਨੇ। ਜਿਸ ਮਾਮਲੇ ’ਚ ਸੀ ਵੀ ਸੀ ਸਿੱਧੀ ਜਾਂਚ ਕਰਦੀ ਹੈ, ਉਸ ’ਚ ਵੀ ਉਹ ਸਿਰਫ ਸਲਾਹ ਹੀ ਦੇ ਸਕਦੀ ਹੈ। ਅਨੁਭਵ ਦੱਸਦੇ ਹਨ ਕਿ ਸੀ ਵੀ ਸੀ ਦੀ ਸਲਾਹ ’ਤੇ ਮੁਕੱਦਮੇ ਨਹੀਂ ਚੱਲੇ। ਭਾਰੀ ਜੁਰਮਾਨੇ ਦੇ ਸੁਝਾਅ ’ਤੇ ਮਾਮੂਲੀ ਜੁਰਮਾਨਾ ਲਾ ਕੇ ਮਾਮਲਾ ਰਫਾ ਦਫਾ ਹੀ ਕੀਤਾ ਗਿਆ। ਸੀ ਵੀ ਸੀ ਕੋਲ ਅਪਰਾਧਿਕ ਮਾਮਲਾ ਦਰਜ ਕਰਨ ਦਾ ਅਧਿਕਾਰ ਹੀ ਨਹੀਂ ਹੈ। ਸੀ ਵੀ ਸੀ ਦਾ ਰਾਜਸੀ ਨੇਤਾਵਾਂ ਤੇ ਕੋਈ ਅਖਤਿਆਰ ਨਹੀਂ। ਜੇ ਕਿਸੇ ਰਾਜ ਨੇਤਾ ਦੀ ਕਿਸੇ ਘਪਲੇ ’ਚ ਸਮੂਲੀਅਤ ਪਾਈ ਜਾਵੇ ਤਾਂ ਵੀ ਸੀ ਬੀ ਸੀ ਸ਼ਿਕਾਇਤਾਂ ਨੂੰ ਸਬੰਧਤ ਵਿਭਾਗ ਦੀ ਚੌਕਸੀ ਸ਼ਾਖਾ ਨੂੰ ਭੇਜ ਤਾਂ ਦਿੰਦਾ ਹੈ ਪਰ ਉਸ ’ਤੇ ਕਾਰਵਾਈ ਕਰਨ ਦਾ ਕੋਈ ਜ਼ਰੀਆ ਸੀ ਵੀ ਸੀ ਪਾਸ ਨਹੀਂ ਹੈ। ਸੀ ਵੀ ਸੀ ਦੀ ਨਿਯੁਕਤੀ ਦਾ ਸਿੱਧਾ ਅਧਿਕਾਰ ਹਾਕਮ ਪਾਰਟੀ ਪਾਸ ਹੁੰਦਾ ਹੈ। ਹਾਲਾਂਕਿ ਨੇਤਾ ਵਿਰੋਧੀ ਧਿਰ ਚੋਣ ਸੰਮਤੀ ਦਾ ਮੈਂਬਰ ਹੁੰਦਾ ਹੈ। ਪਰ ਉਸ ਦੀ ਰਾਇ ਦੀ ਅਹਿਮੀਅਤ ਕਿੰਨੀ ਹੈ ਇਹ ਮੌਜੂਦਾ ਸੀ ਵੀ ਸੀ ਪੀ ਜੇ ਧਾਮਸ ਦੀ ਚੋਣ ’ਚ ਦੇਸ਼ ਨੇ ਵੇਖ ਲਈ ਹੈ। ਸੀ ਬੀ ਆਈ ਤੇ ਸੀ ਵੀ ਸੀ ਨੂੰ ਸੁਪਰਵਾਈਜ਼ਰੀ ਅਧਿਕਾਰ ਹੈ ਲੇਕਿਨ ਦਰਅਸਲ ਹੈ ਇਹ ਵੀ ਕਾਗਜ਼ੀ।

ਭਰਿਸ਼ਟਾਚਾਰ ਖਿਲਾਫ ਬਣੇ ਇਕ ਨਵੇਂ ਸੰਗਠਨ ਦਾ ਨਾਂ ਹੈ–ਇੰਡੀਆ ਅਗੈਂਸਟ ਕਰੱਪਸ਼ਨ ਜਾਂ ਆਈ. ਏ. ਸੀ. (IAC) ਇਕ ਪਾਸੇ ਇਸ ਵਿਚ ਸ੍ਰੀ ਰਵੀਸ਼ੰਕਰ ਤੇ ਬਾਬਾ ਰਾਮਦੇਵ ਵਰਗੇ ਅਧਿਆਤਮਕ ਸੰਤ ਹਨ ਤਾਂ ਅੰਨਾ ਹਜ਼ਾਰੇ ਤੇ ਕਿਰਨ ਬੇਦੀ ਵਰਗੇ ਲੋਕ ਵੀ ਹਨ। ਸ਼ਾਂਤੀ ਭੂਸ਼ਣ, ਅਗਨੀਵੇਸ਼ ਅਰਵਿੰਦ ਕੇਜਰੀਵਾਲ ਤੇ ਪ੍ਰਸ਼ਾਂਤ ਭੂਸ਼ਣ ਵਰਗੇ ਲੋਕਾਂ ਦਾ ਸਮੂਹ ਆਈ. ਏ. ਸੀ. ਦਾ ਸਰਗਰਮ ਸੰਚਾਲਨ ਕਰ ਰਿਹਾ ਹੈ। ਇਸ ਸੰਗਠਨ ਨੇ ਭਰਿਸ਼ਟਾਚਾਰ ਖਿਲਾਫ ਅਜਾਦ, ਨਿਰਪੱਖ ਤੇ ਅਧਿਕਾਰ ਭਰਪੂਰ, ਕਮਿਸ਼ਨ ਦੇ ਗਠਨ ਦਾ ਮਸੌਦਾ ਪੇਸ਼ ਕੀਤਾ ਹੈ। ਲਗਭਗ 25 ਸਫਿਆਂ ਦੀ ਇਸ ਦਸਤਾਵੇਜ ’ਚ ਪੂਰੇ ਬਿਲ ਦਾ ਰੂਪ ਲਿਖਿਆ ਗਿਆ ਹੈ। ਪ੍ਰਸਤਾਵਿਤ ਨਾਂ ਦਿੱਤਾ ਗਿਆ ਹੈ–ਲੋਕਪਾਲ। ਇਸ ਵਿਵਸਥਾ ਦੀ ਖਾਸ ਗੱਲ ਇਹੀ ਹੈ ਕਿ ਇਹ ਸਰਭਅਧਿਕਾਰ ਸਪੰਨ ਵਿਵਸਥਾ ਹੋਵੇਗੀ। ਇਸ ਦਾ ਇਕ ਪ੍ਰਧਾਨ ਤੇ 10 ਮੈਂਬਰ ਹੋਣਗੇ। ਭਰਿਸ਼ਟਾਚਾਰ ਨਾਲ ਜੁੜੇ ਉਹ ਮਸਲੇ ਜੋ ਸੀ ਬੀ ਆਈ ਕੋਲ ਹਨ ਲੋਕਪਾਲ ’ਚ ਸ਼ਾਮਲ ਕਰ ਦਿੱਤੇ ਜਾਣਗੇ। ਲੋਕਪਾਲ ਸਰਕਾਰ ਤੋਂ ਪੂਰੀ ਤਰ੍ਹਾਂ ਆਜ਼ਾਦ ਹੋਵੇਗਾ। ਸਾਰੇ ਮੰਤਰੀ ਸਰਕਾਰੀ ਅਫਸਰ

ਤੇ ਜੱਜ ਲੋਕਪਾਲ ਦੇ ਨਿਆਂਧਿਕਾਰ ਖੇਤਰ ’ਚ ਆਉਣਗੇ। ਲੋਕਪਾਲ ਕਿਸੇ ਵੀ ਦੂਜੀ ਸੰਸਥਾ ਦੀ ਇਜਾਜ਼ਤ ਬਗੈਰ ਕੋਈ ਵੀ ਜਾਂਚ ਤੇ ਮੁਹਿੰਮ ਸ਼ੁਰੂ ਕਰ ਸਕੇਗਾ। ਰਿਸ਼ਵਤ ਦੀ ਮੰਗ ਅਕਸਰ ਲੋਕਾਂ ਦੀਆਂ ਸ਼ਿਕਾਇਤਾਂ ਦਾ ਵੱਡਾ ਹਿੱਸਾ ਹੁੰਦੀ ਹੈ, ਇਸ ਲਈ ਲੋਕਪਾਲ ਸਾਰੇ ਸਰਕਾਰੀ ਵਿਭਾਗਾਂ ਖਿਲਾਫ ਲੋਕ ਸ਼ਿਕਾਇਤਾਂ ਦੇ ਨਿਪਟਾਰੇ ਦੀ ਵਿਵਸਥਾ ਵੀ ਕਰੇਗਾ। ਲੋਕਪਾਲ ਵਿਸਲ ਬਲੋਅਰ ਦੀ ਸਾਰੀ ਰਾਖੀ ਲਈ ਜ਼ਿੰਮੇਵਾਰ ਹੋਵੇਗਾ। ਲੋਕਪਾਲ ਦੇ ਮੁਖੀ ਤੇ ਮੈਂਬਰਾਂ ਦੀ ਚੋਣ ਪਾਰਦਰਸ਼ੀ ਤੇ ਆਪਸੀ ਹਿੱਸੇਦਾਰੀ ਵਾਲੀ ਵਿਵਸਥਾ ਰਾਹੀਂ ਹੋਵੇਗੀ। ਲੋਕਪਾਲ ਦੀਆਂ ਸਾਰੀਆਂ ਕਾਰਵਾਈਆਂ ਪਾਰਦਰਸ਼ੀ ਹੋਣਗੀਆਂ। ਹਾਂਗਕਾਂਗ ਬਹੁਤ ਛੋਟਾ ਦੇਸ਼ ਹੈ, ਭਾਰਤ ਏਨਾ ਵਿਸ਼ਾਲ ਦੇਸ਼ ਹੈ ਕਿ ਭਰਿਸ਼ਟਾਚਾਰ ਦਾ ਜਾਲ ਵੀ ਵਿਸ਼ਾਲ ਤੇ ਪੇਚੀਦਾ ਹੈ। ਉਹ ਇਹ ਵੀ ਕਹਿ ਸਕਦੇ ਹਨ ਕਿ ਲੋਕਪਾਲ ਦੀ ਧਾਰਣਾ ਦਹਾਕਿਆਂ ਤੋਂ ਚਰਚਾ ਵਿਚ ਹੈ ਤੇ ਸਾਰੀਆਂ ਪਾਰਟੀਆਂ ਇਸ ਬਾਰੇ ਸਹਿਮਤੀ ਵੀ ਦਰਸਾਉਂਦੀਆਂ ਹਨ ਪਰ ਅਜੇ ਤੱਕ ਅਜਿਹੀ ਵਿਵਸਥਾ ਵੀ ਹੋਂਦ ’ਚ ਨਹੀਂ ਆਈ ਹੈ। ਇਸ ਕਾਰਨ ਇਸ ਵਾਰੀ ਸਰਕਾਰ ਨੂੰ ਮਜ਼ਬੂਰ ਕਰਨਾ ਪਵੇਗਾ ਤਾਂ ਹੀ ਇਸ ਦਾ ਕੋਈ ਸਕਾਰਤਮਕ ਪ੍ਰਣਾਮ ਆ ਸਕੇਗਾ। ਪਰ ਸੂਚਨਾ ਨੂੰ ਅਧਿਕਾਰ ਬਣਾਉਣ ’ਚ ਮੋਹਰੀ ਰਹੇ ਅਰਵਿੰਦ ਕੇਜਰੀਵਾਲ ਭਾਰਤ ਦੇ ਵਿਸ਼ਾਲ ਹੋਣ ਕਰਕੇ ਲੋਕਪਾਲ ਦੀ ਸਫਲਤਾ ਨੂੰ ਸ਼ੱਕੀ ਨਹੀਂ ਮੰਨਦੇ।

ਗੱਲ ਛੋਟੇ ਵੱਡੇ ਦੇਸ਼ ਦੀ ਨਹੀਂ, ਅਧਿਕਾਰ ਦੀ ਹੈ ਤੇ ਫਿਰ ਲੋਕਪਾਲ ਕੇਂਦਰ ਪੱਧਰ ’ਤੇ ਹੋਵੇਗਾ, ਰਾਜ ਪੱਧਰ ਤੇ ਲੋਕਾਯੁਕਤ ਹੋਣਗੇ ਅਤੇ ਉਹਨਾਂ ਦੇ ਹੇਠਾਂ ਵੀ ਇਹ ਵਿਵਸਥਾ ਜਾਰੀ ਰਹੇਗੀ। ਬਿਲ ਪਾਸ ਕਰਨਾ ਕਾਫੀ ਔਖਾ ਹੋਵੇਗਾ, ਇਸ ਲਈ ਲੋਕਾਂ ਨੂੰ ਤਿਆਰ ਕੀਤਾ ਜਾ ਰਿਹਾ ਹੈ। ਤੀਹ ਜਨਵਰੀ ਦੀ ਇਕ ਵੱਡੀ ਰੈਲੀ ਦਿੱਲੀ ’ਚ ਹੋਵੇਗੀ। ਅੰਨਾ ਹਜ਼ਾਰੇ 50 ਲੱਖ ਪਰਚੇ ਲੈ ਕੇ ਮਹਾਂਰਾਸ਼ਟਰ ਦਾ ਦੌਰਾ ਸ਼ੁਰੂ ਕਰ ਚੁੱਕੇ ਹਨ। ਅਰੁਣਾ ਰਾਇ ਵੀ ਜੁੜ ਰਹੀ ਹੈ। ਕੋਸ਼ਿਸ਼ ਹੈ ਕਿ ਭਰਿਸ਼ਟਾਚਾਰ ਸਭ ਤੋਂ ਵੱਡਾ ਚੁਣਾਵੀ ਮੁੱਦਾ ਬਣ ਕੇ ਉਭਰੇ ਤੇ ਉਹੀ ਪਾਰਟੀ ਵੋਟ ਦੀ ਹੱਕਦਾਰ ਹੋਵੇ ਜੋ ਭਰਿਸ਼ਟਾਚਾਰ ਤੋਂ ਮੁਕਤ ਵਿਵਸਥਾ ਲਾਗੂ ਕਰਨ ਦਾ ਵਾਅਦਾ ਕਰੇ। ਵਿਦਿਆਰਥੀ ਤੇ ਦੂਜੇ ਕੌਮੀ ਸੰਗਠਨ ਵੀ ਇਸ ਨਾਲ ਜੁੜਨੇ ਚਾਹੀਦੇ ਹਨ। ਇਹ ਸਭ ਤਾਂ ਮਿਲ ਕੇ ਆਮ ਰਾਇ ਬਣਾ ਰਹੇ ਹਨ ਪਰ ਕੀ ਹੋਊ ਇਹ ਕਹਿਣਾ ਮੁਸ਼ਕਲ ਹੈ, ਕਿਉਂਕਿ ਕੋਈ ਵੀ ਸਰਕਾਰ ਐਸਾ ਠੋਸ ਕਦਮ ਉਠਾਉਣਾ ਨਹੀਂ ਚਾਹੁੰਦੀ। ਹੁਣ ਘੱਟੋ ਘੱਟ ਲੋਕ ਮੰਨ ਰਹੇ ਹਨ ਕਿ ਇਹ ਭਰਿਸ਼ਟਾਚਾਰ ਇਕ ਗੰਭੀਰ ਤੇ ਲਾਇਲਾਜ ਬੀਮਾਰੀ ਬਣ ਚੁੱਕਿਆ ਹੈ। ਇਸ ਦਾ ਇਲਾਜ ਅੱਜ ਦੀ ਲੋੜ ਹੈ। ਵੱਡੇ ਸਨਅਤੀ ਘਰਾਣੇ ਵੀ ਪੂਰੀ ਵਿਵਸਥਾ ਨੂੰ ਬੇਇਮਾਨੀ ਨਾਲ ਚਲਾ ਰਹੇ ਹਨ। ਇਹ ਸਭ ਤੋਂ ਖਤਰਨਾਕ ਪਹਿਲੂ ਹੈ। ਬਾਬਾ ਰਾਮਦੇਵ ਵੀ ਇਸ ਅੰਦੋਲਨ ਨਾਲ ਜੁੜੇ ਹਨ। 1968 ਤੋਂ ਲੋਕਪਾਲ ਬਿਲ ਰੁਕਿਆ ਪਿਆ ਹੈ। ਅੱਜ ਕਿਸੇ ਭਰਿਸ਼ਟਾਚਾਰੀ ਨੂੰ ਸਜ਼ਾ ਨਹੀਂ ਮਿਲਦੀ। ਭਰਿਸ਼ਟਾਚਾਰ ਖਤਮ ਕਰਨਾ ਤੇ ਵਿਕਾਸ ਦੋ ਹੀ ਮੁੱਦੇ ਹਨ। ਜਦ ਜ਼ਰੂਰਤ ਜ਼ਿੰਮੇਵਾਰੀਆਂ ਤੇ ਹਾਵੀ ਹੋ ਜਾਣ ਤਾਂ ਲੋਕ ਲਾਲਚ ਤਣਾਅ ਤੇ ਭਰਿਸ਼ਟਾਚਾਰ ਨਾਲ ਗ੍ਰਸਿਤ ਹੋ ਜਾਂਦੇ ਹਨ। ਸਭ ਨੂੰ ਇਕ ਹੋ ਕੇ ਵਪਾਰ, ਸਰਕਾਰ, ਮੰਡੀਆਂ ’ਚ ਭਰਿਸ਼ਟਾਚਾਰ ਮੁਕਤ ਇਕ ਨਵੀਂ ਅਜਾਦੀ ਲਿਆਉਣੀ ਚਾਹੀਦੀ ਹੈ।

# ਕਾਲੇ ਧਨ ਦਾ ਅਚਲ ਜਾਇਦਾਦ 'ਚ ਨਿਵੇਸ਼ ਕਿਵੇਂ?

ਜ਼ਮੀਨ ਜਾਇਦਾਦ ਦੇ ਧੰਦੇ 'ਚ ਤਾਬੜ ਤੋੜ ਨਜਾਇਜ਼ ਲੈਣ ਦੇਣ ਤੋਂ ਤੰਗ ਆ ਕੇ ਆਖਰ ਸਰਕਾਰ ਨੇ ਇਸ ਖੇਤਰ ਲਈ ਪੈਮਾਨਾ (ਸਟੈਂਡਰਡ) ਨਿਯੁਕਤ ਕਰ ਦਿੱਤਾ ਹੈ। ਪਿੱਛੇ ਜਿਹੇ ਹੀ ਵਿਤ ਮੰਤਰਾਲੇ ਤੇ ਪ੍ਰਵਰਤਨ ਡਾਇਰੈਕਟੋਰੇਟ ਦੇ ਅਧਿਕਾਰੀਆਂ ਨਾਲ ਗ੍ਰਹਿ ਸਕੱਤਰ ਜੀ. ਕੇ. ਪਿਲੈ ਦੀ ਬੈਠਕ 'ਚ ਜਾਇਦਾਦ ਦੀ ਖਰੀਦ-ਫਰੋਖਤ 'ਚ ਕਾਲੇ ਧਨ ਦੀ ਵਰਤੋਂ ਦਾ ਰੁਝਾਣ ਵਧਣ 'ਤੇ ਗੰਭੀਰ ਚਿੰਤਾ ਜ਼ਾਹਿਰ ਕੀਤੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਜ਼ਮੀਨ ਦੀ ਖਰੀਦ ਦੇ 70 ਫੀਸਦੀ ਤੋਂ ਵੱਧ ਕੇਸਾਂ 'ਚ ਲੈਣ-ਦੇਣ ਨਕਦ ਹੁੰਦਾ ਹੈ ਅਤੇ ਭਾਰੀ ਗਿਣਤੀ 'ਚ ਤਾਕਤਵਰ ਲੋਕ ਜ਼ਮੀਨ ਤੇ ਉਹ ਵੀ ਬੇਨਾਮੀ 'ਚ ਨਿਵੇਸ਼ ਲਈ ਕਾਲਾ ਧਨ ਵਰਤਦੇ ਹਨ। ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਦਾ ਕਹਿਣਾ ਸੀ, "ਦੇਸ਼ ਦੇ ਜ਼ਿਆਦਾਤਰ ਘਪਲਿਆਂ ਦੀ ਜੜ੍ਹ 'ਚ ਜਾਇਦਾਦ ਹੀ ਹੈ" ਹਾਲ ਦੇ ਸਾਲਾਂ 'ਚ ਸਭ ਤੋਂ ਵੱਧ ਰਿਵਾਜ਼ ਇਹ ਵੇਖਿਆ ਗਿਆ ਹੈ ਕਿ ਖੇਤੀ ਭੂਮੀ ਨੂੰ ਰਿਹਾਇਸ਼ੀ ਕਲੋਨੀਆਂ 'ਚ ਤਬਦੀਲ ਕਰ ਦਿੱਤਾ ਜਾਂਦਾ ਹੈ ਕਿਉਂਕਿ ਇਹ ਮੁਕਾਬਲਤਨ ਘੱਟ ਕੀਮਤ 'ਚ ਮਿਲ ਜਾਂਦੀ ਹੈ। ਏਮਾਰ ਐਮ ਜੀ ਐਫ ਅਤੇ ਆਈ ਆਰ ਈ. ਓ. ਵਰਗੇ ਬਿਲਡਰ ਤੇ ਰਿਅਲ ਅਸਟੇਟ ਡਿਵੈਲਪਰ ਪ੍ਰੀਵਰਤਨ ਡਾਇਰੈਕਟੋਰੇਟ ਦੀ ਨਿਗਰਾਨੀ 'ਚ ਹਨ ਕਿਉਂਕਿ ਇਹ ਐਫ ਡੀ ਆਈ ਨੂੰ ਖੇਤੀ ਭੂਮੀ ਖਰੀਦਨ ਲਈ ਵਰਤਦੇ ਹਨ ਅਤੇ ਇਸ ਦੀ ਵਿਦੇਸ਼ੀ ਮੁਦਰਾ ਪ੍ਰਬੰਧ ਕਨੂੰਨ ਤਹਿਤ ਇਜਾਜਤ ਨਹੀਂ ਹੈ। ਪ੍ਰੀਵਰਤਨ ਡਾਇਰੈਕਟੋਰੇਟ ਨੇ ਦੋ ਵਾਰੀ ਏਮਾਰ ਐਮ ਜੀ ਐਫ ਦੇ ਦਫਤਰਾਂ-ਦਸੰਬਰ 2009 'ਚ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੌੜਾ ਦੇ ਨਾਲ ਸ਼ਕੀ ਸੰਬੰਧਾਂ ਦੀ ਛਾਣਬੀਣ ਲਈ ਤੇ ਫਿਰ ਪਿਛਲੇ ਸਾਲ ਅਕਤੂਬਰ 'ਚ ਰਾਸ਼ਟਰ ਮੰਡਲ ਖੇਡ ਪਿੰਡ ਦੇ ਘਪਲੇ 'ਚ ਉਸ ਦਾ ਨਾਂ ਆਉਣ ਕਰਕੇ ਛਾਪਾ ਮਾਰਿਆ। ਉਸ ਨੇ ਰਾਸ਼ਟਰਮੰਡਲ ਖੇਡ ਪਿੰਡ ਦੀ ਉਸਾਰੀ ਲਈ 183 ਕਰੋੜ ਰੁਪੈ ਦੀ ਕੰਪਨੀ ਦੀ ਬੈਂਕ ਗਰੰਟੀ 'ਚ ਬੇਨਿਯਮੀ ਪਾਈ ਸੀ। ਇਹੀ ਨਹੀਂ ਪ੍ਰੀਵਰਤਨ ਡਾਇਰੈਕਟੋਰੇਟ ਨੇ ਜਾਇਦਾਦਾਂ ਦੀ ਖਰੀਦ 'ਚ ਵੱਡੇ ਪੈਮਾਨੇ 'ਤੇ ਐਫ ਡੀ ਆਈ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਦੇਖੀ ਤੇ ਉਹਨਾਂ ਨੂੰ ਜਬਤ ਕਰਨ ਦਾ ਹੁਕਮ ਦਿੱਤਾ ਸੀ। ਇਹ ਏਜੰਸੀ ਗੁੜਗਾਂਵ ਸਥਿਤ ਆਈ ਆਰ ਈ ਓ ਦੀ ਵੀ ਪੜਤਾਲ ਕਰ ਰਹੀ ਹੈ। ਜਿਸ ਨੂੰ ਭਾਰਤ ਦੇ ਜ਼ਮੀਨ ਜਾਇਦਾਦ ਖੇਤਰ 'ਚ ਸਰਗਰਮ ਸਭ ਤੋਂ ਵਿਸ਼ਵੀ ਇਕਵਟੀ ਫੰਡ ਕੰਪਨੀ ਦੱਸਿਆ ਜਾਂਦਾ ਹੈ। ਉਸ ਨੇ ਪਿਛਲੇ ਸਾਲ ਅਪ੍ਰੈਲ 'ਚ ਆਈ ਆਰ ਡੀ ਓ ਦੇ 12 ਠਿਕਾਣਿਆਂ 'ਤੇ ਛਾਪੇ ਮਾਰੇ ਸਨ। ਇਸ ਰਿਅਲਟੀ ਕੰਪਨੀ ਨੇ ਪਿਛਲੇ ਕੁਝ ਸਾਲਾਂ ਦੌਰਾਨ ਰਿਅਲ ਅਸਟੇਟ ਖੇਤਰ 'ਚ 1.8 ਅਰਬ ਡਾਲਰ ਤੋਂ ਵੱਧ ਨਿਵੇਸ਼ ਕੀਤਾ ਹੈ ਪਰ ਮਾਰਸ਼ਿਸ਼ ਤੇ ਸਾਈਪ੍ਰਸ ਵਰਗੇ ਦੇਸ਼ਾਂ ਤੋਂ ਐਫ ਡੀ ਆਈ ਦੀ ਹੇਰਾਫੇਰੀ ਅਤੇ ਹਰਿਆਣਾ, ਉਤਰ ਪ੍ਰਦੇਸ਼, ਤਾਮਿਲਨਾਡੂ ਵਰਗੇ ਸੂਬਿਆਂ 'ਚ ਆਪਣੀ ਅਸਟੇਟ ਪ੍ਰੋਜੈਕਟਾਂ ਲਈ ਵੱਡੇ ਪੈਮਾਨੇ 'ਤੇ ਖੇਤੀ ਭੂਮੀ ਦੇ ਇਕਵਾਇਰ ਕਰਨ (ਹੜੱਪਣ) ਦੀ ਵਜ੍ਹਾ ਕਰਕੇ ਉਸ 'ਤੇ ਨਿਗਾਹ ਰੱਖੀ ਜਾ ਰਹੀ ਸੀ।

# ਮਾਫੀਆ ਰਾਜ ਬਨਾਮ ਲਾਟਰੀ ਘਪਲਾ

ਤਾਮਿਲਨਾਡੂ ਦੇ ਮੁੱਖ ਮੰਤਰੀ ਐਮ-ਕਰੁਣਾਨਿਧੀ ਨੂੰ ਪਟਕਥਾ ਲੇਖਕ ਵਜੋਂ ਆਪਣੀ 75ਵੀਂ ਫਿਲਮ ਇਲੈਗਿਆਨ ਤੋਂ 45 ਲੱਖ ਰੁਪਏ ਮਿਲੇ ਜੋ ਉਹਨਾਂ ਨੂੰ ਪਟਕਥਾ ਲੇਖਕ ਵਜੋਂ ਮਿਲੀ ਹੁਣ ਤੱਕ ਦੀ ਸਭ ਤੋਂ ਵੱਡੀ ਫੀਸ ਸੀ। ਇਹ ਸਭ ਸੈਟਿਯਾਗੋ ਮਾਰਟਿਨ ਜਾਂ 'ਲਾਟਰੀ ਕਿੰਗ' ਦੀ ਬਦੌਲਤ ਹੋਇਆ, ਜਿਸ ਨੇ ਤਿੰਨ ਸਾਲ ਤੋਂ ਵਿਚ ਵਿਚਾਲੇ ਲਟਕੀ ਪ੍ਰੀਯੋਜਨਾ ਫਿਰ ਸ਼ੁਰੂ ਕਰਵਾਈ। ਮਾਰਟਿਨ ਦੀ ਕੰਪਨੀ ਐਸ ਮਾਰਟਿਨ ਪ੍ਰੋਡਕਸ਼ਨ ਨੇ ਇਸ ਫਿਲਮ 'ਤੇ ਕਰੀਬ 50 ਕਰੋੜ ਰੁਪਏ ਖਰਚ ਕੀਤੇ। ਮੰਨਿਆ ਜਾ ਰਿਹਾ ਹੈ ਕਿ ਕਰੁਣਾਨਿਧੀ ਮਾਰਟਿਨ ਦੀ ਅਗਲੀ ਫਿਲਮ ਪੋਨਾਰ- ਸ਼ੰਕਰ ਦੀ ਪਟਕਥਾ ਲਿਖ ਰਹੇ ਹਨ। ਸਿਨੇਮੇ ਦੇ ਵਡੇਰਿਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਇਸ ਬਦਲੇ ਉਸ ਦੇ ਨਜਾਇਜ਼ ਲਾਟਰੀ ਕਾਰੋਬਾਰ ਨੂੰ ਬੇਰੋਕਟੋਕ ਚਲਾਉਣ ਦੀ ਇਜ਼ਾਜ਼ਤ ਦਿੰਦੇ ਹਨ। ਸਾਲੇਮ ਦੇ ਵੀ. ਜੀ., ਬਾਲਾ ਜੀ, ਜਿਹਨਾਂ ਨੇ ਮਦਰਾਸ ਹਾਈਕੋਰਟ 'ਚ ਮਾਰਟਨ ਖਿਲਾਫ ਇਕ ਮੁਕੱਦਮਾ ਕੀਤਾ ਸੀ, ਦਾ ਕਹਿਣਾ ਹੈ "ਉਹ ਤਾਮਿਲਨਾਡੂ 'ਚ ਗੈਰ ਕਨੂੰਨੀ ਲਾਟਰੀ ਦੀ ਵਿਕਰੀ ਨਾਲ ਹਰ ਰੋਜ਼ ਕਰੀਬ 8 ਕਰੋੜ ਰੁਪਏ ਕਮਾਉਂਦਾ ਹੈ" ਹਾਲਾਂਕਿ ਜ਼ਿਆਦਾਤਰ ਰਾਜਾਂ 'ਚ ਲਾਟਰੀ 'ਤੇ ਪਬੰਦੀ ਲਾ ਦਿੱਤੀ ਗਈ ਹੈ ਪਰ ਪੂਰੇ ਦੇਸ਼ 'ਚ ਹਰ ਸਾਲ 7200 ਕਰੋੜ ਰੁਪਏ ਤੋਂ ਵੱਧ ਦੀ ਨਜਾਇਜ਼ ਵਿਕਰੀ ਹੁੰਦੀ ਦੱਸੀ ਜਾਂਦੀ ਹੈ। ਬਾਲਾ ਜੀ ਦਸਦੇ ਹਨ ਕਿ ਮਾਰਟਿਨ ਦਾ ਕਾਰੋਬਾਰ ਹੁਣ ਕਾਫੀ ਫੈਲ ਚੁੱਕਿਆ ਹੈ ਅਤੇ ਕੋਲਕਾਤਾ ਤੋਂ ਦੇਸ਼ ਦੇ ਵੱਖ-ਵੱਖ ਇਲਾਕਿਆਂ 'ਚ ਲਾਟਰੀ ਭੇਜੀ ਜਾਂਦੀ ਹੈ।

ਮਾਰਟਿਨ ਲਾਟਰੀ ਏਜੰਸੀਜ਼ ਲਿਮ. 'ਚ 300 ਤੋਂ ਵੱਧ ਲੋਕ ਕੰਮ ਕਰ ਰਹੇ ਹਨ। ਮਾਰਟਿਨ ਦੀਆਂ ਮੁੱਖ ਕਾਰੋਬਾਰੀ ਇਕਾਈਆਂ 'ਚ ਬੇਸਟ ਐਂਡ ਕੰ. ਜੋ ਕਾਗਜ਼ੀ ਲਾਟਰੀ ਦਾ ਕਾਰੋਬਾਰ ਕਰਦੀ ਹੈ। ਆਨ ਲਾਈਨ ਲਾਟਰੀ ਸਮਾਰਟਵਿਨ ਤੇ ਮੇਗਾਵਿਨ, ਅਤੇ ਇਨਲਾਨ ਈ-ਗੇਮਿੰਗ ਸਰਵਸਿਜ਼ ਲਿਮ. ਜੋ ਇੰਟਰਨੈਟ ਲਾਟਰੀ ਦਾ ਸੰਚਾਲਨ ਕਰ ਰਹੀ ਸੀ ਪਰ ਕੇਰਲਾ ਸਰਕਾਰ ਨੇ 2005 'ਚ ਆਨ ਲਾਈਨ ਲਾਟਰੀਆਂ 'ਤੇ ਪਬੰਦੀ ਲਾ ਦਿੱਤੀ ਤੇ ਉਹ ਸਿਕਮ ਅਤੇ ਭੂਟਾਨ ਦੀ ਕਾਗਜ਼ੀ ਲਾਟਰੀ ਦਾ ਕਾਰੋਬਾਰ ਕਰਨ ਲੱਗਿਆ। ਇਕ ਹੋਰ ਝਮੇਲਾ ਉਸ ਸਮੇਂ ਖੜ੍ਹਾ ਹੋਇਆ ਜਦ ਤਾਮਿਲਨਾਡੂ ਦੇ ਮਹਾਂ ਬੁਲਾਰੇ ਪੀ ਐਸ ਰਮਨ ਕੇਰਲਾ 'ਚ ਇਕ ਮੁਕੱਦਮੇ 'ਚ ਮਾਰਟਿਨ ਦੀ ਵਕਾਲਤ ਕਰਨ ਪਹੁੰਚ ਗਏ। ਤਾਮਿਲਨਾਡੂ ਸਰਕਾਰ ਨੇ ਸਪਸ਼ਟੀਕਰਨ ਦਿੱਤਾ ਕਿ ਰਮਨ ਨੇ ਇਕ ਉਚ ਪੱਧਰੀ ਵਕੀਲ ਦੀ ਹੈਸੀਅਤ ਨਾਲ ਜਿਰਹਾ ਕੀਤੀ ਪਰ ਜਦ ਕੇਰਲ ਸਰਕਾਰ ਨੇ ਕਰੁਣਾਨਿਧੀ ਨੂੰ ਇਕ ਚਿੱਠੀ ਲਿਖੀ ਤਦ ਉਹਨਾਂ ਨੇ ਰਮਨ ਨੂੰ ਪਿੱਛੇ ਹਟ ਜਾਣ ਲਈ ਕਿਹਾ। ਬਾਲਾ ਜੀ ਦਾ ਕਹਿਣਾ ਹੈ "ਸਿਰਫ ਕੇਰਲਾ 'ਚ ਲਾਟਰੀ ਦੀ ਵਿਕਰੀ ਨਾਲ ਉਸ ਨੂੰ ਰੋਜ਼ਾਨਾ 6 ਕਰੋੜ ਰੁਪਏ ਮਿਲ ਰਹੇ ਹਨ" ਮਾਰਟਿਨ ਕੋਇੰਬਟੂਰ 'ਚ ਆਪਣੀ ਪਤਨੀ ਲੀਮਾ ਦੇ ਨਾਂ ਹੇਠ ਇਕ ਪ੍ਰਾਪਰਟੀ ਕੰਪਨੀ ਸ਼ੁਰੂ ਕੀਤੀ ਹੈ। ਸੂਤਰਾਂ ਦੀ ਮੰਨੀਏ ਤਾਂ ਉਸ ਨੇ ਪਿਛਲੇ 10 ਸਾਲ 'ਚ 300 ਤੋਂ ਵੱਧ ਕੰਪਨੀਆਂ ਸ਼ੁਰੂ ਕੀਤੀਆਂ ਹਨ।

# ਮਾਫੀਆ ਰਾਜ ਬਨਾਮ ਰੇਲ ਕਬਾੜ ਘਪਲਾ

ਇਹ ਅਜਿਹਾ ਰਾਜ ਹੈ, ਜਿਸ ਨੂੰ ਭਾਰਤੀ ਰੇਲਵੇ ਨੇ ਇੰਤ ਹਾਈ ਰਾਜ ਦੇ ਪਰਦੇ ’ਚ ਲਪੇਟ ਕੇ ਰੱਖਿਆ ਹੋਇਆ ਹੈ। ਰੇਲਵੇ ਵਿਭਾਗ ’ਚ ਹਰ ਸਾਲ ਪੈਦਾ ਹੋ ਰਹੇ 12 ਲੱਖ ਟਨ ਕਬਾੜ ਦੀ ਵਿਕਰੀ ’ਤੇ ਇਕ ਜਬਰਦਸਤ ਲਾਬੀ ਹਾਵੀ ਹੈ, ਜੋ ਮੁੱਖ ਤੌਰ ’ਤੇ ਦੇਸ਼ ਦੇ ਪੂਰਵੀ ਰਾਜਾਂ-ਬਿਹਾਰ, ਪੱਛਮੀ, ਪੱਛਮੀ ਬੰਗਾਲ ਤੇ ਪੂਰਵੀ ਉਤਰ ਪ੍ਰਦੇਸ਼-’ਚ ਸਰਗਰਮ ਹੈ। ਕਬਾੜ ’ਚ 3500 ਕਰੋੜ ਰੁਪਏ ਤੋਂ ਵੱਧ ਮੁੱਲ ਦੀ ਧਾਤੂ ਹੁੰਦੀ ਹੈ। ਜਿਸ ’ਚ ਮੁੱਖ ਤੌਰ ’ਤੇ ਲੋਹਾ, ਇਸਪਾਤ, ਅਲੂਮੀਨੀਅਮ, ਪਿੱਤਲ ਤੇ ਤਾਂਬਾ ਹੁੰਦਾ ਹੈ ਅਤੇ ਇਸ ਨੂੰ ਖੁੱਲ੍ਹੀ ਬੋਲੀ ਰਾਹੀਂ ਵੇਚ ਦਿੱਤਾ ਜਾਂਦਾ ਹੈ। ਇਹ ਕਬਾੜ ਹਰ ਸਾਲ ਕੰਡਮ ਕੀਤੇ ਜਾਣ ਵਾਲੇ ਹਜ਼ਾਰਾਂ ਮਾਲ ਵਾਹਕ ਡੱਬਿਆਂ, ਸਵਾਰੀ ਡੱਬਿਆਂ ਤੇ ਇੰਜਣਾਂ ਦਾ ਹੁੰਦਾ ਹੈ। ਇਕ ਛੋਟਾ ਜਿਹਾ ਮਾਫੀਆ ਰਾਜਸੀ ਸ਼ਹਿ ਮਿਲਣ ਕਰਕੇ ਇਸ ਕਮਾਊ ਧੰਦੇ ਨੂੰ ਕੰਟਰੋਲ ਕਰਦਾ ਹੈ। ਉਤਰ ਪ੍ਰਦੇਸ਼ ’ਚ ਮਊ ਜ਼ਿਲ੍ਹੇ ਦੇ ਅਜ਼ਾਦ ਐਮ. ਐਲ. ਏ. ਮੁਖਤਾਰ ਅੰਸਾਰੀ ਇਸ ਇਲਾਕੇ ਦੇ ਉਹਨਾਂ ਸਰਗਰਮ ਸਰਗਨਿਆਂ ’ਚ ਸ਼ਾਮਲ ਹੈ ਜੋ ਕੋਲਾ ਖੁਦਾਈ, ਰੇਲ ਉਸਾਰੀ ਤੇ ਕਬਾੜ ਦੇ ਧੰਦੇ ਨੂੰ ਕੰਟਰੋਲ ਕਰਦੇ ਹਨ। ਬਿਹਾਰ ’ਚ ਰਾਸ਼ਟਰੀ ਜਨਤਾ ਦਲ ਦੇ ਰਾਜ ਭਾਗ ਸਮੇਂ ਮਾਫੀਆ ਦੀ ਤੂਤੀ ਬੋਲਦੀ ਹੁੰਦੀ ਸੀ ਪਰ ਹੁਣ ਨਤੀਸ਼ ਕੁਮਾਰ ਨੇ ਉਹਨਾਂ ’ਤੇ ਕੁਝ ਨੱਥ ਕਸੀ ਹੈ। ਉਹਨਾਂ ਨੇ ਕਬਾੜ ਦੀ ਵਿਕਰੀ ’ਚ ਪਾਰਦਰਸ਼ਿਤਾ ਲਿਆਉਣ ਲਈ ਕਈ ਤਰ੍ਹਾਂ ਦੇ ਉਪਾਅ ਕੀਤੇ ਹੋਏ ਹਨ ਪਰ ਸੂਤਰਾਂ ਦਾ ਕਹਿਣਾ ਹੈ ਕਿ ਪੱਛਮੀ ਬੰਗਾਲ ਲਗਾਤਾਰ ਕਬਾੜ ਮਾਫੀਆ ਦਾ ਕੇਂਦਰ ਬਣਿਆ ਆ ਰਿਹਾ ਹੈ ਕਿਉਂਕਿ ਉਹਨਾਂ ਦੇ ਕਈ ਮੈਂਬਰ ਰਾਜਸੀ ਪਾਰਟੀਆਂ ’ਚ ਸ਼ਾਮਲ ਹੋਏ ਹਨ। ਮਈ 2010 ਵਿਚ ਖੜਗਪੁਰ ਦੀਆਂ ਨਗਰ ਪਾਲਿਕਾ ਚੋਣਾਂ ’ਚ ਸ਼ਹਿਰ ਦੇ ਰੇਲ ਯਾਰਡ ’ਚ ਸਰਗਰਮ ਇਕ ਖੂੰਖਾਰ ਤੇ ਵਿਆਪਕ ਕਬਾੜ ਮਾਫੀਆ ਬੱਗਾ ਰਾਓ ਤ੍ਰਿਣਮੂਲ ਕਾਂਗਰਸ ਦੀ ਟਿਕਟ ’ਤੇ ਖੜ੍ਹਾ ਹੋ ਗਿਆ। ਉਸ ਦੇ ਸਭ ਤੋਂ ਕਰੀਬੀ ਸਹਿਯੋਗੀ ਰਾਮ ਬਾਬੂ ਨੇ ਮਾਕਪਾ ਦੀ ਟਿਕਟ ’ਤੇ ਚੋਣ ਲੜ ਰਿਹਾ ਸੀ।

ਰੇਲਵੇ ਮੰਤਰਾਲੇ ਕਬਾੜ ਦੇ ਕਾਰੋਬਾਰ ਨੂੰ ਆਨਲਾਈਨ ਕਰਕੇ ਉਸ ਵਿਚ ਪਾਰਦਰਸ਼ਿਤਾ ਲਿਆਉਣ ਦੀ ਆਪਣੀ ਕੋਸ਼ਿਸ਼ ’ਚ ਨਾਕਾਮ ਰਿਹਾ ਹੈ। ਦੱਖਣੀ ਰੇਲਵੇ ਨੂੰ ਆਨ ਲਾਈਨ ਕਰਕੇ ਉਸ ’ਚ ਪਾਰਦਰਸ਼ਿਤਾ ਲਿਆਉਣ ਦੀ ਆਪਣੀ ਕੋਸ਼ਿਸ਼ ਨਾਕਾਮ ਰਹੀ ਹੈ। ਦੱਖਣੀ ਰੇਲਵੇ ਤਿੰਨ ਸਾਲ ਪਹਿਲਾਂ ਈ-ਨਿਲਾਮੀ ਰਾਹੀਂ ਕਬਾੜ ਵੇਚਣ ਦੀ ਪਾਈਲਟ ਯੋਜਨਾ ਨੂੰ ਮੰਜੂਰੀ ਦਿੱਤੀ ਸੀ ਪਰ ਉਸ ’ਚ ਕੁਝ ਪਹਿਲੂਆਂ ’ਤੇ ਧਿਆਨ ਨਹੀਂ ਦਿੱਤਾ ਗਿਆ ਸੀ ਪਰ ਉਸ ਨੇ ਅਜੇ ਤੱਕ ਪੂਰੀ ਤਰ੍ਹਾਂ ਨਾਲ ਈ-ਨਿਲਾਮੀ ਸ਼ੁਰੂ ਕਰਨ ਲਈ ਉਹਨਾਂ ਖਾਮੀਆਂ ਨੂੰ ਦੂਰ ਨਹੀਂ ਕੀਤਾ ਹੈ। ਫਿਲਹਾਲ ਅਧਿਕਾਰੀਆਂ ਦੀ ਮੌਜੂਦਗੀ ’ਚ ਕਬਾੜ ਦੀ ਖੁੱਲ੍ਹੀ ਵਿਕਰੀ ਹੁੰਦੀ ਹੈ ਪਰ ਇਸ ਅਮਲ ’ਚ ਮਾਫੀਆ ਦਾ ਜਬਰਦਸਤ ਪ੍ਰਭਾਵ ਰਹਿੰਦਾ ਹੈ।

# ਸਵਾਲਾਂ ਵਿਚ ਕਿਉਂ ਘਿਰੀ ਹੈ ਸੀ ਬੀ ਆਈ?

ਆਮ ਤੌਰ 'ਤੇ ਵੱਡੇ-ਵੱਡੇ ਅਪਰਾਧਾਂ ਤੇ ਘਪਲਿਆਂ 'ਚ ਸ਼ਾਮਲ ਰਹਿਣ ਵਾਲਿਆਂ ਨੂੰ ਕਟਹਿਰੇ 'ਚ ਖੜ੍ਹਾ ਕਰਦੀ ਆਈ ਦੇਸ਼ ਦੀ ਸਭ ਤੋਂ ਵੱਡੀ ਏਜੰਸੀ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਖੁਦ ਲੋਕਾਂ ਦੀ ਅਦਾਲਤ ਦੇ ਕਟਹਿਰੇ 'ਚ ਆ ਖੜ੍ਹੀ ਹੋਈ ਹੈ। ਸਾਲ ਵਿਚ ਹੀ ਆਰੂਸੀ ਹੱਤਿਆ ਕਾਂਡ ਤੇ ਬੋਫਰਜ਼ ਤੋਪ ਦਲਾਲੀ ਕਾਂਡ ਦੀ ਜਾਂਚ ਦੇ ਮਾਮਲਿਆਂ 'ਚ ਉਸ ਨੂੰ ਕੁਝ ਵੀ ਹਾਸਲ ਨਾ ਹੋ ਸਕਣ ਕਰਕੇ ਇਸ ਏਜੰਸੀ ਦੀ ਭਰੋਸੇ ਯੋਗਤਾ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਇਹਨਾਂ ਦੋਨਾਂ ਕੇਸਾਂ ਤੇ ਸੀ ਬੀ ਆਈ ਦਾ ਪਿਛਲਾ ਰਿਕਾਰਡ ਘੋਖਣ ਤੋਂ ਇਹੀ ਜਾਹਰ ਹੁੰਦਾ ਹੈ ਕਿ ਇਹ ਏਜੰਸੀ ਖੁਲਾਸੇ ਕਰਨ ਦੀ ਥਾਂ ਤੱਥਾਂ ਨੂੰ ਦਬਾਉਣ ਤੇ ਰਾਜਸੀ ਪ੍ਰਭੂਆਂ ਲਈ ਅਪਰਾਧ 'ਤੇ ਪਰਦਾ ਪਾਉਣ 'ਚ ਰੁਚੀ ਲੈਂਦੀ ਆਈ ਹੈ। ਗਾਜ਼ੀਆਬਾਦ ਦੇ ਬਹੁ ਚਰਚਿਤ ਅਰੂਸ਼ੀ ਹੱਤਿਆਕਾਂਡ ਦੇ ਮਾਮਲੇ 'ਚ ਸੀ ਬੀ ਆਈ ਨੇ ਆਪਣੀ ਵਿਸ਼ੇਸ਼ ਅਦਾਲਤ 'ਚ ਇਸ ਪੂਰੇ ਮਾਮਲੇ ਦੀ ਜਾਂਚ ਹੀ ਬੰਦ ਕਰ ਦੇਣ ਲਈ ਕਲੋਜਰ ਰਿਪੋਰਟ ਪੇਸ਼ ਕਰ ਦਿੱਤੀ। ਕਲੋਜਰ ਰਿਪੋਰਟ ਦੇ ਰਿਕਾਰਡ ਤੇ ਰਹਿਣ ਦੇ ਨਾਲ ਹੀ ਮੈਜਿਸਟਰੇਟ ਨੇ ਦਬ ਕੇ ਏਜੰਸੀ ਦੀ ਲਾਹਪਾਹ ਕੀਤੀ। ਸੀ ਬੀ ਆਈ ਦੀ ਅੱਧੀ ਅਧੂਰੀ ਕਲੋਜਰ ਰਿਪੋਰਟ ਨਾਲ ਅਦਾਲਤ ਕਾਫੀ ਨਾਰਾਜ਼ ਸੀ। ਇਸ ਨਾਲ ਜੁੜੀ ਕੇਸ ਡਾਇਰੀ ਤੇ ਦੂਜੇ ਦਸਤਾਵੇਜ਼ ਵੀ ਪੇਸ਼ ਨਹੀਂ ਕੀਤੇ ਗਏ ਸਨ। ਸੀ ਬੀ ਆਈ ਦੇ ਵਕੀਲ ਦੀ ਦਲੀਲ ਸੀ ਕਿ ਇਸ ਮਾਮਲੇ ਨੂੰ ਖੋਲ੍ਹਣ ਲਈ ਏਜੰਸੀ ਨੂੰ ਲੋੜੀਂਦੇ ਸਬੂਤ ਨਹੀਂ ਮਿਲ ਸਕੇ ਹਨ। ਆਰੂਸ਼ੀ ਦੇ ਮਾਂ-ਬਾਪ ਤੱਕ ਨੂੰ ਹਿਰਾਸਤ 'ਚ ਲੈ ਕੇ ਉਹਨਾਂ ਤੋਂ ਲੰਬੀ ਪੁੱਛਗਿੱਛ ਪਿੱਛੋਂ ਵੀ ਏਜੰਸੀ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕੀ ਸੀ। ਜਦ ਸੀ ਬੀ ਆਈ ਦੀ ਭੂਮਿਕਾ 'ਤੇ ਸੁਆਲ ਉਠਾਏ ਜਾਣ ਲੱਗੇ ਤਾਂ ਕਨੂੰਨ ਮੰਤਰੀ ਵਿਰੱਪਾ ਮੋਇਲੀ ਨੂੰ ਇਹ ਕਹਿਣ ਲਈ ਮਜ਼ਬੂਰ ਹੋਣਾ ਪਿਆ ਕਿ ਸਾਡਾ ਮੰਤਰਾਲੇ ਇਹ ਪਤਾ ਲਾ ਰਿਹਾ ਹੈ ਕਿ ਇਹ ਕੇਸ ਬੰਦ ਕਰਨ ਲਾਇਕ ਹੈ ਜਾਂ ਇਸ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਸਰਕਾਰ ਕਨੂੰਨ ਬਦਲ ਵੀ ਲੱਭ ਰਹੀ ਹੈ। ਉਹਨਾਂ ਦੀ ਇਸ ਪ੍ਰਤੀਕ੍ਰਿਆ ਦੀ ਵਜ੍ਹਾ ਇਹ ਸੀ ਕਿ ਖੁਦ ਕੌਮੀ ਔਰਤ ਕਮਿਸ਼ਨ ਤੇ ਲੋਕ ਸਭ ਦੇ ਸਪੀਕਰਾਂ ਨੇ ਸੀ ਬੀ ਆਈ ਦੇ ਇਸ ਕਦਮ ਦੀ ਸਖ਼ਤ ਅਲੋਚਨਾ ਕੀਤੀ ਸੀ। ਕੌਮੀ ਔਰਤ ਕਮਿਸ਼ਨ ਦੀ ਪ੍ਰਧਾਨ ਡਾ. ਗਿਰਜਾ ਵਿਆਸ ਨੇ ਇਸ ਨੂੰ ਮੰਦਭਾਗਾ ਦੱਸਦਿਆਂ ਸਰਕਾਰ ਦੇ ਦਖਲ ਦੀ ਮੰਗ ਕੀਤੀ ਸੀ, ਉਥੇ ਲੋਕ ਸਭਾ ਸਪੀਕਰ ਮੀਰਾ ਕੁਮਾਰ ਦਾ ਕਹਿਣਾ ਹੈ ਕਿ ਜੋ ਕੁਝ ਹੋਇਆ ਉਸ ਸੰਬੰਧੀ ਉਹ ਫਿਕਰਮੰਦ ਹਨ। ਦੋ ਹਫਤੇ ਪਿੱਛੋਂ ਭਾਵੇਂ ਆਰੂਸ਼ੀ ਹਤਿਆਕਾਂਡ ਮਾਮਲੇ ਦੀ ਜਾਂਚ ਜਾਰੀ ਰੱਖਣ ਦਾ ਫੈਸਲਾ ਕਰ ਲਿਆ, ਪਰ ਸੀ ਬੀ ਆਈ ਦੀ ਭੂਮਿਕਾ ਤੇ ਸਮਰੱਥਾ 'ਤੇ ਤਾਂ ਸੁਆਲ ਲੱਗ ਹੀ ਗਿਆ ਹੈ। ਸੀ ਬੀ ਆਈ ਨੂੰ ਦੂਜਾ ਧੱਕਾ ਉਦੋਂ ਲੱਗਿਆ ਜਦੋਂ ਦਿੱਲੀ ਦੀ ਤੀਸ ਹਜ਼ਾਰੀ ਸਥਿਤ ਚੀਫ ਮੈਟ੍ਰੋਪੋਲੀਟਨ ਮੈਜਿਸਟ੍ਰੇਟ ਵਿਨੋਦ ਯਾਦਵ ਦੀ ਅਦਾਲਤ 'ਚ ਬੋਫਰਜ ਤੋਪ ਦਲਾਲੀ ਕਾਂਡ ਦਾ ਮਾਮਲਾ ਵੀ ਬੰਦ ਕਰ ਦੇਣ ਲਈ ਕਲੋਜਰ ਰਿਪੋਰਟ ਦਾਇਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਕ ਵਕੀਲ ਅਜੈ ਅਗਰਵਾਲ ਨੇ ਸੀ ਬੀ ਆਈ ਦੀ ਇਸ ਕਾਰਵਾਈ ਦਾ ਵਿਰੋਧ ਕੀਤਾ। ਜਵਾਬ 'ਚ ਵਧੀਕ ਸਾਲੀਸਿਟਰ ਜਨਰਲ ਪੀ ਪੀ ਮਲਹੋਤਰਾ ਨੇ ਦਲੀਲ ਦਿੱਤੀ ਕਿ ਅਜੈ ਅਗਰਵਾਲ

ਕਲੋਜ਼ਰ ਰਿਪੋਰਟ ਦਾਇਰ ਕਰਨ ਦਾ ਵਿਰੋਧ ਨਹੀਂ ਕਰ ਸਕਦੇ ਹਨ। ਖ਼ੁਦ ਅਦਾਲਤ ਸਰਕਾਰ ਦੀ ਇਸ ਦਲੀਲ ਨਾਲ ਸਹਿਮਤੀ ਨਹੀਂ ਦਿਸੀ। ਅਦਾਲਤ ਦੀ ਨਰਾਜ਼ਗੀ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਉਸ ਨੇ ਇਥੋਂ ਤੱਕ ਕਹਿ ਦਿੱਤਾ ਕਿ ਕਵਾਤ੍ਰੋਕੀ ਦੇ ਬੈਂਕ ਖਾਤਿਆਂ ਦੁਬਾਰਾ ਚਾਲੂ ਕਰਵਾਉਣ ਪਿੱਛੇ ਜ਼ਰੂਰ ਕੋਈ ਦੁਰਭਾਵਨਾਵਾਂ ਰਹੀਆਂ ਹੋਣਗੀਆਂ। ਇਹ ਤੱਥ ਕਿਸੇ ਤੋਂ ਛੁਪਿਆ ਨਹੀਂ ਹੈ ਕਿ ਇਸ ਤੋਪ ਦੀ ਖਰੀਦ 'ਚ ਇਤਾਲਵੀ ਮੂਲ ਦੇ ਅਤੇ ਸੋਨੀਆ ਗਾਂਧੀ ਦੇ ਕਰੀਬੀ ਅਤੋਵੀਓ ਕਵਾਤ੍ਰੋਕੀ ਤੇ ਵਿਨ ਚੱਡਾ ਦੀ ਮਿਲੀਭੁਗਤ ਸੀ। ਦੋਸ਼ ਤਾਂ ਇਹ ਵੀ ਸੀ ਕਿ ਇਸ ਵਿਚ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਵੀ ਹਿੱਸਾ ਮਿਲਿਆ ਸੀ। ਦਲੀਲ ਦੇ ਚੱਲਦਿਆਂ 404 ਸੀਟਾਂ ਜਿੱਤ ਕੇ ਸੱਤਾ 'ਚ ਆਏ ਰਾਜੀਵ ਗਾਂਧੀ ਦੀ ਸਰਕਾਰ ਬਾਹਰ ਹੋ ਗਈ ਤੇ ਵੀ ਪੀ ਸਿੰਘ ਸੱਤਾ 'ਚ ਆਏ। ਫਿਰ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਜਾਂਚ ਕਰਨ ਤੇ 64 ਕਰੋੜ ਦੀ ਦਲਾਲੀ ਦੇ ਮਾਮਲੇ ਦੀ ਜਾਂਚ ਕਰਨ 'ਤੇ 250 ਕਰੋੜ ਰੁਪਏ ਖਰਚ ਕਰਨ ਪਿੱਛੋਂ ਸੀ ਬੀ ਆਈ ਕੁਝ ਵੀ ਸਾਬਤ ਨਹੀਂ ਕਰ ਸਕੀ। ਉਸ ਦੇ ਇਕ ਅਫਸਰ ਤੋਂ ਅਹਿਮ ਦਸਤਾਵੇਜ਼ਾਂ ਤੇ ਸਬੂਤਾਂ ਵਾਲਾ ਬੈਗ ਹੀ ਖੋਹ ਲਿਆ ਗਿਆ। ਇਹ ਘਟਨਾ ਸਵੀਡਨ 'ਚ ਵਾਪਰੀ। ਦਿੱਲੀ ਹਾਈਕੋਰਟ ਨੇ 5 ਫਰਵਰੀ 2004 ਨੂੰ ਰਾਜੀਵ ਗਾਂਧੀ ਤੇ ਦੂਜੇ ਲੋਕਾਂ ਖਿਲਾਫ ਲੱਗੇ ਦੋਸ਼ ਖਾਰਜ ਕਰ ਦਿੱਤੇ ਪਰ ਧੋਖਾਧੜੀ ਤੇ ਦੇਸ਼ ਨੂੰ ਹੋਏ ਟੈਕਸ ਦੇ ਨੁਕਸਾਨ ਦਾ ਕੇਸ ਅਜੇ ਵੀ ਚੱਲ ਰਿਹਾ ਹੈ। ਸੀ ਬੀ ਆਈ ਨੇ ਦਸੰਬਰ 2005 'ਚ ਬ੍ਰਿਟਿਸ਼ ਸਰਕਾਰ ਤੋਂ ਲੰਦਨ ਸਥਿਤ ਕਵਾਤ੍ਰੋਕੀ ਦੇ ਸੀਲ ਕੀਤੇ ਗਏ ਬੈਂਕ ਖਾਤਿਆਂ ਨੂੰ ਖੋਲ੍ਹਣ ਦੀ ਮੰਗ ਕੀਤੀ। ਉਹਨਾਂ ਦੀ ਦਲੀਲ ਸੀ ਕਿ ਇਹਨਾਂ ਖਾਤਿਆਂ ਦੇ ਬੋਫਰਜ਼ ਦਲਾਲੀ ਨਾਲ ਜੁੜੇ ਹੋਣ ਦੇ ਲੋੜੀਦੇ ਸਬੂਤ ਨਹੀਂ ਹਨ। ਇਸ ਏਜੰਸੀ ਨੇ ਕਵਾਤ੍ਰੋਕੀ ਨੂੰ ਵਾਪਸ ਭਾਰਤ ਬੁਲਾਉਣ ਦੀ ਵੀ ਕਦੇ ਕੋਈ ਗੰਭੀਰ ਕੋਸ਼ਿਸ਼ ਨਹੀਂ ਕੀਤੀ ਸੀ। ਕਵਾਤ੍ਰੋਕੀ ਕਦੀ ਵੀ ਅਦਾਲਤ 'ਚ ਪੇਸ਼ ਨਹੀਂ ਹੋਏ। ਉਹ 1993 'ਚ ਦੇਸ਼ ਛੱਡ ਕੇ ਚਲੇ ਗਏ। ਉਹਨਾਂ ਦੇ ਨਾਂ ਅਦਾਲਤ ਨੇ ਗੈਰ-ਜਮਾਨਤੀ ਵਰੰਟ ਜਾਰੀ ਕੀਤਾ, ਜਿਸ ਦੇ ਆਧਾਰ 'ਤੇ ਇੰਟਰਪੋਲ ਨੇ ਉਹਨਾਂ ਦੇ ਨਾਂ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ। ਉਹ ਦੋ ਵਾਰੀ ਵਿਦੇਸ਼ 'ਚ ਗ੍ਰਿਫਤਾਰ ਵੀ ਕੀਤੇ ਗਏ ਪਰ ਸੀ ਬੀ ਆਈ ਨੇ ਉਹਨਾਂ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਨਹੀਂ ਕੀਤੀ। ਅਕਤੂਬਰ 2008 'ਚ ਤਾਂ ਅਟਾਰਨੀ ਜਨਰਲ ਦੇ ਸੁਝਾਅ 'ਤੇ ਸੀ ਬੀ ਆਈ ਨੇ ਰੈਡ ਕਾਰਨਰ ਨੋਟਿਸ ਵਾਪਸ ਲੈ ਲਿਆ। ਹੁਣ ਇਨਕਮ ਟੈਕਸ ਟ੍ਰਿਬੂਨਲ ਦੇ ਫੈਸਲੇ ਨੇ ਬੋਫਰਸ ਦੇ ਮੁੱਦੇ 'ਚ ਸੀ ਬੀ ਆਈ ਦੀ ਭੂਮਿਕਾ ਨੂੰ ਇੱਕ ਵਾਰ ਫਿਰ ਉਜਾਗਰ ਕਰ ਦਿੱਤਾ ਹੈ। ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਰੁਣ ਜੇਤਲੀ ਨੇ ਕਿਹਾ, "ਸੀ ਬੀ ਆਈ ਨੇ ਬੋਫਰਸ ਕਾਂਡ 'ਚ ਜੋ ਕੁਝ ਕੀਤਾ ਉਸ ਤੋਂ ਪਿੱਛੋਂ ਉਹ ਮੂੰਹ ਛੁਪਾਉਣ ਦੇ ਕਾਬਿਲ ਨਹੀਂ ਰਹੀ ਹੈ।" ਸੀ ਬੀ ਆਈ ਦੇ ਇੱਕ ਸਾਬਕਾ ਡਾਇਰੈਕਟਰ ਦਾ ਮੰਨਣਾ ਹੈ ਕਿ ਅਸਲ 'ਚ ਇਹ ਏਜੰਸੀ ਪ੍ਰਧਾਨ ਮੰਤਰੀ ਤੇ ਕੇਂਦਰ ਸਰਕਾਰ ਦਾ ਥਾਣਾ ਹੈ ਕਿਉਂਕਿ ਕਨੂੰਨ ਦੇ ਆਰਡਰ ਰਾਜ ਦਾ ਵਿਸ਼ਾ ਹੈ। ਇਸ ਲਈ ਕੇਂਦਰ ਕੋਲ ਆਪਣੇ ਵਿਰੋਧੀਆਂ ਦੀ ਨਕੇਲ ਕਸਣ ਤੇ ਕਰੀਬੀਆਂ ਦੀ ਨਿਹਚਾ ਬਣਾਈ ਰੱਖਣ ਲਈ ਕੁਝ ਤਾਂ ਹੋਣਾ ਚਾਹੀਦਾ ਹੈ। ਉਹ ਇਸ ਸਬੰਧੀ ਜੈਨ ਹਵਾਲਾ ਡਾਇਰੀ ਕਾਂਡ ਵਿਚ ਸੀ ਬੀ ਆਈ ਦੀ ਭੂਮਿਕਾ ਦੀ ਯਾਦ ਦਿਵਾਉਂਦੇ ਹਨ। ਪੀ ਵੀ ਨਰਸਿਮਾ ਰਾਓ

ਦੇ ਕਾਰਜਕਾਲ ਦੌਰਾਨ ਹਵਾਲਾ ਦੇ ਧੰਦੇ 'ਚ ਲਿਪਤ ਜੈਨ ਭਰਾਵਾਂ ਦੀ ਬਹੁ ਚਰਚਿਤ ਡਾਇਰੀ ਬਰਾਮਦ ਕੀਤੀ ਗਈ ਸੀ। ਇਸ 'ਚ ਬਲਰਾਮ ਜਾਖੜ ਤੋਂ ਲੈ ਕੇ ਮਾਧਵ ਰਾਓ ਸਿੰਧੀਆ, ਸ਼ਰਦ ਯਾਦਵ ਤੇ ਲਾਲ ਕ੍ਰਿਸ਼ਨ ਅਡਵਾਨੀ ਤੱਕ ਨੂੰ ਪੈਸੇ ਦਿੱਤੇ ਜਾਣ ਦਾ ਬਿਉਰਾ ਦਰਜ ਸੀ। ਨਰਸਿੰਘ ਰਾਓ ਨੇ ਸੀ ਬੀ ਆਈ ਤੇ ਇਸ ਡਾਇਰੀ ਦੀ ਭਰਪੂਰ ਵਰਤੋਂ ਕੀਤੀ ਤੇ ਜਨਵਰੀ 1996 'ਚ ਲਾਲ ਕ੍ਰਿਸ਼ਨ ਅਡਵਾਨੀ ਨੂੰ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ। ਅੱਧੀ ਦਰਜਨ ਕੈਬਨਿਟ ਮੰਤਰੀ ਤੇ ਰਾਜਪਾਲ ਵੀ ਇਸ ਦੀ ਬਲੀ ਚੜ੍ਹ ਗਏ। ਸੀ ਬੀ ਆਈ ਨੇ ਇਸ ਨੂੰ ਆਜ਼ਾਦ ਭਾਰਤ ਦੇ ਇਤਿਹਾਸ ਦਾ ਸਭ ਤੋਂ ਵੱਡਾ ਰਾਜਸੀ ਭੂਚਾਲ ਦੱਸਿਆ ਸੀ। ਜਦ ਅਪ੍ਰੈਲ 1996 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਸੱਤਾ ਤੋਂ ਬਾਹਰ ਹੋ ਗਈ ਤਾਂ ਮਾਮਲਾ ਠੰਡਾ ਪੈਣ ਲੱਗਿਆ। ਇੱਕ-ਇੱਕ ਕਰਕੇ ਸਾਰੇ ਦੋਸ਼ੀਆਂ ਨੂੰ ਟ੍ਰਾਇਲ ਕੋਰਟ ਨੇ ਬਰੀ ਕਰ ਦਿੱਤਾ। ਸੀ ਬੀ ਆਈ ਉਹਨਾਂ ਖਿਲਾਫ ਕੁਝ ਵੀ ਸਾਬਤ ਨਹੀਂ ਕਰ ਸਕੀ। ਇਸ ਕੇਸ 'ਚ ਸੁਪਰੀਮ ਕੋਰਟ ਨੇ 18 ਦਸੰਬਰ 1997 ਨੂੰ ਦਿੱਤੇ ਆਪਣੇ ਅੰਤਿਮ ਫੈਸਲੇ 'ਚ ਕਿਹਾ ਕਿ ਹਾਲ ਦੇ ਸਮੇਂ 'ਚ ਅਭਿਯੋਜਨ ਪੱਖ ਦਾ ਅਨੁਭਵ ਬਹੁਤ ਨਿਰਾਸ਼ਾਜਨਕ ਰਿਹਾ ਹੈ। ਅਨੇਕਾਂ ਕੇਸ਼ਾਂ 'ਚ ਅਦਾਲਤ ਦੇ ਦਖਲ ਪਿੱਛੋਂ ਉਹ ਅੱਧੀ ਅਧੂਰੀ ਜਾਂਚ ਕਰਦਾ ਹੈ। ਜਿਸ ਦੀ ਵਜ੍ਹਾ ਕਰਕੇ ਦੋਸ਼ੀ ਬਚ ਜਾਂਦੇ ਹਨ।

ਜੈਨ ਹਵਾਲਾ ਕੇਸ 'ਚ ਆਪਣੇ ਫੈਸਲੇ 'ਚ ਜੱਜ ਸੀ ਜੇ ਵਰਮਾ, ਭਰੂਚਾ ਤੇ ਸੇਨ ਨੇ ਸੀ ਬੀ ਆਈ 'ਤੇ ਪੈਣ ਵਾਲੇ ਰਾਜਸੀ ਦਬਾਅ ਦਾ ਜ਼ਿਕਰ ਕਰਦਿਆਂ ਉਸ ਨੂੰ ਅਜ਼ਾਦੀ ਦੇਣ ਦੇ ਰਾਜਸੀ ਦਬਾਅ ਤੋਂ ਅਜ਼ਾਦ ਕਰਨ ਦੀ ਸਲਾਹ ਦਿੰਦੇ ਸਨ। ਜਿਸ 'ਤੇ ਅੱਜ ਤਾਈਂ ਅਮਲ ਨਹੀਂ ਕੀਤਾ ਗਿਆ। ਨੇਤਾਵਾਂ ਸਬੰਧੀ ਸੀ ਬੀ ਆਈ ਦੀ ਜਾਂਚ ਦਾ ਟ੍ਰੈਕ ਰਿਕਾਰਡ ਬੇਹੱਦ ਖਰਾਬ ਰਿਹਾ ਹੈ। ਹੁਣ 2002-03 'ਚ 175 ਕਰੋੜ ਰੁਪਏ ਦਾ ਤਾਜ਼ਾ ਕੋਰੀਡੋਰ ਕੇਸ ਉਜਾਗਰ ਹੋਇਆ ਤਾਂ ਸੀ ਬੀ ਆਈ ਨੇ ਕਾਫੀ ਤੇਜ਼ੀ ਵਿਖਾਈ। ਪਰ ਜਦ ਕੁਝ ਸਮੇਂ ਪਿੱਛੋਂ ਮਨਮੋਹਨ ਸਿੰਘ ਨੂੰ ਮਾਇਆਵਤੀ ਦੀ ਹਮਾਇਤ ਦੀ ਲੋੜ ਪਈ ਤਾਂ ਸਾਰੀ ਜਾਂਚ ਠੰਡੀ ਪੈ ਗਈ। ਲਾਲੂ ਯਾਦਵ ਦੇ ਬਹੁਚਰਚਿਤ ਚਾਰੇ ਘੋਟਾਲੇ 'ਚ ਵੀ ਸੀ ਬੀ ਆਈ ਦੀ ਭੂਮਿਕਾ ਰੌਲੇ ਵਾਲੀ ਰਹੀ। ਜਦ ਲਾਲੂ ਯਾਦਵ ਸਰਕਾਰ ਨੂੰ ਹਮਾਇਤ ਦੇ ਰਹੇ ਹੁੰਦੇ ਸਨ ਤਾਂ ਉਹਨਾਂ ਦਾ ਰਵੱਈਆ ਨਰਮ ਪੈ ਜਾਂਦਾ ਸੀ। ਉਹ ਪਹਿਲੀ ਵਾਰੀ 30 ਜੁਲਾਈ 1997 ਨੂੰ 134 ਦਿਨ ਲਈ ਜੇਲ੍ਹ ਵੀ ਕੱਟ ਕੇ ਆਏ। ਪਰ ਮੁਕੱਦਮੇ ਦੇ ਬਾਵਜੂਦ ਕੇਂਦਰ ਸਰਕਾਰ 'ਚ ਮੰਤਰੀ ਬਣੇ। ਹੱਤਿਆ ਦੇ ਜੁਰਮ 'ਚ ਹੇਠਲੀ ਅਦਾਲਤ ਵਲੋਂ ਦੋਸ਼ੀ ਠਹਿਰਾਏ ਜਾਣ ਦੇ ਬਾਵਜੂਦ ਸ਼ਿਬੂ ਸ਼ੋਰੇਨ, ਯੂ. ਪੀ. ਏ. ਪਹਿਲੀ ਸਰਕਾਰ 'ਚ ਮੰਤਰੀ ਬਣੇ। ਉਹਨਾਂ ਦੇ ਦਿੱਲੀ 'ਚ ਰਹਿੰਦੇ ਹੋਇਆ ਸੀ ਬੀ ਆਈ ਉਹਨਾਂ ਨੂੰ ਫੜ ਨਹੀਂ ਸਕੀ ਸੀ। ਇਥੇ ਪ੍ਰਿਆਦਰਸ਼ਨੀ ਮੱਟੂ ਕਾਂਡ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਇਸ ਹੱਤਿਆਕਾਂਡ ਦਾ ਦੋਸ਼ੀ ਸੰਤੋਸ਼ ਕੁਮਾਰ ਸਿੰਘ ਇਕ ਉਚ ਆਈ ਪੀ ਐਸ ਅਫਸਰ ਜੇ. ਪੀ. ਸਿੰਘ ਦਾ ਬੇਟਾ ਹੈ। ਸੀ ਬੀ ਆਈ ਨੇ ਇਸ ਮਾਮਲੇ ਦੀ ਸ਼ੁਰੂਆਤੀ ਜਾਂਚ ਵਿਚੋਂ ਦੋਸ਼ੀ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਜਦ ਉਹ ਅਖਬਾਰਾਂ ਦੀ ਸੁਰਖੀ ਬਣਿਆ ਤਾਂ ਮਾਮਲਾ ਬਦਲਿਆ ਤੇ ਦਿੱਲੀ ਹਾਈ ਕੋਰਟ ਨੇ ਉਸ ਨੂੰ ਫਾਂਸ਼ੀ ਦੀ ਸਜ਼ਾ ਸੁਣਾਈ ਪਰ ਸੁਪਰੀਮ ਕੋਰਟ ਨੇ ਇਸ ਨੂੰ ਉਮਰ ਕੈਦ 'ਚ ਬਦਲ ਦਿੱਤਾ।

# ਕੀ ਤੇਲ ਮਾਫੀਆ ਦੀ ਪਹੁੰਚ ਸਿਆਸਤ ਤੋਂ ਸੱਤਾ ਤੱਕ ਹੈ?

ਮਹਾਂਰਾਸ਼ਟਰ ’ਚ ਮਾਲੇਗਾਂਵ ਦੇ ਏ. ਡੀ. ਐਮ ਯਾਨੀ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਯਸ਼ਵੰਤ ਸੋਨਾਵਣੇ ਨੂੰ ਜਿਉਂਦਾ ਜਲਾ ਕੇ ਮਾਰ ਦਿੱਤਾ ਗਿਆ। ਉਸ ਦੀ ਗਲਤੀ ਸਿਰਫ ਏਨੀ ਸੀ ਕਿ ਉਹ ਇਮਾਨਦਾਰ ਸੀ ਤੇ ਜਿਹਨਾਂ ਨਾਲ ਉਹ ਲੋਹਾ ਲੈਣ ਦੀ ਸੋਚ ਰਿਹਾ ਸੀ ਉਹ ਉਸ ਬੇਇਮਾਨ ਤਾਕਤਵਰ ਤੇਲ ਮਾਫੀਆ ਦੇ ਨੈਟਵਰਕ ਦਾ ਹਿੱਸਾ ਸਨ ਜਿਹਨਾਂ ਦੀ ਪਹੁੰਚ ਸਿਆਸਤ ਤੋਂ ਲੈ ਕੇ ਸੱਤਾ ਤੱਕ ਹੈ। ਇਹ ਅਧਿਕਾਰੀ ਮਹਾਂਰਾਸ਼ਟਰ ’ਚ ਫੈਲੇ ਤੇਲ ਮਾਫੀਆ ਦੇ ਨਾਪਾਕ ਗਠਜੋੜ ਦਾ ਪਰਦਾਫਾਸ਼ ਕਰਨ ਦੀ ਮੁਹਿੰਮ ’ਤੇ ਲੱਗੇ ਹੋਏ ਸਨ। ਉਹ ਚਾਹੁੰਦੇ ਤਾਂ ਅੱਜ ਵੀ ਜਿੰਦਾ ਹੁੰਦੇ, ਬਸ਼ਰਤੇ ਉਨ੍ਹਾਂ ਨੇ ਵੀ ਤੇਲ ਮਾਫੀਆ ਨਾਲ ਹੱਥ ਮਿਲਾ ਲਿਆ ਹੁੰਦਾ। ਪਰ ਉਹਨਾਂ ਨੇ ਅਜਿਹਾ ਨਹੀਂ ਕੀਤਾ ਆਖਰੀ ਦਮ ਤੱਕ। 25 ਜਨਵਰੀ (ਜਿਸ ਦਿਨ ਦੁਪਹਿਰੇ ਲਗਭਗ ਢਾਈ ਵਜੇ ਨਾਸਿਕ ਜ਼ਿਲ੍ਹੇ ਦੇ ਮਨਮਾਡ ਵਿਚ ਉਹਨਾਂ ਨੂੰ ਮਿੱਟੀ ਦਾ ਤੇਲ ਪਾ ਕੇ ਜਿਉਂਦਾ ਸਾੜ ਦਿੱਤਾ ਗਿਆ) ਨੂੰ ਵੀ ਉਹਨਾਂ ਨੂੰ ਤੇਲ ਮਾਫੀਆ ਨੇ ਲਾਲਚ ਦਿੱਤਾ ਸੀ–ਹੱਥ ਮਿਲਾ ਲਵੋ, ਬਚ ਜਾਓਗੇ। ਪਰ ਉਹ ਇਸ ਲਈ ਤਿਆਰ ਨਹੀਂ ਹੋਏ। ਨਾ ਮੰਨਣ ’ਤੇ ਉਹਨਾਂ ਨੂੰ ਧਮਕੀ ਵੀ ਦਿੱਤੀ ਗਈ ਪਰ ਯਸ਼ਵੰਤ ਫਿਰ ਵੀ ਨਹੀਂ ਝੁਕੇ, ਨਾ ਰੁਕੇ ਪਾਨੀ ਵਾੜੀ ਆਇਲ ਡਿਪੋ ’ਚ ਛਾਪਾ ਮਾਰਨ ਪਿੱਛੋਂ ਉਹ ਪੈਟਰੋਲ ’ਚ ਮਿੱਟੀ ਦੇ ਤੇਲ ਦੀ ਮਿਲਾਵਟ ਕਰਨ ਦਾ ਧੰਦਾ ਕਰਨ ਵਾਲਿਆਂ ਦਾ ਪਰਦਾਫਾਸ਼ ਕਰਨ ਦੀਆਂ ਕੋਸ਼ਿਸ਼ਾਂ ’ਚ ਜੁਟੇ ਰਹੇ। ਬਕਾਇਦਾ ਆਪਣੇ ਮੋਬਾਇਲ ’ਤੇ ਇਸ ਪੂਰੀ ਖੇਡ ਦੀ ਵੀਡੀਓ ਬਣਾਈ। ਨਾਲ ਹੀ ਉਥੇ ਉਹਨਾਂ ਨੇ ਫੋਨ ਕਰਕੇ ਜ਼ਰੂਰੀ ਕਾਰਵਾਈ ਕਰਨ ਲਈ ਪੁਲਸ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਮੌਕੇ ’ਤੇ ਪਹੁੰਚਣ ਲਈ ਕਿਹਾ। ਜਿੱਥੇ ਉਥੇ ਮੌਜੂਦਾ ਮਾਫੀਆ ਸਰਗਨਾ ਪੋਪਟ ਸ਼ਿਦੇ ਨੂੰ ਪੂਰਾ ਯਕੀਨ ਹੋ ਗਿਆ ਕਿ ਯਸ਼ਵੰਤ ਸੋਨਾਵਣੇ ਮੰਨਣ ਵਾਲੇ ਨਹੀਂ ਤਾਂ ਉਹ ਉਹਨਾਂ ਨਾਲ ਉਲਝ ਗਿਆ। ਪੋਪਟ ਦੇ ਗੁੰਡੇ ਗੁੱਸੇ ’ਚ ਏਨੇ ਹਮਲਾਵਰ ਹੋ ਗਏ ਕਿ ਉਹਨਾਂ ਨੇ ਯਸ਼ਵੰਤ ਨਾਲ ਮਾਰ ਕੁੱਟ ਸ਼ੁਰੂ ਕਰ ਦਿੱਤੀ। ਇਹ ਦੇਖ ਕੇ ਸੋਨਾਵਣੇ ਦੇ ਡਰਾਈਵਰ ਨੇ ਨਿੱਜੀ ਸਕੱਤਰ ਘਟਨਾ ਵਾਲੀ ਥਾਂ ’ਤੋਂ ਭੱਜ ਗਏ। ਇਸ ਉਮੀਦ ਨਾਲ ਕਿ ਨਾਲ ਦੇ ਥਾਣੇ ਪਹੁੰਚ ਕੇ ਸ਼ਾਇਦ ਉਹ ਯਸ਼ਵੰਤ ਨੂੰ ਤੇਲ ਮਾਫੀਆ ਦੀ ਕਰੋਪੀ ਤੋਂ ਬਚਾ ਲੈਣਗੇ। ਪਰ ਇਸ ਦੌਰਾਨ ਮਾਫੀਆ ਨੇ ਯਸ਼ਵੰਤ ’ਤੇ ਮਿੱਟੀ ਦਾ ਤੇਲ ਛਿੜਕ ਦਿੱਤਾ ਤੇ ਉਹਨਾਂ ਨੂੰ ਜ਼ਿੰਦਾ ਜਲਾ ਦਿੱਤਾ। ਅਜੀਬ ਵਿਡੰਬਨਾ ਰਹੀ ਕਿ ਇਕ ਪਾਸੇ ਮਹਾਂਰਾਸ਼ਟਰ ’ਚ ਯਸ਼ਵੰਤ ਸੋਨਾਵਣੇ ਵਰਗਾ ਇਮਾਨਦਾਰ ਤੇ ਸ਼ਹਿਰਦ ਅਫਸਰ ਫਰਜ਼ਾਂ ਦੀ ਬੇਦੀ ’ਤੇ ਆਪਣੀ ਜਾਨ ਵਾਰ ਰਿਹਾ ਸੀ ਤੇ ਦੂਜੇ ਪਾਸੇ ਗਣਤੰਤਰ ਦੀ ਪੂਰਵ ਸੰਧਿਆ ’ਤੇ ਦਿੱਲੀ ’ਚ ਮਹਾਨ ਰਾਸ਼ਟਰਪਤੀ ਦੇ ਭਾਸ਼ਣ ਦੀਆਂ ਤਿਆਰੀਆਂ ਹੋ ਰਹੀਆਂ ਸਨ ਜਿਸ ਵਿਚ ਭਰਿਸ਼ਟਾਚਾਰ ਨਾਲ ਲੜਨ ਦੀ ਸਖਤ ਪ੍ਰਤੀਬੱਧਤਾ ਦਾ ਜ਼ਿਕਰ ਹੋਣਾ ਸੀ। ਉਸੇ ਦਿਨ ਦਿੱਲੀ ’ਚ ਵਿੱਤ ਮੰਤਰੀ ਪ੍ਰਣਬ ਮੁਖਰਜੀ ਵੀ ਕਾਲੇ ਧਨ ’ਤੇ ਸਰਕਾਰ ਦੀ ਦੋਚਿੱਤੀ ਦੱਸਦਿਆਂ ਅਜਿਹੇ ਲੋਕਾਂ ਨੂੰ ਮੁਆਫੀ ਦਾ ਵਿਚਾਰ ਬਣਾ ਰਹੇ ਸਨ, ਜਦ ਕਿ ਦੇਸ਼ ਭਗਤੀ ਦੇ ਨਾਂ ਹੇਠ ਭਾਜਪਾ ਦਾ ਲਾਲ

ਚੌਂਕ 'ਚ ਤਿਰੰਗਾ ਲਹਿਰਾਉਣ ਦਾ ਡਰਾਮਾ ਚੱਲ ਰਿਹਾ ਸੀ। ਜਦ ਸਾਰੇ ਨਿਊਜ਼ ਚੈਨਲ ਸਚਿਨ ਨੂੰ ਭਾਰਤ ਰਤਨ ਦਿੱਤੇ ਜਾਣ ਦੀਆਂ ਕਿਆਸਰਾਈਆਂ 'ਤੇ ਚਰਚਾ ਕਰ ਰਹੇ ਸਨ। ਪਰ ਇਸ ਦੌਰਾਨ ਸੋਨਾਵਣੇ ਦੇ ਰੂਪ 'ਚ ਇਕ ਭਾਰਤ ਰਤਨ ਲਟ-ਲਟ ਕਰਕੇ ਜਲ ਰਿਹਾ ਸੀ। ਜਦ ਯਸ਼ਵੰਤ ਨੂੰ ਜਿੰਦਾ ਜਲਾਉਣ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋਈਆਂ ਤਾਂ ਅਚਾਨਕ ਪੂਰੇ ਦੇਸ਼ 'ਚ ਹਾਹਾਕਾਰ ਮੱਚ ਗਿਆ। ਆਮ ਲੋਕਾਂ ਤੋਂ ਲੈ ਕੇ ਸਰਕਾਰ ਸਭ ਹਰਕਤ ਵਿੱਚ ਆਏ। ਸਰਕਾਰ ਦੇ ਹੁਕਮ 'ਤੇ ਮੁੰਬਈ ਸਹਿਤ ਕਈ ਸ਼ਹਿਰਾਂ 'ਚ ਮਿਲਾਵਟਖੋਰਾਂ ਦੇ ਕਈ ਅੱਡਿਆਂ 'ਤੇ ਛਾਪੇ ਮਾਰੇ ਗਏ ਅਤੇ ਸੈਂਕੜਿਆਂ ਦੀ ਗਿਣਤੀ 'ਚ ਇਸ 'ਚ ਸ਼ਾਮਲ ਲੋਕਾਂ ਨੂੰ ਦਬੋਚਿਆ ਗਿਆ। ਹਜ਼ਾਰਾਂ ਲਿਟਰ ਮਿਲਾਵਟੀ ਤੇਲ ਜ਼ਬਤ ਕੀਤਾ ਗਿਆ। ਪ੍ਰਧਾਨ ਮੰਤਰੀ ਤੋਂ ਲੈ ਕੇ ਸਬੰਧਤ ਮੰਤਰੀਆਂ ਤੱਕ ਦੇ ਬਿਆਨ ਆ ਕੇ ਇਸ ਨਾਪਾਕ ਤੇਲ ਮਾਫੀਆ ਨੂੰ ਤਹਿਸ਼ ਨਹਿਸ਼ ਕਰ ਦਿੱਤਾ ਜਾਵੇਗਾ। ਚੁਣ-ਚੁਣ ਕੇ ਦੋਸ਼ੀਆਂ ਨੂੰ ਜੇਲ੍ਹਾਂ ਅੰਦਰ ਡੱਕਿਆ ਜਾਵੇਗਾ।

ਪਰ ਸੁਆਲ ਪੈਦਾ ਹੁੰਦਾ ਹੈ ਕਿ ਸਰਗਰਮ ਯਸ਼ਵੰਤ ਦੇ ਜਿਉਂਦਾ ਸਾੜੇ ਜਾਣ ਤੋਂ ਪਿੱਛੋਂ ਹੀ ਕਿਉਂ? ਸੂਤਰ ਦੱਸਦੇ ਹਨ ਕਿ ਮਹਾਂਰਾਸ਼ਟਰ ਵਿਚ ਪੈਟਰੋਲ ਤੇ ਡੀਜ਼ਲ 'ਚ ਕੇਰੋਸੀਨ ਦੀ ਮਿਲਾਵਟ ਤੇ ਡੀਜ਼ਲ ਵੱਧ ਮਹਿੰਗੇ ਵਿਕਦੇ ਹਨ ਅਤੇ ਕੇਰੋਸਿਨ ਘੱਟ ਕੀਮਤਾਂ 'ਚ ਲਿਹਾਜਾ ਪੈਟਰੋਲ, ਡੀਜ਼ਲ 'ਚ ਕੈਰੋਸਿਨ (ਮਿੱਟੀ ਦਾ ਤੇਲ) ਮਿਲਾ ਕੇ ਤੇਲਾਂ ਤੋਂ ਮੋਟੀ ਕਮਾਈ ਕੀਤੀ ਜਾਂਦੀ ਹੈ। ਤੇਲ ਦੀ ਇਸ ਖੇਡ 'ਚ ਇਹ ਵੱਡੇ ਅਧਿਕਾਰੀਆਂ ਤੋਂ ਲੈ ਕੇ ਛੋਟੇ ਅਧਿਕਾਰੀ ਅਤੇ ਘਾਗ ਰਾਜਸੀ ਨੇਤਾ ਤੋਂ ਲੈ ਕੇ ਛੋਟੇ ਰਾਜਸੀ ਆਗੂਆਂ ਤੱਕ ਆਪਣੀਆਂ ਜੇਬਾਂ ਗਰਮ ਕਰਦੇ ਹਨ। ਵਿਚਾਰਨਯੋਗ ਹੈ ਕਿ ਬਾਜ਼ਾਰ 'ਚ ਇਸ ਵਕਤ ਪੈਟਰੋਲ 60 ਰੁਪਏ ਦੇ ਕਰੀਬ, ਡੀਜ਼ਲ 40 ਰੁਪਏ ਦੇ ਆਸਪਾਸ ਤੇ ਮਿੱਟੀ ਦਾ ਤੇਲ 12.50 ਰੁਪਏ ਲਿਟਰ ਵਿਕ ਰਿਹਾ ਹੈ। ਸਰਕਾਰ ਮਿੱਟੀ ਦੇ ਤੇਲ 'ਤੇ ਫੀ ਲਿਟਰ ਕਰੀਬ 19 ਰੁਪਏ ਦੀ ਸਬਸਿਡੀ ਦਿੰਦੀ ਹੈ। ਕੇਂਦਰ ਸਰਕਾਰ ਰਾਜਾਂ ਨੂੰ ਉਹਨਾਂ ਦੇ ਮਿੱਟੀ ਦੇ ਤੇਲ ਦਾ ਕੋਟਾ ਦਿੰਦੀ ਹੈ। ਜੋ ਰਾਸ਼ਣ ਦੀਆਂ ਦੁਕਾਨਾਂ 'ਤੇ ਗਰੀਬਾਂ ਨੂੰ ਵੇਚਣ ਲਈ ਹੁੰਦਾ ਹੈ। ਡਿਪੋ ਤੋਂ ਤੇਲ ਚੁੱਕਣ ਤੇ ਉਸ ਨੂੰ ਰਾਸ਼ਣ ਦੀਆਂ ਦੁਕਾਨਾਂ ਤੱਕ ਪਹੁੰਚਾਉਣ ਦਾ ਜਿੰਮਾ ਰਾਜ ਸਰਕਾਰਾਂ ਦਾ ਹੁੰਦਾ ਹੈ। ਇਸ ਮਿੱਟੀ ਦੇ ਤੇਲ ਦੀ ਕਾਲਾ ਬਾਜ਼ਾਰੀ ਨਾ ਹੋਵੇ, ਇਸ ਲਈ ਕੁਝ ਸਾਲ ਪਹਿਲਾਂ ਸਰਕਾਰ ਨੇ ਰਾਸ਼ਣ ਦੇ ਮਿੱਟੀ ਦੇ ਤੇਲ ਦਾ ਰੰਗ ਨੀਲਾ ਕਰਵਾ ਦਿੱਤਾ ਸੀ ਪਰ ਦੱਸਿਆ ਜਾਂਦਾ ਹੈ ਕਿ ਮਿਲਾਵਟਖੋਰਾਂ ਨੇ ਇਸ ਦਾ ਹੱਲ ਕੱਢ ਲਿਆ। ਉਹ ਇਸ 'ਚ ਇੱਕ ਅਜਿਹਾ ਤਰਲ ਪਾ ਦਿੰਦੇ ਹਨ ਜਿਸ ਨਾਲ ਮਿੱਟੀ ਦੇ ਤੇਲ ਦਾ ਨੀਲਾ ਰੰਗ ਖਤਮ ਹੋ ਜਾਂਦਾ ਹੈ। ਇਸ ਨੂੰ ਕਦੀ-ਕਦੀ ਤਾਂ ਪੈਟਰੋਲ ਦੱਸਕੇ ਵੀ ਵੇਚ ਦਿੱਤਾ ਜਾਂਦਾ ਹੈ। ਵੈਸੇ ਜ਼ਿਆਦਾਤਰ ਧੰਦਾ ਪੈਟਰੋਲ ਤੇ ਮਿੱਟੀ ਦੇ ਤੇਲ ਨੂੰ ਮਿਲਾ ਕੇ ਬਣਾਏ ਤੇਲ ਦਾ ਹੁੰਦਾ ਹੈ। ਮਿਲਾਵਟ ਦੇ ਇਸ ਧੰਦੇ ਦੀ ਹੀ ਮਹਿਮਾ ਹੈ ਕਿ ਗਰੀਬਾਂ ਦੇ ਹਿੱਸੇ ਦੇ ਮਿੱਟੀ ਦੇ ਤੇਲ ਦਾ ਕਰੀਬ 50 ਫੀਸਦੀ ਹਿੱਸਾ ਤੇਲ ਮਾਫੀਆ ਤੱਕ ਪਹੁੰਚ ਜਾਂਦਾ ਹੈ। ਇਸ ਨਾਲ ਮਾਫੀਆ ਦੀ ਤਾਂ ਚਾਂਦੀ ਹੁੰਦੀ ਹੈ ਪਰ ਸਰਕਾਰ ਨੂੰ ਹਰ ਸਾਲ ਕਰੀਬ 17 ਕਰੋੜ ਰੁਪੈ ਦਾ ਨੁਕਸਾਨ ਹੁੰਦਾ ਹੈ। ਮਿਲਾਵਟਖੋਰਾਂ ਦਾ ਇਹ ਧੰਦਾ ਪੂਰੇ ਦੇਸ਼ 'ਚ ਫੈਲਿਆ ਹੋਇਆ ਹੈ। ਯਸ਼ਵੰਤ ਸੋਨਾਵਣੇ ਨੇ ਪੀਨਾਵਾੜੀ 'ਚ ਜਿੱਥੇ ਛਾਪਾ ਮਾਰਿਆ ਸੀ, ਨਾਸਿਕ ਜ਼ਿਲ੍ਹੇ ਦਾ ਇਹ ਪਿੰਡ ਮਾਫੀਆ ਦੇ ਗੜ੍ਹ ਵਜੋਂ ਜਾਣਿਆ ਜਾਂਦਾ ਹੈ। ਇੱਥੇ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ

ਯਸ਼ਵੰਤ ਨੇ ਆਪਣੀ ਮੌਤ ਤੋਂ ਦੋ ਦਿਨ ਪਹਿਲਾਂ ਹੀ ਨਜ਼ਦੀਕ ਦੇ ਕਸਬੇ ਦੇ ਕਈ ਤੇਲ ਡਿਪੂਆਂ 'ਤੇ ਛਾਪੇ ਮਾਰ ਕੇ ਮਿਲਾਵਟੀ ਤੇਲ ਫੜਿਆ ਸੀ। ਇਸ ਤੋਂ ਤੇਲ ਮਾਫੀਆ ਉਸ ਕੋਲੋਂ ਕਾਫੀ ਨਾਰਾਜ਼ ਸਨ ਹਾਲਾਂਕਿ ਸਰਕਾਰ ਨੂੰ ਇਸ ਤੋਂ ਪਹਿਲਾਂ ਹੀ ਚੇਤਾਵਨੀਆਂ ਮਿਲ ਰਹੀਆਂ ਸਨ ਕਿ ਇਸ ਦਿਸ਼ਾ 'ਚ ਕਦਮ ਉਠਾਏ ਜਾਣ ਪਰ ਉਹਨਾਂ ਦੇ ਕੰਨ 'ਤੇ ਜੂੰ ਨਹੀਂ ਸਰਕੀ। ਇਕ ਆਈ ਏ ਐਸ ਅਫਸਰ ਲੀਨਾ ਮੇਂਹਦਾਲੇ ਨੇ ਤਾਂ 1995-96 'ਚ ਹੀ ਮਹਾਂਰਾਸ਼ਟਰ 'ਚ ਪੈਟਰੋਲੀਅਮ ਪਦਾਰਥਾਂ 'ਚ ਮਿਲਾਵਟਖੋਰਾਂ ਦੇ ਧੰਦੇ 'ਤੇ ਵਿਸਥਾਰਿਤ ਰਿਪੋਰਟ ਸਰਕਾਰ ਨੂੰ ਸੌਂਪੀ ਸੀ। ਤਦ ਉਹ ਨਾਸਕ ਦੀ ਡਵੀਜ਼ਨਲ ਕਮਿਸ਼ਨਰ ਸੀ। ਮਨਮਾਡ ਤੇ ਮਾਲੇਗਾਂਵ ਇਸੇ ਡਵੀਜ਼ਨ ਦਾ ਹਿੱਸਾ ਹਨ ਪਰ 15 ਸਾਲ ਤੋਂ ਵੱਧ ਸਮਾਂ ਬੀਤ ਜਾਣ ਪਿੱਛੋਂ ਤੇ ਇਸ ਦੌਰਾਨ ਸੱਤ ਮੁੱਖ ਮੰਤਰੀਆਂ ਦੇ ਬਦਲੇ ਜਾਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਇਸ 'ਤੇ ਕਿਸੇ ਤਰ੍ਹਾਂ ਦੀ ਕਾਰਵਾਈ ਨਹੀਂ ਕੀਤੀ। ਦੱਸਿਆ ਜਾਂਦਾ ਹੈ ਕਿ ਮੇਂਹਦਾਲੇ ਨੇ ਆਪਣੀ ਰਿਪੋਰਟ 'ਚ ਕੁਝ ਲੱਠਮਾਰਾਂ ਰਾਜਸੀ ਆਗੂਆਂ ਦਾ ਨਾਂ ਲਿਆ ਸੀ ਇਸ ਕਾਰਨ ਸਰਕਾਰ ਨੇ ਉਹਨਾਂ ਦੀ ਰਿਪੋਰਟ ਨੂੰ ਠੰਡੇ ਬਸਤੇ 'ਚ ਪਾ ਦਿੱਤਾ।

ਖੁਦ ਲੀਨਾ ਮੇਹੰਦਾਲੇ ਕਹਿੰਦੇ ਹੈ, "ਇਹ ਬੇਹੱਦ ਨਿਰਾਸ਼ਾਜਨਕ ਹੈ ਕਿ ਮੇਰੀ ਰਿਪੋਰਟ ਨੂੰ ਦਰਕਿਨਾਰ ਕਰ ਦਿੱਤਾ ਗਿਆ। 2008-09 'ਚ ਮੈਂ ਇਸ ਮਾਮਲੇ 'ਤੇ ਮਹਾਂਰਾਸ਼ਟਰ ਦੇ ਵਿਧੀ ਸਕੱਤਰ ਨਾਲ ਗੱਲਬਾਤ ਕੀਤੀ ਸੀ ਅਤੇ ਸੀ. ਆਰ. ਪੀ. ਸੀ. 'ਚ ਸੋਧ ਦੀ ਮੰਗ ਕੀਤੀ ਸੀ। ਮੈਂ ਸਿਫਾਰਸ਼ ਕੀਤੀ ਸੀ ਕਿ ਰਾਸ਼ਨਿੰਗ ਇੰਸਪੈਕਟਰਾਂ ਨੂੰ ਅਦਾਲਤ 'ਚ ਮਾਮਲਾ ਦਰਜ ਕਰਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਰਾਜ ਕੈਬਨਿਟ ਨੇ ਮੇਰੀ ਸਿਫਾਰਸ਼ 'ਤੇ ਗੌਰ ਕੀਤਾ ਅਤੇ ਇਸ ਨੂੰ ਕੇਂਦਰ ਸਰਕਾਰ ਨੂੰ ਭੇਜ ਦਿੱਤਾ। ਪਰ ਇਸ ਪਿੱਛੋਂ ਕੀ ਹੋਇਆ ਪਤਾ ਨਹੀਂ। ਯਸ਼ਵੰਤ ਸੋਨਾਵਣੇ ਦੇ ਕੇਸ 'ਚ ਪੁਲਸ ਨੂੰ ਇਸ ਤੱਕ ਜਾਣ ਦੀ ਲੋੜ ਹੈ। ਉਹਨਾਂ ਨੂੰ ਵੱਡੀਆਂ ਮੱਛੀਆਂ ਨੂੰ ਫੜਨਾ ਚਾਹੀਦਾ ਹੈ, ਇਸ ਸਕੈਂਡਲ ਨਾਲ ਜੁੜੇ ਲੋਕਾਂ ਖਿਲਾਫ ਸਖਤ ਕਾਰਵਾਈ ਦੀ ਲੋੜ ਹੈ, "ਪਰ ਸੁਆਲ ਪੈਦਾ ਹੁੰਦਾ ਹੈ ਕਿ ਵਾਕਿਆ ਹੀ ਸਖਤ ਕਾਰਵਾਈ ਹੋ ਸਕੇਗੀ?" ਹਾਲਾਂਕਿ ਇਸ ਘਟਨਾ ਦੇ ਫੌਰਨ ਪਿੱਛੋਂ ਸਰਕਾਰ ਦੀਆਂ ਹਦਾਇਤਾਂ 'ਤੇ ਮਿਲਾਵਟਖੋਰਾਂ ਦੇ ਅੱਡੇ 'ਤੇ ਵੱਡੇ ਪੈਮਾਨੇ 'ਤੇ ਛਾਪਾਮਾਰੀ ਕੀਤੀ ਗਈ ਅਤੇ 200 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਪਰ ਏਨੇ ਨਾਲ ਹੀ ਇਸ ਮਜ਼ਬੂਤ ਗਠਜੋੜ ਨੂੰ ਨੱਥ ਪਾਈ ਜਾ ਸਕੇਗੀ? ਤੇਲ ਮਾਫੀਆ ਜਿਸ ਮਜ਼ਬੂਤੀ ਨਾਲ ਪੂਰੇ ਦੇਸ਼ 'ਚ ਮਿਲਾਵਟ ਦਾ ਧੰਦਾ ਕਰਕੇ ਲੱਖਾਂ-ਕਰੋੜਾਂ ਇਕੱਠੇ ਕਰ ਰਿਹਾ ਹੈ, ਉਸ ਨੂੰ ਵੇਖਦਿਆਂ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਲੋੜ ਹੈ। ਮਿਲਾਵਟਖੋਰਾਂ ਨੂੰ ਸੁਰੱਖਿਆ ਦੇਣ 'ਚ ਰਾਜਸੀ ਨੇਤਾਵਾਂ ਦੀ ਭੂਮਿਕਾ ਨੂੰ ਦੇਖਦਿਆਂ ਅਪਰਾਧਾਂ ਤੇ ਰਾਜਨੀਤੀ ਦੇ ਇਸ ਗਠਜੋੜ ਨੂੰ ਜੜ੍ਹੋਂ ਪੁੱਟਣਾ ਪੈਣਾ ਹੈ। ਇਹ ਉਤਸ਼ਾਹਜਨਕ ਹੈ ਯਸ਼ਵੰਤ ਸਿਨਹਾ ਦੀ ਮੌਤ ਪਿੱਛੋਂ ਲੱਖਾਂ ਲੋਕਾਂ ਨੇ ਸੜਕਾਂ 'ਤੇ ਆ ਕੇ ਇਸ ਕੇਸ 'ਚ ਵਿਰੋਧ ਦਰਜ ਕਰਵਾਇਆ। ਸਰਕਾਰ ਤੋਂ ਮੰਗ ਕੀਤੀ ਗਈ ਕਿ ਇਸ ਨੈਟਵਰਕ ਨੂੰ ਤਹਿਸ ਨਹਿਸ ਕਰਨ ਦੀ ਪਹਿਲ ਹੋਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ। ਵਰਨਾ ਯਸ਼ਵੰਤ ਵਰਗੇ ਲੋਕਾਂ ਨੂੰ ਸਾੜੇ ਜਾਣ ਦਾ ਸਿਲਸਲਾ ਰੁਕੇਗਾ ਨਹੀਂ ਪਰ ਇਮਾਨਦਾਰੀ ਨਾਲ ਆਪਣੇ ਫਰਜ਼ ਨਿਭਾਉਣ ਵਾਲੇ ਲੋਕਾਂ ਦੇ ਕਦਮ ਜ਼ਰੂਰ ਰੁਕ ਜਾਣਗੇ।

# ਕੀ ਹੈ ਟੈਕਸ ਹੈਵਨ ਦਾ ਮਾਇਆ ਜਾਲ?

ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਕਾਲੇ ਧਨ ਦੇ ਮੁੱਦੇ ਨੇ ਇਕ ਵਾਰੀ ਫਿਰ ਰਾਜਸੀ ਹਲਚਲ ਪੈਦਾ ਕਰ ਦਿੱਤੀ ਹੈ। ਕਾਲੇ ਧਨ 'ਤੇ ਬਹਿਸ ਖ਼ੂਬ ਹੋ ਰਹੀ ਹੈ ਪਰ ਇਕ ਸੁਆਲ ਵਾਰੀ-ਵਾਰੀ ਦਿਲ 'ਚ ਉਠਦਾ ਹੈ ਕਿ ਆਖਰ, "ਟੈਕਸ ਹੈਵਨ" 'ਚ ਪੈਸੇ ਜਮ੍ਹਾਂ ਕਰਾਉਣ ਦਾ ਤਰੀਕਾ ਕੀ ਹੈ? ਕਿਵੇਂ ਬੈਂਕ ਅਕਾਊਂਟ ਖੋਹਲਿਆ ਜਾਂਦਾ ਹੈ? ਕਿਹੜੇ ਕਾਗਜ਼ੀ ਦਸਤਾਵੇਜ਼ਾਂ ਦੀ ਲੋੜ ਪੈਂਦੀ ਹੈ? ਕੌਣ ਖੋਲ੍ਹਦਾ ਹੈ ਇਹ ਗੁਪਤ ਖਾਤਾ? ਕੀ ਇਹ ਧਨ ਸਚਮੁੱਚ ਵਾਪਸ ਦੇਸ਼ ਲਿਆਇਆ ਜਾ ਸਕਦਾ ਹੈ? ਅਕਾਊਂਟ ਖੋਲ੍ਹਣ ਲਈ ਘੱਟੋ-ਘੱਟ ਕਿੰਨੀ ਰਾਸ਼ੀ ਦੀ ਲੋੜ ਹੁੰਦੀ ਹੈ? ਸਿਰਫ ਕਾਲਾ ਧਨ ਸਵਿਸ ਬੈਂਕ ਹੀ ਜਮ੍ਹਾਂ ਹੁੰਦਾ ਹੈ ਜਾਂ ਕਿਤੇ ਹੋਰ ਵੀ ਹੈ ਟੈਕਸ ਹੈਵਨ? ਵੈਸੇ ਤਾਂ ਜਿਹਨਾਂ ਲੋਕਾਂ ਕੋਲ ਹਰਾਮ ਦੀ ਕਮਾਈ ਦਾ ਕਾਲਾ ਧਨ ਹੈ। ਉਹਨਾਂ ਨੂੰ ਟੈਕਸ ਹੈਵਨ ਦੀ ਜਾਣਕਾਰੀ ਵੀ ਬਾਖ਼ੂਬੀ ਹੁੰਦੀ ਹੈ। ਅਹਿਮ ਸੁਆਲ ਇਹ ਹੈ ਕਿ ਸੀਕਰਟ ਬੈਂਕ ਦੀ ਸਹੂਲਤ ਮੁਹਈਆ ਕਰਾਉਣ ਵਾਲੇ ਬੈਂਕ ਆਖਰ ਐਸੀ ਕੀ ਸਹੂਲਤ ਦਿੰਦੇ ਹਨ ਕਿ ਲੋਕ ਆਪਣਾ ਦੇਸ਼ ਛੱਡ ਕੇ ਸੱਤ ਸਮੁੰਦਰੋਂ ਪਾਰ ਬੈਂਕਾਂ 'ਚ ਪੈਸਾ ਜਮ੍ਹਾਂ ਕਰਵਾ ਰਹੇ ਹਨ? ਇਹਨਾਂ ਬੈਂਕਾਂ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਹ ਬੈਂਕ ਨਾ ਸਿਰਫ ਤੁਹਾਨੂੰ ਐਸ਼ੋ ਆਰਾਮ ਦੀਆਂ ਚੀਜ਼ਾਂ ਮੁਹਈਆ ਕਰਵਾਉਂਦੇ ਹਨ ਬਲਕਿ ਇਹਨਾਂ ਖਾਤਿਆਂ 'ਚ ਰੱਖੇ ਪੈਸਿਆਂ 'ਤੇ ਉਹ ਟੈਕਸ ਵੀ ਨਹੀਂ ਲੈਂਦੇ ਹਨ। ਜਿਨ੍ਹਾਂ ਦੇਸ਼ਾਂ 'ਚ ਸੀਕਰਟ ਅਕਾਊਂਟ ਦੀ ਸਹੂਲਤ ਮੁਹਈਆ ਹੈ ਉਹਨਾਂ ਨੂੰ ਟੈਕਸ ਹੈਵਨ ਕਿਹਾ ਜਾਂਦਾ ਹੈ। ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਭਾਰਤੀਆਂ ਦੇ ਪੈਸੇ ਦੀ ਗੱਲ ਕਰੀਏ ਤਾਂ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਨੁਸਾਰ ਤਕਰੀਬਨ 21 ਲੱਖ ਕਰੋੜ ਸੀਕਰਟ ਅਕਾਊਂਟ 'ਚ ਜਮ੍ਹਾਂ ਭਾਰਤੀਆਂ ਦਾ ਹੈ। ਜਦ ਵੀ ਕਾਲੇ ਧਨ ਦੇ ਜਮ੍ਹਾਂ ਕਰਨ ਦੀ ਗੱਲ ਹੁੰਦੀ ਹੈ ਤਾਂ ਸਵਿਟਜ਼ਰਲੈਂਡ ਦੇ ਬੈਂਕ ਦਾ ਨਾਂ ਹੀ ਲੋਕਾਂ ਦੀ ਜ਼ੁਬਾਨ 'ਤੇ ਆਉਂਦਾ ਹੈ। ਕਾਲੇ ਧਨ ਦੀ ਜਨਤ 'ਚ ਹੋਰ ਵੀ ਕਈ ਮੁਕਾਮ ਹਨ। ਜਿਹਨਾਂ 'ਚ ਬ੍ਰਿਟਿਸ਼ ਵਰਜਿਨ ਆਈਲੈਂਡ ਕੇਮੈਨ ਆਈਲੈਂਡ, ਲੀਸਟਨ ਤੇ ਮੋਨੇਕੋ ਵਰਗੇ ਦੇਸ਼ ਅਵੱਲ ਹਨ। ਵੈਸੇ ਕੁਝ ਅਜਿਹੇ ਦੇਸ਼ ਵੀ ਹਨ ਜੋ ਇਹਨਾਂ ਦੇਸ਼ਾਂ ਦੀ ਤੁਲਨਾ 'ਚ ਵੱਧ ਤੇ ਬੇਹਤਰੀਨ ਸਹੂਲਤਾਂ ਮੁਹਈਆ ਕਰਵਾਉਂਦੇ ਹਨ। ਆਈਜਨ ਆਫ ਮੈਨ ਬ੍ਰਿਟੇਨ ਨਾਲ ਲੱਗਦਾ ਇਕ ਅਜਿਹਾ ਹੀ ਮਹਾਂਦੀਪ ਹੈ। ਹਾਂਗਕਾਂਗ ਤੇ ਸਿੰਗਾਪੁਰ ਵਰਗੇ ਦੇਸ਼ ਵੀ ਕਾਲਾ ਧਨ ਛਿਪਾਉਣ ਵਾਲਿਆਂ ਲਈ ਤੀਰਥ ਸਥਾਨ ਤੋਂ ਘੱਟ ਨਹੀਂ ਹਨ।

ਕਿਉਂ ਖੁੱਲ੍ਹਦਾ ਹੈ ਸੀਕਰਟ ਖਾਤਾ? ਇਹ ਅਕਾਊਂਟ ਤਿੰਨ ਤਰ੍ਹਾਂ ਨਾਲ ਖੁੱਲ੍ਹਦਾ ਹੈ ਜਿਸ ਵਿਚ ਟਰੱਸਟ, ਕੰਪਨੀ ਤੇ ਵਿਅਕਤੀ ਸ਼ਾਮਲ ਹੁੰਦੇ ਹਨ। ਵਿਅਕਤੀ ਦੇ ਮਾਮਲੇ 'ਚ ਨਾਂ ਬਦਲੇ ਖਾਤਾ ਧਾਰਕ ਨੂੰ ਇਕ ਕੋਡ ਦਿੱਤਾ ਜਾਂਦਾ ਹੈ। ਉਸ ਪਿੱਛੋਂ ਉਹ ਵਿਅਕਤੀਗਤ ਕੋਡ ਨਾਲ ਜਾਣਿਆ ਜਾਂਦਾ ਹੈ ਨਾ ਕਿ ਆਪਣੇ ਨਾਂ ਨਾਲ। ਉਸ ਦਾ ਨਾਂ ਪਾਸਵਰਡ ਤੇ ਟ੍ਰਾਂਜੈਕਸ਼ਨ ਸਭ ਗੁਪਤ ਰੱਖੇ ਜਾਂਦੇ ਹਨ। ਰਾਜ ਤਾਂ ਰਾਜ ਹੀ ਰਹਿੰਦਾ ਹੈ। ਰਾਜ ਨੂੰ ਹੋਰ ਫੁਲਪਰੂਫ਼ ਕਰਨ ਲਈ ਕੁਝ ਦੀਪ (ਅਮੀਰ ਬਨੌਤ) ਕੰਪਨੀ ਰਜਿਸਟਰ ਕਰਵਾਉਂਦੇ ਤੇ ਉਸ ਕੰਪਨੀ ਦੇ ਨਾਂ ਹੇਠ ਕਿਸੇ ਹੋਰ ਟੈਕਸ ਹੈਵਨ 'ਚ ਖਾਤਾ ਖੋਲ੍ਹਦੇ ਹਨ। ਜਦ ਕੁਝ ਦੀਪ ਤੇ ਬੈਂਕ ਇਕ ਟ੍ਰਸਟ ਬਣਾ ਕੇ ਟੈਕਸ ਹੈਵਨ 'ਚ ਖਾਤਾ ਖੋਲ੍ਹਦੇ ਹਨ ਤਾਂ ਜ਼ਰੂਰੀ ਨਹੀਂ ਕਿ ਆਪ ਉਸ ਬੈਂਕ ਜਾਂ ਉਸ ਦੇਸ਼ 'ਚ ਜਾਵੋ। ਦੇਸ਼

ਦੇ ਸਾਰੇ ਮਹਾਂਨਗਰਾਂ 'ਚ ਆਫ਼ਸ਼ੋਰ ਇਕਾਊਂਟ ਕੰਸਲਟੈਂਟ ਮੌਜੂਦ ਹਨ ਬਸ ਆਪ ਨੂੰ ਲੱਭਣ ਦੀ ਲੋੜ ਹੈ। ਆਫਸ਼ੋਰ ਕੰਸਲਟੈਂਟ ਇੱਛਾ ਅਨੁਸਾਰ ਆਪਣੇ ਮਨ ਚਾਹੇ ਦੇਸ਼ਾਂ 'ਚ ਅਕਾਊਂਟ ਖੁਲਵਾਉਣ ਲਈ ਆਪਣੇ ਕੋਲ ਕਰੋੜਾਂ ਰੁਪਏ ਦੀ ਰਾਸ਼ੀ ਹੋਣੀ ਚਾਹੀਦੀ ਹੈ। ਵਨੋਤੂ ਆਈਲੈਂਡ 'ਚ ਅਕਾਊਂਟ ਖਿਲਾਉਣ ਲਈ ਦੋ ਤੋਂ ਪੰਜ ਕਰੋੜ ਰੁਪਏ ਤਕ ਦੀ ਘੱਟੋ-ਘੱਟ ਰਾਸ਼ੀ ਰੱਖਣੀ ਹੀ ਪਵੇਗੀ। ਕੁਝ ਬੈਂਕਾਂ 'ਚ 20 ਕਰੋੜ ਤੱਕ ਘੱਟੋ-ਘੱਟ ਰਾਸ਼ੀ ਰੱਖਣੀ ਪੈਂਦੀ ਹੈ। ਆਪ ਨੂੰ ਬੈਂਕ ਬਾਰੇ ਥੋੜੀ ਵੀ ਜਾਣਕਾਰੀ ਹੈ ਤਾਂ ਤੁਸੀਂ ਇੰਟਰਨੈਟ ਦੀ ਮਦਦ ਨਾਲ ਤੁਸੀਂ ਆਪਣਾ ਬੈਂਕ ਅਕਾਊਂਟ ਖੋਲ੍ਹ ਸਕਦੇ ਹੋ। ਇੱਥੇ ਤੁਹਾਨੂੰ ਸਿਰਫ ਆਪਣੀ ਜਾਣਕਾਰੀ ਭਰਨ ਦੀ ਲੋੜ ਹੈ। ਤੁਹਾਡੇ ਕੋਲ ਖੁਦ ਹੀ ਆਫ਼ਸ਼ੋਰ ਕੰਸਲਟੈਂਟ ਪਹੁੰਚ ਜਾਵੇਗਾ। ਵੈਸੇ ਬੈਂਕਾਂ ਨੇ ਵੱਧ ਜਾਣਕਾਰੀ ਦੇਣ ਲਈ ਫੋਨ ਨੰਬਰ ਵੀ ਆਪਣੀ ਸਾਈਟ 'ਤੇ ਮੁਹਈਆ ਕਰਵਾਇਆ ਹੈ। ਲਗਭਗ ਸਾਰੇ ਆਫਸ਼ੋਰ ਬੈਂਕ ਅਨਲਾਈਨ ਫਾਰਮ ਭਰਨ ਦੀ ਸਹੂਲਤ ਦਿੰਦੇ ਹਨ। ਉਹਨਾਂ ਵਲੋਂ ਮੰਗੇ ਗਏ ਦਸਤਾਵੇਜ਼ ਤੇ ਫਾਰਮ ਇੰਟਰਨੈਟ ਤੋਂ ਲੋਡ ਕਰਕੇ ਤੁਸੀਂ ਆਪ ਕੋਰੀਅਰ ਵੀ ਕਰ ਸਕਦੇ ਹੋ। ਜਿਸ 'ਚ ਪਾਸਪੋਰਟ, ਇਕ ਨਾਮਕ ਬੈਕ ਗਰਾਊਂਡ ਦਾ ਸਬੂਤ, ਕੁਝ ਬੈਂਕ ਸੁਰੱਖਿਆ ਵਿਵਸਥਾ ਨੂੰ ਧਿਆਨ 'ਚ ਰੱਖਦੇ ਹੋਏ ਆਪਣੇ ਪੇਪਰ ਵੀ ਭਰਵਾਉਂਦੇ ਹਨ। ਏਡ੍ਰੇਸ ਸਬੂਤ ਲਈ ਡਰਾਈਵਿੰਗ ਲਾਇਸੰਸ ਤੇ ਯੁਟੀਲਿਟੀ ਬਿਲਸ਼ ਨੈਸ਼ਨਲ ਫੋਟੋ ਆਈਕਾਰਡ ਜਾਂ ਵੋਟਰ ਆਈ ਡੀ ਦੀ ਲੋੜ ਹੁੰਦੀ ਹੈ। ਵੈਸੇ ਹਰ ਬੈਂਕ ਦੇ ਵੱਖ-ਵੱਖ ਨਿਯਮ ਵੀ ਹੁੰਦੇ ਹਨ। ਹੁਣ ਸੁਆਲ ਉਠਦਾ ਹੈ ਕਿ ਇਹਨਾਂ ਬੈਂਕਾਂ ਨੂੰ ਕੀ ਫਾਇਦਾ ਹੁੰਦਾ ਹੈ? ਗੁਪਤ ਖਾਤੇ ਨਾਲ ਸਭ ਤੋਂ ਵੱਧ ਫਾਇਦਾ ਬੈਂਕਾਂ ਨੂੰ ਹੁੰਦਾ ਹੈ। ਸ਼ਾਇਦ ਖੁਦਾ ਨਾ ਖਾਸਤਾ ਅਕਾਊਂਟ ਹੋਲਡਰ ਦੀ ਮੌਤ ਹੋ ਗਈ ਤੇ ਗੁਪਤ ਅਕਾਊਂਟ ਹੋਲਡਰ ਨੇ ਕੋਈ ਨਾਮਜਦ ਨਹੀਂ ਕੀਤਾ ਹੈ ਤੇ ਇਸ ਧਨ ਦੀ ਕਿਸੇ ਨੂੰ ਜਾਣਕਾਰੀ ਨਹੀਂ ਦਿੱਤੀ ਹੈ ਤਾਂ ਧਨ 'ਤੇ ਕੋਈ ਕਲੇਮ ਨਹੀਂ ਮਿਲਦਾ ਤੇ ਉਹ ਸਾਰੀ ਰਾਸ਼ੀ ਬੈਂਕ ਦੀ ਜਾਇਦਾਦ ਹੋ ਜਾਂਦੀ ਹੈ। ਵੈਸੇ ਤਾਂ ਮਨ ਵਿਚ ਗੁਪਤ ਖਾਤੇ ਤੇ ਉਸ ਨਾਲ ਜੁੜੇ ਸੁਆਲ ਵਾਰ-ਵਾਰ ਉਠਦੇ ਹਨ। ਹੁਣ ਜੇ ਤੁਹਾਨੂੰ ਪੈਸੇ ਦੀ ਲੋੜ ਹੋਵੇਗੀ ਤਾਂ ਕੀ ਤੁਹਾਨੂੰ ਉਸ ਦੇਸ਼ 'ਚ ਜਾਣਾ ਪਵੇਗਾ? ਨਹੀਂ ਐਸਾ ਨਹੀਂ ਹੈ। ਬੈਂਕ ਗੁਪਤ ਖਾਤਾ ਧਾਰਕ ਨੂੰ ਵੀਜਾ ਕਾਰਡ ਤੇ ਪਾਸਵਰਡ ਦਿੰਦਾ ਹੈ ਤਾਂ ਕਿ ਤੁਸੀਂ ਆਪਣੇ ਬੈਂਕ ਅਕਾਊਂਟ ਨੂੰ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਅਪਰੇਟ ਕਰ ਸਕੋਂ। ਜੇ ਗੁਪਤ ਖਾਤੇ ਦਾ ਕਿਸੇ ਬੰਦੇ ਜਾਂ ਸਰਕਾਰ ਨੂੰ ਪਤਾ ਲੱਗ ਵੀ ਗਿਆ ਤਾਂ ਵੀ ਉਥੇ ਜਮ੍ਹਾਂ ਰਾਸ਼ੀ ਦਾ ਪਤਾ ਲਾਉਣਾ ਮੁਸ਼ਕਿਲ ਹੀ ਨਹੀਂ ਅਸੰਭਵ ਵੀ ਹੈ ਕਿਉਂਕਿ ਬੈਂਕ ਆਪਣੇ ਗਾਹਕ ਦਾ ਨਾਂ ਲੀਕ ਨਹੀਂ ਕਰਦਾ। ਪੁਣੇ ਦੇ ਪਸ਼ੂ ਫਾਰਮ ਮਾਲਕ ਹਸਨ ਅਲੀ ਖਾਨ ਦੇ ਸਵਿਸ ਬੈਂਕ ਖਾਤੇ 'ਚ ਜਮ੍ਹਾਂ ਰਕਮ ਬਾਰੇ ਜਾਣਕਾਰੀ ਦੇਣ ਤੋਂ ਬੈਂਕ ਨੇ ਨਾਂਹ ਕਰ ਦਿੱਤੀ ਹੈ। ਹਸਨ 'ਤੇ ਦੋਸ਼ ਹੈ ਕਿ ਉਸ ਨੇ ਭਾਰਤ 'ਚ ਆਮਦਨ ਟੈਕਸ ਰਿਟਰਨ ਦਾਖਲ ਨਹੀਂ ਕੀਤੀ ਹੈ ਤੇ ਉਹਨਾਂ ਸਿਰ 70,000 ਕਰੋੜ ਰੁਪਏ ਬਕਾਇਆ ਹੈ। ਪਰ ਆਮਦਨ ਟੈਕਸ ਰਿਟਰਨ ਦਾਖਲ ਨਾ ਕਰਨਾ ਭਾਰਤ 'ਚ ਅਪਰਾਧ ਹੈ। ਪਰ ਸਵਿਟਜਰਲੈਂਡ 'ਚ ਇਹ ਜੁਰਮ ਨਹੀਂ ਮੰਨਿਆ ਜਾਂਦਾ। ਪਰ ਟੈਕਸ ਚੋਰੀ ਦੋਨਾਂ ਹੀ ਦੇਸ਼ਾਂ 'ਚ ਅਪਰਾਧ ਹੈ। ਸੂਤਰਾਂ ਅਨੁਸਾਰ ਸਵਿਸ ਅਥਾਰਟੀ ਨੇ ਭਾਰਤ 'ਚ ਆਮਦਨ ਟੈਕਸ ਵਿਭਾਗ ਨੂੰ ਕਿਹਾ ਹੈ ਕਿ ਹਸਲ ਅਲੀ ਵਲੋਂ ਸਵਿਸ ਬੈਂਕ 'ਚ 8 ਅਰਬ ਡਾਲਰ ਜਮ੍ਹਾਂ ਹਨ।

# ਕੀ ਹੈ ਭਾਰਤੀ ਨਿਆ ਪ੍ਰਣਾਲੀ ਤੇ ਜਾਂਚ ਕਮਿਸ਼ਨਾਂ ਦਾ ਸੱਚ?

ਬੀਤੀਆਂ ਲੋਕ ਸਭਾ ਚੋਣਾਂ ਦੌਰਾਨ ਉਤਰਪ੍ਰਦੇਸ਼ ਹਾਈਕੋਰਟ ਦੀ ਲਖਨਊ ਖੰਡਪੀਠ ਦੇ ਸਲਾਹਕਾਰ ਬੋਰਡ ਨੇ ਪੀਲੀ ਭੀਤ ਤੋਂ ਲੋਕ ਸਭਾ ਚੋਣਾਂ ਲੜ ਰਹੇ ਭਾਜਪਾ ਉਮੀਦਵਾਰ ਵਾਰੁਣ ਗਾਂਧੀ ਤੋਂ ਕੌਮੀ ਸੁਰਖਿਆ ਕਨੂੰਨ ਹਟਾ ਦਿੱਤਾ ਅਤੇ ਬੋਰਡ ਨੇ ਵਰੁਣ ਗਾਂਧੀ 'ਤੇ ਰਾਸੂਕਾ ਲਾਏ ਜਾਣ ਦੇ ਕਨੂੰਨੀ ਅਧਾਰ ਨੂੰ ਪੁਖਤਾ ਨਹੀਂ ਮੰਨਿਆ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਵਰੁਣ ਗਾਂਧੀ 'ਤੇ ਕੌਮੀ ਸੁਰੱਖਿਆ ਕਨੂੰਨ ਲਾਏ ਜਾਣ ਖਿਲਾਫ ਉਹਨਾਂ ਵਲੋਂ ਤਿਆਰ ਕੀਤੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਕਿਹਾ ਕਿ ਜੇ ਵਰੁਣ ਗਾਂਧੀ ਵਾਅਦਾ ਕਰਦੇ ਹਨ ਕਿ ਭਵਿੱਖ 'ਚ ਉਹ ਇਸ ਤਰਾਂ ਦੇ ਭੜਕਾਊ ਭਾਸ਼ਣ ਨਹੀਂ ਦੇਣਗੇ ਤਾਂ ਉਸ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਆਖਰ ਉਹ ਕੋਈ ਅਪਰਾਧੀ ਨਹੀਂ ਹਨ ਅਤੇ ਉਹਨਾਂ ਖਿਲਾਫ ਏਨੇ ਸਖਤ ਕਦਮ ਦੀ ਲੋੜ ਨਹੀਂ ਸੀ। ਸੁਪਰੀਮ ਕੋਰਟ ਕੈਂਪਸ ਵਿੱਚ ਵਾਅਦਿਆਂ ਦੇ ਲੈਣ ਦੇਣ ਦਾ ਇਹ ਕੋਈ ਪਹਿਲਾ ਕੇਸ ਨਹੀਂ ਹੈ। ਅੱਜ ਤੋਂ ਸਤਾਰਾਂ ਸਾਲ ਪਹਿਲਾਂ ਇਸੇ ਕੋਰਟ 'ਚ ਉਤਰ ਪ੍ਰਦੇਸ਼ ਦੇ ਉਸ ਵੇਲੇ ਦੇ ਮੁੱਖ ਮੰਤਰੀ ਕਲਿਆਣ ਸਿੰਘ ਨੇ ਵਚਨ ਦਿੱਤਾ ਸੀ ਕਿ ਬਾਬਰੀ ਮਸਜਿਦ ਕੋਲ ਕਾਰ ਸੇਵਾ ਦੌਰਾਨ ਮਸਜਿਦ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਪਰ ਮਸਜਿਦ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਪੂਰਾ ਦੇਸ਼ ਜਾਣਦਾ ਹੈ ਕਿ ਸੁਪਰੀਮ ਕੋਰਟ ਨੇ ਵਚਨ ਭੰਗ ਕਰਨ ਵਾਲੇ ਮੁੱਖ ਮੰਤਰੀ ਨੂੰ ਕੋਈ ਅਜਿਹਾ ਦੰਡ ਨਹੀਂ ਦਿੱਤਾ ਜਿਸ ਦੇ ਮੱਦੇਨਜ਼ਰ ਅੱਗੇ ਤੋਂ ਕੋਈ ਅਦਾਲਤ 'ਚ ਦਿੱਤੇ ਵਚਨ ਨੂੰ ਭੰਗ ਕਰਨ ਦੀ ਹਿੰਮਤ ਨਾ ਕਰ ਸਕੇ।

ਸੁਪਰੀਮ ਕੋਰਟ ਦੀਆਂ ਇਹਨਾਂ ਟਿੱਪਣੀਆਂ ਨਾਲ ਦੇਸ਼ ਦੇ ਲੋਕਾਂ ਦੇ ਸਾਹਮਣੇ ਨਿਆਂ ਅਮਲ 'ਤੇ ਸੁਆਲ ਉਠ ਖੜ੍ਹੇ ਹੋਏ ਹਨ। ਅਦਾਲਤ ਨੇ ਉਸ ਸਮੇਂ ਤਕ ਇਹ ਸਿੱਧ ਨਹੀਂ ਕੀਤਾ ਸੀ ਕਿ ਉਹ ਅਪਰਾਧੀ ਹਨ ਜਾਂ ਨਹੀਂ। ਫਿਰ ਸੁਪਰੀਮ ਕੋਰਟ ਨੇ ਕਿਵੇਂ ਇਹ ਕਹਿ ਦਿੱਤਾ ਕਿ "ਆਖਰ ਉਹ ਅਪਰਾਧੀ ਨਹੀਂ ਹਨ" ਜਿਵੇਂ ਘ੍ਰਿਣਿਤ ਪ੍ਰਚਾਰ ਵਰੁਣ ਦੇ ਇਸ ਭਾਸ਼ਣ ਨਾਲ ਕੀਤਾ ਗਿਆ ਉਹ ਕੌਮੀ ਏਕਤਾ ਦੇ ਰਾਹ 'ਚ ਅੜਿੱਕਾ ਹੈ ਜਾਂ ਨਹੀਂ? ਨਫਰਤ ਦੀ ਉਸ ਲਾਮਬੰਦੀ ਨੇ ਭਾਰਤੀ ਲੋਕਾਂ 'ਚ ਜੋ ਨਫਰਤ ਪੈਦਾ ਕੀਤੀ ਕੀ ਉਸ ਤੇ ਕਦੀ ਮਾਨਯੋਗ ਜੱਜ ਵਿਚਾਰ ਕਰਨਗੇ? ਕੀ ਉਹ ਕਦੀ ਇਸ ਸਬੰਧੀ ਆਤਮ ਚਿੰਤਨ ਕਰਨਗੇ? ਕਿ ਬਾਬਰੀ ਮਸਜਿਦ ਦੇ ਢਹਿ ਢੇਰੀ ਅਤੇ ਉਸ ਪਿਛੋਂ ਹੋਏ ਖੂਨ ਖਰਾਬੇ ਨੂੰ ਰੋਕ ਦੇਣ 'ਚ ਉਹਨਾਂ ਦੀ ਕੁਝ ਭੂਮਿਕਾ ਹੋ ਸਕਦੀ ਸੀ ਜੋ ਨਹੀਂ ਨਿਭਾਈ ਜਾ ਸਕੀ (ਜਨਸੱਤਾ ਅਪ੍ਰੈਲ 15, 2009) ਕਹਿੰਦੇ ਹਨ ਪੂੰਜੀਵਾਦੀ ਤੰਤਰ 'ਚ ਕਨੂੰਨ ਦੀਆਂ ਨਜ਼ਰਾਂ 'ਚ ਸਭ ਬਰਾਬਰ ਹਨ। ਪਰ ਸੁਪਰੀਮ ਕੋਰਟ ਦੀ ਉਪਰੋਕਿਤ ਉਦਾਰਤਾ ਕੀ ਸਭ ਦੇ ਭਾਗ 'ਚ ਹੈ? ਇਸ ਕੋਰਟ ਨੇ ਦਸੰਬਰ 2007 'ਚ ਜਦ ਡਾ. ਵਿਨਾਇਕ ਸੇਨ ਦੀ ਜਮਾਨਤ ਪਟੀਸ਼ਨ ਪੇਸ਼ ਕੀਤੀ ਗਈ ਸੀ ਤਾਂ ਇਸ ਮਾਨਵੀ ਅਦਾਲਤ ਨੇ ਉਸ ਨੂੰ ਠੀਕ ਤਰ੍ਹਾਂ ਸੁਨਣ ਲਾਇਕ ਵੀ ਨਹੀਂ ਮੰਨਿਆ ਸੀ। ਇਹ ਸੁਆਲ ਵਾਰ ਵਾਰ ਪੁੱਛਿਆ ਗਿਆ ਕਿ ਉਹ ਤੈਤੀ ਵਾਰ ਇਕ ਮਾਓਵਾਦੀ ਨੇਤਾ ਨੂੰ ਜੇਹਲ 'ਚ ਮਿਲਣ ਕਿਉਂ ਗਏ? ਮਾਨਵੀ ਅਦਾਲਤ ਨੇ ਕਿਵੇਂ ਮੰਨ ਲਿਆ ਕਿ ਇਹ ਉਹਨਾਂ ਦੇ ਖਤਰਨਾਕ ਅਪਰਾਧੀ ਹੋਣ ਦਾ ਲੋੜੀਂਦਾ ਸਬੂਤ ਹੈ ਅਤੇ ਇਸ ਅਧਾਰ 'ਤੇ ਜਮਾਨਤ ਨਾ ਮੰਜਰੂ ਕਰ ਦਿੱਤੀ ਗਈ। ਤੱਥ ਇਹ ਵੀ

ਹਨ ਕਿ ਇਹ ਜਾਣਕਾਰੀ ਮਿਲਣ 'ਤੇ ਪੁਲਸ ਇਹਨਾਂ ਨੂੰ ਖੋਜ ਰਹੀ ਹੈ। ਉਹ ਖੁਦ ਪੁਲਸ ਕੋਲ ਗਏ, ਰੂਹਪੋਸ਼ ਨਹੀਂ ਹੋਏ। ਉਹਨਾਂ ਦਾ ਜੀਵਨ ਇਕ ਖੁੱਲ੍ਹੀ ਕਿਤਾਬ ਹੈ ਪੂਰੀ ਦੁਨੀਆਂ ਦੇ ਸਭਿਅਕ ਸਮਾਜ ਦੇ ਲੋਕ ਉਹਨਾਂ ਦੇ ਪੱਖ 'ਚ ਬੋਲ ਰਹੇ ਸਨ। ਇਸ ਨਿਆਂ ਪ੍ਰਬੰਧ 'ਚੋਂ ਕੱਢੇ ਹੋਏ ਲੋਕਾਂ ਨਾਲ ਬਣੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਜਾਂਚ ਟੀਮ ਨੇ ਜਿਸ ਤਰ੍ਹਾਂ ਸਲਵਾ ਜੂਡਮ ਦੀ ਅਲੋਚਨਾ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਤੋਂ ਵੀ ਇਹੀ ਸੁਨੇਹਾ ਮਿਲਦਾ ਹੈ ਕਿ ਮਾਨਵੀ ਅਦਾਲਤਾਂ ਜਾਂ ਕਮਿਸ਼ਨਾਂ ਦੀ ਕ੍ਰਿਪਾ ਦ੍ਰਿਸ਼ਟੀ ਸਭ ਨੂੰ ਮੁਹਈਆ ਨਹੀਂ ਹੈ। ਲੇਖਕ ਅਪੂਵਰਾ ਨੰਦ ਜੀ 15 ਅਪਰੈਲ 2009 ਦੀ 'ਜਨਸਤਾ' ਅੱਗੇ ਫਿਰ ਲਿਖਦੇ ਹਨ, "ਕੁਝ ਦਿਨ ਪਹਿਲਾਂ ਇਕ ਹੋਰ ਜੱਜ ਨੇ ਕ੍ਰੋਧ ਭਰੀ ਟਿੱਪਣੀ 'ਚ ਮੁਸਲਮਾਨਾਂ ਦੇ ਦਾੜ੍ਹੀ ਰੱਖਣ ਤੇ ਤਾਲਿਬੀਕਰਣ ਵਿਚਕਾਰ ਜੋ ਸਿੱਧਾ ਰਾਹ ਲੱਭ ਲਿਆ, ਉਸ ਨੇ ਵੀ ਇਹ ਚਿੰਤਾ ਪੈਦਾ ਕੀਤੀ ਕਿ ਕਿਧਰੇ ਸਾਡੀ ਨਿਆਂ ਪ੍ਰਣਾਲੀ ਉਹਨਾਂ ਪੂਰਵ ਧਾਰਨਾਵਾਂ ਦਾ ਸ਼ਿਕਾਰ ਤਾਂ ਨਹੀਂ, ਜਿਹਨਾਂ ਦਾ ਫਾਇਦਾ ਯੂਰਪੀ ਸੋਇਮ ਸੇਵਕ ਸੰਘ ਨੇ ਉਠਾਇਆ ਹੈ। ਵਰੁਣ ਅੱਗੇ ਤੋਂ ਅਜਿਹੇ ਭਾਸ਼ਣ ਨਾ ਦੇਣ ਦਾ ਵਾਇਦਾ ਦੇ ਦੇਣ ਅਤੇ ਇਸ ਅਧਾਰ 'ਤੇ ਉਹਨਾਂ ਨੂੰ ਕੌਮੀ ਸੁਰਖਿਆ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਜਾਏ, ਇਹ ਉਸੇ ਪੂਰਵ ਧਾਰਨਾ ਦਾ ਦੂਜਾ ਪਹਿਲੂ ਹੈ। ਜਿਸ 'ਚ ਕੋਈ ਹਿੰਦੂ ਕਦੀ ਵੀ ਭਾਰਤੀ ਕੌਮ ਲਈ ਖਤਰਨਾਕ ਹੋ ਹੀ ਨਹੀਂ ਸਕਦਾ। ਇਸ ਲਈ ਖੁਲ੍ਹੇ ਆਮ ਮੁਸਲਿਮ ਵਿਰੋਧੀ ਘ੍ਰਿਣਾ ਦੀ ਲਾਮਬੰਦੀ ਕਰਨ ਵਾਲੇ ਅਡਵਾਨੀ ਦੇ ਨਾਲ ਬੈਠਣ 'ਚ ਨਿਤੀਸ਼ ਕੁਮਾਰ ਨੂੰ ਗੁਰੇਜ ਨਹੀਂ। ਖੁਲ੍ਹੇਆਮ ਮੁਸਲਮਾਨਾਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਉਣ ਵਾਲੇ ਨਰੇਂਦਰ ਮੋਦੀ ਨੂੰ ਭਾਵੀ ਪ੍ਰਧਾਨ ਮੰਤਰੀ ਵਜੋਂ ਪੇਸ਼ ਕਰਨ 'ਚ ਭਾਰਤੀ ਪੂੰਜੀ ਦੇ ਮੋਹਰੀਆਂ ਨੂੰ ਕੋਈ ਹਿਚਕ ਨਹੀਂ ਅਤੇ ਸੁਪਰੀਮ ਕੋਰਟ ਨੂੰ ਵਰੁਣ ਦੀ ਪੀਲੀ ਭੀਤ ਦੇ ਭਾਸ਼ਣ ਤੇ ਉਸ ਤੋਂ ਪਿਛੋਂ ਦੀਆਂ ਘਟਨਾਵਾਂ ਬਾਅਦ ਵੀ ਉਸ ਤੋਂ ਅੱਛੇ ਵਰਤਾਅ ਦਾ ਵਾਇਦਾ ਲੈਣ ਦਾ ਸੁਝਾਅ : ਇਹ ਸਭ ਧਰਮ ਨਿਰਪੱਖ ਭਾਰਤੀ ਲੋਕ ਰਾਜ ਦੇ ਭਵਿੱਖ ਲਈ ਕੋਈ ਸ਼ੁਭ ਸੰਕੇਤ ਨਹੀਂ।" ਇਕ ਹੋਰ ਉਦਾਹਰਣ ਵੀ ਦੇਖੋ- ਅੱਜ ਤੋਂ ਇੱਕੀ-ਬਾਈ ਸਾਲ ਪਹਿਲਾਂ ਕੇਂਦਰ ਤੇ ਰਾਜ (ਉਤਰ ਪ੍ਰਦੇਸ਼) 'ਚ ਕੇਂਦਰ ਦੀ ਹਕੂਮਤ ਸੀ। ਉਸ ਸਮੇਂ ਮੇਹਰਠ 'ਚ ਦੰਗੇ ਹੋਏ ਸਨ। ਇਹਨਾਂ ਲੋਕਾਂ 'ਚ ਧਰਮ ਨਿਰਪੱਖ ਭਾਰਤੀ ਲੋਕਰਾਜ ਦੀ ਪੁਲਸ ਪੀ. ਏ. ਸੀ ਨੇ ਖੁਲੇਆਮ ਮੁਸਲਮਾਨਾ ਦੇ ਨਾਲ ਜਾਲਮਾਨਾ ਵਰਤਾਅ ਕੀਤਾ ਸੀ। ਐਸੀ ਆਮ ਚਰਚਾ ਸੀ ਕਿ ਉਹਨਾਂ ਨੇ ਹਿੰਡਨ ਨਹਿਰ 'ਚ ਚਾਲੀ ਮੁਸਲਮਾਨਾਂ ਨੂੰ ਮਾਰ ਕੇ ਰੋੜ ਦਿੱਤਾ ਸੀ। ਉਕਤ ਕਾਂਡ ਤੋਂ ਬਾਅਦ ਦੇ 22 ਸਾਲਾਂ ਵਿੱਚ ਮੁੱਖ ਧਾਰਾ ਦੀਆਂ ਸਾਰੀਆਂ ਪਾਰਟੀਆਂ ਸੱਤਾ 'ਚ ਰਹਿ ਚੁੱਕੀਆਂ ਹਨ। ਪਰ ਆਪਣੇ ਪੱਧਰ 'ਤੇ ਸਭ ਦੀ ਇਹੀ ਕੋਸ਼ਿਸ਼ ਰਹੀ ਹੈ ਕਿ ਕਿਸੇ ਨਾ ਕਿਸੇ ਬਹਾਨੇ ਦੋਸ਼ੀਆਂ ਨੂੰ ਬਚਾਇਆ ਜਾਵੇ। ਦੋਸ਼ੀਆਂ ਦੇ ਖਿਲਾਫ ਜਨਵਰੀ 1997 ਤੋਂ ਅਪ੍ਰੈਲ 2001 ਦੇ ਮੱਧ ਛੇ ਵਾਰੀ ਜਮਾਨਤੀ ਵਰੰਟ ਅਤੇ ਸਤਾਰਾਂ ਵਾਰੀ ਗੈਰ ਜਮਾਨਤੀ ਵਰੰਟ ਤਾਮੀਲ ਹੋਏ ਪਰ ਇਸ ਦੌਰਾਨ ਸਭ ਵਾਪਸ ਕਰ ਦਿੱਤਾ ਗਿਆ। ਇਹ ਕਿਹਾ ਗਿਆ ਕਿ ਇਹ ਸਭ 'ਭਗੌੜੇ' ਹਨ ਜਦਕਿ ਇਹ ਸਭ ਉਸ ਦੌਰਾਨ ਵੱਖ ਵੱਖ ਥਾਵਾਂ 'ਤੇ ਸਰਕਾਰੀ ਅਮਲੇ 'ਚ ਤੈਨਾਤ ਸਨ। ਅੱਜ ਵੀ ਨਹੀਂ ਕਿਹਾ ਜਾ ਸਕਦਾ ਕਿ ਦੋਸ਼ੀ ਨੂੰ ਸਜਾ ਮਿਲੇਗੀ।

1969 'ਚ ਤਜਾਵੁਰ ਦੇ ਕਿਲੇਵਨ ਭਵੀ 'ਚ ਤੈਤੀ ਦਲਿਤ ਔਰਤਾਂ ਤੇ ਬੱਚਿਆਂ ਨੂੰ ਜਿਉਂਦਿਆਂ ਸਾੜ ਦਿੱਤਾ ਗਿਆ ਸੀ। ਸਾਡੀ ਮਾਨਵੀ ਅਦਾਲਤ ਨੇ

ਦੋਸ਼ੀਆਂ ਨੇ ਬਾਇੱਜ਼ਤ ਬਰੀ ਕਰਦਿਆਂ ਲਿਖਿਆ ਸੀ ਕਿ "ਇਹ ਉਚੀ ਜਾਤ ਦੇ ਲੋਕ ਹਨ ਅਤੇ ਇਹਨਾਂ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਦਲਿਤ ਦੀ ਬਸਤੀ ਤਕ ਪੈਦਲ ਗਏ ਹੋਣਗੇ।" ਇਕ ਹੋਰ ਕਹਾਣੀ ਅਨੁਸਾਰ ਮਣੀਪੁਰ ਦੇ ਇੰਫਾਲ ਦੀ ਸ਼ਰਮੀਲਾ ਦੀ। ਪਿਛਲੇ ਨੌ ਸਾਲਾਂ ਤੋਂ ਉਹਨਾਂ ਨੂੰ ਜੇਹਲ 'ਚ ਸੁੱਟ ਕੇ ਰੱਖਿਆ ਜਾ ਰਿਹਾ ਹੈ। ਜਦ ਕਿ ਅਪਰਾਧ ਦਾ ਜਾਂ ਅਪਰਾਧੀਆਂ ਨਾਲ ਮਿਲੀ ਭੁਗਤ ਦਾ ਕੋਈ ਦੋਸ਼ ਹੀ ਨਹੀਂ ਹੈ। 'ਆਤਮ ਹੱਤਿਆ' ਯਾਨੀ ਭੁੱਖ ਹੜਤਾਲ 'ਤੇ ਬੈਠਣ ਤੋਂ ਰੋਕਣ ਲਈ ਪਿਛਲੇ ਨੌ ਸਾਲਾਂ ਤੋਂ ਜੇਹਲ 'ਚ ਇਹਨਾਂ ਦੀ ਹੌਲੀ ਹੌਲੀ ਹੱਤਿਆ ਕੀਤੀ ਜਾ ਰਹੀ ਹੈ ਅਤੇ ਪੂਰਾ ਦੇਸ਼ ਖਾਮੋਸ਼ ਹੈ। ਨੌ ਸਾਲ ਪਹਿਲਾਂ ਇੰਫਾਲ 'ਚ ਆਪਣੇ ਪਿੰਡ 'ਚ ਸ਼ਰਮੀਲਾ ਨੇ ਦੇਖਿਆ ਕਿ ਬੱਸ ਸਟੈਂਡ 'ਤੇ ਖੜ੍ਹੇ ਲੋਕਾਂ 'ਤੇ ਭਾਰਤੀ ਫੌਜ ਦੇ ਜਵਾਨਾਂ ਨੇ ਅਚਾਨਕ ਗੋਲੀਆਂ ਵਰ੍ਹਾ ਕੇ ਉਹਨਾਂ ਨੂੰ ਲਾਸ਼ਾਂ 'ਚ ਤਬਦੀਲ ਕਰ ਦਿੱਤਾ। ਉਸ ਨੇ ਜਦ ਇਸ ਦਾ ਕਾਰਨ ਜਾਨਣਾ ਚਾਹਿਆ ਤਾਂ ਜੁਆਬ ਮਿਲਿਆ ਕਿ ਅਸੀਂ ਕਿਸੇ ਨੂੰ ਜੁਆਬ ਦੇਣ ਦੇ ਪਾਬੰਦ ਨਹੀਂ ਹਾਂ। ਫਿਰ ਦੱਸਿਆ ਗਿਆ ਕਿ ਫੌਜ ਨੂੰ ਸ਼ੱਕ ਹੋ ਗਿਆ ਸੀ। ਇਹਨਾਂ 'ਚ ਕੋਈ ਦਹਿਸ਼ਤਗਰਦ ਛੁਪਿਆ ਹੈ। ਇਹ ਵੀ ਦੱਸਿਆ ਗਿਆ ਕਿ ਸੁਰਖਿਆ ਫੋਰਸ ਵਿਸ਼ੇਸ਼ ਅਧਿਕਾਰ ਕਨੂੰਨ 'ਚ ਫੌਜ ਨੂੰ ਅਧਿਕਾਰ ਹੈ ਕਿ ਉਹ ਸ਼ੱਕ ਦੇ ਅਧਾਰ 'ਤੇ ਕੋਈ ਵੀ ਕਾਰਵਾਈ ਕਰ ਸਕਦੀ ਹੈ। ਇਸ ਦੇ ਪ੍ਰਤੀ ਫੌਜ ਕਿਸੇ ਨੂੰ ਜੁਆਬਦੇਹ ਨਹੀਂ ਹੈ। ਮਣੀਪੁਰ 'ਚ ਇਸ ਤਰ੍ਹਾਂ ਦੀਆਂ ਘਟਨਾਵਾਂ ਆਮ ਹਨ। ਸ਼ਰਮੀਲਾ ਨੇ ਇਸ ਕਨੂੰਨ ਨੂੰ ਵਾਪਸ ਲੈਣ ਦੀ ਮੰਗ ਰੱਖੀ ਅਤੇ ਕਿਹਾ ਕਿ ਜਦ ਤਕ ਇਹ ਮੰਗ ਮੰਨੀ ਨਹੀਂ ਜਾਂਦੀ, ਉਹ ਭੁੱਖ ਹੜਤਾਲ 'ਤੇ ਰਹੇਗੀ। ਇਹਨਾਂ ਦਾ ਕਹਿਣਾ ਹੈ ਕਿ ਕਿਸੇ ਸਰਕਾਰ, ਪੁਲਸ, ਫੌਜ ਨੂੰ ਇਹ ਅਧਿਕਾਰ ਨਹੀਂ ਹੋਣਾ ਚਾਹੀਦਾ ਕਿ ਉਹ ਆਪਣੇ ਹੀ ਨਾਗਰਿਕਾਂ ਦਾ ਕਤਲ ਕਰ ਦੇਵੇ ਅਤੇ ਉਸ ਦੀ ਕਿਧਰੇ ਵੀ ਸੁਣਵਾਈ ਨਾ ਹੋਵੇ। ਗਲਤੀ ਇਧਰੋਂ ਵੀ ਹੋ ਸਕਦੀ ਹੈ ਤੇ ਉਧਰੋਂ ਵੀ। ਇਸ ਲਈ ਜੁਆਬਦੇਹੀ ਤਹਿ ਹੋਣੀ ਚਾਹੀਦੀ ਹੈ ਅਤੇ ਉਹ ਤਾਂ ਹੀ ਤਹਿ ਹੋ ਸਕਦੀ ਹੈ ਜਦ ਸਾਰੇ ਕਿਸੇ ਸੰਵਿਧਾਨਕ ਪ੍ਰਬੰਧ ਨਾਲ ਬੱਝੇ ਹੋਣ। ਇਸ ਤੋਂ ਵੱਧ ਲੋਕਰਾਜੀ ਮੰਗ ਹੋਰ ਕੀ ਹੋ ਸਕਦੀ ਹੈ? ਇਸ ਲਈ ਇਕ ਲੜਕੀ ਨੌ ਸਾਲਾਂ ਤੋਂ ਭੁੱਖ ਹੜਤਾਲ ਕਰੀ ਬੈਠੀ ਹੈ ਤੇ ਸਾਰੀ ਸਰਕਾਰੀ ਤਾਕਤ ਉਸ ਨੂੰ ਜਬਰੀ ਨੱਕ ਰਸਤੇ ਖੁਰਾਕ ਦੇਣ 'ਚ ਜੁਟੀ ਰਹੇ ਤਾਂ ਇਸ ਨੂੰ ਸਾਰੀ ਮਨੁੱਖਤਾ ਦੀ ਬੇਇਜ਼ਤੀ ਤੋਂ ਘੱਟ ਕੀ ਸਮਝਿਆ ਜਾਵੇ?

ਨੌ ਸਾਲਾਂ ਦੀ ਲੰਬੀ ਹਿਰਾਸਤ 'ਚ ਬਿਖਰੀ ਹੋਈ ਮਾਨਸਕ ਹਾਲਤ ਤੇ ਅੰਨ ਨਾ ਖਾਣ ਕਰਕੇ ਇਕ ਦਮ ਖੋਖਲਾ ਹੋ ਗਿਆ। ਸਰੀਰ ਅੱਜ ਸ਼ਰਮੀਲਾ ਦੀ ਪਹਿਚਾਣ ਬਣ ਗਿਆ ਹੈ। ਸਰਕਾਰ ਨੇ ਅੱਜ ਤਕ ਨਹੀਂ ਦੱਸਿਆ ਕਿ ਉਹ ਕਿਸ ਕਾਰਨ ਦੇ ਤਹਿਤ ਕਿਸ ਅਪਰਾਧ 'ਚ ਸ਼ਰਮੀਲਾ ਨੂੰ 364 ਦਿਨ ਹਿਰਾਸਤ 'ਚ ਰੱਖਦੀ ਹੈ ਅਤੇ ਇਕ ਦਿਨ ਦੀ ਰਿਹਾਈ ਦੇ ਕੇ ਫਿਰ ਗ੍ਰਿਫਤਾਰ ਕਰ ਲੈਂਦੀ ਹੈ। ਸਰਕਾਰ ਨੂੰ ਦੱਸਣਾ ਹੋਵੇਗਾ ਕਿ ਉਹ ਕਦੋਂ ਤਕ ਅਜਿਹਾ ਕਰਦੀ ਰਹੇਗੀ ਅਤੇ ਹਿਰਾਸਤ 'ਚ ਉਸ ਦੀ ਮੌਤ ਹੋਣ ਤਕ ਕਿਸ ਦੀ ਜੁੰਮੇਵਾਰੀ ਹੋਵੇਗੀ? ਕੀ ਦੇਸ਼ ਦੀਆਂ ਜਮਹੂਰੀ ਤੇ ਦੇਸ਼ ਭਗਤ ਸ਼ਕਤੀਆਂ ਦੀ ਇਹ ਜੁੰਮੇਵਾਰੀ ਨਹੀਂ ਬਣਦੀ ਕਿ ਸੁਰਖਿਆ ਫੋਰਸ ਵਿਸ਼ੇਸ਼ ਅਧਿਕਾਰ ਵਰਗੇ ਤਾਨਾਸ਼ਾਹੀ ਕਨੂੰਨਾਂ ਨੂੰ ਵਾਪਸ ਲੈਣ ਦਾ ਸੰਘਰਸ਼ ਕਰਕੇ ਅਤੇ ਦੇਸ਼ ਦੇ ਕਈ ਸੂਬਿਆਂ ਦੇ ਲੋਕਾਂ ਨੇ ਆਤੰਕ ਤੋਂ ਮੁਕਤੀ ਦਵਾਏ। ਆਓ ਹੁਣ ਨਿਆਂ ਦੀ ਪ੍ਰਾਪਤੀ ਲਈ ਨਿਯੁਕਤ ਵੱਖ ਵੱਖ ਕਮਿਸ਼ਨਾਂ ਦੀ ਹਕੀਕਤ ਦਾ ਜਾਇਜ਼ਾ ਲਈਏ : ਦੇਸ਼ 'ਚ ਅਖੌਤੀ ਲੋਕ ਰਾਜ ਦੀ ਸਥਾਪਨਾ ਸਮੇਂ ਤੋਂ ਹੀ ਨੋਕਰਸ਼ਾਹੀ ਦਲਾਲ ਸਰਮਾਏਦਾਰੀ ਤੇ

ਅਰਧ ਜਾਗੀਰੂ ਤੱਤਾਂ ਨੇ ਇਹ ਸਮਝ ਲਿਆ ਸੀ ਕਿ ਰਾਤ ਦਿਨ ਪੂੰਜੀ ਨੂੰ ਨਜਾਇਜ਼ ਇਕੱਠਾ ਕਰਨ ਲਈ, ਲੋਕਾਂ ਦੀ ਲੁੱਟ-ਘਸੁੱਟ ਵਿੱਚ ਉਹਨਾਂ ਵਲੋਂ ਗੈਰ ਕਨੂੰਨੀ ਕਰਤੂਤਾਂ ਦਾ ਹੋਣਾ ਲਾਜਮੀ ਹੈ। ਇਹਨਾਂ ਕਾਲੇ ਕਾਰਨਾਮਿਆਂ ਕਰਕੇ ਆਪਣੇ ਆਪ ਨੂੰ ਸਜਾ ਤੋਂ ਬਚਾਉਣ ਲਈ ਉਹਨਾਂ ਨੇ ਜਾਂਚ ਕਮਿਸ਼ਨ ਦੀ ਢਾਲ ਦੀ ਖੋਜ ਕਰ ਲਈ। ਉਹਨਾਂ 1952 'ਚ ਜਾਂਚ ਕਮਿਸ਼ਨ ਕਨੂੰਨ ਨੂੰ ਲੋਕ ਸਭਾ ਤੋਂ ਪਾਸ ਕਰਾ ਲਿਆ। ਅੱਜ ਸਥਿਤੀ ਇਹ ਹੋ ਗਈ ਹੈ ਕਿ ਨੈਤਿਕਤਾ, ਸੇਵਾ ਅਤੇ ਤਿਆਗ, ਦੇਸ਼ ਭਗਤੀ ਤੇ ਜਮਹੂਰੀਅਤ ਦੀ ਕਾਮਨਾ, ਭਾਰਤੀ ਸੰਸਦੀ ਰਾਜਨੀਤੀ 'ਚੋਂ ਗਾਇਬ ਹੈ। ਅਜਿਹੇ 'ਚ ਜਾਂਚ ਕਮਿਸ਼ਨ ਲੋਕਾਂ ਦੀਆਂ ਅੱਖਾਂ 'ਤੇ ਭਰਮ ਦਾ ਪੜਦਾ ਪਾਉਣ ਦਾ ਬੇਹਤਰੀਨ ਸਾਧਨ ਬਣ ਚੁੱਕੇ ਹਨ। ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਇਕ ਕਾਤਲ ਨੂੰ ਫਾਂਸੀ ਹੋਈ ਪਰ ਹੱਤਿਆ ਦੀ ਸਾਜਿਸ਼ ਨੂੰ ਉਜਾਗਰ ਕਰਨ ਲਈ ਗਠਿਤ ਕਮਿਸ਼ਨ ਦੀ ਰੀਪੋਟ ਭੇਦ ਪੂਰਨ ਢੰਗ ਨਾਲ ਦਬਾ ਦਿੱਤੀ ਗਈ। ਜਾਂਚ ਕਮਿਸ਼ਨ ਨੇ ਕਾਂਗਰਸੀ ਨੇਤਾ ਧਵਨ, ਇਕ ਸਾਬਕਾ ਪਧਾਨ ਮੰਤਰੀ 'ਤੇ ਸੀ. ਆਈ. ਏ. 'ਤੇ ਸ਼ੱਕ ਦੀ ਸੂਈ ਘੁਮਾਈ ਪਰ ਥੋੜੇ ਜਿਹੇ ਹੰਗਾਮੇ ਪਿਛੋਂ ਦਾਗੀ ਲੋਕ ਫਿਰ ਸ਼ਾਨ ਨਾਲ ਮੁੱਛਾਂ ਨੂੰ ਤਾਅ ਦਿੰਦੇ ਰਹੇ। ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਕਤਲ ਦੇ ਕੇਸ 'ਚ ਅਦਾਲਤ ਫੈਸਲਾ ਦੇ ਚੁੱਕੀ ਹੈ। ਪਰ ਜੈਨ ਕਮਿਸ਼ਨ ਦੀ ਜਾਂਚ ਕਦੋਂ ਤਕ ਜਾਰੀ ਹੋਊ ਪਤਾ ਨਹੀਂ। ਗੁਜਰਾਤ ਕਤਲੇਆਮ ਦੀ ਜਾਂਚ ਨਾਨਾਵਤੀ ਤੇ ਸਾਹ ਕਮਿਸ਼ਨ ਕਰ ਰਹੇ ਹਨ ਤਾਂ ਨਾਲ ਦੀ ਨਾਲ ਫਾਸਟ ਟ੍ਰੈਕ ਅਦਾਲਤਾਂ 'ਚੋਂ ਮੁਜਰਮਾ ਦੇ ਬਰੀ ਹੋ ਜਾਣ ਦਾ ਸਿਲਸਿਲਾ ਜਾਰੀ ਹੈ। ਜੇ ਸੁਪਰੀਮ ਕੋਰਟ ਇਸ ਵਿਸ਼ੇ 'ਚ ਕੁਝ ਵੱਡੇ ਰਾਜਸੀ ਨੇਤਾਵਾਂ 'ਤੇ ਫਿਰ ਤੋਂ ਕਾਰਵਾਈ ਕਰਨ ਦਾ ਅਮਲ ਅਪਣਾ ਚੁੱਕੀ ਹੈ। ਤਹਿਲਕਾ ਦੇ ਕੈਮਰੇ ਰਾਹੀਂ ਰਖਿਆ ਖਰੀਦ ਸੌਦੇ 'ਚ ਜਿਸ ਭ੍ਰਿਸ਼ਟਾਚਾਰ ਦਾ ਨੰਗਾ ਰੂਪ ਸਾਹਮਣੇ ਆਇਆ ਹੈ। ਉਸ ਦੇ ਲਈ ਸਰਕਾਰ ਨੇ ਜਾਂਚ ਕਮਿਸ਼ਨ ਦਾ ਗਠਨ ਕੀਤਾ ਸੀ। ਉਸ ਦੇ ਕਿਸੇ ਸਿੱਟੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਕਈ ਫੈਸਲੇ ਕਰ ਦਿੱਤੇ ਗਏ। ਤਹਿਲਕਾ ਦੇ ਤਰੁਣ ਤੇਜਪਾਲ 'ਤੇ ਸਰਕਾਰ ਵਲੋਂ ਚੌਤਰਫਾ ਹਮਲਾ ਹੋਏ ਅਤੇ ਉਹਨਾਂ ਨੂੰ ਮਾਨਸਕ ਤੇ ਆਰਥਕ ਤੌਰ 'ਤੇ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਬੰਗਾਰੂ ਲਕਸ਼ਮਣ ਨੂੰ ਘਰ ਬਿਠਾ ਦਿੱਤਾ ਗਿਆ, ਰੱਖਿਆ ਮੰਤਰੀ ਦੀ ਰਿਹਾਇਸ਼ 'ਤੇ ਨਗਦ ਨਰਾਇਣ ਪ੍ਰਾਪਤੀ ਕਰਦੀ ਦਿਸੀ ਜਯਾ ਜੇਤਲੀ ਤੇ ਉਸ ਦੇ ਨੇਤਾ ਜਾਰਜ ਫਰਨਾਡੇਜ਼ ਨੂੰ ਉਸ ਵੇਲੇ ਦੇ ਪ੍ਰਧਾਨ ਮੰਤਰੀ ਨੇ ਲੋਕ ਸਭਾ ਵਿਚ ਹੀ ਕਲੀਨ ਚਿੱਟ ਦੇ ਦਿੱਤੀ। ਜਾਂਚ ਕਮਿਸ਼ਨ ਦਾ ਖਰਚ ਕਰੋੜਾਂ 'ਚ ਪੁੱਜ ਚੁੱਕਿਆ ਹੈ ਤੇ ਨਾਟਕ ਅਜੇ ਜਾਰੀ ਹੈ।

ਇਸ ਤਰਾਂ ਰਾਜਸਥਾਨ ਵਿੱਚ 2004-05 'ਚ 34 ਮਹੀਨਿਆਂ ਵਿੱਚ 9 ਪੁਲਸ ਗੋਲੀਕਾਂਡ ਹੋਏ ਸਨ। ਇਹਨਾਂ ਦੀ ਜਾਂਚ ਦੇ ਲਈ ਕਮਿਸ਼ਨ ਸੱਤ ਜਾਂਚ ਏਜੰਸੀਆਂ ਬਣਾਈਆਂ ਗਈਆਂ। ਫਿਰ ਵੀ ਸਿੱਟਾ ਜੀਰੋ ਰਿਹਾ। ਇਹਨਾਂ ਗੋਲੀਕਾਂਡਾਂ 'ਚ 14 ਲੋਕਾਂ ਨੂੰ ਜਾਨੋਂ ਹੱਥ ਧੋਣਾ ਪਿਆ। ਇਹਨਾਂ ਜਾਂਚ ਕਮਿਸ਼ਨਾਂ 'ਤੇ ਕਰੋੜਾਂ ਦਾ ਖਰਚ ਹੋ ਚੁਕਿਆ ਹੈ। ਦੇਸ਼ ਦੀਆਂ ਜਮਹੂਰੀ, ਦੇਸ਼ ਭਗਤ ਤੇ ਇਨਕਲਾਬੀ ਸ਼ਕਤੀਆਂ ਨੂੰ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੇ ਇਹਨਾਂ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਵਾਲੇ ਕਮਿਸ਼ਨਾਂ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ। ਇਕ ਅਸਲੀ ਲੋਕ ਪੱਖੀ ਨਿਆਂ ਪ੍ਰਬੰਧ ਲਈ ਵੀ ਸੰਘਰਸ਼ ਕਰਨਾ ਚਾਹੀਦਾ ਹੈ।

# ਧਰਮ ਨਿਰਪੱਖਤਾ ਦਾ ਕੀ ਇਹੋ ਅਰਥ ਹੈ?

ਪਿਛਲੇ ਸੱਠ ਸਾਲਾਂ ਤੋਂ ਭਾਰਤੀ ਹਾਕਮ ਜਮਾਤ ਆਮ ਲੋਕਾਂ ਨੂੰ ਇਹ ਦਸਦੀ ਰਹੀ ਹੈ ਕਿ ਭਾਰਤੀ ਸੰਵਿਧਾਨ ਸੰਸਾਰ ਦਾ ਸਰਵਉੱਚ ਵਧੀਆ ਸੰਵਿਧਾਨ ਹੋਣ ਦੇ ਨਾਲ ਨਾਲ ਭਾਰਤ ਦੀ ਪ੍ਰਭੂਸੱਤਾ ਦਾ ਪ੍ਰਤੀਕ ਹੈ। ਇਸ 'ਚ ਵਰਨਣ ਕੀਤੀਆਂ ਸਭ ਧਾਰਾਵਾਂ ਤੇ ਵਿਵਸਥਾਵਾਂ ਦਾ ਪਾਲਣ ਕਰਨਾ ਹਰੇਕ ਭਾਰਤੀ ਦਾ ਪਹਿਲਾ ਫਰਜ਼ ਹੈ ਅਤੇ ਜੇ ਕੋਈ ਬੰਦਾ ਜਾਂ ਸਮੂਹ ਇਹਨਾਂ ਦੀ ਪਾਲਣਾ ਨਹੀਂ ਕਰਦਾ ਉਹ ਸਜਾਯੋਗ ਹੈ। ਇਸ 'ਪਵਿਤਰ' ਸੰਵਿਧਾਨ 'ਚ ਭਾਰਤ ਨੂੰ ਇਕ ਧਰਮ ਨਿਰਪੱਖ ਸਮਾਜਵਾਦੀ ਦੇਸ਼ ਦੱਸਿਆ ਗਿਆ ਹੈ।

21 ਅਪ੍ਰੈਲ 2009 ਨੂੰ 'ਜਨਸੱਤਾ' ਦੀ ਇਕ ਸੰਪਾਦਕੀ ਟਿੱਪਣੀ ਅਨੁਸਾਰ ਨਾਗਪੁਰ ਦੇ ਸਾਵਨਰ ਕਸਬੇ 'ਚ ਭਾਰਤੀ ਜਨਤਾ ਪਾਰਟੀ ਦੇ ਸਹਿਯੋਗੀ– ਬਜਰੰਗ ਦਲ ਦੇ ਲੱਗਭਗ 50 ਲੋਕਾਂ ਨੇ ਕਸਬੇ ਦੇ ਕਰੀਬ ਸੌ ਸਾਲ ਪੁਰਾਣੇ ਡਗਲਸ ਮੈਮੋਰੀਅਲ ਗਿਰਜਾਘਰ 'ਚ ਮੌਜੂਦ ਲੋਕਾਂ 'ਤੇ ਹਮਲਾ ਕੀਤਾ, ਉਹਨਾਂ ਦੀ ਬੇਰਹਿਮੀ ਨਾਲ ਕੁਟਮਾਰ ਕੀਤੀ। ਔਰਤਾਂ ਨਾਲ ਦੁਰਵਿਹਾਰ ਕੀਤਾ ਅਤੇ ਗਿਰਜਾਘਰ 'ਚ ਤੋੜਭੰਨ ਕੀਤੀ। ਉਪਰੋਕਿਤ ਘਟਨਾ ਸਿਰਫ ਨਾਗਪੁਰ 'ਚ ਘਟੀ ਇਕੋ ਇੱਕ ਘਟਨਾ ਨਹੀਂ ਹੈ। ਉੜੀਸਾ 'ਚ ਵਿਆਪਕ ਤੌਰ 'ਤੇ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਗਿਰਜਾਘਰਾਂ 'ਤੇ ਹਮਲੇ ਕੀਤੇ ਗਏ ਹਨ। ਔਰਤਾਂ ਨਾਲ ਬਲਾਤਕਾਰ ਕੀਤੇ ਗਏ ਹਨ ਤੇ ਇਸਾਈਆਂ ਨੂੰ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ ਹੈ। ਗ੍ਰਾਹਮ ਬੇਲ ਦੇ ਨਾਲ ਹੋਈ ਗੈਰ ਮਨੁੱਖੀ ਤਰਾਸਦੀ ਪਿਛੋਂ ਇਹ ਕੌਮੀ ਵਾਤਾਵਰਣ ਦਾ ਇਕ ਜ਼ਰੂਰੀ ਅੰਗ ਹੋ ਗਿਆ ਹੈ। ਇਹਨਾਂ ਸਮੁਚੀਆਂ ਹਿੰਸਕ ਤੇ ਗੈਰ ਮਨੁੱਖੀ ਇਸਾਈ ਧਰਮ ਵਿਰੋਧੀ ਘਟਨਾਵਾਂ ਦੇ ਵਿਰੋਧ 'ਚ ਨਾ ਕੇਂਦਰ ਸਰਕਾਰ, ਨਾ ਸੁਬਾਈ ਸਰਕਾਰਾਂ ਕਿਸੇ ਕਿਸਮ ਦੇ ਕਦਮ ਉਠਾ ਰਹੀਆਂ ਹਨ। ਮੌਜੂਦਾ ਸੰਸਦੀ ਸਿਆਸਤ ਦੇ ਪ੍ਰਸੰਗ 'ਚ ਇਹਨਾਂ ਸੁਬਾਈ ਸਰਕਾਰਾਂ ਦੇ ਮੁਖੀਆਂ ਨੂੰ ਆਪਣੇ ਪਾਸੇ ਲਿਆਉਣ ਲਈ ਸਭ ਕੌਮੀ ਪਾਰਟੀਆਂ ਜਬਰਦਸਤ ਕੋਸ਼ਿਸ਼ਾਂ ਕਰ ਰਹੀਆਂ ਹਨ। ਅਜਿਹੇ 'ਚ ਆਮ ਨਾਗਰਿਕ ਦੇ ਮਨ 'ਚ ਇਹ ਸੁਆਲ ਉਠਣਾ ਸੁਭਾਵਿਕ ਹੈ ਕਿ ਕੀ ਸਾਡੇ ਸੰਵਿਧਾਨ 'ਚ ਵਰਨਣ ਕੀਤੀ ਧਰਮ ਨਿਰਪੱਖਤਾ ਦਾ ਅਸਲੀ ਕਿਰਦਾਰ ਇਹੀ ਹੈ? ਸੰਵਿਧਾਨ 'ਚ ਵਰਨਣ ਇਸ ਧਰਮ ਨਿਰਪੱਖਤਾ ਨੂੰ ਭੰਗ ਕਰਨਾ, ਉਸ ਦੀ ਉਲੰਘਣਾ ਕਰਨਾ ਉਸ ਨੂੰ ਕਤਲੇਆਮ ਦਾ ਰੂਪ ਦੇਣਾ ਕੀ ਸੰਵਿਧਾਨ ਦੀ ਉਲੰਘਣਾ ਨਹੀਂ ਹੈ? ਕੀ ਇਸ ਤਰਾਂ ਦੇ ਕੰਮਾਂ ਤੇ ਗੁਜਰਾਤ ਵਰਗੇ ਕਤਲੇਆਮਾਂ (ਧਰਮ ਵਿਸ਼ੇਸ਼ ਦੇ ਲੋਕਾਂ ਦਾ) ਨਾਲ ਧਰਮ ਨਿਰਪੱਖਤਾ ਖੰਡਿਤ ਨਹੀਂ ਹੁੰਦੀ? ਜੇ ਇਹ ਘਟਨਾਵਾਂ ਧਰਮ ਨਿਰਪੱਖਤਾ ਨੂੰ ਭੰਗ ਕਰਨ ਵਾਲੀਆਂ ਹਨ, ਭਾਰਤ ਦੇ ਸੰਵਿਧਾਨ ਦੀ ਘੋਰ ਉਲੰਘਣਾ ਹੈ ਅਤੇ ਪੂਰਨ ਰਾਸ਼ਟਰ ਨੂੰ ਤੋੜਨ ਵੱਲ ਵਧ ਰਹੀਆਂ ਹਨ, ਤਾਂ ਭਾਰਤ ਦੀ ਕੇਂਦਰ ਸਰਕਾਰ ਵੱਖ ਵੱਖ ਸੁਬਾਈ ਸਰਕਾਰਾਂ ਤੇ ਸੁਪਰੀਮ ਕੋਰਟ ਤੇ ਹਾਈਕੋਰਟ ਦਾ ਇਹਨਾਂ ਵਿਨਾਸ਼ਕਾਰੀ ਗੈਰ ਮਨੁੱਖੀ ਅਪਰਾਧਾਂ ਨੂੰ ਰੋਕਣ ਜਾਂ ਅਪਰਾਧੀਆਂ ਨੂੰ ਸਜਾ ਦੇਣ ਦੀ ਭੂਮਿਕਾ ਚੁੱਪ ਕਿਉਂ ਹੈ?

ਪਿਛਲੇ ਕਈ ਸਾਲਾਂ ਦੇ ਸੰਸਦੀ ਵਿਧਾਨ ਸਭਾਈ ਚੋਣਾਂ ਨੇ ਪ੍ਰਤੱਖ ਤੌਰ 'ਤੇ ਸਿੱਧ ਕੀਤਾ ਹੈ ਕਿ ਅੱਜ ਵੀ ਸਾਡੇ ਦੇਸ਼ ਦੀ ਅਬਾਦੀ ਦਾ ਇਕ ਅੱਛਾ ਖਾਸਾ ਹਿੱਸਾ, ਇਸ ਤਰ੍ਹਾਂ ਦੇ ਕਾਂਡ ਕਰਨ ਵਾਲੀਆਂ ਰਾਜਸੀ ਪਾਰਟੀਆਂ ਦਾ ਹਮਾਇਤੀ ਬਣ

ਚੁੱਕਿਆ ਹੈ ਅਤੇ ਇਹਨਾਂ ਨੂੰ ਦੇਸ਼ ਦੀ ਕੇਂਦਰੀ ਸੱਤਾ ਦੇ ਅਹੁਦੇ ’ਤੇ ਬੈਠਣ ’ਚ ਮਦਦਗਾਰ ਬਣਦਾ ਹੈ। ਕੀ ਇਹ ਲੋਕਾਂ ਦੇ ਇਕ ਅੱਛੇ ਖਾਸੇ ਹਿੱਸੇ ਵੱਲੋਂ ਸੰਵਿਧਾਨ ਪ੍ਰਤੀ ਉਲੰਘਣਾ ਨਹੀਂ ਹੈ ਅਤੇ ਕੀ ਇਹ ਆਪਣੇ ਹੀ ਲੋਕਾਂ ਵਲੋਂ ਆਪਣੀ ਹੀ ਮਾਤਭੂਮੀ ਨੂੰ ਖੇਰੂੰ ਖੇਰੂੰ ਕਰਨ ਵਾਲਾ ਕਦਮ ਨਹੀਂ ਹੈ? ਸਾਡੇ ਦੇਸ਼ ਦੇ ਲੋਕ ਇਹ ਅੱਛੀ ਤਰ੍ਹਾਂ ਜਾਣਦੇ ਹਨ ਕਿ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ, ਭਾਰਤੀ ਜਨਤਾ ਪਾਰਟੀ ਤੇ ਉਸ ਦੇ ਮੌਲਿਕ ਅਧਾਰ ਆਰ. ਐਸ. ਐਸ. ਦੀਆਂ ਹਮਾਇਤੀ ਪਾਰਟੀਆਂ ਹਨ। ਇਕ ਪਾਸੇ ਇਹ ਪਾਰਟੀਆਂ ਹਿੰਦੂ ਤਟ ਦੀ ਉਦਾਰਤਾ ਦੀ ਦੁਹਾਈ ਦਿੰਦੀਆਂ ਹਨ ਤੇ ਦੂਜੇ ਪਾਸੇ ਹੋਰ ਧਰਮਾਂ ਦੇ ਧਾਰਮਕ ਸਥਾਨਾਂ ਨੂੰ ਤੋੜਦੇ ਹਨ ਅਤੇ ਉਹਨਾਂ ਦਾ ਕਤਲੇਆਮ ਕਰਦੇ ਹਨ। ਇਕ ਪਾਸੇ ਇਹ ਧਰਮ ਨਿਰਪੱਖ ਤੇ ਸੰਵਿਧਾਨ ਦੀ ਉਚਤਾ ਦੀ ਸ਼ੇਖੀ ਮਾਰਦੀਆਂ ਹਨ ਅਤੇ ਦੂਜੇ ਪਾਸੇ ‘ਰਾਮ ਮੰਦਰ’ ‘ਰਾਮ ਸੇਤੂ’ ਦਾ ਨਾਹਰਾ ਉਛਾਲ ਕੇ ਵੋਟਾਂ ਵਟੋਰਨ ’ਚ ਲੱਗੀਆਂ ਰਹਿੰਦੀਆਂ ਹਨ। ਭਾਰਤੀ ਪ੍ਰਸਾਸ਼ਨ ਤੇ ਸਰਵਉਚ ਨਿਆਂਇਕ ਸੰਸਥਾਵਾਂ ਦੀ ਭੂਮਿਕਾ ਉਸ ਸਮੇਂ ਸਪੱਸ਼ਟ ਹੋ ਜਾਂਦੀ ਹੈ। ਜਦ ਸੰਸਦ ਖੁਲੇਆਮ ਧਾਰਮਕ ਘੱਟਗਿਣਤੀਆਂ ਦੇ ਹੱਥਾਂ ਨੂੰ ਤੋੜ ਦੇਣ ਦੀ ਗੱਲ ਕਹਿ ਕੇ ਵੀ ਅਦਾਲਤ ਤੋਂ “ਕਲੀਨ ਚਿੱਟ” ਹਾਸਲ ਕਰਦੀਆਂ ਹਨ ਅਤੇ ਦੂਜੇ ਪਾਸੇ ਡਾ. ਵਿਨਾਇਕ ਸੇਨ ਵਰਗੇ ਨਿਰਦੋਸ਼ ਬੰਦੇ ਨੂੰ ਨਕਸਲਵਾਦ ਸਮਰਥਕ ਕਹਿ ਕੇ ਜੇਹਲ ’ਚ ਸੁੱਟ ਦਿੱਤਾ ਜਾਂਦਾ ਹੈ। ਕੁਝ ਸਮਾਂ ਪਹਿਲਾਂ ਇਸ ਤਰ੍ਹਾਂ ਦੀਆਂ ਘਟਨਾਵਾਂ ਕਦੀ ਕਦਾਈਂ ਸਮਾਜ ਨੂੰ ਕਲੰਕਿਤ ਕਰਦੀਆਂ ਸਨ ਪਰ ਗੁਜਰਾਤ ਕਤਲੇਆਮ ਪਿਛੋਂ ਇਹ ਘਟਨਾਵਾਂ ਆਮ ਤੌਰ ’ਤੇ ਅਤੇ ਪੁਲਸ ਨੂੰ ਸੂਚਨਾ ਦੇ ਕੇ ਹੋਣ ਲੱਗੀਆਂ ਹਨ। ਸਾਵਨਰ ਕਸਬੇ ਦੇ ਗਿਰਜਾਘਰ ’ਤੇ ਹਮਲਾ ਕਰਨ ਦੇ ਠੀਕ ਦਸ ਮਿੰਟ ਪਹਿਲਾਂ ਵਿਹਪ ਤੇ ਬਜਰੰਗ ਦਲ ਦੇ ਵਰਕਰਾਂ ਨੇ ਥਾਣੇ ਜਾ ਕੇ ਇਸ ਇਲਾਕੇ ’ਚ ‘ਧਾਰਮਕ ਭ੍ਰਿਸ਼ਟ’ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਸੀ ਅਤੇ ਅਜਿਹਾ ਨਾ ਕਰਨ ’ਤੇ ‘ਅੰਦੋਲਨ’ ਕਰਨ ਦੀ ਧਮਕੀ ਦਿੱਤੀ ਸੀ। ਸਿਰਫ ਦਸ ਮਿੰਟ ਦੇ ਅੰਦਰ ਡੰਡੇ, ਤਲਵਾਰਾਂ ਤੇ ਹੋਰ ਹਥਿਆਰਾਂ ਨਾਲ ਲੈਸ ਬਜਰੰਗ ਦਲ ਤੇ ਵਿਹਪ ਦੇ ਲਗਭਗ ਪੰਜਾਹ ਲੋਕਾਂ ਨੇ ਗਿਰਜੇ ’ਤੇ ਹਮਲਾ ਕਰਕੇ “ਧਰਮ ਨਿਰਪੱਖਤਾ” ਦੀਆਂ ਧੱਜੀਆਂ ਉਡਾ ਦਿੱਤੀਆਂ। 21 ਅਪ੍ਰੈਲ 2009 ਦੇ ਜਨਸੱਤਾ ਅਖਬਾਰ ਦੀ ਸੰਪਾਦਕੀ ਟਿੱਪਣੀ ਕਹਿੰਦੀ ਹੈ, ...ਬੰਦੇ ਦੀ ਅਜ਼ਾਦੀ ਤੇ ਧਾਰਮਿਕ ਸਹਿਹੋਂਦ ਦਾ ਅੱਜ ਕੋਈ ਮੁੱਲ ਨਹੀਂ ਬਚਿਆ ਹੈ। ਜੇ ਕੋਈ ਵੀ ਧਰਮ ਜਾਂ ਮੱਤ ਇਸ ਰੁਝਾਣ ਦੀ ਇਜਾਜ਼ਤ ਦਿੰਦਾ ਹੈ ਤਾਂ ਇਹ ਸੁਆਲ ਲਾਜ਼ਮੀ ਉਠੇਗਾ ਕਿ ਉਹ ਕਿੰਨਾ ਮਾਨਵੀ ਹੈ। ਪਰ ਇਸ ਤਰ੍ਹਾਂ ਦੇ ਸੁਆਲਾਂ ’ਤੇ ਵਿਚਾਰ ਕਰਨਾ ਇਹਨਾਂ ਜਥੇਬੰਦੀਆਂ ਨੂੰ ਜ਼ਰੂਰੀ ਨਹੀਂ ਲੱਗਦਾ। ਦਰਅਸਲ ਇਹ ਸੰਗਠਨ ਆਰ. ਐਸ. ਐਸ. ਦੇ ਉਸ ਏਜੰਡੇ ’ਤੇ ਚਲ ਰਹੇ ਹਨ ਜਿਸ ਵਿਚ ਘੱਟ ਗਿਣਤੀਆਂ ਨੂੰ ਬਰਾਬਰ ਦੇ ਨਾਗਰਿਕ ਨਹੀਂ ਮੰਨਿਆ ਜਾਂਦਾ। ਅਸੀਂ ਅਫਗਾਨਿਸਤਾਨ ਤੇ ਪਾਕਿਸਤਾਨ ’ਚ ਤਾਲਿਬਾਨ ਦੇ ਉਭਾਰ ਸਬੰਧੀ ਚਿੰਤਤ ਹਾਂ। ਸੁਆਲ ਇਹ ਹੈ ਕਿ ਅਸੀਂ ਆਪਣੇ ਦੇਸ਼ ਵਿਚ ਤਾਲਿਬਾਨ ਵਰਗੀਆਂ ਸ਼ਕਤੀਆਂ ਨੂੰ ਰੋਕਣ ਲਈ ਕੀ ਕਰ ਰਹੇ ਹਾਂ? ਅੱਜ ਘੱਟਗਿਣਤੀਆਂ ਖਿਲਾਫ ਹੋਣ ਵਾਲੀਆਂ ਸਾਰੀਆਂ ਗੈਰ ਮਨੁੱਖੀ ਤੇ ਕੱਟੜ ਫਿਰਕਾਪ੍ਰਸਤ ਘਟਨਾਵਾਂ ਰੋਕਣ ਲਈ ਇਕਜੁੱਟ ਹੋਣ ਅਤੇ ਘੱਟ ਗਿਣਤੀਆਂ ਨੂੰ ਭਾਈਚਾਰੇ ਦਾ ਸੰਦੇਸ਼ ਦਿੰਦਿਆਂ ਅਨਿਆ ਦੇ ਖਿਲਾਫ ਸੰਘਰਸ਼ ਕਰਨ ਦੀ ਲੋੜ ਹੈ।

# ਪਤਿਤ ਦਲਾਲ ਸਰਮਾਏਦਾਰੀ ਦੀ ਪਤਿਤ ਸਰਕਾਰ ਹੈ ਇਹ

ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦਾ ਨਿਜਾਮ ਉਥੇ ਪਹੁੰਚਿਆ ਹੋਇਆ ਹੈ ਜਿਥੇ ਉਹ ਚਾਹੁੰਦੇ ਹੋਏ ਵੀ ਆਪਣਾ ਕਰੂਪ ਚਿਹਰਾ ਛੁਪਾ ਨਹੀਂ ਪਾ ਰਹੀ ਹੈ। ਜੇ ਇਕ ਪਾਸਿਉਂ ਢਕਣ ਦੀ ਕੋਸ਼ਿਸ਼ ਕਰਦੀ ਹੈ ਤਾਂ ਦੂਜੇ ਪਾਸਿਉਂ ਨੰਗੀ ਹੋ ਜਾਂਦੀ ਹੈ। ਯੂ.ਪੀ.ਏ. ਸਰਕਾਰ ਸਮੇਂ ਸਮੇਂ ਸਿਰ ਆਪਣੀ ਪਿੱਠ ਥਪਥਪਾਉਂਦੀ ਰਹਿੰਦੀ ਹੈ ਕਿ ਉਸ ਨੇ ਪਿੰਡਾਂ ਦੇ ਗਰੀਬਾਂ ਲਈ ਮਨਰੇਗਾ ਵਰਗੀ ਯੋਜਨਾ ਲਾਗੂ ਕੀਤੀ ਹੈ ਇਸ ਨੇ ਪਿੰਡ ਦੇ ਗਰੀਬਾਂ ਨੂੰ ਰੁਜ਼ਗਾਰ ਦੇ ਕੇ ਉਹਨਾਂ ਨੂੰ ਉਪਰ ਉਠਾਇਆ ਹੈ। ਪਰ ਇਸ ਦੀ ਹਕੀਕਤ ਹੈ ਕੀ? ਉਹ ਇਸ ਵਾਅਕੇ ਤੋਂ ਪਤਾ ਲੱਗਦਾ ਹੈ। ਕੇਂਦਰ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ ਨੇ ਸਭ ਰਾਜ ਸਰਕਾਰਾਂ ਨੂੰ ਹੁਕਮ ਦਿੱਤਾ ਕਿ ਮਨਰੇਗਾ ਦੇ ਤਹਿਤ ਮਜ਼ਦੂਰੀ ਨੂੰ ਰਾਜਾਂ ਦੀ ਘੱਟੋ ਘੱਟ ਮਜ਼ਦੂਰੀ ਤੋਂ ਦੂਰ ਰੱਖੋ। ਜੇ ਘੱਟੋ ਘੱਟ ਮਜ਼ਦੂਰੀ 100 ਰੁਪਏ ਰੋਜ਼ਾਨਾ ਤੋਂ ਹੇਠਾਂ ਹੈ ਤਾਂ ਘੱਟੋ ਘੱਟ ਮਜ਼ਦੂਰੀ ਦਿੱਤੀ ਜਾਵੇ। ਮਹੱਤਵਪੂਰਨ ਗੱਲ ਇਹ ਹੈ ਕਿ ਮੰਤਰਾਲੇ ਇਸ ਸੰਬੰਧੀ ਸੁਪਰੀਮ ਕੋਰਟ ਦੇ ਨਿਰਣੇ ਨੂੰ ਵੀ ਮੰਨਣ ਨੂੰ ਤਿਆਰ ਨਹੀਂ ਹੈ ਕਿ ਮਨਰੇਗਾ ਤਹਿਤ ਕੰਮ ਲਈ ਘੱਟੋ ਘੱਟ ਮਜ਼ਦੂਰੀ ਦਿੱਤੀ ਜਾਵੇ। ਹੁਣ ਇਹ ਕੇਸ ਸੋਨੀਆ ਗਾਂਧੀ ਦੀ ਅਦਾਲਤ 'ਚ ਪਹੁੰਚ ਗਿਆ ਹੈ। ਪੇਂਡੂ ਵਿਕਾਸ ਮੰਤਰਾਲੇ ਦਾ ਉਪਰੋਕਿਤ ਫੈਸਲਾ ਮਨਰੇਗਾ ਦੇ ਬਿਲਕੁਲ ਸਹੀ ਬੈਠਦਾ ਹੈ। ਮਨਰੇਗਾ ਦਾ ਮਕਸਦ ਪਿੰਡ ਦੇ ਗਰੀਬ ਲੋਕਾਂ ਦੀ ਜ਼ਿੰਦਗੀ ਨੂੰ ਬੇਹਤਰ ਬਣਾਉਣਾ ਨਹੀਂ ਸੀ। ਇਸ ਦਾ ਉਦੇਸ਼ ਸੀ ਪਿੰਡ ਵਿੱਚ ਖੇਤੀ ਤੋਂ ਉਜੜ ਰਹੇ ਲੋਕਾਂ ਨੂੰ ਸ਼ਹਿਰਾਂ 'ਚ ਪਲਾਇਨ ਕਰਨ ਤੋਂ ਰੋਕਣਾ, ਉਹਨਾਂ ਨੂੰ ਪਿੰਡਾਂ 'ਚ ਹੀ ਬੰਨੀ ਰੱਖਣਾ। ਪੇਂਡੂ ਜਾਗੀਰਦਾਰਾਂ ਤੇ ਸਰਮਾਏਦਾਰਾਂ ਨੂੰ ਮੌਸਮੀ ਮਜ਼ਦੂਰੀ ਦੀ ਉਪਲੱਭਤਾ ਨੂੰ ਯਕੀਨੀ ਬਣਾਈ ਰੱਖਣਾ ਵੀ ਇਸ ਦਾ ਇਕ ਮੁੱਖ ਉਦੇਸ਼ ਸੀ। ਜੇ ਪਹਿਲਾਂ ਉਦੇਸ਼ ਸਮੁੱਚੇ ਪੂੰਜੀਵਾਦੀ ਨਿਜਾਮ ਦੇ ਹਿੱਤ 'ਚ ਸੀ ਤਾਂ ਦੂਜਾ ਪੇਂਡੂ ਸਰਮਾਏਦਾਰਾਂ ਦੇ ਹਿੱਤ 'ਚ। ਪਰ ਜੇ ਮਨਰੇਗਾ ਦੇ ਤਹਿਤ ਮਜ਼ਦੂਰਾਂ ਦੀ ਮਜ਼ਦੂਰੀ ਵਧ ਜਾਂਦੀ ਤਾਂ ਉਹਨਾਂ ਦਾ ਮਿਲਣਾ ਘੱਟ ਹੋ ਜਾਂਦਾ। ਇਸ ਨਾਲ ਪੇਂਡੂ ਸਰਮਾਏਦਾਰਾਂ ਨੂੰ ਪ੍ਰੇਸ਼ਾਨੀ ਹੁੰਦੀ ਮਜ਼ਦੂਰ ਦੀ ਉਪਲੱਭਤਾ ਦੀ ਸਮਸਿਆ ਨੂੰ ਹੱਲ ਕਰਨ ਲਈ ਮਨਰੇਗਾ 'ਚ ਇਹ ਵਿਵਸਥਾ ਰੱਖੀ ਗਈ ਕਿ ਇਸ ਦੇ ਤਹਿਤ ਕਿਸੇ ਮਜ਼ਦੂਰ ਨੂੰ ਸਿਰਫ 100 ਦਿਨ ਦਾ ਰੁਜ਼ਗਾਰ ਮਿਲੇਗਾ। ਸਾਲ ਦੇ ਬਾਕੀ 265 ਦਿਨ ਉਹ ਪੇਂਡੂ ਜਾਗੀਰਦਾਰਾਂ/ਸਰਮਾਏਦਾਰਾਂ ਲਈ ਕੰਮ ਵਾਸਤੇ ਮੁਹਈਆ ਰਹੇਗਾ। ਦੂਜੇ ਪਾਸੇ ਮਜ਼ਦੂਰ ਦੀ ਮਜ਼ਦੂਰੀ ਨੂੰ ਘੱਟ ਰੱਖਣ ਲਈ ਸਰਕਾਰ ਨੇ ਇਹ ਤਹਿ ਕੀਤਾ ਕਿ ਮਨਰੇਗਾ ਦੇ ਤਹਿਤ ਮਜ਼ਦੂਰਾਂ ਨੂੰ ਘੱਟੋ ਘੱਟ ਰੱਖਿਆ ਜਾਵੇ। ਇਸ ਯਤਨ 'ਚ ਸਰਕਾਰ ਇਥੋਂ ਤਕ ਗਈ ਕਿ ਇਸ ਨੇ ਮਜ਼ਦੂਰਾਂ ਨੂੰ ਘੱਟੋ ਘੱਟ ਮਜ਼ਦੂਰੀ ਦੇਣ ਤੋਂ ਵੀ ਨਾਂਹ ਕਰ ਦਿੱਤੀ। ਸਚਾਈ ਤਾਂ ਇਹ ਹੈ ਕਿ ਪਿੰਡਾਂ 'ਚ ਨਹੀਂ ਸ਼ਹਿਰਾਂ ਵਿਚ ਵੀ ਮਜ਼ਦੂਰਾਂ ਨੂੰ ਘੱਟੋ ਘੱਟ ਮਜ਼ਦੂਰੀ ਵੀ ਨਹੀਂ ਦਿੱਤੀ ਜਾਂਦੀ। ਪਿੰਡਾਂ 'ਚ ਤਾਂ ਇਹ ਹੋਰ ਵੀ ਵੱਡੇ ਪੈਮਾਨੇ 'ਤੇ ਹੋ ਰਿਹਾ ਹੈ। ਅਜਿਹੇ 'ਚ ਸਰਕਾਰ

ਵਲੋਂ ਆਪਣੇ ਕੰਮਾਂ ’ਚ ਦਿੱਤੀ ਜਾ ਰਹੀ ਘੱਟੋ ਘੱਟ ਮਜ਼ਦੂਰੀ ਪਿੰਡਾਂ ’ਚ ਮਜ਼ਦੂਰੀ ਦੀ ਦਰ ਨੂੰ ਵਧਾ ਦੇਵੇਗੀ। ਪੇਂਡੂ ਅਮੀਰਾਂ ਨੂੰ ਇਹ ਮਨਜੂਰ ਨਹੀਂ ਹੋਵੇਗਾ। ਇਸ ਲਈ ਸਰਕਾਰ ਨੇ ਇਹ ਤਹਿ ਕੀਤਾ ਕਿ ਮਨਰੇਗਾ ਦੇ ਤਹਿਤ 100 ਰੁਪਏ ਤੋਂ ਵੱਧ ਮਜ਼ਦੂਰੀ ਨਾ ਦਿੱਤੀ ਜਾਵੇ। ਇਹ ਗੱਲ ਥੋੜੀ ਅਜੀਬ ਲੱਗਦੀ ਹੈ ਪਰ ਸੱਚ ਇਹ ਹੈ ਕਿ ਗਰੀਬਾਂ ਦਾ ਭਲਾ ਕਰਨ ਦਾ ਢਿਡੋਰਾ ਪਿੱਟਣ ਵਾਲੀ ਸਰਕਾਰ ਉਹਨਾਂ ਹੀ ਗਰੀਬਾਂ ਤੋਂ ਦਿਨ ਭਰ ਕੰਮ ਕਰਵਾ ਕੇ ਉਹਨਾਂ ਨੂੰ ਘੱਟੋ ਘੱਟ ਮਜ਼ਦੂਰੀ ਵੀ ਦੇਣ ਨੂੰ ਤਿਆਰ ਨਹੀਂ ਹੈ। ਇਸ ਤਰ੍ਹਾਂ ਸਰਕਾਰ ਖੁਦ ਨੂੰ ਉਹਨਾਂ ਸਰਮਾਏਦਾਰਾਂ ਦੀ ਸ਼੍ਰੇਣੀ ’ਚ ਖੜ੍ਹਾ ਕਰ ਲੈਂਦੀ ਹੈ ਜੋ ਆਪਣੇ ਮਜ਼ਦੂਰਾਂ ਨੂੰ ਘੱਟੋ ਘੱਟ ਮਜ਼ਦੂਰੀ ਵੀ ਨਹੀਂ ਦਿੰਦੇ। ਅਜਿਹੇ ’ਚ ਜੇ ਸਰਕਾਰ ਸਭ ਸਰਮਾਏਦਾਰਾਂ ਨੂੰ ਲੁੱਟਣ ਦੀ ਸਭ ਕਿਰਤ ਕਨੂੰਨਾਂ ਨੂੰ ਉਲੰਘਣ ਦੀ ਛੋਟ ਦਿੰਦੀ ਹੈ ਤਾਂ ਇਸ ’ਚ ਹੈਰਾਨੀ ਦੀ ਗੱਲ ਕੀ ਹੈ? ਵੈਸੇ ਸਰਕਾਰ ਇਹ ਕੰਮ ਪਿੰਡਾਂ ਦੇ ਬੇਹੱਦ ਗਰੀਬ ਮਜ਼ਦੂਰਾਂ ਦੇ ਨਾਲ ਹੀ ਨਹੀਂ ਕਰਦੀ। ਇਹ ਤਾਂ ਉਹ ਅੱਛੇ ਖਾਸੇ, ਖਾਂਦੇ-ਪੀਂਦੇ ਮੱਧ ਵਰਗ ਦੇ ਲੋਕਾਂ ਨਾਲ ਵੀ ਕਰਦੀ ਹੈ। ਪਿਛਲੇ 20 ਸਾਲਾਂ ’ਚ ਸਰਕਾਰ ਨੇ ਆਪਣੇ ਵਿਭਾਗ ’ਚ ਸਥਾਈ ਨਿਯੁਕਤੀ ਨਾ ਕਰਕੇ ਭਾਰਤੀ ਮਾਤਰਾ ’ਚ ਲੋਕਾਂ ਨੂੰ ਠੇਕੇ ’ਤੇ ਰੱਖਿਆ ਹੈ। ਅਜਿਹੇ ਲੋਕਾਂ ’ਚ ਬਾਬੂ ਤੇ ਅਧਿਆਪਕ ਵੀ ਹਨ। ਇਹਨਾਂ ਲੋਕਾਂ ਨੂੰ ਬੇਹੱਦ ਘੱਟ ਤਨਖਾਹਾਂ ’ਤੇ ਰੱਖਿਆ ਜਾਂਦਾ ਹੈ। ਅਕਸਰ ਹੀ ਇਹ ਉਸ ਸ਼੍ਰੇਣੀ ਦੀ ਘੱਟੋ ਘੱਟ ਮਜ਼ਦੂਰੀ ਤੋਂ ਵੀ ਘੱਟ ਹੁੰਦੀ ਹੈ। ਸਥਾਈ ਮੁਲਾਜਮਾਂ ਤੋਂ ਤਾਂ ਇਹ ਇਕ ਚੌਥਾਈ ਹੁੰਦੀ ਹੈ। ਸਿਖਿਆ ਮਿੱਤਰ, ਸਿਖਿਆ ਬੰਧੂ ਇਸ ਦੀ ਇਕ ਮਿਸਾਲ ਹੈ। ਪਰ ਅੱਜ ਦੇ ਪਤਿਤ ਭਾਰਤੀ ਦਲਾਲ ਪੂੰਜੀਵਾਦੀ ਤੋਂ ਇਸ ਤੋਂ ਬੇਹਤਰ ਉਮੀਦ ਕੀ ਕੀਤੀ ਜਾ ਸਕਦੀ ਹੈ?

# ਕੀ ਹੈ ਸਨਅਤ ਕਾਰਾਂ ਨੂੰ ਦੀਵਾਲੀ ਦਾ ਤੋਹਫਾ

ਸਰਕਾਰੀ ਦਫਤਰਾਂ ਦੀ ਖੱਜਲਖੁਆਰੀ ਤੇ ਚੱਕਰ ਕਟਣ ਤੋਂ ਕੌਣ ਨਹੀਂ ਬਚਣਾ ਚਾਹੁੰਦਾ। ਜਨਮ ਦਾ ਸਰਟੀਫਿਕੇਟ, ਸ਼ਾਦੀ ਮੌਤ ਦੀ ਰਜਿਸਟਰੇਸ਼ਨ, ਰਾਸ਼ਣ ਕਾਰਡ, ਵੋਟਰ ਕਾਰਡ, ਡ੍ਰਾਈਵਿੰਗ ਲਾਇਸੰਸ, ਬਿਜਲੀ ਕੁਨੇਕਸਨ, ਪਾਣੀ ਕੁਨੇਕਸ਼ਨ, ਗੱਡੀ ਦੀ ਰਜਿਸਟਰੀ, ਮਕਾਨ ਦੀ ਰਜਿਸਟਰੀ, ਪਾਸਪੋਰਟ ਆਦਿ ਲਈ ਸਰਕਾਰੀ ਦਫਤਰਾਂ 'ਚ ਚੱਕਰ ਕੱਟਣੇ ਪੈਂਦੇ ਹਨ। ਅਖਬਾਰ ਛਪਾਉਣ ਜਥੇਬੰਦੀ ਬਣਾਉਣ ਲਈ ਰਜਿਸਟ੍ਰੇਸ਼ਨ ਕਰਵਾਉਣੀ ਪੈਂਦੀ ਹੈ। ਸਕੂਲ, ਹਸਪਤਾਲ ਤੇ ਸ਼ਰਾਬ ਦਾ ਠੇਕਾ ਤੇ ਠੇਕੇ ਦੇ ਨਾਲ ਅਹਾਤਾ, ਬਾਰ ਖੋਲਣ ਲਈ ਲਾਇਸੰਸ ਲੈਣਾ ਪੈਂਦਾ ਹੈ ਅਤੇ ਹਰ ਕੋਈ ਚਾਹੁੰਦਾ ਹੈ ਕਿ ਸਰਕਾਰੀ ਦਫਤਰਾਂ ਦੇ ਚੱਕਰ ਨਾ ਲਾਉਣੇ ਪੈਣ ਪਰ ਅਜਿਹਾ ਹੁੰਦਾ ਨਹੀਂ ਕਿ ਇਹਨਾਂ ਤੋਂ ਬਚਿਆ ਜਾ ਸਕੇ।

ਇਸੇ ਤਰ੍ਹਾਂ ਫੈਕਟਰੀ ਚਲਾਉਣ ਲਈ ਸਰਮਾਏਦਾਰਾਂ ਨੂੰ ਲਾਇਸੰਸ ਲੈਣਾ ਪੈਂਦਾ ਹੈ ਤਾਂ ਇਸ ਲਈ ਵੀ ਸਰਕਾਰੀ ਦਫਤਰਾਂ ਦੇ ਚੱਕਰ ਤਾਂ ਲਾਉਣੇ ਹੀ ਪੈਂਦੇ ਹਨ। ਬਹੁਤੇ ਤਾਂ ਇਸ ਕੰਮ ਲਈ ਇਕ ਸਟਾਫ ਭਰਤੀ ਕਰ ਲੈਂਦੇ ਹਨ ਜੋ ਸਰਕਾਰੀ ਦਫਤਰਾਂ ਦੇ ਚੱਕਰ ਲਾਉਂਦਾ ਰਹਿੰਦਾ ਹੈ। ਹਰੇਕ ਫੈਕਟਰੀ ਲਈ ਫੈਕਟਰੀ ਐਕਟ 148 ਦੇ ਤਹਿਤ ਲਾਇਸੰਸ ਲੈਣਾ ਹੁੰਦਾ ਹੈ। ਫੈਕਟਰੀ ਦੀ ਰਜਿਸਟ੍ਰੇਸ਼ਨ ਲਈ ਚੀਫ ਇੰਸਪੈਕਟਰ ਆਫ ਫੈਕਟਰੀਜ਼ ਦੇ ਪਾਸ ਨਿਰਧਾਰਿਤ ਪ੍ਰੋਫਾਰਮ 'ਤੇ ਅਰਜ਼ੀ ਦੇਣੀ ਹੁੰਦੀ ਹੈ। ਸੂਬੇ ਦਾ ਕਿਰਤ ਕਮਿਸ਼ਨਰ ਹੀ ਚੀਫ ਇੰਸਪੈਕਟਰ ਆਫ ਫੈਕਟਰੀਜ਼ ਹੁੰਦਾ ਹੈ। ਇਸ ਤੋਂ ਇਲਾਵਾ ਵੀ ਰਾਜ ਸਰਕਾਰ ਹੋਰ ਕਿਸੇ ਨੂੰ ਵੀ ਇੰਸਪੈਕਟਰ ਐਲਾਨ ਸਕਦੀ ਹੈ। ਫੈਕਟਰੀ ਦੀ ਅਰਜ਼ੀ ਦੇ ਨਾਲ ਫੈਕਟਰੀ ਦੀ ਬਿਲਡਿੰਗ ਦਾ ਨਕਸ਼ਾ ਵੀ ਨੱਥੀ ਕਰ ਹੁੰਦਾ ਹੈ। ਫੈਕਟਰੀ ਦੀ ਇਮਾਰਤ ਦਾ ਨਕਸਾ ਅਜਿਹਾ ਹੋਣਾ ਚਾਹੀਦਾ ਹੈ ਕਿ ਮਜ਼ਦੂਰਾਂ ਦੀ ਸਹਿਤ 'ਤੇ ਅਸਰ ਨਾ ਪਵੇ। ਪਾਣੀ, ਹਵਾ, ਰੋਸ਼ਨੀ, ਗੁਸਲਖਾਨੇ ਆਦਿ ਦਾ ਬੰਦੋਬਸਤ ਹੋਣਾ ਚਾਹੀਦਾ ਹੈ। ਸੁਰਖਿਆ ਲਈ ਫੈਕਟਰੀ ਮਸ਼ੀਨਾਂ ਦੇ ਘੁੰਮਣ ਵਾਲੇ ਪੁਰਜਿਆਂ ਦੀ ਘੇਰਾਬੰਦੀ, ਅੱਖਾਂ ਦੀ ਸੁਰਖਿਆ ਲਈ ਚਸ਼ਮੇ, ਉਚਾਈ 'ਤੇ ਕੰਮ ਕਰਨ ਵਾਲਿਆਂ ਲਈ ਸੇਫਟੀ ਬੈਲਟ ਹੋਣੀ ਚਾਹੀਦੀ ਹੈ। ਅੱਗ ਬੁਝਾਉਣ ਵਾਲਾ ਫਾਇਰ ਫਾਈਟਿੰਗ ਸਿਸਟਮ ਹੋਣਾ ਚਾਹੀਦਾ ਹੈ। ਹਰੇਕ ਮੰਜ਼ਿਲ 'ਤੇ ਦੋ ਦਰਵਾਜ਼ੇ, ਦੋ ਰਾਹ ਹੋਣੇ ਚਾਹੀਦੇ ਹਨ। 500 ਮਜ਼ਦੂਰਾਂ ਮਗਰ ਇਕ ਐਂਬੂਲੈਂਸ, 250 ਮਜ਼ਦੂਰਾਂ ਪਿਛੇ ਕੰਟੀਨ ਅਤੇ 150 ਤੋਂ ਵੱਧ ਹੋਣ 'ਤੇ ਇਕ ਰੈਸਟ ਰੂਮ ਹੋਣਾ ਚਾਹੀਦਾ ਹੈ। 30 ਔਰਤਾਂ ਪਿਛੇ ਇਕ ਕਰੈੱਚ ਹੋਣਾ ਚਾਹੀਦਾ ਹੈ। 48 ਘੰਟਿਆਂ ਤੋਂ ਵੱਧ ਕਿਸੇ ਵੀ ਮਜ਼ਦੂਰ ਤੋਂ ਕੰਮ ਲਿਆ ਜਾਵੇਗਾ ਤਾਂ ਉਸ ਦੀ ਮਜ਼ਦੂਰੀ ਦਾ ਰੇਟ ਦੁੱਗਣਾ ਹੋਵੇਗਾ। ਫੈਕਟਰੀ ਦੀ ਰਜਿਸਟ੍ਰੇਸ਼ਨ ਇਸ ਆਧਾਰ 'ਤੇ ਹੁੰਦੀ ਹੈ ਕਿ ਦੇਸ਼ 'ਚ ਜੋ ਕਿਰਤ ਕਨੂੰਨ ਬਣੇ ਹੋਏ ਹਨ ਜਾਂ ਰਾਜ ਸਰਕਾਰਾਂ ਵਲੋਂ ਬਣਾਏ ਗਏ ਹਨ। ਉਹਨਾਂ ਕਿਰਤ ਕਨੂੰਨਾਂ ਦਾ ਫੈਕਟਰੀ ਮਾਲਕ ਜਾਂ ਫੈਕਟਰੀ ਮੈਨੇਜਰ ਨੂੰ ਪਾਲਣ ਕਰਨਾ ਹੀ ਪਵੇਗਾ। ਫੈਕਟਰੀ ਐਕਟ ਤੋਂ ਇਲਾਵਾ ਵੀਹ ਅਤੇ ਕਿਰਤ ਕਨੂੰਨ ਤੇ ਇਸ ਤੋਂ ਇਲਾਵਾ ਰਾਜ ਦੇ ਕਨੂੰਨ ਵੀ ਹਨ। ਪਰ ਸਰਮਾਏਦਾਰਾਂ ਨੂੰ ਇੱਕ ਲਾਇਸੰਸ ਵੀ ਲੈਣਾ ਮੁਸ਼ਕਲ ਲੱਗ ਰਿਹਾ ਹੈ। ਸਰਕਾਰ

ਇਹਨਾਂ ਸਰਮਾਏਦਾਰਾਂ ਨੂੰ ਪਿਆਰ ਨਾਲ ਸਨਅਤਕਾਰ ਕਹਿੰਦੀ ਹੈ। ਇਹਨਾਂ ਸਨਅਤਕਾਰਾਂ ਦੀ ਲੰਬੇ ਸਮੇਂ ਤੋਂ ਮੰਗ ਰਹੀ ਹੈ ਕਿ ਲਾਇਸੰਸ ਰਾਜ ਖਤਮ ਹੋਣਾ ਚਾਹੀਦਾ ਹੈ। ਇਸ ਲਈ ਰਾਜ ਸਰਕਾਰ ਤੇ ਕੇਂਦਰ ਸਰਕਾਰਾਂ ਕਿਰਤ ਕਨੂੰਨਾਂ ਨੂੰ ਢਿੱਲਾ ਕਰਦੀਆਂ ਗਈਆਂ ਜਾਂ ਕਨੂੰਨਾਂ 'ਚ ਛੋਟ ਦੇ ਦਿੱਤੀ।

ਹਰਿਆਣੇ 'ਚ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਨੇ ਦਿਵਾਲੀ ਮੌਕੇ ਇਹਨਾਂ ਸਨਅਤਕਾਰਾਂ ਨੂੰ ਸ਼ਾਨਦਾਰ ਤੋਹਫਾ ਦਿੱਤਾ। ਇਹ ਤੋਹਫਾ ਹੈ ਕਿ ਹੁਣ ਸਨਅਤਕਾਰਾਂ ਨੂੰ ਫੈਕਟਰੀਆਂ ਦੀ ਰਜਿਸਟ੍ਰੇਸ਼ਨ ਲਈ ਕਿਰਤ ਵਿਭਾਗ ਦੇ ਦਫਤਰਾਂ ਦੇ ਚੱਕਰ ਕੱਟਣ ਦੀ ਲੋੜ ਨਹੀਂ ਹੈ। ਪਹਿਲਾਂ ਫੈਕਟਰੀ ਦਾ ਲਾਇਸੰਸ ਇਕ ਸਾਲ ਲਈ ਮਿਲਦਾ ਸੀ ਤੇ ਹਰ ਸਾਲ ਨਵੀਨੀਕਰਨ ਕਰਵਾਉਣਾ ਪੈਂਦਾ ਸੀ। ਇਹ ਵੀ ਦੱਸਣਾ ਪੈਂਦਾ ਸੀ ਕਿ ਫੈਕਟਰੀ 'ਚ ਕਿੰਨੇ ਹਾਰਸ ਪਾਵਰ ਦੀ ਵਰਤੋਂ ਹੁੰਦੀ ਹੈ। ਕਿੰਨੀਆਂ ਮਸ਼ੀਨਾਂ, ਕਿਹੜੇ ਕਿਹੜੇ ਪ੍ਰੋਸੇਸ ਫੈਕਟਰੀ 'ਚ ਹੁੰਦੇ ਹਨ। ਕਿੰਨੇ ਸਥਾਈ, ਅਸਥਾਈ ਤੇ ਠੇਕੇ 'ਤੇ ਰੱਖੇ ਮਜ਼ਦੂਰ ਹਨ। ਇਹਨਾਂ ਸਾਰਿਆਂ ਦੀ ਜਾਣਕਾਰੀ ਦੇਣ ਤੋਂ ਤਾਂ ਸਨਅਤਕਾਰ ਪਹਿਲਾਂ ਹੀ ਮੁਕਤੀ ਪਾ ਚੁੱਕੇ ਹਨ। ਹੁਣ ਸਨਅਤਕਾਰਾਂ ਨੂੰ ਇੰਟਰਨੈੱਟ ਰਾਹੀਂ ਇਕ ਫਾਰਮ ਭਰਨਾ ਹੋਵੇਗਾ ਅਤੇ ਖੁਦ ਹੀ ਇਹ ਐਲਾਨ ਕਰ ਦੇਣਾ ਹੋਵੇਗਾ ਕਿ ਉਹ ਫੈਕਟਰੀ ਐਕਟ ਹੀ ਪਾਲਨਾ ਕਰੇਗਾ। ਹਾਂ, ਨਾਂਹ 'ਚ ਟਿੱਕ ਕਰਨਾ ਹੈ ਅਤੇ ਕੁਝ ਇੰਟਰੀ ਕਰਨੀ ਹੈ ਜਿਵੇਂ ਓਵਰਟਾਈਮ ਦਾ ਭੁਗਤਾਨ ਕਿਸ ਰੇਟ 'ਤੇ ਕੀਤਾ ਜਾਂਦਾ ਹੈ। ਜ਼ਾਹਰ ਹੈ ਕਿ ਸਨਅਤ ਡਬਲ ਭੁਗਤਾਨ 'ਤੇ ਹੀ ਟਿੱਕ ਕਰੇਗਾ। ਕਿੰਨਾ ਸੌਖਾ ਹੋ ਗਿਆ ਹੈ ਫੈਕਟਰੀ ਦਾ ਲਾਇਸੰਸ ਹਾਸਲ ਕਰਨਾ ਇੰਨਾ ਅਸਾਨ ਤਾਂ ਡਰਾਈਵਿੰਗ ਲਾਇਸੰਸ ਬਣਾਉਣਾ ਵੀ ਨਹੀਂ ਹੈ। ਇਹ ਤਾਂ ਇਉਂ ਹੋਇਆ ਜਿਵੇਂ ਡਰਾਇਵਿੰਗ ਲਾਇਸੰਸ ਆਦਮੀ ਖੁਦ ਬਣਾ ਲਵੇ ਅਤੇ ਲਿਖਿਆ ਹੋਵੇ ਟ੍ਰੈਫਿਕ ਦੇ ਨਿਯਮਾਂ ਦੀ ਪਾਲਨਾ ਕਰੂੰਗਾ। ਲਾਲ ਬੱਤੀ ਜੰਪ ਨਹੀਂ ਕਰੂੰਗਾ। ਫਰੀਦਾਬਾਦ ਦੇ ਉਪ-ਕਮਿਸ਼ਨਰ ਦਾ ਕਹਿਣਾ ਹੈ ਕਿ ਹੁਣ ਸਨਅਤਕਾਰਾਂ ਨੂੰ ਕਿਰਤ ਵਿਭਾਗ ਦੇ ਦਫਤਰ ਦੇ ਚੱਕਰ ਨਹੀਂ ਕੱਟਣੇ ਪੈਣਗੇ ਅਤੇ ਅਧਿਕਾਰੀਆਂ ਉਪਰ ਭ੍ਰਿਸ਼ਟਾਚਾਰ ਦੇ ਦੋਸ਼ ਨਹੀਂ ਲੱਗਣਗੇ। ਕੀ ਏਨੀ ਸੌਖ ਨਾਲ ਮਜ਼ਦੂਰਾਂ ਨੂੰ ਸਰਕਾਰੀ ਦਫਤਰਾਂ ਦੇ ਚੱਕਰ ਕੱਟਣ ਤੋਂ ਨਹੀਂ ਬਚਾਇਆ ਜਾ ਸਕਦਾ? ਟ੍ਰੇਡ ਯੂਨੀਅਨ ਰਜਿਸਟ੍ਰੇਸ਼ਨ ਲਈ ਮਜ਼ਦੂਰਾਂ ਨੂੰ ਚੰਡੀਗੜ੍ਹ ਦੇ ਚੱਕਰ ਕਿਉਂ ਕੱਟਣੇ ਪੈਂਦੇ ਹਨ। ਕੀ ਉਹਨਾਂ ਲਈ ਅਜਿਹਾ ਨਹੀਂ ਹੋ ਸਕਦਾ ਕਿ ਟ੍ਰੇਡ ਯੂਨੀਅਨ ਦੀ ਰਜਿਸਟ੍ਰੇਸ਼ਨ ਵੀ ਨੈੱਟ 'ਤੇ ਹੋਵੇ। ਰਾਸ਼ਨ ਕਾਰਡ, ਵੋਟਰ ਕਾਰਡ ਬਣਾਉਣ ਲਈ ਸਰਕਾਰੀ ਦਫਤਰਾਂ ਦੇ ਚੱਕਰ ਕੱਟਣੇ ਪੈਂਦੇ ਹਨ, ਰਿਸ਼ਵਤ ਵੀ ਦੇਣੀ ਪੈਂਦੀ ਹੈ। ਇਸ ਤੋਂ ਪਹਿਲਾਂ ਵੀ ਫੈਕਟਰੀ ਦੀ ਰਜਿਸਟ੍ਰੇਸ਼ਨ ਕੋਈ ਔਖਾ ਕੰਮ ਨਹੀਂ ਸੀ। ਪੰਜ ਪੇਜ ਦਾ ਸਵ-ਪ੍ਰਮਾਣ ਪੱਤਰ ਦਾ ਫਾਰਮ ਭਰ ਕੇ ਕਿਰਤ ਕਮਿਸ਼ਨਰ ਨੂੰ ਭੇਜ ਦੇਣਾ ਹੁੰਦਾ ਸੀ। ਪਰ ਸਨਅਤਕਾਰ ਤਾਂ ਇਹ ਵੀ ਕਰਨ ਲਈ ਤਿਆਰ ਨਹੀਂ ਸਨ। ਬਹੁਤੀਆਂ ਫੈਕਟਰੀਆਂ ਤਾਂ ਬਿਨਾਂ ਰਜਿਸਟ੍ਰੇਸ਼ਨ ਦੇ ਹੀ ਚੱਲ ਰਹੀਆਂ ਸਨ। ਕੁਝ ਵੱਡੀਆਂ ਰਜਿਸਟਰਡ ਹਨ ਤਾਂ ਇਹ ਵੱਡੀਆਂ ਫੈਕਟਰੀਆਂ ਜਿੰਨਾ ਛੋਟੀਆਂ ਫੈਕਟਰੀਆਂ ਤੋਂ ਮਾਲ ਖਰੀਦਦੀਆਂ ਹਨ ਉਹ ਬਿਨਾਂ ਰਜਿਸਟ੍ਰੇਸ਼ਨ ਦੀਆਂ ਹਨ। ਸਰਕਾਰ ਤੇ ਅਧਿਕਾਰੀ ਸਨਅਤਕਾਰਾਂ ਨੂੰ ਅਪੀਲ ਕਰਦੇ ਰਹਿੰਦੇ ਹਨ ਕਿ ਉਹ ਰਜਿਸਟ੍ਰੇਸ਼ਨ ਕਰਵਾਉਣ। ਨਾ ਤਾਂ ਸਨਅਤਕਾਰ ਸੈਲਫ ਰਜਿਸਟ੍ਰੇਸ਼ਨ ਨੂੰ ਤਿਆਰ ਹਨ ਤੇ ਨਾ ਹੁਣ

ਇੰਟਰਨੈੱਟ ਰਾਹੀਂ ਇਹ ਸਨਅਤਕਾਰ ਕੁਝ ਕਰਨਗੇ। ਖੇਤੀ ਯੋਗ ਜਮੀਨ ਤੇ ਰਹਾਇਸ਼ੀ ਇਲਾਕੇ 'ਚ ਵੀ ਗੈਰ ਕਨੂੰਨੀ ਤੌਰ 'ਤੇ ਫੈਕਟਰੀਆਂ ਚੱਲ ਰਹੀਆਂ ਹਨ। ਇਕ ਮਜਦੂਰ ਨੂੰ ਤਾਂ ਆਪਣੇ ਫੰਡ ਦਾ ਪੈਸਾ ਕਢਵਾਉਣ ਲਈ ਵੀ ਰਿਸ਼ਵਤ ਦੇਣੀ ਪੈਂਦੀ ਹੈ। ਈ ਐਸ ਆਈ 'ਚ ਪੈਸਾ ਕੱਟਦਾ ਹੈ ਪਰ ਇਲਾਜ ਲਈ ਚੱਕਰ ਕੱਟਣੇ ਪੈਂਦੇ ਹਨ, ਲਾਈਨ ਲੱਗਦੀ ਹੈ। ਬਾਹਰੋਂ ਦਵਾਈ ਜਾਂ ਟੈਸਟ ਕਰਵਾਏ ਤਾਂ ਲੋਕਲ ਦਫਤਰ ਤੇ ਡਿਸਪੈਂਸਰੀ ਦੇ ਚੱਕਰ ਲਾਉਣੇ ਪੈਂਦੇ ਹਨ। ਫੰਡ ਆਫਿਸ 500-600 ਰੁਪਏ ਪੈਨਸ਼ਨ ਲੈਂਦੇ ਰਹਿਣ ਲਈ ਸਰਕਾਰ ਹਸਪਤਾਲ ਤੋਂ ਜਿੰਦੇ ਹੋਣ ਦਾ ਸਰਟੀਫਿਕੇਟ ਜਮ੍ਹਾਂ ਕਰਾਉਣਾ ਹੁੰਦਾ ਹੈ। ਕੀ ਆਮ ਲੋਕਾਂ ਨੂੰ ਰਾਸ਼ਨ ਕਾਰਡ ਡ੍ਰਾਈਵਿੰਗ ਲਾਇਸੰਸ ਬਣਵਾਉਣ ਲਈ ਸਰਕਾਰੀ ਦਫਤਰਾਂ ਦੇ ਚੱਕਰਾਂ ਤੋਂ ਛੁਟਕਾਰਾ ਨਹੀਂ ਮਿਲਣਾ ਚਾਹੀਦਾ। ਟ੍ਰੇਡ ਯੂਨੀਅਨ ਬਣਾਉਣ ਲਈ ਸਰਕਾਰੀ ਦਫਤਰਾਂ ਦੇ ਚੱਕਰ ਕਿਉਂ ਕੱਟਣੇ ਪੈਣ। ਸਨਅਤਕਾਰਾਂ ਦੀਆਂ ਛੋਟੀਆਂ ਛੋਟੀਆਂ ਦਿੱਕਤਾਂ ਲਈ ਸਰਕਾਰ ਤੇ ਅਧਿਕਾਰੀ ਹਮੇਸ਼ਾ ਤਤਪਰ ਰਹਿੰਦੇ ਹਨ। ਦੇਸ਼ ਦਾ, ਪ੍ਰਦੇਸ਼ ਦਾ ਕਿਰਤ ਮੰਤਰੀ, ਕਿਰਤ ਸਕੱਤਰ ਸਨਅਤਕਾਰ ਦੀ ਜਥੇਬੰਦੀ 'ਚ ਬੈਠਦੇ ਹਨ। ਉਹਨਾਂ ਨਾਲ ਵਿਚਾਰ ਚਰਚਾ ਕਰਦੇ ਹਨ, ਇਹ ਸਿਰਫ ਨਾਂ ਦੇ ਹੀ ਕਿਰਤ ਮੰਤਰੀ ਤੇ ਸਕੱਤਰ ਹੁੰਦੇ ਹਨ। ਕੰਮ ਤਾਂ ਉਹ ਸਨਅਤੀ ਸਕੱਤਰ ਤੇ ਸਨਅਤ ਮੰਤਰੀ ਦਾ ਕਰਦੇ ਹਨ। ਦੇਸ਼ ਤੇ ਪ੍ਰਦੇਸ਼ ਮੰਤਰੀ ਮੁੱਖ ਮੰਤਰੀ ਤੇ ਅਧਿਕਾਰੀ ਤਾਂ ਸਨਅਤਕਾਰਾਂ ਦੀ ਜਥੇਬੰਦੀ ਦੇ ਅਹੁਦੇਦਾਰਾਂ ਵਾਂਗੂੰ ਕੰਮ ਕਰਦੇ ਹਨ। ਜਦ ਮੁੱਖ ਮੰਤਰੀ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਸਨਅਤਕਾਰਾਂ ਦੀ ਜਥੇਬੰਦੀ ਵਲੋਂ ਹੀ ਉਸ ਦਾ ਸੁਆਗਤ ਹੁੰਦਾ ਹੈ। ਕਿਰਤ ਮੰਤਰੀ ਵੀ ਸਨਅਤਕਾਰਾਂ ਤੋਂ ਉਹਨਾਂ ਦੀਆਂ ਸ਼ਿਕਾਇਤਾਂ ਸੁਣਦੇ ਹਨ। ਕੀ ਸਰਕਾਰਾਂ ਦਾ ਕੰਮ ਸਨਅਤਕਾਰਾਂ ਨੂੰ ਛੋਟ ਦੇਣਾ ਹੀ ਹੈ। ਅੱਜ ਸਨਅਤਕਾਰਾਂ ਨੂੰ ਫੈਕਟਰੀ ਖੁਦ ਹੀ ਰਜਿਸਟਰਡ ਦੀ ਛੋਟ ਦੇ ਦਿੱਤੀ ਤਾਂ ਕੱਲ੍ਹ ਫਿਰ ਕਿਸੇ ਹੋਰ ਕਨੂੰਨ 'ਚ ਛੋਟ ਦੇ ਦਿੱਤੀ ਜਾਵੇਗੀ। ਸਰਕਾਰੀ ਦਫਤਰਾਂ ਦੇ ਚੱਕਰਾਂ ਤੋਂ ਮੁਕਤੀ ਕਿਸਨੂੰ? ਸਨਅਤਕਾਰਾਂ ਨੂੰ। ਐਸੀ ਹੈ ਸਾਡੇ ਦੇਸ਼ ਦੀ ਸਰਕਾਰ ਦੀ ਸਨਅਤੀ ਨੀਤੀ?

# ਕੀ ਹੈ ਟੂ-ਜੀ ਸਪੈਕਟ੍ਰਮ ਘੁਟਾਲਾ?

ਪਿਛੇ ਜਿਹੇ ਹੀ 15 ਸਤੰਬਰ ਨੂੰ ਲੇਖਾ ਮਹਾਂ ਨਿਰਦੇਸ਼ਕ ਪੋਸਟ ਐਂਡ ਟੈਲੀਕਮਿਊਨੀਕੇਸ਼ਨ ਕੰਟਰੋਲਰ ਤੇ ਮਹਾਂ ਲੇਖ ਪ੍ਰੀਖਕ ਆਰ. ਪੀ. ਸਿੰਘ ਨੇ ਟੈਲੀਕਾਮ ਕਾਰਪੋਰੇਸ਼ਨ ਦੇ ਮੁਖੀ ਆਰ ਚੰਦਰ ਸੇਖਰ ਨੂੰ ਇਕ ਬੇਹੱਦ ਤਿੱਖੀ ਚਿੱਠੀ ਲਿਖੀ ਜਿਥੇ ਉਹਨਾਂ ਨੇ ਇਹ ਤੱਤ ਦੁਹਰਾਇਆ ਕਿ ਕੁਝ ਕੰਪਨੀਆਂ ਨੂੰ ਲਾਇਸੰਸ ਉਹਨਾਂ ਦੀ ਪਾਤਰਤਾ ਤੇ ਭਰੋਸੇਯੋਗਤਾ ਦੀ ਪੁਸ਼ਟੀ ਕੀਤੇ ਬਿਨਾਂ ਹੀ ਦਿੱਤੇ ਗਏ ਹਨ। ਉਹਨਾਂ ਨੇ ਇਸ ਤੋਂ ਇਕ ਕਿਤੇ ਵੱਧ ਗੰਭੀਰ ਮਸਲਾ ਵੀ ਉਠਾਇਆ ਉਹਨਾਂ ਨੇ ਉਸ ਯੋਜਨਾ ਦਾ ਇਸ਼ਾਰਾ ਕੀਤਾ ਜੋ ਆਪਣੇ ਕਾਰੋਬਾਰ ਨੂੰ ਠੀਕ ਤਰ੍ਹਾਂ ਨਾ ਚਲਾ ਸਕਣ ਵਾਲੀ ਯੂਨਾਈਟਡ ਇਕ ਸੇਸ ਸਰਵਿਸ ਲਾਇਸੰਸ ਧਾਰਕ ਕੰਪਨੀਆਂ ਨੂੰ ਸੰਕਟ ਤੋਂ ਉਭਾਰ ਲੈਣ ਲਈ ਤਿਆਰ ਕੀਤੀ ਜਾ ਰਹੀ ਸੀ। ਆਰ ਪੀ ਸਿੰਘ ਨੇ ਲਿਖਿਆ ਕਿ ਇਸ ਪ੍ਰਸਤਾਵ 'ਤੇ ਵਿਚਾਰ ਚੱਲ ਰਿਹਾ ਹੈ ਅਤੇ ਜਲਦੀ ਹੀ ਪੂਰੇ ਟੈਲੀਕਾਮ ਕਮਿਸ਼ਨ ਸਾਹਮਣੇ ਪੇਸ਼ ਕੀਤਾ ਜਾਵੇਗਾ। ਉਸ ਪਿਛੋਂ ਤਾਂ ਤੂਫ਼ਾਨ ਹੀ ਖੜ੍ਹਾ ਹੋ ਗਿਆ। ਪਹਿਲਾਂ ਤਾਂ ਰਾਜਾ ਦੇ ਹੱਥ ਨੇ ਪਹਿਲਾਂ ਆਓ ਤੇ ਪਹਿਲਾਂ ਪਾਓ ਦੇ ਅਧਾਰ 'ਤੇ ਸਾਰੇ ਕਾਇਦੇ ਕਨੂੰਨਾਂ ਤੇ ਨਿਯਮਾਂ ਦੀ ਉਲੰਘਣਾ ਕਰਦਿਆਂ ਲਾਈਸੰਸ ਦਿੱਤੇ ਤੇ ਹੁਣ ਰਾਜਾ ਇਹਨਾਂ ਸਾਰੇ ਬਿਲਡਰਾਂ ਤੇ ਰਿਅਲਟਰਾਂ ਵਿਚੋਂ ਕਈਆਂ ਨੂੰ ਜੋ ਹੁਣ ਟੈਲੀਫੋਨ ਅਪਰੇਟਰ ਬਣਕੇ ਘੁੰਮ ਰਹੇ ਹਨ, ਫਿਰ ਇਕ ਵਾਰੀ ਆਪਣੀ ਛਤਰ ਛਾਇਆ 'ਚ ਲੈਣ ਲਈ ਤਿਆਰ ਸਨ। ਇਸ ਸਾਲ 10 ਨਵੰਬਰ ਨੂੰ ਰਾਜਾ ਦੇ ਮਤਾ ਹਿਤ ਦੂਰਸੰਚਾਰ ਵਿਭਾਗ ਨੇ ਇਕ ਵਾਰੀ ਫਿਰ ਟ੍ਰਾਈ ਦੀਆਂ ਸਿਫਾਰਸ਼ਾਂ ਨੂੰ ਖਾਰਜ ਕਰਦਿਆਂ ਟਾਟਾ ਟੇਲੀ, ਯੁਨਿਨੋਰ ਤੇ ਵੀਡੀਓ ਕੌਮ ਨੂੰ ਏਅਰਵੇਬਸ ਅਲਾਟ ਕਰਨ ਦੀ ਕੋਸ਼ਿਸ਼ ਕੀਤੀ ਗਈ, ਇਸ ਪਿਛੋਂ ਆਰ ਪੀ ਸਿੰਘ ਜੋ ਕਹਿ ਰਹੇ ਸਨ ਉਸ ਦਾ ਮਤਲਬ ਇਹ ਸੀ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਕੁਝ ਅਪ੍ਰੇਟਰ ਤਿੰਨ ਸਾਲ ਦਾ ਲਾਜਮੀ ਅਰਸਾ ਪੂਰਾ ਕਰ ਲੈਣ ਪਿਛੋਂ ਨਿਰਧਾਰਿਤ ਤੋਂ ਵੱਧ ਸਪੈਕਟਰਮ ਦੇ ਮਾਲਕ ਹੋ ਜਾਣ ਉਹਨਾਂ ਨੂੰ ਇਹ ਵੀ ਕਿਹਾ ਗਿਆ ਸੀ ਕਿ ਅਪਰੇਟਰਾਂ ਨੂੰ ਸਪੈਕਟਰਮ ਦੇਣ ਪਿਛੋਂ, ਪਰ ਉਹਨਾਂ ਦੇ ਕੰਮ ਸ਼ੁਰੂ ਹੋਣ ਦੀਆਂ ਜ਼ਰੂਰਤਾਂ ਦੀ ਪੂਰਤੀ ਤੋਂ ਪਹਿਲਾਂ ਹੀ ਇਸ ਖੇਤਰ ਤੋਂ ਉਹਨਾਂ ਦੀ ਵਿਕਾਈ ਦੀ ਇਜ਼ਾਜਤ ਦੇਣ ਦਾ ਅਰਥ ਹੋਵੇਗਾ ਕਿ ਉਹ ਇੱਕ ਮੁੱਲਵਾਨ ਕੌਮੀ ਅਦਾਰੇ ਨੂੰ ਕੋਈ ਵੀ ਯੋਗਦਾਨ ਦਿੱਤੇ ਬਗੈਰ ਕਬਜਾ ਕਰੀ ਰੱਖਣਾ। ਰਾਜਾ ਇਸ ਤੋਂ ਵੀ ਵੱਡਾ ਘੁਟਾਲਾ ਸ਼ੁਰੂ ਕਰਨ ਦੀ ਤਾਕ ਵਿਚ ਸਨ, ਸੰਯੋਗਵਸ ਆਰ. ਪੀ. ਸਿੰਘ ਉਹ ਬੰਦੇ ਹਨ ਜਿਨ੍ਹਾਂ ਨੇ ਕੰਟਰੋਲਰ ਤੇ ਮਹਾਂ ਲੇਖਾ ਪ੍ਰੀਖਕ ਦੀ ਰੀਪੋਟ ਲਿਖੀ ਸੀ ਅਤੇ ਚੰਦਰ ਸ਼ੇਖਰ ਨੂੰ ਲਿਖੇ ਉਹਨਾਂ ਦੇ ਇਸ ਪੱਤਰ ਨੇ ਮੀਡੀਆ ਨੂੰ ਇਕ ਇਸ ਤੋਂ ਵੀ ਵੱਡੇ ਸੰਕਟ ਪ੍ਰਤੀ ਚੌਕੰਨਾ ਕਰ ਦਿੱਤਾ ਸੀ। ਸਵਾਨ ਟੈਲੀਕਾਮ, ਯੂਨੀਟੇਕ ਤੇ ਐਸ ਟੇਲ ਨੇ ਉਹਨਾਂ ਕੰਪਨੀਆਂ ਤੋਂ ਆਪਣੀ ਹਿੱਸੇਦਾਰੀ ਵਾਪਸ ਲੈ ਲਈ ਸੀ ਜਿਹਨਾਂ ਕੋਲ ਸਿਰਫ ਲਾਇਸੰਸ ਸੀ ਤੇ ਸਪੈਕਟ੍ਰਮ ਤੇ ਭਾਰੀ ਰਕਮ ਦੇ ਲਾਇਕ ਨਾ ਕੋਈ ਸੇਵਾ ਸੀ ਅਤੇ ਨਾ ਹੀ ਆਮਦਨ, ਸਵਾਨ ਟੈਲੀਕਾਮ ਮੁਖ ਤੌਰ 'ਤੇ ਸ਼ਾਹਿਦ ਬਾਲਵਾ ਤੇ ਵਿਨੋਦ ਗੋਇਨਕਾ ਦੀ ਮਾਲਕੀ ਵਾਲੀ ਡਾਇਨਾਮਿਕਸ ਬਾਲਵਾ ਸੀ ਅਤੇ ਜਿਸ ਨੇ 1537 ਕਰੋੜ ਰੁਪਏ 'ਚ 13 ਸਰਕਿਲਾਂ ਦੇ ਅਧਿਕਾਰ ਲਏ ਸਨ। ਆਪਣੀ 44.73 ਫੀਸਦੀ ਹਿੱਸੇਦਾਰੀ ਏਟਿਸਾਲੇਟ ਮਾਰੀਸ਼ਸ ਨੂੰ 32.17 ਕਰੋੜ ਰੁਪਏ 'ਚ ਵੇਚ ਦਿੱਤਾ,

ਇਸ ਦਾ ਮਤਲਬ ਹੋਇਆ ਕਿ ਲਾਇਸੰਸ ਤੇ ਸਪੈਕਟ੍ਰਮ ਦਾ ਕੰਪਨੀ ਲਈ ਮੁੱਲ 7.192 ਕਰੋੜ ਰੁਪਏ ਰਿਹਾ ਸੀ। ਸ਼ਿਵਸੰਕਰਨ ਦੇ ਐਸ ਟੇਲ ਨੇ ਛੇ ਸਰਕਿਲਾ ਖਰੀਦੇ ਸਨ ਅਤੇ 5.61 ਫੀਸਦੀ ਅੰਸ਼ ਬਹਰੀਨ ਟੈਲੀਕਾਮ ਨੂੰ 238.5 ਕਰੋੜ ਰੁਪਏ 'ਚ ਵੇਚ ਦਿੱਤੇ ਸਨ। ਇਸ ਮਾਮਲੇ 'ਚ ਕੰਪਨੀ ਲਈ ਮੁੱਲ 4257 ਕੋਰੜ ਰੁਪਏ ਰਿਹਾ। ਚਾਰੋਂ ਪਾਸਿਉਂ ਫਸੀ ਹੋਈ ਯੂਨੀਟੇਕ ਨੇ 22 ਸਰਕਿਲ ਖਰੀਦੇ ਸਨ ਤੇ 1658 ਕਰੋੜ ਦਾ ਭੁਗਤਾਨ ਕੀਤਾ ਸੀ ਪਰ ਉਹ ਵੀ ਫੁਰਤੀ ਨਾਲ ਪਿੰਡਾਂ ਛੁਡਵਾ ਕੇ ਭੱਜ ਗਏ। ਉਹਨਾਂ ਨੇ 67.25 ਫੀਸਦੀ ਹਿੱਸੇ ਟੇਲੀਨੋਰ ਏਸ਼ੀਆ ਨੂੰ 6120 ਕੋਰੜ ਰੁਪਏ 'ਚ ਵੇਚ ਦਿੱਤੇ, ਇਕ ਵਾਰੀ ਫਿਰ ਭਾਰੀ ਮੁਨਾਫੇ ਦਾ ਮੌਕਾ ਅਤੇ ਕੰਪਨੀ ਲਈ ਮੁੱਲ ਰਿਹਾ 9100 ਕਰੋੜ ਰੁਪਏ ਸਿਰਫ ਇਹਨਾਂ ਤਿੰਨ ਟੈਲੀਕਾਮ ਖੇਤਰ ਤੋਂ ਬਾਹਰ ਦੀਆਂ ਕੰਪਨੀਆਂ ਲਈ ਸਿਰਫ ਇਕ ਸਪੈਕਟਰਮ ਅਤੇ ਲਾਇਸੰਸ ਨੇ ਉਹਨਾਂ ਦਾ ਧੰਦਾ ਕੁਲ ਮਿਲਾ ਕੇ 20.543 ਕਰੋੜ ਰੁਪਏ ਦਾ ਕਰ ਦਿੱਤਾ ਸੀ। ਲਾਇਸੰਸ ਹਾਸਲ ਕਰਨ ਵਾਲੀਆਂ ਹੋਰ ਕੰਪਨੀਆਂ ਵਿਚੋਂ ਟਾਟਾ ਟੈਲੀਸਰਵਿਸਜ਼ ਅਸਲ 'ਚ ਇਸ ਖੇਤਰ ਦੀ ਇਕ ਕੰਪਨੀ ਸੀ। ਪਰ ਟਾਟਾ ਟੈਲੀਸਰਵਿਸਜ਼ ਨੇ 27.31 ਫੀਸਦੀ ਹਿੱਸੇ ਜਪਾਨ ਦੀ ਡੋਕੋਮਾ ਨੂੰ 12924 ਕਰੋੜ ਰੁਪਏ 'ਚ ਵੇਚ ਦਿੱਤੇ। ਇਸ ਦਾ ਮੁਲਅੰਕਣ ਹੋਇਆ 47,323 ਕਰੋੜ ਰੁਪਏ ਦੇ ਦਾਇਰੇ 'ਚ।

ਜਿਹਨਾਂ ਨੌ ਕੰਪਨੀਆਂ ਨੇ ਲਾਇਸੰਸ ਹਾਸਲ ਕੀਤੇ ਸਨ, ਉਹਨਾਂ 'ਚੋਂ ਸਿਰਫ ਇਹਨਾਂ ਚਾਰਾਂ ਦੀ ਹੈਸੀਅਤ 67866 ਕਰੋੜ ਰੁਪਏ ਦੀ ਸੀ। ਪ੍ਰਧਾਨ ਮੰਤਰੀ ਨੂੰ ਲਿਖੇ ਆਪਣੇ ਪੱਤਰ 'ਚ ਉਹਨਾਂ ਨੇ ਇਹ ਵੀ ਦਾਅਵਾ ਕੀਤਾ ਕਿ ਇਸ ਦਾ ਮਕਸਦ ਟੈਰਿਫ ਘੱਟ ਕਰਵਾਉਣਾ ਤੇ ਟੈਲੀਕਾਮ ਸੇਵਾਵਾਂ ਗਰੀਬਾਂ ਨੂੰ ਮੁਹਈਆ ਕਰਾਉਣਾ ਸੀ। ਪਿਛਲੇ ਤਿੰਨ ਸਾਲਾਂ 'ਚ ਇਸ ਖੇਤਰ 'ਚ ਦਾਖਲ ਹੋਣ ਵਾਲੀਆਂ ਨਵੀਆਂ ਕੰਪਨੀਆਂ ਬਜ਼ਾਰ ਦੇ ਸਿਰਫ ਲਗਭਗ ਪੰਜ ਫੀਸਦੀ ਹਿੱਸੇ 'ਤੇ ਕਬਜਾ ਕਰਨ 'ਚ ਸਫਲ ਹੋ ਸਕੀਆਂ। ਇਸ ਦੌਰਾਨ ਪਹਿਲਾਂ ਤੋਂ ਮੌਜੂਦ ਕੰਪਨੀਆਂ ਦਾ ਤੇਲ ਨਿਕਲਣਾ ਸ਼ੁਰੂ ਹੋ ਗਿਆ। ਉਹਨਾਂ 'ਚੋਂ ਚੋਟੀ ਦੀਆਂ ਕੰਪਨੀਆਂ, ਪੈਸੇ ਦੀ ਕਮੀ ਮਹਿਸੂਸ ਕਰਨ ਲੱਗੀਆਂ। ਜਦ ਕਿ ਹੇਠਲੇ ਪਾਇਦਾਨਾ ਦੀਆਂ ਕੰਪਨੀਆਂ ਦਾ ਲੱਕ ਟੁੱਟਣ ਲੱਗਿਆ ਤੇ ਉਹਨਾਂ ਪ੍ਰਤੀ ਉਪਭੋਗਤਾ ਔਸਤ ਆਮਦਨੀ (ARPUS) ਨਾਟਕੀ ਢੰਗ ਨਾਲ ਕਾਇਮ ਹੋ ਗਈ। ਕਈ ਲੋਕ ਮੰਗਦੇ ਹਨ ਕਿ ਹਵਾਬਾਜ਼ੀ ਵਾਂਗੂ ਟੈਲੀਕਾਮ ਵੀ ਹੁਣ ਇਕ ਬੰਜਰ ਬੇਤਕੀ ਕਸਰਤ ਹੈ। ਇਹ ਸਾਰਾ ਕੰਮ ਰਾਜਾ ਨੇ ਸ਼ਿਕੰਜੇ ਵਰਗੀ ਉਸ ਪਕੜ ਨੂੰ ਤੋੜਨ ਲਈ ਕੀਤਾ ਜੋ ਉਹਨਾਂ ਦੀ ਸਮਝ ਨਾਲ ਭਾਰਤੀ ਟੈਲੀਕਾਮ ਖੇਤਰ ਤੇ ਇਕ ਕਾਰਟੇਲ ਨੇ ਬਣਾ ਰੱਖੀ ਸੀ। ਮੁਕਦਮੇ ਬਾਜੀ 'ਚ ਸਭ ਤੋਂ ਵੱਧ ਫਸਿਆ ਹੋਣ ਦੇ ਬਾਵਜੂਦ ਭਾਰਤੀ ਟੈਲੀਕਾਮ ਪਿਛਲੇ ਸਾਲਾਂ 'ਚ ਕਈ ਅਰਬਪਤੀਆਂ ਦੀ ਸੇਵਾ ਕਰ ਚੁੱਕਿਆ ਹੈ- ਅਨਲਜੀਤ ਸਿੰਘ, ਰਾਜਨ ਨੰਦਾ ਤੇ ਰਾਜੀਵ ਚੰਦਰ ਸ਼ੇਖਰ। ਪਰ ਹੋਰ ਲੋਕਾਂ ਦੇ ਨਾਲ ਇਹਨਾਂ ਉਦਮੀਆਂ ਨੇ ਆਪਣੇ ਧੰਦੇ ਨੂੰ ਸਾਲਾਂ ਬੱਧੀ ਚਲਾਉਣ ਤੇ ਸੋਚਣ ਪਿਛੋਂ ਪੈਸਾ ਕਮਾਇਆ ਹੈ। ਦੇਖੋ, ਸੂਚੀਬੱਧ ਟੈਲੀਕਾਮ ਕੰਪਨੀਆਂ ਪਿਛਲੇ ਇਕ-ਡੇਢ ਸਾਲ ਤੋਂ ਕਿਹੋ ਜਿਹਾ ਕੰਮ ਕਰ ਰਹੀਆਂ ਹਨ। ਕੋਈ ਸ਼ੱਕ ਨਹੀਂ ਕਿ ਖਪਤਕਾਰਾਂ ਦੀ ਗਿਣਤੀ ਵਧਾਉਣ ਦਾ ਕੰਮ ਲਗਾਤਾਰ ਚਲਦਾ ਹੈ। ਪਰ ਇਸ ਵਿਚੋਂ ਬਹੁਤੇ ਨਵੇਂ ਖਪਤਕਾਰ ਸਭ ਤੋਂ ਘੱਟ ਦਰਾਂ ਦੀ ਸੌਦੇਬਾਜ਼ੀ ਨਾਲ ਅਤੇ ਆਮਦਨ ਦੇ ਸਭ ਤੋਂ ਹੇਠਲੇ ਡੰਡੇ 'ਤੇ ਮਿਲਦੇ ਹਨ ਸਿਟੇ ਵਜੋਂ ਬਜ਼ਾਰ 'ਚ ਰਜਿਸਟ੍ਰੇਸ਼ਨ ਤੇ ਸ਼ੇਅਰ

ਹੋਲਡਰਾਂ ਦੀ ਦੌਲਤ ’ਤੇ ਵੀ ਅਸਰ ਪੈਂਦਾ ਹੈ। ਭਾਰਤੀ ਏਅਰਟੈਲ ਦਾ ਸ਼ੇਅਰ 17 ਨਵੰਬਰ ਨੂੰ 313 ਰੁਪਏ ’ਤੇ ਬੰਦ ਹੋਇਆ ਸੀ ਜਦ ਕਿ 50 ਹਫ਼ਤਿਆਂ ’ਚ ਉਸਦੇ ਸਭ ਤੋਂ ਵੱਧ ਭਾਅ 377 ਰੁਪਏ ਲੱਗੇ। ਪਿਛੇ ਜਿਹੇ ਹੀ ਦੂਜੀ ਤਿਆਰੀ ’ਚ ਟੈਕਸ ਪਿਛੋਂ ਇਸ ਦਾ ਮੁਨਾਫਾ 26.53 ਫੀਸਦੀ ਤੋਂ ਡਿੱਗ ਕੇ 1661.2 ਕਰੋੜ ਰੁਪਏ ਰਹਿ ਗਿਆ ਹੈ। ਇਸ ਤਰ੍ਹਾਂ 52 ਹਫ਼ਤਿਆਂ ’ਚ ਸਭ ਤੋਂ ਵੱਧ 205 ਰੁਪਏ ’ਤੇ ਰਹਿ ਚੁੱਕਿਆ ਰਿਲਾਇੰਸ ਕਮਿਊਨੀਕੇਸ਼ਨਜ਼ ਵੀ ਠੋਸ ਜਮੀਨ ਤੋਂ ਖਿਸਕ ਚੁਕਿਆ ਹੈ ਅਤੇ 16 ਨਵੰਬਰ ਨੂੰ ਉਸ ਦਾ ਸ਼ੇਅਰ 161.80 ਰੁਪਏ ਰਿਹਾ ਹੈ। ਲਹੂ ਲਹਾਣ ਕਰਨ ਵਾਲਾ ਮੁਕਾਬਲਾ ਤੇ ਨਵੀਆਂ ਕੰਪਨੀਆਂ ਦੇ ਦਾਖਲੇ ਕਾਰਨ ਰਿਲਾਇੰਸ ਕਮਿਊਨੀਕੇਸ਼ਨ ਦੀ ਦੂਜੀ ਤਿਆਰੀ ਦਾ ਸੁੱਧ ਲਾਭ ਪਿਛਲੇ ਸਾਲ ਇਸੇ ਅਰਸੇ ਦੇ 740 ਕਰੋੜ ਰੁਪਏ ਤੋਂ 40 ਫੀਸਦੀ ਡਿੱਗ ਕੇ ਸਤੰਬਰ 2010 ਦੇ ਅੰਤ ’ਚ ਸਿਰਫ 446 ਕਰੋੜ ਰੁਪਏ ਰਹਿ ਗਿਆ ਹੈ। ਬਿਲਕੁਲ ਇਹੀ ਹਾਲਤ ਆਇਡੀਆ ਸੈਲੂਲਰ ਦੀ ਹੈ ਜਿਸ ਨੇ ਆਪਣੇ ਸ਼ੇਅਰਾਂ ਦੀ ਕੀਮਤ ਨੂੰ 52 ਹਫ਼ਤਿਆਂ ’ਚ ਸਭ ਤੋਂ ਵੱਧ 80 ਰੁਪਏ ਤੋਂ ਡਿੱਗ ਕੇ 16 ਨਵੰਬਰ ਨੂੰ 69.20 ਰੁਪਏ ’ਤੇ ਬੰਦ ਹੁੰਦੇ ਹੋਏ ਵੇਖਿਆ ਹੈ। 2001 ਦੀ ਦੂਜੀ ਤਿਮਾਹੀ ਵਿੱਚ ਆਈਡਿਆ ਸੇਲੂਲਰ ਦਾ ਟੈਕਸ ਪਿਛੋਂ ਮੁਨਾਫਾ 18 ਫੀਸਦੀ ਤੋਂ ਡਿੱਗ ਕੇ 180 ਕਰੋੜ ਰੁਪਏ ਰਹਿ ਗਿਆ ਹੈ। ਹਾਲਾਤ ਹੋਰ ਵਿਗੜਣ ਵਾਲੇ ਹਨ। ਐਸ ਟੇਲ ਜਿਸ ਨੇ 5 ਨਵੰਬਰ 2007 ਨੂੰ ਇਕ ਕੁਲਹਿੰਦ ਲਾਇਸੰਸ ਬਦਲੇ ਮੌਜੂਦਾ ਨੀਤੀ ਤਹਿਤ ਦੇਅ ਸਪੈਕਟ੍ਰਮ ਟੈਕਸ ਤੇ ਆਮਦਨੀ ’ਚ ਹਿਸੇਦਾਰੀ ਤੋਂ ਇਲਾਵਾ ਦੂਰ ਸੰਚਾਰ ਵਿਭਾਗ ਨੂੰ 6000 ਕਰੋੜ ਰੁਪਏ ਦੀ ਵਾਧੂ ਆਮਦਨੀ ਵਿੱਚ ਹਿਸੇਦਾਰੀ ਦੇਣ ਦੀ ਪੇਸ਼ਕਸ਼ ਕੀਤੀ। ਦੂਜਾ ਪ੍ਰਸਤਾਵ ਕਰਦਿਆਂ ਐਸ ਟੇਲ ਨੇ 27 ਦਸੰਬਰ 2007 ਨੂੰ 6.2 ਮੈਗਾ ਹਰਟਜ਼ ਦਾ ਜੀ ਐਸ ਐਮ ਸਪੈਕਟ੍ਰਮ ਅਲਾਟ ਕਰਨ ਬਦਲੇ ਆਪਣੀ ਪਿਛਲੀ ਪੇਸ਼ਕਸ਼ ਨੂੰ 6000 ਕਰੋੜ ਰੁਪਏ ਤੋਂ ਵਧਾ ਕੇ 13752 ਕਰੋੜ ਰੁਪਏ ਕਰਨ ਦੀ ਨਵੀਂ ਪੇਸ਼ਕਸ਼ ਕਰ ਦਿੱਤੀ, ਉਹ ਇਸ ਗੱਲ ਲਈ ਵੀ ਰਾਜੀ ਹੋ ਗਿਆ ਕਿ ਜੇ ਕਿਸੇ ਹੋਰ ਨੇ ਬੋਲੀ ਲਾਈ ਜਾਂ ਸਪੈਕਟ੍ਰਮ ਦੀ ਨਿਲਾਮੀ ਕੀਤੀ ਤਾਂ ਉਹ ਆਪਣੀ ਬੋਲੀ ਦੀ ਰਕਮ ਹੋਰ ਵੀ ਵਧਾ ਸਕਦਾ ਹੈ ਯਾਨੀ ਸਾਰਿਆਂ ਲਈ ਖੇਡ ਪੂਰੀ ਤਰ੍ਹਾਂ ਖਰਾਬ ਕਰ ਦਿੱਤੀ। ਕੀਮਤਾਂ ਦੀ ਇਸ ਪੇਸ਼ਕਸ਼ ਦੇ ਆਧਾਰ ’ਤੇ ਕੰਟਰੋਲਰ ਤੇ ਮਹਾਂਲੇਖਾ ਪ੍ਰੇਖਕ ਨੇ ਸਾਫ ਤੌਰ ’ਤੇ ਮੁਲਅੰਕਣ ਕੀਤਾ ਹੈ ਕਿ 122 ਲਾਇਸੰਸ ਦੇ ਰੇਟ ਸਰਕਾਰ ਵਲੋਂ ਵਸੂਲੇ ਗਏ 9014 ਕਰੋੜ ਰੁਪਏ ਦੀ ਬਜਾਏ 65.725 ਕਰੋੜ ਰੁਪਏ ਹੋ ਸਕਦੇ ਸਨ। ਲੁੱਟ ਦਾ ਸਿੱਟਾ ਇਹ ਹੈ।

ਰਾਜਾ ਨੇ ਨਵੇਂ ਅਪਰੇਟਰਾਂ ਲਈ ਕੰਮ ਕਰਨਾ ਸ਼ੁਰੂ ਕਰਨ ਦੇ ਨਿਯਮ ਵੀ ਬਦਲ ਦਿੱਤੇ। ਇਹਨਾਂ ਨਿਯਮਾਂ ’ਚ ਕੰਮ ਸ਼ੁਰੂ ਕਰਨ ਦੇ ਦਾਅਵਿਆਂ ’ਚ ਪਿਛਲੇ ਸਾਲਾਂ ਤੋਂ ਫੇਰਬਦਲ ਨਾ ਕਰ ਸਕਣਾ ਅਤੇ ਕੰਮ ਕਾਜ ਸ਼ੁਰੂ ਕਰਨ ਦੇ ਫਰਜ਼ ਪੂਰੇ ਹੋਣ ਤੋਂ ਪਹਿਲਾਂ ਤਿੰਨ ਸਾਲਾਂ ਤਕ ਕੰਪਨੀਆਂ ਦਾ ਕੋਈ ਰਲੇਵਾਂ ਜਾਂ ਖਰੀਦ ਫਰੋਖਤ ਨਾ ਹੋਣੀ ਸ਼ਾਮਲ ਸੀ। ਰਾਜਾ ਨੇ ਸਭ ਕੁਝ ਬਦਲ ਦਿੱਤਾ। ਇਕ ਅਜਿਹਾ ਅਮਲ ਚੱਲਿਆ ਜਿਸ ਨੇ ਫਾਇਦਾ ਉਠਾਉਣ ਵਾਲੀਆਂ ਕੰਪਨੀਆਂ- ਸਵਾਨ ਟੈਲੀਕਾਮ, ਯੂਨੀਟੇਕ ਜਿਸ ਨੂੰ ਹੁਣ ਯੂਨੀਨੋਰ ਕਿਹਾ ਜਾਂਦਾ ਹੈ, ਡਾਟਾਕਾਮ, ਸਾਲ ਯੂ ਅੰਸ਼ ਜਿਸ ਨੂੰ ਹੁਣ ਵੀਡੀਓ ਕੋਨ ਟੈਲੀਕਮਿਊਨੀਕੇਸ਼ਨ ਕਹਿੰਦੇ ਹਨ ਅਤੇ ਲੂਪ- ਟੈਲੀਕਾਮ ਲਈ ਦੌਲਤ ਦੱਬ ਕੇ ਰੱਖ ਦਿੱਤੀ।

# ਕੀ ਭ੍ਰਿਸ਼ਟਾਚਾਰ ਦੀ ਬਦਬੂ-ਬਰਦਾਸ਼ਤ ਤੋਂ ਬਾਹਰ ਹੋ ਗਈ?

ਭ੍ਰਿਸ਼ਟਾਚਾਰ ਦੀ ਰਾਜਨੀਤੀ ਕਾਰਨ ਰਾਜਾ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ। ਜੇ ਇਮਾਨਦਾਰੀ ਨੂੰ ਧਿਆਨ ’ਚ ਰਖਿਆ ਜਾਂਦਾ ਤਾਂ ਉਹਨਾਂ ਨੂੰ 2007 ’ਚ ਹੀ ਚਲਦਾ ਕਰ ਦਿੱਤਾ ਜਾਂਦਾ ਕਿਉਂਕਿ ਉਹਨਾਂ ਨੇ ਜੋ ਸੌਦਾ ਕੀਤਾ ਸੀ ਉਸ ਬਾਰੇ ਹਰ ਕੋਈ ਜਾਣਦਾ ਸੀ। ਭ੍ਰਿਸ਼ਟਾਚਾਰ ਬਿਲਕੁਲ ਨੰਗੀ ਕਿਸਮ ਦਾ ਸੀ ਅਤੇ ਇਕ ਦਮ ਸਪਸ਼ਟ ਸੀ। ਦਰ ਮੁੱਕ ਪਾਰਟੀ ਦੇ ਮੰਤਰੀਆਂ ’ਚ ਘਮੰਡ ਇਸ ਹੱਦ ਤਕ ਪਹੁੰਚ ਗਿਆ ਹੈ ਕਿ ਉਹਨਾਂ ’ਤੇ ਚੋਰੀ ਦਾ ਦੋਸ਼ ਲੱਗੇ ਜਾਂ ਨਾ, ਉਹਨਾਂ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਇਸ ’ਤੇ ਮੁਸਕਰਾ ਦਿੰਦੇ ਹਨ ਅਤੇ ਆਪਣੀਆਂ ਕਾਰਸਤਾਨੀਆਂ ਜਾਰੀ ਰੱਖਦੇ ਹਨ। ਇਸ ਗੱਲ ਬਾਰੇ ਆਸਵੰਦ ਰਹਿੰਦੇ ਹਨ ਕਿ ਕਾਂਗਰਸ ਪ੍ਰਤੀ ਹਕੂਮਤੀ ਕੁਰਸੀ ਦੀ ਭੁੱਖ ਦੂਜੇ ਹਰ ਪਹਿਲੂ ਨੂੰ ਅਪ੍ਰਸੰਗਿਕ ਬਣਾ ਦਿੰਦੀ ਹੈ। ਵੱਧ ਤੋਂ ਵੱਧ ਇਹ ਹੁੰਦਾ ਹੈ ਕਿ ਮਨਮੋਹਨ ਸਿੰਘ 2009 ’ਚ ਯੂ ਪੀ ਏ ਦੇ ਦੁਬਾਰਾ ਚੋਣ ਜਿੱਤ ਜਾਣ ਪਿਛੋਂ ਰਾਜਾ ਨੂੰ ਦੁਬਾਰਾ ਕੈਬਨਿਟ ’ਚ ਵਾਪਸ ਨਾ ਲੈਂਦੇ ਜਿਵੇਂ ਕਿ ਮਨਮੋਹਨ ਸਿੰਘ ਨੂੰ ਪਤਾ ਹੀ ਸੀ ਅਤੇ ਇਹ ਖੁਫੀਆ ਏਜੰਸੀਆਂ ਦੇ ਰਿਕਾਰਡ ਕੀਤੇ ਗਏ ਨੀਰਾ ਰਾਡੀਆ ਟੇਪਾਂ ਤੋਂ ਸਿੱਧ ਹੋਇਆ ਹੈ। ਕਾਰਪੋਰੇਟ ਹਿੱਤਾਂ, ਪੀ ਆਰ ਅਪ੍ਰੇਟਰਾਂ ਅਤੇ ਮੀਡੀਆ ਦੇ ਕੁਝ ਸਭ ਤੋਂ ਵੱਡੇ ਨਾਵਾਂ (ਜੋ ਕੁਝ ਵੀ ਮੁਫਤ ’ਚ ਨਹੀਂ ਕਰਦੇ) ਦੇ ਇਕ ਸਮੂਹ ਨੇ ਕਾਂਗਰਸ ਨੂੰ ਇਸ ਗੱਲ ’ਤੇ ‘ਮਨਾਉਣ’ ’ਚ ਇਕ ਦੂਜੇ ਦੀ ਸਹਾਇਤਾ ਕੀਤੀ ਕਿ ਰਾਜਾ ਆਪਣੇ ਵਿਭਾਗ ’ਚ ਬਣੇ ਰਹਿਣਾ ਰਾਜਾ ਦੀ ਪਾਰਟੀ ਦਰਮੁੱਕ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਮਨਮੋਹਨ ਸਿੰਘ ਨੂੰ ਉਸ ਦੀ ਹਮਾਇਤ ਰਾਜ ਦੇ ਵਿਭਾਗ ’ਤੇ ਬਣੇ ਰਹਿਣ ’ਤੇ ਨਿਰਭਰ ਕਰਦੀ ਹੈ ਅਤੇ ਪ੍ਰਧਾਨ ਮੰਤਰੀ ਨੇ ਮੰਨ ਲਿਆ ਕਿ ਅਹੁਦੇ ’ਤੇ ਬਣੇ ਰਹਿਣਾ ਹੈ ਤਾਂ ਭ੍ਰਿਸ਼ਟਾਚਾਰ ਤੋਂ ਦੂਰ ਹੀ ਰਹਿਣ। ਉਹਨਾਂ ਨੇ ਭ੍ਰਿਸ਼ਟਾਚਾਰ ਦੀ ਅਣਦੇਖੀ ਕਰ ਦਿੱਤੀ ਅਤੇ ਸੋਚ ਲਿਆ ਕਿ ਉਹ ਇਸ ਨਾਲ ਬਚੇ ਰਹਿਣਗੇ ਕਿਉਂਕਿ ਖੁਦ ਆਪਣੀ ਦਿਖ ਸਾਫ ਹੈ ਪਰ ਉਹ ਇਸ ਤੋਂ ਬਚ ਨਹੀਂ ਸਕੇ। ਰਾਜਾ ਤੋਂ ਅਜਿਹੀ ਸਥਿਤੀ ’ਚ ਅਸਤੀਫਾ ਮੰਗਿਆ ਗਿਆ ਜਦ ਰਾਸ਼ਟਰਮੰਡਲ ਖੇਡਾਂ ਤੇ ਮਹਾਂਰਾਸ਼ਟਰ ’ਚ ਹੋਏ ਭਾਰੀ ਘਪਲਿਆਂ ਦੇ ਸਾਹਮਣੇ ਆਉਣ ਪਿਛੋਂ ਭ੍ਰਿਸ਼ਟਾਚਾਰ ਦੀ ਬਦਬੂ ਬਰਦਾਸ਼ਿਤ ਤੋਂ ਬਾਹਰ ਹੋ ਗਈ। ਜਦ ਆਮ ਤੌਰ ’ਤੇ ਫੁੱਟ ਦਾ ਸ਼ਿਕਾਰ ਰਹੇ ਅਤੇ ਇਥੋਂ ਤਕ ਕਿ ਆਤਮਘਾਤ ਕਰਨ ਵਾਲੀ ਵਿਰੋਧੀ ਧਿਰ ਨੂੰ ਪਾਰਲੀਮੈਂਟ ’ਚ ਆਪਣੀ ਆਵਾਜ਼ ਦਾ ਫਿਰ ਤੋਂ ਅਹਿਸਾਸ ਹੋਇਆ ਅਤੇ ਜਦ ਕਾਂਗਰਸ ਨੂੰ ਲੱਗਿਆ ਕਿ ਜੇ ਉਸ ਨੇ ਜਨਮਤ ਨੂੰ ਬਲੀ ਦੇ ਬੱਕਰੇ ਦਾ ਚਾਰਾ ਦੇ ਕੇ ਜਨਤਾ ਦੇ ਗੁੱਸੇ ਨੂੰ ਸ਼ਾਂਤ ਨਾ ਕੀਤਾ ਤਾਂ ਲੋਕਾਂ ਦਾ ਮੂਡ ਵਿਗੜ ਸਕਦਾ ਹੈ। ਇਸ ਕੜੀ ਵਿਚ ਅਸ਼ੋਕ ਚੌਹਾਨ ਨੂੰ ਵੀ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ। ਖੇਡ ਆਯੋਜਨ ਸੰਮਤੀ ’ਚ ਸੁਰੇਸ਼

ਕਲਮਾਡੀ ਤੇ ਉਹਨਾਂ ਦੇ ਕੁਝ ਸਾਥੀਆਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਗਈ। ਇਹਨਾਂ 'ਚ ਰਾਜਾ ਸਭ ਤੋਂ ਵੱਡੇ ਬਲੀ ਦੇ ਬੱਕਰੇ ਹਨ ਪਰ ਆਖਰੀ ਨਹੀਂ। ਇਸ ਬਲੀ ਦੇ ਬੱਕਰੇ ਨੂੰ ਕੁਰਬਾਨ ਕਰਨ ਵਾਲੀ ਸੰਮਤੀ ਯਾਨੀ ਕਾਂਗਰਸ ਦੇ ਚਾਰ ਮਹਾਂਰਥੀਆਂ ਦੀ 14 ਨਵੰਬਰ ਨੂੰ ਇਕ ਮੀਟਿੰਗ ਹੋਈ ਉਹ ਨਾ ਤਾਂ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਅਤੇ ਨਾ ਹੀ 10 ਜਨਪਥ 'ਤੇ ਬਲਕਿ ਸੰਸਦ ਭਵਨ 'ਚ ਹੋਈ। ਜਿਥੇ ਵਿਰੋਧੀ ਧਿਰ ਕੁਝ ਹੀ ਦੂਰੀ 'ਤੇ ਹੰਗਾਮਾ ਮਚਾ ਰਹੀ ਸੀ। ਇਹਨਾਂ ਚਾਰ ਮਹਾਂਰਥੀਆਂ ਨੂੰ ਸਭ ਜਾਣਦੇ ਹਨ ਇਹਨਾਂ 'ਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਉਹਨਾਂ ਦੇ ਰਾਜਸੀ ਸਲਾਹਕਾਰ ਅਹਿਮਦ ਪਟੇਲ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਵਿੱਤ ਮੰਤਰੀ ਪ੍ਰਣਬ ਮੁਕਰਜੀ ਸਨ। ਮਨਮੋਹਨ ਸਿੰਘ ਰਾਜਾ ਨੂੰ ਬਾਹਰ ਦਾ ਰਸਤਾ ਵਿਖਾਉਣਾ ਚਾਹੁੰਦੇ ਸਨ ਕਿਉਂਕਿ ਵਿਰੋਧੀ ਧਿਰ 2-ਜੀ ਘੁਟਾਲੇ 'ਤੇ ਬਿਆਨ ਦੀ ਮੰਗ ਕਰ ਰਹੀ ਸੀ। ਕੋਈ ਤਰੀਕਾ ਨਹੀਂ ਸੀ ਕਿ ਪ੍ਰਧਾਨ ਮੰਤਰੀ ਰਾਜਾ ਦਾ ਬਚਾਅ ਕਰ ਸਕਦੇ। ਖਾਸ ਕਰਕੇ ਸੰਸਦ ਦੇ ਉਸ ਸੈਸ਼ਨ 'ਚ ਜਿਥੇ ਭ੍ਰਿਸ਼ਟਾਚਾਰ ਦਾ ਹੱਲਾ ਬਹੁਤ ਤੇਜ ਹੈ। ਅਹਿਮਦ ਪਟੇਲ ਨੇ ਅਗਲੇ ਸਾਲ ਤਾਮਿਲਨਾਡੂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਗੱਲ ਕੀਤੀ ਦਿੱਲੀ 'ਚ ਉਹਨਾਂ ਨੂੰ ਜਿੰਨੀ ਦਰਮੁੱਕ ਪਾਰਟੀ ਦੀ ਲੋੜ ਹੈ। ਉਨੀ ਹੀ ਲੋੜ ਤਾਮਿਲਨਾਡੂ 'ਚ ਦਰਮੁੱਕ ਨੂੰ ਕਾਂਗਰਸ ਦੀ ਹੈ। ਅੰਨਾ ਦੁਰਮਕ ਦੀ ਨੇਤਾ ਜੈਲਲਿਤਾ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ ਕਿ ਉਹ ਕਾਂਗਰਸ ਨੂੰ ਹਮਾਇਤ ਦੇਣ ਲਈ ਤਿਆਰ ਹੈ। ਰਾਜਾ ਨੂੰ ਦੋਸ਼ੀ ਠਹਿਰਾਉਣ ਵਾਲੀ ਕੰਟਰੋਲਰ ਤੇ ਮਹਾਂ ਲੇਖਾ ਨਿਰੀਖਕ ਦੀ ਰੀਪੋਟ ਸੰਸਦ ਦੇ ਇਸ ਸੈਸ਼ਨ 'ਚ ਪੇਸ਼ ਕੀਤੀ ਜਾਣੀ ਹੈ। ਭਾਜਪਾ ਪਹਿਲਾਂ ਹੀ ਲੋਕਸਭਾ ਨੂੰ ਠੱਪ ਕਰੀ ਬੈਠੀ ਹੈ। ਰਾਜਾ ਦੇ ਜਾਣ ਨਾਲ ਪ੍ਰਧਾਨ ਮੰਤਰੀ ਤੋਂ ਖਤਰਾ ਅਜੇ ਟਲਿਆ ਨਹੀਂ ਹੈ। ਸੁਪਰੀਮ ਕੋਰਟ ਨੇ ਸਿੱਧਾ ਸੁਆਲ ਪੁੱਛ ਲਿਆ ਕਿ ਇਕ ਸੰਸਦ ਮੈਂਬਰ ਜਦ ਦੇਸ਼ ਦੀ ਦੌਲਤ ਨੂੰ ਲੁੱਟ ਰਿਹਾ ਸੀ ਤਾਂ ਪ੍ਰਧਾਨ ਮੰਤਰੀ ਚੁੱਪ ਕਿਉਂ ਰਹੇ? ਇਸ ਨਾਲ ਕੁਲ ਮਿਲਾ ਕੇ ਗੰਭੀਰ ਸਥਿਤੀ ਹੋ ਗਈ ਸੀ। ਹਾਲ ਦੀ ਘੜੀ ਯੂ ਪੀ ਏ ਦਾ ਸਤੁੰਲਨ ਹੋਰ ਵੱਧ ਨਾਜ਼ੁਕ ਹੋ ਗਿਆ ਹੈ। ਡੀ ਐਮ ਕੇ ਆਪਣੀ ਰਾਜਸੀ ਡੂੰਘਾਈ ਤੋਂ ਹੱਥ ਧੋ ਚੁੱਕੀ ਹੈ ਅਤੇ ਡੀ ਐਮ ਕੇ ਵਲੋਂ ਛੱਡੀ ਗੱਦੀ ਤੇ ਆਪਣਾ ਆਦਮੀ ਬਿਠਾ ਕੇ ਕਾਂਗਰਸ ਨੇ ਇਕ ਕਦਮ ਅੱਗੇ ਵਧਾ ਦਿੱਤਾ ਹੈ। ਕਲਮਾਡੀ-ਚੌਹਾਨ ਕਾਂਡ ਨੇ ਉਸ ਨੂੰ ਰਸਤਾ ਬਦਲਣ ਲਈ ਮਜਬੂਰ ਕੀਤਾ ਹੈ। ਵੈਸੇ ਰਾਜਾ ਦੀ ਵਿਦਾਇਗੀ ਨਾਲ ਇਕ ਚੱਕਰ ਪੂਰਾ ਹੋ ਗਿਆ ਹੈ।

# ਕੀ ਹੈ ਖੁਦਾਈ ਮਾਫੀਆ ਦੀ ਘੁਸਪੈਠ? ਉਤਰੀ ਰਾਜਸਥਾਨ ਦੇ ਸਕੂਲਾਂ ਤੇ ਅਬਾਦੀ ਤੋਂ ਸਿਰਫ ਸੌ ਮੀਟਰ ਦੀ ਦੂਰੀ ’ਤੇ ਹੁੰਦੇ ਵਿਸਫੋਟ?

ਜੈਪੁਰ ਜ਼ਿਲੇ ਦੇ ਕੋਟਪੁਤਲੀ ਤੋਂ ਲੈ ਕੇ ਸੀਕਰ ਜ਼ਿਲੇ ਦੇ ਨੀਮ ਥਾਣੇ ਵੱਲ ਜਾਓ ਤਾਂ ਮੌਨਸੂਨੀ ਬਾਰਸ਼ ਦੇ ਫੁਹਾਰਿਆਂ ਨਾਲ ਧੁਲੀ ਹਰਿਆਲੀ ਲਗਦਾ ਹੈ ਜਿਵੇਂ ਕਿਸੇ ਘਾਟੀ ਵਿੱਚ ਹੋ ਪਰ ਕੁਝ ਦੂਰ ਜਾਂਦਿਆਂ ਹੀ ਇਹ ਘਾਟੀ ਪੱਥਰਾਂ ਦੇ ਨੰਗੇ ਡਰਾਉਣੇ ਪਹਾੜਾਂ ’ਚ ਬਦਲ ਜਾਂਦੀ ਹੈ। ਦੂਰ-ਦੂਰ ਤਕ ਕ੍ਰੈਸ਼ਰਾਂ ਦਾ ਸ਼ੋਰ ਤੇ ਮਸ਼ੀਨਾਂ ਦੀ ਗੜਗੜਾਹਟ। ਪੱਥਰ ਖੋਦਣ ਲਈ ਨਾ ਸਿਰਫ ਬੰਦੂਕ ਦੀ ਨੋਕ ’ਤੇ ਇਥੋਂ ਦੇ ਲੋਕਾਂ ਦੀਆਂ ਜਮੀਨਾਂ ਹੜੱਪੀਆਂ ਜਾ ਰਹੀਆਂ ਹਨ ਬਲਕਿ ਵੱਡੇ ਪੈਮਾਨੇ ’ਤੇ ਕੁਦਰਤ ਨਾਲ ਖਿਲਵਾੜ ਵੀ ਕੀਤਾ ਜਾ ਰਿਹਾ ਹੈ। ਗੈਰ ਕਨੂੰਨੀ ਖੁਦਾਈ ’ਚ ਲੱਗਿਆ ਮਾਫੀਆ ਦੀ ਜਰੂਰਤ ਏਨੀ ਹੈ ਕਿ ਕੰਮ ਚੋਰੀ ਛਿਪੇ ਨਹੀਂ ਬਲਕਿ ਅਧਿਕਾਰੀਆਂ ਦੀ ਨੱਕ ਹੇਠ ਸ਼ਰੇਆਮ ਕਰ ਰਹੇ ਹਨ। ਇਹੀ ਨਹੀਂ ਅਬਾਦੀ ਤੇ ਸਕੂਲਾਂ ਤੋਂ 100 ਮੀਟਰ ਦੀ ਦੂਰੀ ’ਤੇ ਵਿਸਫੋਟ ਹੋ ਰਹੇ ਹਨ। ਜੋ ਜੰਗਲ ਤੇ ਨਦੀ ਨਾਲੇ ਇਥੋਂ ਦੇ ਲੋਕਾਂ ਦੀ ਜੀਵਨ ਰੇਖਾ ਹਨ ਉਹਨਾਂ ’ਤੇ ਪੱਥਰ ਲਾਉਣ ਲਈ ਮਸ਼ੀਨਾਂ ਖੜ੍ਹੀਆਂ ਹਨ। ਵਿਸਫੋਟ ਲਈ ਇਥੇ ਅਸਾਨੀ ਨਾਲ ਬਰੂਦ ਕਦੀ ਵੀ ਮਿਲ ਜਾਂਦਾ ਹੈ। ਸੀਕਰ ਜ਼ਿਲੇ ਦੇ ਪੁਲਸ ਮੁਖੀ ਵਿਕਾਸ ਕੁਮਾਰ ਕਹਿੰਦੇ ਹਨ ਕਿ ਨੀਮ ਦਾ ਥਾਣਾ ਅਤੇ ਝੁਨਝਨੂ ’ਚ ਖੁਦਾਈ ਵਧਾਉਣ ਦਾ ਮੁੱਖ ਕਾਰਨ ਇਹ ਹੈ ਕਿ ਹਰਿਆਣੇ ’ਚ ਖੁਦਾਈ ’ਤੇ ਰੋਕ ਲੱਗ ਗਈ ਹੈ। ਜਿਆਦਾਤਰ ਖਾਣ ਮਾਲਕਾਂ ਨੇ ਰਾਜਸਥਾਨ ਦਾ ਰੁੱਖ ਕਰ ਲਿਆ। ਦੂਜਾ ਖੁਦਾਈ ਪਹਿਲੇ ਦੇ ਮੁਕਾਬਲੇ ਵੱਧ ਕਫਾਇਤੀ ਹੋ ਗਈ ਹੈ ਅਤੇ ਤੀਜਾ ਇਸ ਦੀ ਮੰਗ ਵੀ ਬਹੁਤ ਹੈ। ਇਸ ਲਈ ਲੀਜ ਲੈਣ ਵਾਲਿਆਂ ਦੀ ਭੀੜ ਵੱਧ ਰਹੀ ਹੈ। ਉਹਨਾਂ ਨੇ ਮੰਨਿਆ ਕਿ ਪਟਾ ਮਿਲਦਾ ਤਾਂ ਹੈ ਘੱਟ ਜ਼ਮੀਨ ਦਾ ਪਰ ਜਮੀਨ ਹੜੱਪ ਕੇ ਖੁਦਾਈ ਵੱਧ ਜ਼ਮੀਨ ’ਤੇ ਸ਼ੁਰੂ ਕਰ ਦਿੱਤੀ ਜਾਂਦੀ ਹੈ। ਉਤਰੀ ਰਾਜਸਥਾਨ ਦੇ ਸੀਕਰ ਜਿਲੇ ਦੇ ਨੀਮ ਦਾ ਥਾਣਾ ’ਚ ਖੁਦਾਈ ਮਾਫੀਆ ਤੋਂ ਲੋਕ ਬੁਰੀ ਤਰਾਂ ਦੁਖੀ ਹਨ। ਇਹਨਾਂ ਖਿਲਾਫ ਲੜਾਈ ਲੜ ਰਹੇ ਸਥਾਨਕ ਮਨੁੱਖੀ ਅਧਿਕਾਰ ਵਰਕਰ ਕੈਲਾਸ਼ ਮੀਨਾ ਕਹਿੰਦੇ ਹਨ ਕਿ ਬਹੁਤੇ ਲੋਕ ਖੁਦਾਈ ਮਾਫੀਆ ਖਿਲਾਫ ਖੁੱਲ੍ਹੀ ਹਮਾਇਤ ਦੇਣ ਲਈ ਤਿਆਰ ਨਹੀਂ ਕਿਉਂਕਿ ਉਹ ਡਰਦੇ ਹਨ। ਕੈਲਾਸ਼ ਮੀਨਾ ਦੱਸਦੇ ਹਨ ਕਿ ਕੁਝ ਲੋਕ ਇਕਜੁੱਟ ਹੋ ਕੇ ਵੀ ਜਾਂਦੇ ਹਨ ਤਾਂ ਖੁਦਾਈ ਮਾਫੀਆ ਉਹਨਾਂ ਦੇ ਬੱਚਿਆਂ ਨੂੰ ਮਜਦੂਰੀ ’ਤੇ ਰੱਖਕੇ ਅਤੇ ਅਯਾਸ਼ੀ ਲਈ ਰੁਪਏ ਦੇ ਕੇ ਉਹਨਾਂ ਦਾ ਮੂੰਹ ਬੰਦ ਕਰ ਦਿੰਦੇ ਹਨ। ਨੀਮ ਦੇ ਥਾਣੇ ਤੋਂ ਬਾਲੇਸ਼ਵਰ ਵੱਲ ਜਾਂਦੇ ਹੋਇਆਂ ਖੇਤ ਵਿੱਚ ਕੰਮ ਕਰ ਰਹੇ ਓਮ ਪ੍ਰਕਾਸ਼ ਸੁਆਮੀ ਨੇ ਦਸਿਆ ਕਿ ਉਹਨਾਂ ਦੇ ਖੇਤਾਂ ਤੋਂ ਸਿਰਫ 100 ਮੀਟਰ ਦੀ ਦੂਰੀ ’ਤੇ ਖੁਦਾਈ ਚਲਦੀ ਹੈ। ਉਹਨਾਂ ਨੇ ਚਾਰ ਮਹੀਨੇ ਪਹਿਲਾਂ ਖੇਤ ’ਚ ਢਾਈ ਲੱਖ ਰੁਪਏ ਦਾ ਖੂਹ ਖੁਦਵਾਇਆ ਪਰ ਪਾਣੀ ਪੀਣ ਲਾਇਕ ਨਹੀਂ ਰਿਹਾ। ਓਮ ਪ੍ਰਕਾਸ ਵਿਸਫੋਟ ਸਮੇਂ ਖੇਤਾਂ ’ਚ ਪੱਥਰ ਆਉਣ ਕਾਰਨ ਪ੍ਰੇਸ਼ਾਨ ਸੀ। ਉਹ ਕਹਿੰਦੇ ਹਨ ਕਿ ਵਿਸਫੋਟ

ਸਮੇਂ ਉਹਨਾਂ ਦਾ ਮਕਾਨ ਭੂਚਾਲ ਵਾਗੂੰ ਕੰਬਦਾ ਹੈ ਅਤੇ ਰਾਤ ਨੂੰ ਨੀਂਦ ਤਾਂ ਆ ਹੀ ਨਹੀਂ ਸਕਦੀ ਕਿਉਂਕਿ ਸਿਰ 'ਤੇ ਵੱਡੀਆਂ ਵੱਡੀਆਂ ਮਸ਼ੀਨਾਂ ਚਲ ਰਹੀਆਂ ਹੁੰਦੀਆਂ ਹਨ। ਸਥਾਨਕ ਨਿਵਾਸੀ ਪ੍ਰਸ਼ੋਤਮ ਗਿਰੀ ਕਹਿੰਦੇ ਹਨ ਕਿ ਪੱਥਰ ਲਗਣ ਕਰਕੇ ਇਲਾਕੇ 'ਚ ਕਈ ਜਵਾਨਾਂ ਦੀ ਮੌਤ ਹੋ ਚੁੱਕੀ ਹੈ। ਬਾਲੇਕਸ਼ਰ ਤੋਂ ਅੱਗੇ ਪਾਟਾਨ ਜਾਓ ਤਾਂ ਸਕੂਲ ਤੋਂ 100 ਮੀਟਰ ਦੀ ਦੂਰੀ 'ਤੇ ਲਗਾਤਾਰ ਖੁਦਾਈ ਕਾਰਜ ਚਲ ਰਿਹਾ ਹੈ। ਟ੍ਰੱਕਾਂ 'ਚ ਪੱਥਰ ਲੱਦੇ ਹੋਏ ਹਨ। ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਪ੍ਰੋਜੈਕਟ ਤਹਿਤ ਬਣੀਆਂ ਸੜਕਾਂ ਮਹੀਨੇ ਭਰ 'ਚ ਟੁੱਟ ਗਈਆਂ। ਆਏ ਦਿਨ ਟਰੱਕ ਧਸਣ ਦੀਆਂ ਘਟਨਾਵਾਂ ਹੁੰਦੀਆਂ ਹਨ। ਜਿਸ ਨਾਲ ਪੂਰਾ ਦਿਨ ਜਾਮ ਰਹਿੰਦਾ ਹੈ। ਅਬਦੁਲ ਰਹਿਮਾਨ ਬਨਾਮ ਸਟੇਟ ਆਫ ਰਾਜਸਥਾਨ 2003 ਮੁਕੱਦਮੇ 'ਚ ਰਾਜਸਥਾਨ ਹਾਈਕੋਰਟ ਨੇ ਸਪਸ਼ਟ ਆਦੇਸ਼ ਦਿੱਤੇ ਹਨ। ਜਲ ਨਿਕਾਸੀ ਦੀਆਂ ਨਾਲੀਆਂ, ਡ੍ਰੇਨੇਜ, ਚੈਨਲ, ਕੁਦਰਤੀ ਨਾਲੇ ਨਦੀਆਂ ਤੇ ਸਹਾਇਕ ਨਦੀਆਂ ਨੂੰ ਸਰਕਾਰੀ ਅਦਾਰੇ ਐਲਾਨਿਆ ਜਾਵੇ। ਇਸ ਅਦਾਲਤੀ ਫੈਸਲੇ ਨੂੰ ਰੱਦ ਕਰਦੇ ਹੋਇਆਂ ਇਥੋਂ ਦੀਆਂ ਨਦੀਆਂ ਤੇ ਨਾਲਿਆਂ 'ਤੇ ਹੀ ਖੁਦਾਈ ਦਾ ਕੰਮ ਚੱਲ ਰਿਹਾ ਹੈ। ਕਾਸਾ ਨਦੀ ਤੇ ਬਣਿਆ ਚੈੱਕ ਡੈਮ ਤੋੜ ਦਿੱਤਾ ਗਿਆ ਹੈ ਅਤੇ ਪਾਟਨ ਬੰਨ੍ਹ ਦੇ ਆਸ ਪਾਸ ਖੁਦਾਈ ਕਾਰਜ ਜਾਰੀ ਹੈ। ਪੰਜਾਹ ਮੀਟਰ ਲੰਬਾ ਸੁਰਾਖ ਕਰਨ ਪਿਛੋਂ ਉਸ ਵਿਚ 30 ਗੱਟੇ ਵਿਸਫੋਟਿਕ ਸਮੱਗਰੀ ਰਾਹੀਂ ਵਿਸਫੋਟ ਕੀਤਾ ਜਾਂਦਾ ਹੈ। ਸੋਤਾ ਨਦੀ 'ਤੇ ਪੰਪ ਲਾ ਕੇ ਉਹਨਾਂ ਦੇ ਪਾਣੀ 'ਚੋਂ ਰੇਤ ਕੱਢ ਕੇ ਟਰੱਕਾਂ 'ਚ ਲੱਦੀ ਜਾ ਰਹੀ ਹੈ। ਸਾਲ 2005 'ਚ ਕੈਲਾਸ ਮੀਣਾ ਨੇ ਖਣਨ ਮਾਫੀਆ ਖਿਲਾਫ ਰਾਜਸਥਾਨ ਹਾਈਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ। ਮਾਰਚ 2010 'ਚ ਕੋਰਟ ਨੇ ਫੈਸਲਾ ਕਿੱਤਾ ਕਿ ਨਜਾਇਜ਼ ਖੁਦਾਈ 'ਤੇ ਰੋਕ ਲਾਈ ਜਾਵੇ। ਕੈਲਾਸ਼ ਦੱਸਦੇ ਹਨ ਕਿ ਪ੍ਰਸਾਸ਼ਨ ਤੇ ਖੁਦਾਈ 'ਤੇ ਮਾਫੀਆ ਦੀ ਦਲੀਲ ਹੈ ਕਿ ਕੋਰਟ ਨੇ ਤਾਂ ਫਲਾਣੀ ਥਾਂ ਤੋਂ ਫੈਸਲਾ ਦਿੱਤਾ ਹੈ, ਉਥੇ ਖੁਦਾਈ ਦਾ ਕੰਮ ਹੋ ਹੀ ਨਹੀਂ ਰਿਹਾ। ਕੈਲਾਸ਼ ਅਨੁਸਾਰ ਸਰਕਾਰ ਤੇ ਪ੍ਰਸਾਸ਼ਨ ਇਸ ਹੱਦ ਤਕ ਖੁਦਾਈ ਮਾਫੀਆਂ ਦੇ ਹੱਥਾਂ ਦੀ ਕਠਪੁਤਲੀ ਹੈ ਕਿ ਜੇ ਉਹਨਾਂ ਨੂੰ ਕਹੋ ਕਿ ਖੁਦਾਈ ਦਾ ਕੰਮ ਸਕੂਲ ਤੇ ਅਬਾਦੀ ਤੋਂ ਹਜ਼ਾਰ ਫੁੱਟ ਦੂਰ ਕੀਤਾ ਜਾਵੇ ਤਾਂ ਕਹਿੰਦੇ ਹਨ ਕਿ ਖੁਦਾਈ ਤਾਂ ਦੋ ਹਜ਼ਾਰ ਫੁੱਟ ਦੂਰ ਹੋ ਰਹੀ ਹੈ। ਮੀਣਾ ਦਾ ਕਹਿਣਾ ਹੈ ਕਿ ਸਰਕਾਰੀ ਅਮਲਾ ਇਹ ਵੇਖਣ ਨੂੰ ਤਿਆਰ ਨਹੀਂ ਕਿ ਖੁਦਾਈ ਦੀ ਦੂਰੀ ਹਜ਼ਾਰ ਮੀਟਰ ਨਹੀਂ ਬਲਕਿ 100 ਮੀਟਰ ਹੈ। ਪਾਟਨ ਦੇ ਨਾਲ ਲੱਗਦਾ ਹੈ ਹਰਿਆਣੇ ਦਾ ਜ਼ਿਲਾ ਮਹੇਂਦਰਗੜ। ਪੱਥਰ ਲੱਦੇ ਟਰੱਕ ਪਾਟਨ ਪੁਲਸ ਚੌਂਕੀ ਦੇ ਸਾਹਮਣੇ ਤੋਂ ਲੰਘਦੇ ਹੋਏ ਮਹੇਂਦਰਗੜ 'ਚ ਦਾਖਲ ਹੋ ਸਕਦੇ ਹਨ। ਪੁਲਸ ਕੋਲ ਬਹਾਨਾ ਹੈ ਕਿ ਹਰਿਆਣੇ 'ਚ ਉਹ ਕੁਝ ਨਹੀਂ ਕਰ ਸਕਦੀ। ਨੀਮ ਦੇ ਥਾਣੇ ਤੋਂ ਟੱਡਾ ਵੱਲ ਜਾਂਦੇ ਹੋਇਆਂ ਦਿਸਦਾ ਹੈ ਕਿ ਹਾਲਤ ਹੋਰ ਵੀ ਬਦਤਰ ਹੈ। ਕਿਉਂਕਿ ਇਥੋਂ ਦੇ ਪਿੰਡ ਮੁੱਖ ਮਾਰਗ ਦੇ ਅੰਦਰ ਵੱਲ ਹਨ। ਇਸ ਲਈ ਲੁੱਟ ਜ਼ਿਆਦਾ ਹੈ। ਰਾਮਲਾਅਸ ਪਿੰਡ ਦਾ ਸੀਤਾ ਰਾਮ ਕਹਿੰਦਾ ਹੈ "ਦਿੱਕਤ ਬਹੁਤ ਹੈ, ਮੇਰੀ ਢਾਣੀ ਕੋਲ ਵਿਸਫੋਟ ਹੁੰਦੇ ਹਨ, ਢਾਣੀ ਮੈਂ ਛੱਡ ਨਹੀਂ ਸਕਦਾ ਕਿਉਂਕਿ ਇਥੇ ਪੱਥਰ ਡਿਗਦੇ ਹਨ" ਸੀਤਾ ਰਾਮ ਦੇ ਖੇਤਾਂ ਵਿਚਕਾਰ ਕੁਝ ਸਰਕਾਰੀ ਜ਼ਮੀਨ ਹੈ। ਇਹ ਦੱਸਦੇ ਹਨ ਕਿ ਕ੍ਰੈਸ਼ਰ ਵਾਲਿਆਂ ਦਾ ਕਹਿਣਾ ਹੈ ਕਿ ਉਹ ਪੇਸੇ ਲੈ ਕੇ ਇਹ ਜਮੀਨ ਖਾਲੀ ਕਰ ਦੇਣ। ਪਰ ਸੀਤਾ ਰਾਮ ਕਹਿੰਦੇ ਹਨ 15

ਵਿਘਿਆਂ ਦੇ ਦੋ ਲੱਖ ਰੁਪਏ ਲੈ ਕੇ ਮੈ ਜਾਊਂ ਕਿੱਥੇ। ਸੀਤਾ ਰਾਮ ਨੇ ਆਪਣੀ ਜ਼ਮੀਨ ਬਚਾਉਣ ਲਈ ਕੇਸ ਕਰ ਰੱਖਿਆ ਹੈ। ਪਰ ਬੱਕਰੀਆਂ ਚਰਾਉਣ ਵਾਲਾ ਸਾਧਾਰਨ ਵਿਅਕਤੀ ਖੁਦਾਈ ਮਾਫੀਆ ਦੇ ਅੱਗੇ ਕਦੋਂ ਤਕ ਟਿਕ ਸਕਦਾ ਹੈ? ਸਰਕਾਰੀ ਸਕੂਲ ਦੇ ਇਕ ਅਧਿਆਪਕ ਅਨੁਸਾਰ ਅਵਿਨਾਸ਼ੀ ਪਿੰਡ ਦੇ ਕੋਲ 1200 ਵਿਘੇ 'ਚ ਮਾਈਨਿੰਗ ਹੱਬ ਬਣਨ ਜਾ ਰਿਹਾ ਹੈ ਪਰ ਜੇ ਇਹ ਸ਼ੁਰੂ ਹੋ ਗਿਆ ਤਾਂ ਇਸ ਇਲਾਕੇ ਦੀ ਬਰਬਾਦੀ ਤਹਿ ਹੈ ਕਿਉਂਕਿ ਫੇਰ ਇਥੇ ਹੋਰ ਕਰੈਸ਼ਰ ਲੱਗਣਗੇ। ਹਰ ਕ੍ਰੈਸ਼ਰ ਤੇ 20-30 ਹਥਿਆਰ ਬੰਦ ਲੋਕ ਰਹਿੰਦੇ ਹਨ। ਪਿੰਡ ਵਾਲਿਆਂ ਵਲੋਂ ਖੁਦਾਈ ਦਾ ਵਿਰੋਧ ਕਰਨ 'ਤੇ ਇਹ ਲੋਕ ਹਜ਼ਾਰਾਂ ਦੀ ਗਿਣਤੀ 'ਚ ਇਕੱਠੇ ਹੋ ਕੇ ਆ ਜਾਂਦੇ ਹਨ। ਇਹਨਾਂ ਦੀ ਵਜਾਹ ਨਾਲ ਇਥੋਂ ਦੀਆਂ ਧੀਆਂ ਭੈਣਾਂ ਦਾ ਘਰੋਂ ਨਿਕਲਣਾ ਵੀ ਦੁੱਭਰ ਹੋ ਗਿਆ ਹੈ ਇਕ ਪਿੰਡ ਵਾਸੀ ਨੇ ਦਸਿਆ ਕਿ ਕਾਲਾ ਕੋਟਾ ਕ੍ਰੈਸ਼ਰ 'ਚ ਕੁਝ ਦਿਨ ਪਹਿਲਾਂ ਸਾਰੀ ਰਾਤ ਇਕ ਔਰਤ ਚੀਖਦੀ ਰਹੀ ਪਰ ਕੋਈ ਉਸ ਨੂੰ ਬਚਾਉਣ ਨਹੀਂ ਗਿਆ। ਸੁਆਲ ਇਹ ਹੈ ਕਿ ਨਜਾਇਜ਼ ਖੁਦਾਈ ਲਈ ਵਿਸਫੋਟਿਕ ਕਿਥੋਂ ਆਉਂਦਾ ਹੈ। ਸੀਕਰ 'ਚ ਸਿਰਫ ਪੰਜ ਲੋਕਾਂ ਨੂੰ ਫਿਸਫੋਟਿਕ ਵਰਤਣ ਦਾ ਲਾਇਸੰਸ ਦਿੱਤਾ ਗਿਆ ਹੈ। ਪਰ ਘਟੋ ਘੱਟ ਇਕ ਹਜ਼ਾਰ ਕ੍ਰੈਸ਼ਰ ਵਿਸਫੋਟਿਕ ਦੀ ਵਰਤੋਂ ਕਰ ਰਹੇ ਹਨ। ਇਸ ਦੇ ਉਲਟ ਮੀਣਾ ਨੇ ਇਹ ਜਾਣਕਾਰੀ ਖਾਣ ਸੁਰੱਖਿਆ ਡਾਇਰੈਕਟਰ ਦਫਤਰੋਂ ਮੰਗੀ ਤਾਂ ਜਵਾਬ ਊਲ-ਜਲੂਲ ਹੀ ਮਿਲਿਆ। ਸਥਾਨਕ ਅਖਬਾਰਾਂ ਨੇ ਪੁਲਸ ਦੇ ਹਵਾਲੇ ਨਾਲ ਛਾਪਿਆ ਹੈ ਕਿ ਪਿਛੇ ਹੀ ਮੱਧਪ੍ਰਦੇਸ਼ ਤੋਂ ਗਾਇਬ ਬਰੂਦ ਦੇ 164 ਟਰੱਕਾਂ ਦੇ ਤਾਰ ਰਾਜਸਥਾਨ ਨਾਲ ਜੁੜਦੇ ਹਨ। ਇਹਨਾਂ 'ਚੋਂ 30 ਟਰੱਕ ਇਸ ਖੇਤਰ 'ਚ ਕੋਟਪੁਤਲੀ ਦੀਆਂ ਦੋ ਫਾਰਮਾ ਨੂੰ ਦਿੱਤੇ ਗਏ ਸਨ। ਪਿੰਡ ਵਾਸੀਆਂ ਤੇ ਖਾਣ ਮਾਲਕਾਂ ਦੋਨੋ ਦੀਆਂ ਵੱਖ ਵੱਖ ਸ਼ਕਾਇਤਾਂ ਹਨ। ਨਿਪਟਾਰੇ ਲਈ ਰੈਵਨਿਊ ਪੁਲਸ ਸੇਲਟੈਕਸ ਵਿਭਾਗ ਤੇ ਸਥਾਨਕ ਪ੍ਰਸਾਸ਼ਨ ਅਤੇ ਖੁਦਾਈ ਡਾਈਰੈਕਟੋਰੇਟ ਦੇ ਅਧਿਕਾਰੀਆਂ ਦੀ ਕਮੇਟੀ ਬਣਾਈ ਗਈ ਹੈ। ਜੋ ਮਿਲਕੇ ਖੁਦਾਈ ਸਬੰਧੀ ਸਮੱਸਿਆ ਨੂੰ ਸੁਲਝਾਵੇਗੀ। ਇਲਾਕੇ ਦੇ ਸਸਕ ਉਸ਼ਣ ਕਟੀ ਬੰਦੀ ਵਣਾਂ 'ਚ ਖੇਜੜੀ, ਨਿੰਮ, ਬਬੂਲ, ਕੁਮਠਾ ਤੇ ਬੈਰ ਰੋਂਝ ਤੇ ਵਲਾਇਤੀ ਬਬੂਲ ਦੇ ਦਰੱਖਤ ਹਨ। ਇਥੋਂ ਦੇ ਲੋਕਾਂ ਦੀ ਆਮਦਨ ਦਾ ਮੁੱਖ ਸਾਧਨ ਬੱਕਰੀ ਪਾਲਣਾ ਹੈ। ਇਨਾ ਦੇ ਜਾਨਵਰ ਜੰਗਲਾਂ 'ਚ ਚਰਦੇ ਹਨ। ਪਰ ਇਥੋਂ ਦੇ ਜੰਗਲ ਤੇ ਪਾਣੀ ਖਤਮ ਹੋ ਜਾਵੇਗਾ।

# ਕਿਉਂ ਹਨ ਜਾਨਲੇਵਾ ਇਮਾਰਤਾਂ ਦਿੱਲੀ ਦੀਆਂ?

ਲੱਛਮੀ ਨਗਰ ਇਲਾਕੇ ਦੇ ਲਲਿਤਾ ਪਾਰਕ 'ਚ ਇਕ ਇਮਾਰਤ ਡਿੱਗੀ। 70 ਬੇਕਸੂਰ ਲੋਕ ਮਾਰੇ ਗਏ ਅਤੇ 80 ਹਸਪਤਾਲ 'ਚ ਜ਼ਿੰਦਗੀ ਮੌਤ ਨਾਲ ਜੂਝ ਰਹੇ ਹਨ। ਹਾਦਸਾ ਹੋਇਆ ਖਬਰ ਬਣੀ ਅਤੇ 'ਜੁਆਬਦੇਹ ਤੇ ਜ਼ਿੰਮੇਵਾਰ' ਪ੍ਰਸ਼ਾਸ਼ਨ ਨੇ ਸ਼ੁਰੂ ਕਰ ਦਿੱਤੀ ਰਸਮੀ ਕਰਵਾਈ। ਕਿਸੇ ਵੀ ਘਟਨਾ ਪਿੱਛੋਂ ਹੀ ਸਰਕਾਰੀ ਹਮਲਾ ਹਰਕਤ ਵਿਚ ਆਉਂਦਾ ਹੈ, ਮੀਟਿੰਗਾਂ ਦਾ ਦੌਰ ਸ਼ੁਰੂ ਹੁੰਦਾ ਹੈ ਅਤੇ ਫਿਰ ਜਾਂਚ ਸੰਮਤੀ ਬਣਾ ਦਿੱਤੀ ਜਾਂਦੀ ਹੈ। ਜੋ ਕਈ-ਕਈ ਸਾਲ ਜਾਂਚ ਕਰਦੀ ਰਹਿੰਦੀ ਹੈ। ਪਰ ਰਿਪੋਰਟ ਤਿਆਰ ਨਹੀਂ ਹੁੰਦੀ ਤਦ ਤਕ ਕਿਧਰੇ ਹੋਰ ਹਾਦਸਾ ਹੋ ਜਾਂਦਾ ਹੈ ਅਤੇ ਬੇਕਸੂਰ ਲੋਕ ਮਾਰੇ ਜਾਂਦੇ ਹਨ। ਅਜਿਹਾ ਨਹੀਂ ਹੈ ਕਿ ਦਿੱਲੀ ਸਰਕਾਰ ਤੇ ਦਿੱਲੀ ਸਰਕਾਰ ਨੂੰ ਕੋਈ ਗਿਆਨ ਹੀ ਨਹੀਂ ਸੀ ਕਿ ਹਾਲਤ ਏਨੀ ਭਿਆਨਕ ਹੋ ਚੁੱਕੀ ਹੈ। ਸਰਕਾਰ ਦੀਆਂ ਅੱਖਾਂ ਉਦੋਂ ਖੁੱਲ ਜਾਣੀਆਂ ਚਾਹੀਦੀਆਂ ਸਨ। ਜਦ ਰਾਸ਼ਟਰਮੰਡਲ ਖੇਡ ਪਿੰਡ ਦੀਆਂ ਇਮਾਰਤਾਂ ਦੇ ਬੇਸਮੈਂਟ 'ਚ ਪਾਣੀ ਭਰ ਚੁਕਿਆ ਸੀ। ਜੋ ਸਾਰੇ ਯਤਨਾਂ ਦੇ ਬਾਵਜੂਦ ਵੀ ਨਹੀਂ ਨਿਕਲ ਸਕਿਆ ਸੀ। ਇਸ ਸਾਲ ਭਾਰੀ ਮੀਂਹ ਕਾਰਨ ਜਮਨਾ ਦੇ ਪਾਣੀ ਦਾ ਪੱਧਰ ਏਨਾ ਉਪਰ ਆ ਗਿਆ ਹੈ ਕਿ ਨਦੀ ਦੇ ਕੰਢੇ ਦੇ ਇਲਾਕਿਆਂ 'ਚ ਲਗਭਗ ਦਲਦਲ ਫੈਲ ਚੁਕੀ ਹੈ। ਦਿਲੀ 'ਚ ਸੱਤਾ ਦੇ ਕਈ ਕੇਂਦਰਾਂ ਦਾ ਬਹਾਨਾ ਬਣਾ ਕੇ ਸਰਕਾਰੀ ਏਜੰਸੀਆਂ ਇਕ ਦੂਜੇ 'ਤੇ ਦੋਸ਼ ਲਾਉਂਦੀਆਂ ਹੋਈਆਂ ਆਮ ਲੋਕਾਂ ਦੀਆਂ ਜਿੰਦਗੀਆਂ ਨਾਲ ਖੇਡ ਰਹੀਆਂ ਹਨ। ਅਧਿਕਾਰੀ ਆਪਣੀਆਂ ਜੇਬਾਂ ਭਰ ਰਹੇ ਹਨ। ਅਮ੍ਰਿਤਪਾਲ ਸਿੰਘ ਵਰਗੇ ਹਜ਼ਾਰਾਂ ਲੋਕ ਇਸੇ ਦਿੱਲੀ 'ਚ ਮੌਜੂਦ ਹਨ ਜੋ ਨਗਰ ਨਿਗਮ ਡੀ ਡੀ ਏ ਤੇ ਦਿੱਲੀ ਪੁਲਸ ਦੇ ਅਧਿਕਾਰੀਆਂ ਦੀ ਮੁੱਠੀ ਗਰਮ ਕਰਕੇ ਸਾਰੇ ਕਾਇਦੇ-ਕਨੂੰਨਾਂ ਨੂੰ ਜੁੱਤੀ ਦੀ ਨੋਕ 'ਤੇ ਰਖਦੇ ਹਨ ਅਤੇ ਇਸ ਤਰਾਂ ਦੀਆਂ ਇਮਾਰਤਾਂ ਖੜ੍ਹੀਆਂ ਕਰਦੇ ਹਨ। ਸਾਲ 2003 'ਚ ਗੈਰ-ਸਰਕਾਰੀ ਸੰਗਠਨ ਨੇ ਦਿੱਲੀ 'ਚ ਹੋ ਰਹੀ ਗੈਰ-ਕਨੂੰਨੀ ਉਸਾਰੀ ਖਿਲਾਫ ਮੁਹਿੰਮ ਸ਼ੁਰੂ ਕੀਤੀ ਸੀ ਅਤੇ ਅਦਾਲਤ ਦਾ ਬੂਹਾ ਖੜਕਾਇਆ ਸੀ। ਜਿਸ ਪਿਛੋਂ ਹਾਈਕੋਰਟ ਨੇ ਮਹਰੌਲੀ ਗੁੜਗਾਵਾਂ ਰੋਡ 'ਤੇ ਨਜਾਇਜ ਉਸਾਰੀ ਢਾਹੁਣ ਦਾ ਹੁਕਮ ਦਿੱਤਾ ਸੀ ਪਰ ਕੋਈ ਕਾਰਵਾਈ ਕੀਤੇ ਬਗੈਰ ਨਗਰ ਨਿਗਮ ਨੇ ਗਲਤ ਹਲਫਨਾਮਾ ਅਦਾਲਤ 'ਚ ਦਾਖਲ ਕਰ ਦਿੱਤਾ ਜਿਸ ਦਾ ਪਤਾ ਦਿੱਲੀ ਹਾਈਕੋਰਟ ਨੂੰ 2006 'ਚ ਲੱਗਿਆ। ਪੂਰੀ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਹਾਈਕੋਰਟ ਨੇ ਸਮੁੱਚੀ ਦਿੱਲੀ 'ਚ ਹੋਈ ਨਜਾਇਜ਼ ਉਸਾਰੀ ਨੂੰ ਢਾਹੁਣ ਦਾ ਹੁਕਮ ਨਿਗਮ ਨੂੰ ਦੇ ਦਿੱਤਾ ਇਸ 'ਤੇ ਨਿਗਮ ਨੇ ਨਜਾਇਜ਼ ਬਣੇ ਕਰੀਬ 800 ਮਕਾਨਾਂ ਨੂੰ ਸੀਲ ਕਰਕੇ ਢਾਹੁਣੇ ਸ਼ੁਰੂ ਕਰ ਦਿੱਤੇ। ਪਰ ਭਾਜਪਾ ਨੇ ਇਸ ਮੁੱਦੇ ਨੂੰ ਰਾਜਸੀ ਰੰਗ ਦੇਣਾ ਸ਼ੁਰੂ ਕਰ ਦਿੱਤਾ। ਮਾਮਲੇ ਦੇ ਤੂਲ ਫੜਦਿਆਂ ਵੇਖ ਕੇਂਦਰ ਸਰਕਾਰ ਨੇ ਦਿੱਲੀ ਵਿਸ਼ੇਸ਼ ਵਿਵਸਥਾ ਕਨੂੰਨ 2006 ਨਾਂ ਹੇਠ ਕਨੂੰਨ ਬਣਾ ਕੇ ਨਜਾਇਜ਼ ਉਸਾਰੀਆਂ ਨੂੰ ਸੁਰੱਖਿਆ ਮੁਹੱਈਆ ਕਰ ਦਿੱਤੀ ਹਾਲਾਂਕਿ ਕਨੂੰਨ ਬਣਾਉਣ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ। ਪਰ ਉਸ ਵੇਲੇ ਦੇ ਚੀਫ ਜਸਟਿਸ ਵਾਈ ਕੇ ਸਭਰਵਾਲ ਨੇ ਕੇਂਦਰ ਸਰਕਾਰ ਨੂੰ ਹੀ ਡਾਂਟ ਮਾਰੀ ਸੀ। ਕਿ ਕਨੂੰਨ ਗਲਤ

ਚੀਜ ਨੂੰ ਸਹੀ ਕਰਾਰ ਕਿਵੇਂ ਦੇ ਸਕਦਾ ਹੈ। ਉਕਤ ਕਾਨੂੰਨ ਨੂੰ 2006 'ਚ ਲਾਗੂ ਕਰ ਦਿੱਤਾ ਗਿਆ ਜਿਸ ਦੇ ਤਹਿਤ ਇਕ ਸਾਲ ਲਈ ਦਸੰਬਰ 2005 ਤੋਂ ਪਹਿਲਾਂ ਦੀ ਉਸਾਰੀ ਖਿਲਾਫ ਕਾਰਵਾਈ 'ਤੇ ਰੋਕ ਲਾ ਦਿੱਤੀ ਸੀ। ਪਤਾ ਹੋਵੇ ਕਿ ਲੱਛਮੀ ਨਗਰ ਉਹਨਾਂ 567 ਕਲੋਨੀਆਂ ਵਿਚੋਂ ਹੈ ਜਿਹਨਾਂ ਨੂੰ ਦਿੱਲੀ ਸਰਕਾਰ ਨੇ ਨਜਾਇਜ਼ ਹੋਣ ਦੇ ਬਾਵਜੂਦ ਨਿਯਮਤ ਕਰ ਦਿੱਤਾ ਸੀ। ਅਜੇ 1639 ਨਜਾਇਜ ਕਲੌਨੀਆਂ ਹੋਰ ਹਨ ਜੋ ਨਿਯਮਤ ਹੋਣ ਦੀ ਉਡੀਕ ਕਰ ਰਹੀਆਂ ਹਨ। ਦਿੱਲੀ 'ਚ ਬਾਹਰ ਤੋਂ ਆ ਕੇ ਵਸੇ ਲੋਕਾਂ ਦੀ ਖਾਸੀ ਅਬਾਦੀ ਹੈ ਜੋ ਵਿਧਾਨ ਸਭ ਤੇ ਲੋਕ ਸਭਾ ਦੀਆਂ ਚੋਣਾਂ ਦੌਰਾਨ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਲਈ ਕੋਈ ਵੀ ਰਾਜਸੀ ਪਾਰਟੀ ਉਹਨਾਂ ਨਾਲ ਪੰਗਾ ਨਹੀਂ ਲੈਣਾ ਚਾਹੁੰਦੀ। ਵੈਸੇ ਇਸ ਅਬਾਦੀ ਦੀ ਜਾਨ ਦੀ ਪ੍ਰਵਾਹ ਕਿਸੇ ਨੂੰ ਵੀ ਨਹੀਂ ਹੈ। ਨਗਰ ਨਿਗਮ ਮੁਤਾਬਕ ਦਿੱਲੀ ਦੀਆਂ 30 ਲੱਖ ਜਾਇਦਾਦਾਂ 'ਚੋਂ ਸਿਰਫ 5589 ਹੀ ਨਜਾਇਜ਼ ਹਨ। 15 ਨਵੰਬਰ ਨੂੰ ਪੂਰਬੀ ਦਿੱਲੀ ਦੇ ਲਲਿਤਾ ਪਾਰਕ ਇਲਾਕੇ ਵਿੱਚ ਜਿਸ ਇਮਾਰਤ ਨੇ ਕਈ ਬੇਗੁਨਾਹਾਂ ਦੀ ਜਿੰਦਗੀ ਲੈ ਲਈ ਨਿਗਮ ਮੁਤਾਬਕ ਇਹ ਨਜਾਇਜ ਨਹੀਂ ਸਨ। ਜਮੀਨਦੋਖ ਇਮਾਰਤ ਵਿੱਚ ਸਾਲ 1971 'ਚ ਸਿਰਫ ਇਕ ਕਮਰਾ ਸੀ।

ਜਿਸ ਨੇ ਹੁਣ ਇਕ ਵਿਸ਼ਾਲ ਇਮਾਰਤ ਦਾ ਰੂਪ ਲੈ ਲਿਆ ਸੀ। ਲਲਿਤਾ ਪਾਰਕ ਦਾ ਹਾਦਸਾ ਹੋਵੇ ਜਾਂ ਪਾਲਮ 'ਚ ਇਮਾਰਤ ਦੇ ਝੁਕ ਜਾਣ ਦਾ ਜਾਂ ਫਿਰ ਪਿਛਲੇ ਮਹੀਨੇ ਪੂਰਬੀ ਦਿੱਲੀ ਦੇ ਉਸਮਾਨਪੁਰ 'ਚ ਇਮਾਰਤ ਡਿਗਣ ਦਾ। ਇਹਨਾਂ 'ਚੋਂ ਕਿਸੇ ਵੀ ਇਮਾਰਤ ਨੂੰ ਨਿਗਮ ਦੇ ਭਵਨ ਵਿਭਾਗ ਨੇ ਨਜਾਇਜ ਉਸਾਰੀ ਦੀ ਸੂਚੀ 'ਚ ਨਹੀਂ ਪਾਇਆ ਸੀ। ਇਹਨਾਂ ਸਾਰੀਆਂ ਇਮਾਰਤਾਂ ਦੀ ਕਹਾਣੀ ਖਾਸੀ ਹੈਰਾਨੀਜਨਕ ਹੈ। ਲਲਿਤਾ ਪਾਰਕ 'ਚ ਢਹੀ ਇਮਾਰਤ ਦਾ ਮਾਲਕ ਅਮ੍ਰਿਤਪਾਲ ਨਿਗਮ ਨੂੰ ਸਿਰਫ ਇਕ ਕਮਰੇ ਦਾ ਹੀ ਜਾਇਦਾਦ ਟੈਕਸ ਅਦਾ ਕਰਦਾ ਸੀ। ਇਸ ਇਮਾਰਤ 'ਚ ਕਦੋਂ-ਕਦੋਂ ਉਸਾਰੀ ਦਾ ਕੰਮ ਹੋਇਆ। ਇਸ ਦਾ ਕੋਈ ਵੀ ਰਿਕਾਰਡ ਕਾਰਪੋਰੇਸ਼ਨ ਕੋਲ ਨਹੀਂ ਹੈ। ਅਜਿਹਾ ਹੀ ਹਾਲ ਨਿਗਮ ਦੇ ਸਾਰੇ 12 ਜੋਨਾਂ ਦਾ ਹੈ। ਕਰੋਲ ਬਾਗ ਜੋਨ 'ਚ 437 ਨਜਾਇਜ ਜਾਇਦਾਦਾਂ ਹਨ ਇਸ ਤਰ੍ਹਾਂ ਸਦਰ-ਪਹਾੜਗੰਜ ਜੋਨ ਵਿਚ 243 ਸਿਟੀ ਜੋਨ 'ਚ 44 ਰੋਹਿਨੀ 'ਚ 393 ਸਾਹਦਰਾ-ਉਤਰੀ ਜੋਨ 'ਚ 387, ਸਾਊਥ ਜੋਨ 'ਚ 659, ਨਰੇਲਾ ਜੋਨ 'ਚ 490 ਸੈਂਟਰਲ ਜੋਨ 'ਚ 311 ਸ਼ਾਹਦਰਾ - ਦੱਖਣੀ ਜੋਨ 'ਚ 1016, ਨਫਜਗੜ 'ਚ 401, ਪੱਛਮੀ ਜੋਨ 'ਚ 1024 ਅਤੇ ਸਿਵਲ ਲਾਈਨਜ਼ ਜੋਨ 'ਚ 184 ਨਜਾਇਜ ਉਸਾਰੀਆਂ ਹਨ। ਸਰਕਾਰ ਦੀ ਸਰਵੇ ਦੀ ਰਸਮੀ ਕਾਰਵਾਈ ਸਿਰਫ ਲੱਛਮੀ ਨਰਾਇਣ ਇਲਾਕੇ 'ਚ ਹੋਈ ਕਿਉਂਕਿ ਹਾਦਸਾ ਉਥੇ ਹੀ ਹੋਇਆ। ਪਰ ਇਹ ਸ਼ਾਇਦ ਔਖਲਾ ਇਲਾਕੇ ਨੂੰ ਭੁੱਲ ਗਈ ਹੈ। ਜਿਥੇ ਨਜਾਇਜ਼ 'ਤੇ ਬੇਹਤਰੀਨ ਢੰਗ ਨਾਲ ਬਣੀਆਂ ਇਮਾਰਤਾਂ ਦੀ ਨੀਂਹ ਵੀ ਦਲਦਲ ਵਿਚ ਹੈ। ਜੋਗਾਬਾਈ ਐਕਸਟੈਨਸ਼ਨ, ਜਾਕਿਰਨਗਰ, ਬਟਲਾ ਹਾਊਸ, ਸੇਲਿੰਗ ਕਲੱਬ, ਧੋਬੀ ਘਾਟ, ਅਬੁਲ ਫਕਾਲ ਇੰਕਲੇਵ ਅਤੇ ਸ਼ਹੀਨ ਬਾਗ ਦੀਆਂ ਵੀ ਸੈਂਕੜੇ ਇਮਾਰਤਾਂ ਦੀ ਸਥਿਤੀ ਪੂਰਵੀ ਦਿੱਲੀ ਦੀਆਂ ਇਮਾਰਤਾਂ ਵਰਗੀ ਹੈ। ਸਰਕਾਰੀ ਏਜੰਸੀ ਚਾਹੇ ਡੀ ਡੀ ਏ ਹੋਵੇ, ਐਮ ਸੀ ਡੀ ਜਾਂ ਫਿਰ ਦਿੱਲੀ ਪੁਲਸ, ਇਹਨਾਂ ਸਾਰਿਆਂ ਦੀ ਨਜ਼ਰਾਂ ਕਿੰਨੀਆਂ ਭੈੜੀਆਂ ਹਨ ਜੇ ਕਿਸੇ ਨੇ ਅਜਮਾਉਣਾ ਹੋਵੇ ਤਾਂ ਆਪਣੇ ਘਰ

ਮੂਹਰੇ ਇਕ ਟਰੱਕ ਇੱਟਾਂ, ਬਜਰੀ ਤੇ ਰੇਤ ਸੁਟਵਾ ਕੇ ਦੇਖੋ, ਕੁਝ ਘੰਟਿਆਂ 'ਚ ਇਲਾਕੇ ਦੀ ਪੁਲਸ, ਨਿਗਮ ਦੇ ਇੰਜੀਨੀਅਰ ਉਥੇ ਪਹੁੰਚ ਜਾਣਗੇ ਆਪਣਾ ਹਿੱਸਾ ਲੈਣ ਲਈ। ਹਾਦਸੇ ਹੁੰਦੇ ਹਨ, ਨਿਰਦੋਸ਼ ਲੋਕ ਮਰਦੇ ਹਨ ਸਰਕਾਰੀ ਏਜੰਸੀਆਂ- ਇਕ ਦੂਜੇ 'ਤੇ ਦੋਸ਼ ਮੜ੍ਹਦੀਆਂ ਹਨ। ਜਾਂਚ ਤੇ ਕਾਰਵਾਈ ਦਾ ਐਲਾਨ ਕੀਤਾ ਜਾਂਦਾ ਹੈ ਤੇ ਇਸ ਤਰ੍ਹਾਂ ਕਰ ਦਿੱਤੀ ਜਾਂਦੀ ਹੈ ਰਸਮ ਦੀ ਪੂਰਤੀ। ਅੱਜ ਤਕ ਤਾਂ ਘੱਟੋ ਘੱਟ ਇਹੀ ਹੁੰਦਾ ਆਇਆ ਹੈ। ਲੱਗਦਾ ਨਹੀਂ ਕਿ ਲਲਿਤਾ ਪਾਰਕ ਇਮਾਰਤ ਹਾਦਸਾ ਦਿੱਲੀ ਲਈ ਸਬਕ ਬਣ ਸਕੇਗਾ। ਫਿਰ ਹਾਦਸਾ ਹੋਵੇਗਾ, ਦੋਸ਼ੀਆਂ ਖਿਲਾਫ਼ ਕਾਰਵਾਈ ਦਾ ਐਲਾਨ ਹੋਣਗੇ, ਫਿਰ ਹਾਲਤ ਬਦਲੇਗੀ, ਇਸ ਦਾ ਭਰੋਸਾ ਸ਼ਾਇਦ ਖ਼ੁਦ ਸਰਕਾਰ 'ਚ ਬੈਠੇ ਚੋਟੀ ਦੇ ਨੇਤਾਵਾਂ ਤੇ ਨੌਕਰਸ਼ਾਹਾਂ ਨੂੰ ਵੀ ਨਹੀਂ ਹੈ।

# ਯਮੁਨਾ ਐਕਸਪ੍ਰੈਸ-ਵੇ ਸਬੰਧੀ ਸੰਘਰਸ਼ ਸਹੀ ਅਗਵਾਈ ਦੀ ਲੋੜ

14 ਅਗਸਤ 2010 ਨੂੰ ਅਲੀਗੜ੍ਹ ਜ਼ਿਲ੍ਹੇ ’ਚ ਟੱਪਲ ਥਾਣੇ ਅਧੀਨ ਯਮੁਨਾ ਐਕਸਪ੍ਰੈਸ–ਵੇ (ਜਾਂ ਯਮੁਨਾ ਰਾਜ ਮਾਰਗ) ਦੇ ਲਾਗੇ ਹੋ ਕੇ ਜਿਕਰਪੁਰ ਪਿੰਡ ’ਚ ਬਣਨ ਵਾਲੇ ਮਾਡਲ ਸਿਟੀ ਲਈ ਹੜੱਪੀ ਜਾ ਰਹੀ ਖੇਤੀਯੋਗ ਜ਼ਮੀਨ ਖ਼ਿਲਾਫ਼ ਸੰਘਰਸ਼ਸ਼ੀਲ ਕਿਸਾਨਾਂ ਤੇ ਪੁਲਸ ਵਿਚਕਾਰ ਹੋਈ ਝੜੱਪ ’ਚ ਪੰਜ ਕਿਸਾਨਾਂ ਦੀ ਮੌਤ ਹੋ ਗਈ ਤੇ 15 ਤੋਂ ਵਧ ਜ਼ਖ਼ਮੀ ਹੋ ਗਏ। ਉਤਰ ਪ੍ਰਦੇਸ਼ ਖੇਤੀ ਜ਼ਮੀਨ ਬਚਾਓ ਮੋਰਚਾ ਦੇ ਨੁਮਾਇੰਦੇ ਕਿਸਾਨਾਂ ਨੂੰ ਮਿਲਣ 27 ਅਗਸਤ ਜਿਕਰਪੁਰ ਪਹੁੰਚੇ। ਅੰਦੋਲਨ ਦੀ ਰੂਪ ਰੇਖਾ ’ਤੇ ਉਥੇ ਚਰਚਾ ਹੋਈ। ਇਹ ਸਪਸ਼ਟ ਹੋਇਆ ਕਿ ਜੋ ਅਖਬਾਰਾਂ ’ਚ ਪ੍ਰਚਾਰਿਆ ਜਾ ਰਿਹਾ ਹੈ ਕਿ ਹੜੱਪੀ ਜਾ ਰਹੀ ਜ਼ਮੀਨ ਖਿਲਾਫ਼ ਕਿਸਾਨਾਂ ਦਾ ਸੰਘਰਸ਼ ਸਿਰਫ਼ ਮੁਆਵਜਾ ਵਧਾਉਣ ਲਈ ਹੈ, ਗਲਤ ਹੈ। ਇਹ ਪ੍ਰਚਾਰ ਮੀਡੀਆ ਤੇ ਰਾਜਸੀ ਪਾਰਟੀਆਂ ਦੀ ਸਾਜ਼ਿਸ਼ ਹੈ। ਜਦ ਯਮੁਨਾ ਐਕਸਪ੍ਰੈਸ ਵੇ ਲਈ ਜ਼ਮੀਨ ਕਬਜੇ ’ਚ ਲੈਣ ਸਬੰਧੀ ਨੋਟਿਸ ਜਾਰੀ ਕੀਤੇ ਗਏ ਤਾਂ ਕਿਸਾਨਾਂ ਨੇ ਆਪਣੀ ਜ਼ਮੀਨ ਨਾ ਦੇਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਉਥੋਂ ਦੇ ਕਿਸਾਨ ਆਗੂ ਜ਼ਮੀਨ ਨਾ ਦੇਣ ਦੀ ਮੰਗ ’ਚ ਸ਼ਾਮਲ ਹੋ ਗਏ। ਸੰਘਰਸ਼ ’ਤੇ ਕਬਜਾ ਕਰ ਲੈਣ ਪਿਛੋਂ ਨੇਤਾਵਾਂ ਨੇ ਕਿਸਾਨਾਂ ਨੂੰ ਵਿਕਾਸ ਦੇ ਨਾਂ ਹੇਠ ਸੜਕ ਲਈ ਜ਼ਮੀਨ ਦੇਣ ਖਾਤਰ ਸਹਿਮਤ ਕਰਨ ਲੱਗੇ। ਉਥੇ ਜਿਹੜੇ ਕਿਸਾਨਾਂ ਦੀ ਜੋਤ ਛੋਟੀ ਸੀ ਉਹਨਾਂ ਨੂੰ ਮੁਆਵਜਾ ਲੈ ਕੇ ਦੂਜੇ ਧੰਦੇ ’ਚ ਮੁਆਵਜੇ ਦੀ ਪੂੰਜੀ ਲਾਉਣ ਲਈ ਪ੍ਰੇਰਿਆ। ਉਹਨਾਂ ਨੇ ਕਿਸਾਨਾਂ ਨੂੰ ਤਰਕ ਦਿੱਤਾ ਕਿ ਖੇਤੀ ’ਚ ਘਾਟਾ ਪੈ ਰਿਹਾ ਹੈ। ਛੋਟੀ ਜੋਤ ਨਾਲ ਪੂਰੇ ਪ੍ਰੀਵਾਰ ਦੀ ਰੋਟੀ ਰੋਜ਼ੀ ਨਹੀਂ ਚਲਾਈ ਜਾ ਸਕਦੀ। ਸੜਕ ਬਨਣ ਪਿਛੋਂ ਜੋ ਜ਼ਮੀਨ ਬਚੇਗੀ, ਉਸ ਦੀ ਕੀਮਤ ਵੀ ਕਈ ਗੁਣਾ ਵਧ ਜਾਵੇਗੀ। ਸੜਕ ਕਿਨਾਰੇ ਦੂਜੇ ਧੰਦੇ ਵੀ ਕੀਤੇ ਜਾ ਸਕਣਗੇ। ਛੋਟੇ ਕਿਸਾਨ ਇਹਨਾਂ ਨੇਤਾਵਾਂ ਦੇ ਝਾਂਸੇ ਵਿੱਚ ਆ ਗਏ। ਕੁਝ ਕਿਸਾਨਾਂ ਨੇ ਸੜਕ ਲਈ ਕਬਜੇ ’ਚ ਲਈ ਜਾਣ ਵਾਲੀ ਜ਼ਮੀਨ ਦੇ ਸਮਝੌਤੇ ’ਤੇ ਦਸਖਤ ਕਰਨੇ ਸ਼ੁਰੂ ਕਰ ਦਿੱਤੇ। ਜ਼ਿਆਦਾਤਰ ਕਿਸਾਨ ਜ਼ਮੀਨ ਨਾ ਦੇਣ ਲਈ ਅੜੇ ਰਹੇ। ਨੇਤਾਵਾਂ ਦੀ ਮਿਲੀ ਭੁਗਤ ਨਾਲ ਪ੍ਰਸਾਸ਼ਨ ਨੇ ਇਹ ਐਲਾਨ ਕਰ ਦਿੱਤਾ ਕਿ ਜੋ ਕਿਸਾਨ ਨਿਰਧਾਰਿਤ ਸਮੇਂ ਤਕ ਸਮਝੌਤੇ ’ਤੇ ਦਸਖਤ ਨਹੀਂ ਕਰਨਗੇ ਉਹਨਾਂ ਦੀ ਜ਼ਮੀਨ ਹੜੱਪ ਲਈ ਜਾਵੇਗੀ ਅਤੇ ਮੁਆਵਜਾ ਵੀ ਨਹੀਂ ਮਿਲੇਗਾ। ਇਸ ਨਾਲ ਕਿਸਾਨਾਂ ’ਚ ਭਗਦੜ ਮੱਚ ਗਈ। ਸਹੀ ਅਗਵਾਈ ਦੀ ਘਾਟ ਕਾਰਨ ਕਿਸਾਨ ਦਿਸ਼ਾ–ਹੀਣ ਹੋ ਗਏ। ਨਿਰਧਾਰਿਤ ਸਮੇਂ ਤਕ ਸਮਝੌਤੇ ’ਤੇ ਦਸਖਤ ਕਰਨ ਲਈ ਅਰਜੀ ਨਿਵੀਸਾਂ, ਕਾਨੂੰਨਗੋ ਤਾਂ ਨਾਇਬ ਤਹਿਸੀਲ ਨੂੰ ਪੈਸੇ ਦੇ ਕੇ ਸਮਝੌਤਾ ਕਰ ਦੀ ਦੌੜ ਲੱਗ ਗਈ। ਸੌ ਮੀਟਰ ਚੌੜਾਈ ’ਚ 338 ਰੁਪਏ ਪ੍ਰਤੀ ਵਰਗਮੀਟਰ ਦੀ ਦਰ ਨਾਲ ਸਮਝੌਤਾ ਹੋਇਆ ਪਰ ਕਬਜਾ 110 ਮੀਟਰ ਕੀਤਾ ਗਿਆ। ਸੜਕ ’ਤੇ ਮਿੱਟੀ ਪਾਉਣ ਦਾ ਕੰਮ ਪੂਰਾ ਹੋ ਗਿਆ ਹੈ, ਉਹ 3–5 ਫੁੱਟ ਉਚੀ ਹੈ। ਸੜਕ ਦੇ ਦੋਨੋਂ ਪਾਸੇ ਰੇਲਿੰਗ ਲੱਗੇਗੀ ਜਿਸ

ਨਾਲ ਬਾਹਰ ਦਾ ਕੋਈ ਆਦਮੀ ਸੜਕ 'ਤੇ ਨਹੀਂ ਚੜ੍ਹ ਸਕੇਗਾ। ਸੜਕ ਦੇ ਇਕ ਤੋਂ ਦੂਜੇ ਪਾਸੇ ਜਾਣ ਲਈ ਹਰ 4.5 ਕਿਲੋ ਮੀਟਰ 'ਤੇ ਰਸਤਾ ਦਿੱਤਾ ਗਿਆ ਹੈ। ਇਹ ਦੇਖ ਕੇ ਕਿਸਾਨਾਂ ਨੂੰ ਮਹਿਸੂਸ ਹੋਇਆ ਕਿ ਜਿਸ ਵਿਕਾਸ ਦੇ ਨਾਂ 'ਤੇ ਸਾਡੀ ਜ਼ਮੀਨ ਲਈ ਗਈ ਉਸ ਵਿਕਾਸ ਨਾਲ ਸਾਡਾ ਤਾਂ ਕੋਈ ਸਬੰਧ ਹੀ ਨਹੀਂ ਹੈ। ਸੜਕ ਦੀ ਵਰਤੋਂ ਕਿਵੇਂ ਵੀ ਆਮ ਆਦਮੀ ਨਹੀਂ ਕਰ ਸਕੇਗਾ। ਕਿਸੇ ਵੀ ਖੇਤਰੀ ਮਜ਼ਦੂਰ ਨੂੰ ਕੰਮ ਨਹੀਂ ਮਿਲਣਾ। ਸਾਰਾ ਕੰਮ ਵੱਡੀਆਂ ਆਧੁਨਿਕ ਮਸ਼ੀਨਾਂ ਕਰ ਰਹੀਆਂ ਹਨ। ਕਿਸਾਨਾਂ ਅੰਦਰ ਇਸ ਸਬੰਧੀ ਰੋਸ ਵਧ ਫੁੱਲ ਰਿਹਾ। ਕਿਸਾਨਾਂ ਨੂੰ ਲੱਗਿਆ ਕਿ ਸਾਡੇ ਨਾਲ ਵਿਕਾਸ ਦੇ ਨਾਂ ਹੇਠ ਧੋਖਾ ਕੀਤਾ ਗਿਆ ਹੈ। ਕਿਸਾਨਾਂ ਦੇ ਗੁੱਸੇ ਨੂੰ ਨੇਤਾਵਾਂ ਨੇ ਆਪਣੇ ਲਾਭ ਲਈ ਵਰਤਿਆ ਅਤੇ ਸੜਕਾਂ ਲਈ ਹੜੱਪੀ ਗਈ ਜ਼ਮੀਨ ਦਾ ਮੁਆਵਜ਼ਾ ਵਧਾਉਣ ਲਈ ਧਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਟਪਲ ਥਾਣਾ ਖੇਤਰ ਦੇ ਜਿਕਰਪੁਰ ਪਿੰਡ 'ਚ ਟਾਊਨਸ਼ਿਪ ਲਈ ਪੁਲਸ ਤੇ ਜੇ ਪੀ ਗਰੁੱਪ ਦੇ ਗੁੰਡਿਆਂ ਦੇ ਜ਼ੋਰ 'ਤੇ ਕਿਸਾਨਾਂ ਦੀ ਜ਼ਮੀਨ 'ਤੇ ਕਬਜਾ ਕਰਨਾ ਸ਼ੁਰੂ ਕਰ ਦਿੱਤਾ ਵਿਰੋਧ ਕਰਨ 'ਤੇ ਕਿਸਾਨਾਂ ਤੋਂ ਇਲਾਵਾ ਉਹਨਾਂ ਦੇ ਘਰ ਦੀਆਂ ਬਹੂ-ਬੇਟੀਆਂ ਦੀ ਵੀ ਮਾਰ ਕੁਟਾਈ ਕੀਤੀ ਗਈ। ਉਹਨਾਂ ਨਾਲ ਘਟੀਆ ਵਰਤਾਅ ਕੀਤਾ ਗਿਆ ਤੇ ਉਹਨਾਂ ਦੀ ਬੇਇਜ਼ਤੀ ਕੀਤੀ ਗਈ। ਇਸ ਨਾਲ ਕਿਸਾਨਾਂ ਦਾ ਗੁੱਸਾ ਫੁੱਟ ਪਿਆ ਤੇ ਟਾਊਨਸ਼ਿਪ ਲਈ ਹੜੱਪੀ ਜ਼ਮੀਨ ਵਾਪਸ ਲੈਣ ਲਈ ਧਰਨੇ 'ਤੇ ਬੈਠ ਗਏ। ਅਖੌਤੀ ਕਿਸਾਨਾਂ ਨੇ ਫਿਰ ਉਹੀ ਵਿਕਾਸ ਦੀ ਪੱਟੀ ਪੜਾਉਣੀ ਸ਼ੁਰੂ ਕਰ ਦਿੱਤੀ ਅਤੇ ਕਿਸਾਨਾਂ ਦੀ ਜ਼ਮੀਨ ਨਾ ਦੇਣ ਦੀ ਲੜਾਈ ਨੂੰ ਮੁਆਵਜਾ ਵਧਾਉਣ ਦੀ ਲੜਾਈ 'ਚ ਬਦਲ ਦਿੱਤਾ। ਇਸ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ (ਕੁ. ਕਿ. ਯੂ. BK") ਛੱਡ ਕੇ ਆਏ ਰਾਮਬਾਬੂ ਕਟੇਰਿਆ ਨੇ ਕੀਤੀ। ਸੰਘਰਸ਼ ਖ਼ਤਮ ਕਰਨ ਲਈ ਉਤਰ ਪ੍ਰਦੇਸ਼ ਦੇ ਮੁੱਖ ਸਕੱਤਰ ਨੇ ਬਾਬੂ ਰਾਮ ਨੂੰ ਲਖਨਊ ਬੁਲਾਇਆ ਉਥੇ ਉਹਨਾਂ ਵਿਚਕਾਰ 438 ਰੁਪਏ ਪ੍ਰਤੀ ਵਰਗ ਮੀਟਰ ਦੀ ਥਾਂ 451 ਰੁਪਏ ਪ੍ਰਤੀ ਵਰਗਮੀਟਰ 'ਤੇ ਸਮਝੌਤਾ ਹੋਇਆ। ਵਾਪਸ ਆ ਕੇ ਰਾਮਬਾਬੂ ਕਟੇਰਿਆ ਨੇ ਕਿਸਾਨਾਂ ਨੂੰ ਸਮਝੌਤਾ ਕਰਨ ਲਈ ਕਿਹਾ। ਕਿਸਾਨਾਂ ਨੇ ਇਸ ਸਮਝੌਤੇ ਤੋਂ ਇਨਕਾਰ ਕਰ ਦਿੱਤਾ। ਸਮਝੌਤਾ ਨਾ ਮੰਨਣ 'ਤੇ 14 ਅਗਸਤ 2010 ਨੂੰ ਪੁਲਸ ਧਰਨੇ ਵਾਲੀ ਥਾਂ ਪਹੁੰਚੀ। ਉਥੇ ਕੀਤੀ ਜਾ ਰਹੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ 'ਤੇ ਪੁਲਸ ਨੇ ਫਾਇਰਿੰਗ ਕਰ ਦਿੱਤੀ ਜਿਸ 'ਚ ਪੰਜ ਕਿਸਾਨ ਮਾਰੇ ਗਏ। ਪੁਲਸ ਰਾਮਬਾਬੂ ਸਮੇਤ ਕਈ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਕੇ ਲੈ ਗਈ ਅਤੇ ਅਗਲੇ ਦਿਨ ਛੱਡ ਦਿੱਤਾ। ਰਾਮ ਬਾਬੂ ਕਟੇਰਿਆ ਧਰਨੇ ਵਾਲੀ ਥਾਂ ਦੇ ਸਾਹਮਣੇ ਦੀ ਲੰਘ ਕੇ ਘਰ ਚਲੇ ਗਏ। ਨਾ ਤਾਂ ਉਹ ਧਰਨੇ ਵਾਲੀ ਥਾਂ ਰੁਕੇ ਅਤੇ ਨਾ ਹੀ ਕਿਸਾਨਾਂ ਨਾਲ ਕੋਈ ਗੱਲਬਾਤ ਕੀਤੀ। ਕਿਸਾਨਾਂ ਨੇ 50 ਲੋਕਾਂ ਦੀ ਸੰਘਰਸ਼ ਸੰਮਤੀ ਦਾ ਗਠਨ ਕੀਤਾ ਜਿਸ ਦੀ ਅਗਵਾਈ ਮਨਵੀਰ ਸਿੰਘ ਤੇ ਵਤਿਆ ਦੇ ਹੱਥ ਚਲੀ ਗਈ। ਉਹਨਾਂ ਨੇ ਟਾਊਨਸ਼ਿਪ ਲਈ ਹੜੱਪੀ ਜਮੀਨ ਦੇ ਮੁਆਵਜੇ ਲਈ 5000 ਪ੍ਰਤੀ ਵਰਗ ਮੀਟਰ ਦੀ ਮੰਗ ਕੀਤੀ ਅਤੇ 30 ਅਗਸਤ ਤੋਂ ਮਰਨ ਵਰਤ 'ਤੇ ਬੈਠਣ ਦਾ ਐਲਾਨ ਕਰ ਦਿੱਤਾ। 3 ਸਤੰਬਰ ਨੂੰ ਸੂਬਾ ਸਰਕਾਰ ਨੇ ਜਿਕਰਪੁਰ ਟਾਊਨਸ਼ਿਪ ਨੂੰ ਰੱਦ ਕਰ ਦਿੱਤਾ ਉਸ ਪਿਛੋਂ ਬਸਪਾ ਨੇਤਾਵਾਂ ਨੇ ਟਾਊਨਸ਼ਿਪ ਵਾਪਸ ਲੈਣ ਲਈ ਧਰਨਾ ਦਿੱਤਾ। ਇਹ ਸੰਘਰਸ਼ ਹੁਣ ਕਿਸਾਨਾਂ ਦੀ ਜਮੀਨ ਬਚਾਉਣ ਦੀ ਬਜਾਏ ਨੇਤਾਵਾਂ ਦੀ ਲੜਾਈ ਬਣ

ਗਈ। ਮਹਿੰਦਰ ਸਿੰਘ ਟਿਕੈਤ ਦੇ ਬੇਟੇ ਰਾਕੇਸ਼ ਟਿਕੈਤ ਨੇ ਸਾਫ਼ ਕਿਹਾ ਕਿ ਸਾਡੀ ਲੜਾਈ ਮੁਆਵਜਾ ਵਧਾਉਣ ਦੀ ਹੈ ਅਸੀਂ ਵਿਕਾਸ ਵਿਰੋਧੀ ਨਹੀਂ ਹਾਂ। ਯਮੁਨਾ ਐਕਸਪ੍ਰੈਸ ਵੇ ਨਾਲ ਸੂਬੇ ਦਾ ਵਿਕਾਸ ਹੋਵੇਗਾ, ਇਸ ਲਈ ਅਸੀਂ ਜ਼ਮੀਨ ਬਚਾਉਣ ਦੀ ਲੜਾਈ ਨਹੀਂ ਲੜਾਂਗੇ। ਕਿਸਾਨਾਂ ਨੇ ਹਾਈਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕੀਤੀ ਸੁਪਰੀਮ ਕੋਰਟ ਨੇ 5 ਅਕਤੂਬਰ ਤੇ 30 ਨਵੰਬਰ ਨੂੰ ਲਏ ਫੈਸਲਿਆਂ 'ਚ ਪਟੀਸ਼ਨਾਂ ਰੱਦ ਕਰ ਦਿੱਤੀਆਂ। ਕਿਸਾਨਾਂ ਨੇ ਸੁਪਰੀਮ ਕੋਰਟ 'ਚ ਅਪੀਲ ਦਾਇਰ ਕੀਤੀ ਸੁਪਰੀਮ ਕੋਰਟ ਨੇ ਇਹ ਪਟੀਸ਼ਨ ਖਾਰਜ ਕਰ ਦਿੱਤੀ ਜੇ ਪੀ ਸਮੂਹ ਦੇ ਹੱਕ 'ਚ ਫੈਸਲਾ ਕਰ ਦਿੱਤਾ ਤੇ ਸੂਬਾ ਸਰਕਾਰ ਦੀ ਜਮੀਨ ਹੜੱਪਣ ਦੀ ਨੀਤੀ ਨੂੰ ਸਹੀ ਕਰਾਰ ਦਿੱਤਾ। ਸੁਪਰੀਮ ਕੋਰਟ ਦਾ ਇਹ ਫੈਸਲਾ 8 ਸਤੰਬਰ 2010 ਅਜੇਹੇ ਸਮੇਂ ਆਇਆ ਜਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 6 ਸਤੰਬਰ ਨੂੰ ਆਪਣੇ ਬਿਆਨ 'ਚ ਕਿਹਾ ਸੀ ਕਿ ਸੁਪਰੀਮ ਕੋਰਟ ਦੇ ਫੈਸਲੇ ਨੂੰ ਇਸੇ ਪ੍ਰਸੰਸਾ 'ਚ ਵੇਖਣਾ ਚਾਹੀਦਾ ਹੈ ਕਿਉਂਕਿ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਨੀਤੀਆਂ ਕਿਸਾਨਾਂ ਦੀ ਜਮੀਨ ਹੜੱਪ ਕੇ ਦੇਸ਼ੀ ਤੇ ਵਿਦੇਸ਼ੀ ਕੰਪਨੀਆਂ ਨੂੰ ਸੌਂਪਣ ਵਾਲੀਆਂ ਹਨ। ਉਤਰ ਪ੍ਰਦੇਸ਼ ਹਰਿਆਣਾ, ਉੜੀਸਾ, ਬੰਗਾਾਲ, ਸਤੀਸਗੜ, ਮਹਾਂਰਾਸ਼ਟਰ ਆਦਿ ਰਾਜਾਂ 'ਚ ਸਰਕਾਰਾਂ ਖੁਦਾਈ, ਸੇਜ, ਐਕਸਪ੍ਰੈਸ-ਵੇ, ਪਾਵਰ ਪਲਾਂਟ, ਟਾਊਨਸ਼ਿਪ ਆਦਿ ਦੇ ਨਾਂ ਹੇਠ ਜਬਰਦਸਤੀ ਜ਼ਮੀਨ ਹੜੱਪ ਕੇ ਦਲਾਲ ਸਰਮਾਏਦਾਰੀ ਨੂੰ ਦਿੱਤੀ ਜਾ ਰਹੀ ਹੈ। ਹੁਣ ਸੁਪਰੀਮ ਕੋਰਟ ਨੇ ਇਸ ਜਮੀਨ ਹੜੱਪਣ ਦੀ ਨੀਤੀ ਨੂੰ ਸਹੀ ਮੰਨ ਲਿਆ ਹੈ। ਇਸ ਲਈ ਕਿਸਾਨਾਂ ਦੇ ਸਾਹਮਣੇ ਆਪਣੀ ਜਮੀਨ ਬਚਾਉਣ ਲਈ ਸੰਘਰਸ਼ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ।

ਯਮੁਨਾ ਐਕਸਪ੍ਰੈਸ-ਵੇ ਪ੍ਰੋਜੈਕਟ ਦੇ ਤਹਿਤ ਸਾਲ 2001 'ਚ ਹੀ 1187 ਪਿੰਡਾਂ ਨੂੰ ਸਨਅਤੀ ਖੇਤਰ ਐਲਾਨ ਦਿੱਤਾ ਗਿਆ ਸੀ। 10 ਸਾਲਾਂ ਅੰਦਰ ਇਹਨਾਂ ਪਿੰਡਾਂ ਦੀਆਂ ਜ਼ਮੀਨਾਂ ਹੜੱਪ ਲਈਆਂ ਜਾਣਗੀਆਂ ਜੋ ਯਮੁਨਾ ਐਕਸਪ੍ਰੈਸ-ਵੇ ਦੇ ਸਾਢੇ ਸੱਤ ਕਿਲੋਮੀਟਰ ਸੱਜੇ ਅਤੇ ਸਾਢੇ ਸੱਤ ਕਿਲੋਮੀਟਰ ਖੱਬੇ ਦੀ ਚੌੜਾਈ ਵਿੱਚ ਹੋਵੇਗਾ। 165 ਕਿ. ਮੀਟਰ ਲੰਬੇ ਅਤੇ 15 ਕਿਲੋਮੀਟਰ ਚੌੜੇ ਖੇਤਰ ਦਾ ਰਕਬਾ ਛੇ ਲੱਖ ਏਕੜ ਤੋਂ ਵੱਧ ਹੁੰਦਾ ਹੈ। ਏਨੀ ਵਿਸ਼ਾਲ ਮਾਤਰਾ 'ਚ ਭੂਮੀ ਇਕ ਸਰਮਾਏਦਾਰ ਨੂੰ ਦੇਣ ਦਾ ਮਤਲਬ ਹੈ ਕਿ ਉਹਨਾਂ ਨੂੰ ਉਥੇ ਸਨਅਤ ਦੇ ਲਈ ਨਹੀਂ ਬਲਕਿ ਖੇਤੀ ਲਈ ਜ਼ਮੀਨ ਦਿੱਤੀ ਜਾ ਰਹੀ ਹੈ। ਇਸ ਤਰ੍ਹਾਂ ਗੰਗਾ ਐਕਸਪੈਸ-ਵੇ ਦੇ ਨਾਂ ਹੇਠ ਲਗਭਗ 10 ਲੱਖ ਏਕੜ ਤੋਂ ਵੱਧ ਜਮੀਨ ਜੇ. ਪੀ. ਗਰੁੱਪ ਨੂੰ ਹੀ ਦੇਣ ਦੀ ਯੋਜਨਾ ਹੈ। ਗੰਗਾ ਤੇ ਯਮੁਨਾ ਦਾ ਦੋਆਬਾ ਦੁਨੀਆਂ ਦੇ ਸਭ ਤੋਂ ਉਪਜਾਊ ਦੋਆਬਾਂ ਵਿਚੋਂ ਇਕ ਹੈ। ਇਹਨਾਂ ਉਪਜਾਊ ਦੋਆਬਾਂ ਨੂੰ ਵਿਕਾਸ ਦੇ ਨਾਂ ਹੇਠ ਜਬਰੀ ਕਬਜੇ 'ਚ ਕਰਕੇ ਜੇ. ਪੀ. ਗਰੁੱਪ ਨੂੰ ਦੇਣ ਦੀ ਸਾਜ਼ਿਸ਼ ਹੈ ਕਿਉਂਕਿ 2003 'ਚ ਹੀ ਇਹਨਾਂ ਨਿੱਜੀ ਕੰਪਨੀਆਂ ਦੇ ਨਾਲ ਸੂਬਾਈ ਸਰਕਾਰ ਨੇ ਸਮਝੌਤਾ ਕਰ ਲਿਆ ਸੀ ਕਿਸਾਨਾਂ ਨੇ ਜੇ ਆਪਣੀ ਜ਼ਮੀਨ ਬਚਾਉਣੀ ਹੈ ਤਾਂ ਉਹਨਾਂ ਨੂੰ ਕੁਰਬਾਨੀ ਖਾਤਰ ਤਿਆਰ ਰਹਿਣਾ ਪੈਣਾ ਹੈ। ਜ਼ਮੀਨ ਬਚਾਉਣ ਦੇ ਸੰਘਰਸ਼ ਦੀ ਜਿੱਤ ਹੀ ਉਹਨਾਂ ਦੀ ਜ਼ਿੰਦਗੀ ਹੈ ਅਤੇ ਹਾਰ ਉਹਨਾਂ ਦੀ ਮੌਤ।

# ਭੂਪਾਲ ਤੋਂ ਬੀ. ਪੀ. ਟੇਕਸਾਸ ਸ਼ਹਿਰ ਤੱਕ

26 ਸਾਲ ਪਹਿਲਾਂ ਭੂਪਾਲ 'ਚ ਯੂਨੀਅਨ ਕਾਰਬਾਈਡ ਨਾਂ ਦੀ ਇਕ ਕੀਟਨਾਸ਼ਕ ਫੈਕਟਰੀ ਦੇ ਟੈਂਕ ਵਿੱਚ ਰਸਾਣ ਨਾਲ ਰਸਾਇਣਕ ਪ੍ਰਕ੍ਰਿਆ ਕਾਰਨ ਇਕ ਜ਼ਹਿਰੀਲੀ ਗੈਸ ਬਣ ਗਈ ਸੀ। ਫੈਕਟਰੀ ਦੇ ਸੁਰੱਖਿਆ ਉਪਾਵਾਂ ਦੇ ਫੇਹਲ ਹੋ ਕਾਰਣ ਇਹ ਸ਼ਹਿਰ ਦੀ ਸੁੱਤੀ ਪਈ ਅਬਾਦੀ 'ਤੇ ਤੇਜ਼ੀ ਨਾਲ ਕਹਿਰ ਵਰਤਾਉਣ ਲੱਗੀ ਸੀ। ਐਮਨਸਟੀ ਇੰਟਰਨੈਸ਼ਨਲ ਦੇ ਅਨੁਮਾਨ ਮੁਤਾਬਕ ਪਹਿਲੇ ਤਿੰਨ ਦਿਨਾਂ ਅੰਦਰ ਇਸ ਮਹਾਂਵਿਨਾਸ਼ ਨੇ ਸੱਤ ਤੋਂ ਦਸ ਹਜ਼ਾਰ ਤਕ ਲੋਕਾਂ ਦੀਆਂ ਇਸ ਨਾਲ ਜਾਨਾ ਲੈ ਲਈਆਂ ਸਨ ਅਤੇ 2004 ਤਕ 15 ਹਜ਼ਾਰ ਹੋਰ ਲੋਕਾਂ ਦੀਆਂ ਇਸ ਨਾਲ ਜਾਨਾ ਚਲੀਆਂ ਗਈਆਂ ਸਨ। ਭੂਪਾਲ ਤੋਂ ਪਹਿਲਾਂ ਜ਼ਹਿਰੀਲੇ ਰਸਾਇਣਾ ਨੂੰ ਤਿਆਰ ਕਰਨ ਕਰਕੇ, ਇਹਨਾਂ ਦੇ ਸਟੋਰ ਕਰਨ ਕਰਕੇ ਅਤੇ ਇਹਨਾਂ ਦੀ ਵਰਤੋਂ ਨਾਲ ਵੀ ਹੈ। ਭੂਪਾਲ ਰਸਾਇਣਕ ਮਹਾਂਵਿਨਾਸ਼ਾਂ ਦਾ ਇਕ ਨਮੂਨਾ ਬਣ ਗਿਆ ਹੈ ਜਿਸ ਨਾਲ ਸਭ ਦੂਜਿਆਂ ਦੀ ਤੁਲਨਾ ਕੀਤੀ ਜਾਂਦੀ ਹੈ। ਇਹਨਾਂ ਮਹਾਂਵਿਨਾਸ਼ਾਂ ਬਾਰੇ ਨਿਰੰਤਰ ਗੱਲਾਂ ਦੁਹਰਾਈਆਂ ਜਾਂਦੀਆਂ ਹਨ। ਜਿਸ ਵਿੱਚ ਨਿਗਮ ਲਗਾਤਾਰ ਆਪਣੀ ਜ਼ਿੰਮੇਵਾਰੀ ਤੋਂ ਇਨਕਾਰ ਕਰਦੇ ਹਨ ਅਤੇ ਮਜ਼ਦੂਰਾਂ ਤੇ ਪੀੜਤਾਂ 'ਤੇ ਦੋਸ਼ ਮੜ੍ਹਦੇ ਹਨ। ਦੂਜੇ ਪਾਸੇ ਆਲੋਚਕ ਖਰਾਬ ਔਜਾਰਾਂ, ਬੇਢੰਗਾ ਰਖ ਰਖਾਅ। ਸਟਾਫ ਤੇ ਸਿਖਲਾਈ 'ਚ ਕਟੌਤੀ ਅਤੇ ਰਾਜ ਦੇ ਪੈਮਾਨਿਆਂ ਵਲੋਂ ਅਣਦੇਖੀ ਕਰਨ ਦੇ ਸਿੱਟੇ ਦੇਣ ਵਾਲੇ ਫੈਸਲਿਆਂ ਲਈ ਨਿਗਮ ਜਾ ਸਕਦਾ ਹੈ। ਭੂਪਾਲ ਇਕ ਰਸਾਇਣਕ ਮਹਾਂ ਵਿਨਾਸ਼ ਵਜੋਂ ਆਪਣੀ ਚੋਟੀ ਦੀ ਸਥਿਤੀ ਤੋਂ ਇਲਾਵਾ ਆਪਣੇ ਵਿਨਾਸ਼ਕਾਰੀ ਦੇ ਪ੍ਰਭਾਵਾਂ 'ਚ ਵੀ ਪਹਿਲੇ ਨੰਬਰ 'ਤੇ ਹੈ। ਸਨਅਤੀ ਤਬਾਹੀ ਦੀ ਇਕ ਮਿਸਾਲ ਹੈ। 1985 'ਚ ਭੂਪਾਲ ਕਾਰਖਾਨੇ ਦਾ ਦੁਰਘਟਨਾਵਾਂ ਦਾ ਖਰਾਬ ਇਤਿਹਾਸ ਰਿਹਾ ਹੈ। ਔਜਾਰਾਂ ਦੇ ਠੀਕ ਤਰ੍ਹਾਂ ਨਾਲ ਕੰਮ ਨਾ ਕਰਨ ਦਾ ਸਿਲਸਿਲਾ ਸੀ। ਕਾਰਖਾਨੇ ਦੇ ਖ਼ਰਾਬ ਰਖ ਰਖਾਅ ਲਈ ਲੰਮੇ ਸਮੇਂ ਤੋਂ ਸ਼ਿਕਾਇਤਾਂ ਹੁੰਦੀਆਂ ਰਹੀਆਂ ਸਨ ਅਤੇ ਮਜ਼ਦੂਰਾਂ ਨੂੰ ਇਹ ਕੰਮ ਦਿੱਤੇ ਜਾਂਦੇ ਸਨ। ਜਿਹਨਾਂ ਲਈ ਉਹ ਅਯੋਗ ਸਨ। ਕੰਪਨੀ ਦਾ ਪ੍ਰਬੰਦ ਇਹਨਾਂ ਸਮੱਸਿਆਵਾਂ ਤੋਂ ਪ੍ਰਚਿਤ ਸੀ ਹਾਲਾਂਕਿ ਰਾਜ ਦਾ ਕੰਟਰੋਲ ਕੰਮਜ਼ੋਰ ਸੀ। ਕਾਰਖਾਨੇ ਨੂੰ ਸੁਰੱਖਿਅਤ ਬਣਾਉਣ ਲਈ ਵਧਿਆ ਹੋਇਆ। ਨਿਵੇਸ਼ ਕਰਨ ਦੀ ਬਜਾਏ ਪ੍ਰਬੰਧ ਲਾਗਤ 'ਚ ਕਟੌਤੀ ਕਰਦਾ ਰਿਹਾ, ਮਜ਼ਦੂਰਾਂ ਦੀ ਗਿਣਤੀ ਘਟਾਉਂਦਾ ਰਿਹਾ ਜਦਕਿ ਗੈਰ ਹੁਨਰਮੰਦ ਕਾਮੇ ਵਧਾਉਂਦਾ ਰਿਹਾ। ਮਹਾਂ ਵਿਨਾਸ਼ਕਾਰੀ ਰਸਾਅ ਪਿਛੋਂ ਯੂਨੀਅਨ ਕਾਰਬਾਈਡ ਨੇ ਤਬਾਹੀ ਵਧਾਉਣ ਦਾ ਕੰਮ ਜਾਰੀ ਰੱਖਿਆ। ਉਹ ਇਸ ਗੱਲ ਤੋਂ ਇਨਕਾਰ ਕਰਦੀ ਰਹੀ ਕਿ ਰਸਾਅ ਹੋਣ ਵਾਲੇ ਰਸਾਇਣ ਖ਼ਤਰਨਾਕ ਹਨ। ਉਸ ਨੇ ਉਹਨਾਂ ਰਸਾਇਣਾਂ ਦੇ ਜ਼ਹਿਰੀਲੇਪਣ ਬਾਰੇ ਸੂਚਨਾ ਜਾਰੀ ਕਰਨ ਤੋਂ ਇਨਕਾਰ ਕੀਤਾ ਅਤੇ ਫੈਕਟਰੀ ਦੇ ਜ਼ਹਿਰੀਲੇ ਕਚਰੇ ਨੂੰ ਖੁੱਲ੍ਹਾ ਛੱਡ ਦਿੱਤਾ। ਇਸ ਨਾਲ ਆਂਢ ਗੁਆਂਢ 'ਚ ਰਹਿਣ ਵਾਲਿਆਂ ਦੇ ਪੀਣ ਵਾਲੇ ਪਾਣੀ 'ਚ ਜ਼ਹਿਰ ਘੁਲਦਾ ਰਿਹਾ। ਕੰਪਨੀ ਨੇ ਮਹਾਂਵਿਨਾਸ਼ ਦੀ ਜ਼ਿੰਮੇਵਾਰੀ ਤੋਂ ਬਚਣ ਦੀ ਵੀ ਕੋਸ਼ਿਸ਼ ਕੀਤੀ। ਪਹਿਲਾਂ ਉਸ ਨੇ ਸਿੱਖ ਦਹਿਸ਼ਤਗਰਦਾਂ 'ਤੇ ਇਸ ਦੇ ਲਈ ਦੋਸ਼ ਮੜ੍ਹਿਆ ਅਤੇ ਪਿਛੋਂ ਇਸ ਨੂੰ ਕਿਸੇ ਅਸੰਤੁਸਟ ਮਜ਼ਦੂਰ ਵਲੋਂ

ਕੀਤੀ ਗਈ ਤੋੜ ਫੋੜ ਦੀ ਘਟਨਾ ਕਿਹਾ। ਭੂਪਾਲ ਮਹਾਂਵਿਨਾਸ਼ ਦਾ ਕਾਰਨ ਨਿੱਜੀ ਨਿਗਮ ਦੇ ਕੰਟਰੋਲ ਵਿੱਚ ਉਹ ਬੇਹੱਦ ਖ਼ਤਰਨਾਕ ਫੈਕਟਰੀ ਦਾ ਹੋਣਾ ਹੈ ਜੋ ਜਨਤਕ ਸਿਹਤ ਤੇ ਸੁਰੱਖਿਆ 'ਤੇ ਕੋਈ ਧਿਆਨ ਦਿੱਤੇ ਬਗੈਰ ਜ਼ਹਿਰੀਲੇ ਰਸਾਇਣਾ ਦੀ ਵਰਤੋਂ ਕਰਦਾ ਸੀ। ਅਮਰੀਕੀ ਬਹੁਕੌਮੀ ਤੇ ਉਸ ਦੀ ਸਹਾਇਕ ਯੂਨੀਅਨ ਕਾਰਬਾਈਡ ਇੰਡੀਆ ਲਿਮਟਿਡ ਵਲੋਂ ਕੀਤੀ ਗਈ ਲਾਹਪ੍ਰਵਾਹੀ ਤੇ ਗਲਤੀਆਂ ਦੇ ਨਾਲ ਨਾਲ ਭਾਰਤੀ ਰਾਜ ਦੀ ਲਾਹਪ੍ਰਵਾਹੀ ਤੇ ਅਸਫਲਤਾ ਦੇ ਸਿਟੇ ਵਜੋਂ ਤਬਾਹੀ ਹੋਈ ਸੀ ਯੂਨੀਅਨ ਕਾਰਬਾਈਡ ਭੂਪਾਲ 'ਚ "ਫਸਲ ਕੱਟਣ ਦੀ ਰਾਜਨੀਤੀ" (Harvesl Stretgy) ਆਪਣਾ ਰਹੀ ਸੀ। ਸਥਾਨਕ ਇਕਾਈ ਵਿੱਚ ਨਿਵੇਸ਼ ਦੀ ਘਾਟ ਸੀ। ਸਟਾਫ ਦਾ ਪੱਧਰ ਘੱਟ ਕੀਤਾ ਜਾ ਚੁਕਿਆ ਸੀ ਰਖ ਰਖਾਅ ਅਤੇ ਦੂਜੀ ਲਾਗਤ 'ਚ ਬੇਤਹਾਸ਼ਾ ਕਟੌਤੀ ਕੀਤੀ ਜਾ ਰਹੀ ਸੀ ਜਿਸ ਨਾਲ ਪੈਦਾਵਾਰੀ ਅਮਲ ਤੇ ਪੈਦਾਵਾਰ ਕਰਨ ਵਾਲੀਆਂ ਮਸ਼ੀਨਾਂ ਨਾਲ ਵੱਧ ਤੋਂ ਵੱਧ ਸੰਭਵ ਮੁਨਾਫੇ ਦੀ ਫਸਲ ਕੱਟੀ ਜਾ ਸਕੇ ਕਿਉਂਕਿ ਯੂਨੀਅਨ ਕਾਰਬਾਈਡ ਪਹਿਲਾਂ ਹੀ ਇਹਨਾਂ ਤੋਂ ਛੁਟਕਾਰਾ ਪਾਉਣ ਦੀ ਯੋਜਨਾ ਬਣਾ ਚੁੱਕੀ ਸੀ। ਮਜ਼ਦੂਰ ਗੈਰ ਹੁਨਰਮੰਦ ਤੇ ਅਸਿਖਿਅਤ ਸਨ। ਮਸ਼ੀਨਾਂ ਦਾ ਰੱਖ ਰਖਾਅ ਨਹੀਂ ਕੀਤਾ ਜਾ ਰਿਹਾ ਸੀ। ਕੁਝ ਵਿਵਸਥਾਵਾਂ ਕੰਮ ਨਹੀਂ ਕਰ ਰਹੀਆਂ ਸਨ। ਬਿਜਲੀ ਦੀ ਲਾਗਤ 'ਚ ਛੋਟੀ ਛੋਟੀ ਬਚਤ ਕਰਨ ਲਈ ਕੁਝ ਵਿਵਸਥਾਵਾਂ ਨੂੰ ਠੱਪ ਕਰ ਦਿੱਤਾ ਜਾਂਦਾ ਸੀ। ਭਾਰਤੀ ਰਾਜ ਦੇ ਅਪਰਾਧ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਸੀ। ਮਜ਼ਦੂਰਾਂ ਤੇ ਉਹਨਾਂ ਦੀਆਂ ਯੂਨੀਅਨਾਂ ਵਲੋਂ ਦਿੱਤੀਆਂ ਗਈਆਂ ਚੇਤਾਵਨੀਆਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਜਦ ਫੈਕਟਰੀ ਦਾ ਨਿਰੀਖਣ ਲਗਾਤਾਰ ਗੈਰ-ਤਸੱਲੀਬਖਸ਼ ਸੀ।

**ਨਸਲਵਾਦੀ ਪ੍ਰਬੰਦ** - ਇਸ ਮਹਾਂਵਿਨਾਸ਼ ਸਬੰਧੀ ਪ੍ਰਣਾਮੀ ਸੁਰੱਖਿਆ ਸੰਕਟ ਨੂੰ ਇਸ ਤਰੀਕੇ ਨਾਲ ਵਿਆਪਿਆ ਕਰਨ ਦੀ ਕੋਸ਼ਿਸ ਕੀਤੀ ਗਈ ਹੈ ਕਿ ਇਹ ਸਿਰਫ਼ ਗਰਮ ਦੇਸ਼ਾਂ ਵਿੱਚ ਹੀ ਹੁੰਦਾ ਹੈ। ਇਸ ਗੱਲ ਦਾ ਦਾਅਵਾ ਕੀਤਾ ਗਿਆ ਕਿ ਕੇਂਦਰ ਦੇ ਦੇਸ਼ਾਂ (ਧਨੀ ਦੇਸ਼ਾਂ) 'ਚ ਉਹਨਾਂ ਦੇ ਬੇਹੱਦ ਹੁਨਰਮੰਦ ਮਜ਼ਦੂਰ ਤਕਨੀਕੀ ਵਿਕਾਸ ਤੇ ਮਜ਼ਬੂਤ 'ਸੁਰੱਖਿਆ ਸਭਿਆਚਾਰ' ਕਾਰਨ ਇਸ ਤਰ੍ਹਾਂ ਦੇ ਮਹਾਂਵਿਨਾਸ ਨਹੀਂ ਹੋ ਸਕਦੇ। ਇਸ ਤੋਂ ਵੀ ਵਧ ਕੇ ਜੀਵਨ ਦਾ ਭਾਰੀ ਨੁਕਸਾਨ ਇਸ ਲਈ ਹੋਇਆ ਕਿਉਂਕਿ ਤੀਜੀ ਦੁਨੀਆਂ ਦੇ ਦੇਸਾਂ ਵਿੱਚ ਸਨਅਤੀ ਕੈਂਪਸ ਦੇ ਨੇੜੇ ਹੀ ਮਜ਼ਦੂਰਾਂ ਨੂੰ ਸਹੂਲਤਾਂ ਰਹਿਤ ਝੁਗੀਆਂ-ਝੌਂਪੜੀਆਂ ਦੀ ਆਦਤ ਹੈ। ਇਸ ਤਰ੍ਹਾਂ ਇਸ ਨਜ਼ਰੀਏ ਨਾਲ ਸਮੱਸਿਆ ਜ਼ਹਿਰੀਲੇ ਰਸਾਇਣਾਂ ਦੀ ਨਹੀਂ ਸੀ ਨਾ ਹੀ ਬਹੁਕੌਮੀ ਕਾਰਪੋਰੇਸ਼ਨਾਂ ਦੀ ਸੀ ਬਲਕਿ ਅਗਿਆਨੀ ਤੇ ਬਦਕਿਸਮਤ ਮਜ਼ਦੂਰਾਂ ਤੇ ਮੂਰਖ ਸਥਾਨਕ ਲੋਕਾਂ ਦੀ ਸੀ ਜੋ ਇਹ ਠੀਕ ਤਰ੍ਹਾਂ ਨਾਲ ਨਹੀਂ ਜਾਣਦੇ ਹਨ ਕਿ ਖ਼ਤਰਨਾਕ ਫੈਕਟਰੀਆਂ ਦੇ ਨੇੜੇ ਝੁੱਗੀਆਂ-ਝੌਂਪੜੀਆਂ ਨਹੀਂ ਬਣਾਉਣੀਆਂ ਚਾਹੀਦੀਆਂ। ਅਸਲ 'ਚ ਐਸਾ ਖਿਆਲ ਇਹ ਕਿ ਸਿਰਫ਼ ਗਰੀਬ ਦੇਸ਼ਾਂ 'ਚ ਹੀ ਅਜੇਹੀ ਤਬਾਹੀ ਆਉਂਦੀ ਹੈ ਜਿਥੇ ਅਣਵਿਕਸਤ ਸੁਰੱਖਿਆ ਪ੍ਰਬੰਦ ਤੇ ਖ਼ਤਰਨਾਕ ਫੈਕਟਰੀਆਂ ਦੇ ਫਾਟਕ ਤਕ ਝੁੱਗੀਆਂ-ਝੌਂਪੜੀਆਂ ਬਣੀਆਂ ਰਹਿੰਦੀਆਂ ਹਨ ਇਹ ਇਕ ਭਰਮ ਹੈ, ਭੁਲੇਖਾ ਹੈ। ਸਮੁੱਚੀ ਦੁਨੀਆਂ 'ਚ ਸੰਘਣੀ ਅਬਾਦੀ ਵਾਲੇ ਦੇਸ਼ਾਂ 'ਚ ਦੇ ਇਲਾਕਿਆਂ 'ਚ ਖ਼ਤਰਨਾਕ ਫੈਕਟਰੀਆਂ ਮੌਜੂਦ ਹਨ। ਇਕ ਰੀਪੋਟ ਅਨੁਸਾਰ ਲਗਭਗ 66 ਫੀਸਦੀ ਸਨਅਤੀ ਦੁਰਘਟਨਾਵਾਂ

ਬੇਹੱਦ ਸੰਘਣੀ ਅਬਾਦੀ ਵਾਲੇ ਇਲਾਕਿਆਂ 'ਚ ਹੋਈਆਂ ਹਨ, ਨਸਲੀ ਵਿਆਖਿਆ ਦੀਆਂ ਅਜੇਹੀਆਂ ਚੀਜਾਂ ਸਿਰਫ਼ ਭਾਰਤ 'ਚ ਹੀ ਹੋ ਸਕਦੀਆਂ ਹਨ ਪਰ ਇਥੇ (ਅਮਰੀਕਾ) 'ਚ ਨਹੀਂ, 1985 'ਚ ਉਸ ਸਮੇਂ ਛੂ-ਮੰਤਰ ਹੋ ਗਈ ਜਦ ਇੰਸਟੀਚੂਟ ਪੱਛਮੀ ਵਰਜੀਨੀਆ ਦੀ ਯੂਨੀਅਨ ਕਾਰਬਾਈਡ ਫੈਕਟਰੀ 'ਚ ਇਕ ਦੂਸਰੀ ਦੁਰਘਟਨਾ ਹੋ ਗਈ। ਇਹ ਹਰੇਕ ਤਰੀਕ ਨਾਲ ਭੂਪਾਲ ਮਹਾਂ ਵਿਨਾਸ਼ ਦਾ ਪ੍ਰਤੀਬਿੰਬ ਸੀ, ਸਿਵਾਏ ਮਰਨ ਵਾਲਿਆਂ ਦੀ ਗਿਣਤੀ ਦੇ ਇਕ ਹੋਰ ਜ਼ਹਿਰੀਲੀ ਗੈਸ ਦੇ ਰਸਾਅ ਕਾਰਨ ਉਪਜੀ ਪ੍ਰਤੀਕ੍ਰਿਆ ਦੇ ਕਾਰਨ ਸਨ। ਦੋਨਾਂ ਕੇਸਾਂ 'ਚ ਸੁੱਰਖਿਆ ਤਾਣਾ ਬਾਣਾ ਡੋਲ ਗਿਆ ਸੀ ਦੋਨੋਂ ਦੁਰਘਟਨਾਵਾਂ ਔਜਾਰਾਂ ਦੀਆਂ ਅਨੇਕਾਂ ਗੜਬੜੀਆਂ ਕਾਰਨ ਹੋਈਆਂ ਸਨ ਇਹਨਾਂ ਵਿਚੋਂ ਕੁਝ ਤਾਂ ਪਹਿਲਾਂ ਤੋਂ ਹੀ ਪਤਾ ਸਨ। ਯੂਨੀਅਨ ਕਾਰਬਾਈਡ ਕੰਪਨੀ ਪੱਛਮੀ ਵਰਜੀਨਿਆ ਦੇ ਅਧਿਕਾਰੀਆਂ ਨੂੰ ਰਸਾਅ ਬਾਰੇ ਤੁਰੰਤ ਸੂਚਿਤ ਕਰਨ 'ਚ ਅਸਫਲ ਰਹੀ। ਭੂਪਾਲ ਦੀ ਤਰ੍ਹਾਂ ਹੀ ਇੰਸਟੀਚੂਟ ਕਾਰਖਾਨੇ ਦਾ ਵੀ ਇਤਿਹਾਸ ਦੁਰਘਟਨਾਵਾਂ ਤੇ ਰਿਸਾਵਾਂ ਦਾ ਹੈ। ਦੋਨਾਂ ਦੇਸ਼ਾਂ ਦੇ ਪੈਮਾਨੇ ਇਰਦ ਗਿਰਦ ਦੀ ਅਬਾਦੀ ਨੂੰ ਵਿਸ਼ਵਾਸ ਦਿੰਦੇ ਰਹੇ ਸਨ ਕਿ ਕਾਰਖਾਨਾ ਸੁੱਰਖਿਅਤ ਹੈ ਜਦਕਿ ਦੋਨੋਂ ਫੈਕਟਰੀਆਂ ਦੀਆਂ ਟ੍ਰੇਡ ਯੂਨੀਅਨਾਂ ਇਹ ਕਹਿੰਦੀਆਂ ਰਹੀਆਂ ਹਨ ਕਿ ਕਾਰਖਾਨਿਆਂ ਦਾ ਨਿਰੀਖਣ ਭਰੋਸੇਯੋਗ ਨਹੀਂ ਹੈ ਅਤੇ ਸਭ ਤੋਂ ਬੁਨਿਆਦੀ ਦੋਨੋਂ ਮਹਾਂ ਵਿਨਾਸ਼ਾਂ ਨੂੰ ਮੁਨਾਫ਼ਾ ਵਧਾਉਣ ਤੇ ਲਾਗਤ ਵਿੱਚ ਕਟੌਤੀ ਕਰਨ ਵਾਲੇ ਪੂੰਜੀ ਦੇ ਮੁੱਲਾਂ 'ਤੇ ਅਧਾਰਤ ਫੈਸਲਿਆਂ 'ਚ ਲੱਭਿਆ ਜਾ ਸਕਦਾ ਹੈ। ਅੱਜ ਭੂਪਾਲ 'ਚ ਵੱਡੀਆਂ ਸਨਅਤਾਂ ਤੇ ਸਰਕਾਰੀ ਪ੍ਰੋਗਰਾਮਾਂ ਦੇ ਬਾਵਜੂਦ ਰਸਾਇਣਕ ਮਹਾਂ ਵਿਨਾਸ਼ ਵਧਦੇ ਜਾ ਰਹੇ ਹਨ। ਅਕਤੂਬਰ 1989 'ਚ ਪਾਸਾਡੋਨਾ, ਟੈਕਸਾਸ 'ਚ ਇਕ ਵਿਸਫੋਟ 'ਚ 23 ਮਜ਼ਦੂਰ ਮਾਰੇ ਗਏ। ਜੁਲਾਈ 1990 'ਚ ਚੇਨੇਲਵਿਊ, ਟੈਕਸਾਸ 'ਚ ਇਕ ਵਿਸਫੋਟ 'ਚ 17 ਮਜ਼ਦੂਰ ਮਾਰੇ ਗਏ, ਮਈ 1991 'ਚ ਸਟਰਲਿੰਗਟਨ, ਲੁਇਸਿਆਨਾ 'ਚ 8 ਮਜ਼ਦੂਰ ਮਾਰੇ ਗਏ ਤੇ 140 ਜ਼ਖਮੀ ਹੋਏ। ਜੂਨ 1991 'ਚ ਚਾਰਲੇਸਟਨ, ਦੱਖਣੀ ਕੇਰੋਲਿਨਾ 'ਚ 6 ਮਜ਼ਦੂਰ ਮਾਰੇ ਗਏ ਅਤੇ 33 ਜ਼ਖ਼ਮੀ ਹੋਏ। ਇਹਨਾਂ ਮੁੱਖ ਮਹਾਂਵਿਨਾਸ਼ ਘਟਨਾਵਾਂ ਤੋਂ ਇਲਾਵਾ ਇਹਨਾਂ ਰਸਾਇਣ ਫੈਕਟਰੀਆਂ 'ਚ ਛੋਟੀਆਂ ਮੋਟੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ ਜਿਹਨਾਂ 'ਚ ਇਕ ਜਾਂ ਦੋ ਆਦਮੀ ਇਕ ਸਮੇਂ ਮਾਰੇ ਜਾਂਦੇ ਰਹਿੰਦੇ ਹਨ। 'ਯੂਨਾਇਟਿਡ ਨੈਸ਼ਨਲ ਇੰਵਾਇਰਮੈਂਟ ਪ੍ਰੋਗਰਾਮ' ਅਨੁਸਾਰ 1970 ਤੋਂ 1998 ਵਿਚਕਾਰ ਸੰਯੁਕਤ ਰਾਜ ਅਮਰੀਕਾ 'ਚ 87 ਵੱਡੇ ਪੈਮਾਨੇ ਦੀਆਂ ਰਸਾਇਣਕ ਦੁਰਘਟਨਾਵਾਂ ਹੋਈਆਂ ਜਿਹਨਾਂ ਵਿੱਚ 372 ਲੋਕ ਮਾਰੇ ਗਏ, 14356 ਲੋਕ ਜ਼ਖ਼ਮੀ ਹੋਏ ਤੇ 517000 ਲੋਕ ਉਜੜੇ। 'ਰਸਾਇਣ ਸੁੱਰਖਿਆ ਬੋਰਡ' ਨੇ ਦੇਖਿਆ ਕਿ ਸੰਯੁਕਤ ਰਾਜ ਅਮਰੀਕਾ 'ਚ ਰਸਾਇਣਕ ਦੁਰਘਟਨਾਵਾਂ ਨਾਲ ਸਬੰਧਤ 1987 ਤੋਂ 1996 ਵਿਚਕਾਰ 2565 ਮੌਤਾਂ ਹੋਈਆਂ ਅਤੇ 22949 ਲੋਕ ਜ਼ਖਮੀ ਹੋਏ। ਜਦ ਕਿ ਮਾਰਚ 2001 ਤੋਂ ਦਸੰਬਰ 2005 ਵਿਚਕਾਰ 273 ਮੌਤਾਂ ਹੋਈਆਂ ਅਤੇ 5142 ਲੋਕ ਜ਼ਖਮੀ ਹੋਏ। ਅੰਤ ਵਿੱਚ 'ਫੇਡਰੇਸ਼ਨ ਆਫ ਸਟੇਟ ਪਬਲਿਕ ਇੰਟਰੇਸਟ ਰਿਸਰਚ ਗਰੁੱਪ (U.S Pirg) ਮੁਤਾਬਕ ਅਮਰੀਕਨ ਦੇ ਸਿਸ੍ਰਟੀ ਕਾਊਂਸਿਲ ਦੇ ਮੈਂਬਰਾਂ ਵਲੋਂ ਰਸਾਇਣਕ ਦੁਰਘਟਨਾਵਾਂ ਨਾਲ ਸਬੰਧਤ ਇਕ ਰੀਪੋਟ 'ਨੈਸ਼ਨਲ ਰਿਸੋਰਸ ਸੈਟਰ' ਨੂੰ ਦਿੱਤੀ ਗਈ ਜਿਸ ਅਨੁਸਾਰ 1990 ਤੋਂ 2003 ਵਿਚਕਾਰ ਘੱਟੋ ਘੱਟ 25188

ਰਸਾਇਣਕ ਦੁਰਘਟਨਾਵਾਂ ਹੋਈਆਂ ਜੋ ਔਸਤਨ 5 ਦੁਰਘਟਨਾਵਾਂ ਰੋਜ਼ਾਨਾ ਬੈਠਦੀਆਂ ਹਨ। ਭੂਪਾਲ ਪਿਛੋਂ ਅਮਰੀਕਾ 'ਚ ਰਸਾਇਣਕ ਮਹਾਂਵਿਨਾਸ਼ ਦੇ ਨਿਰੰਤਰ ਜਾਰੀ ਰਹਿਣ ਦੀ ਵਿਆਖਿਆ ਰਸਾਇਣ ਸਨਅਤ ਦੇ ਰਾਜੀ ਅਰਥ-ਸ਼ਾਸਤਰ 'ਚ ਪਾਈ ਜਾ ਸਕਦੀ ਹੈ। 1980 ਦੇ ਦਹਾਕੇ ਦੌਰਾਨ, ਕਾਰਪੋਰੇਸ਼ਨਾ 'ਚ ਹੜੱਪਣ ਤੇ ਰਲੇਵੇਂ ਦੀ ਲਹਿਰ ਆ ਗਈ ਸੀ। ਇਸ ਦੇ ਸਿੱਟੇ ਵਜੋਂ ਰਸਾਇਣ, ਤੇਲ ਤੇ ਪੈਟ੍ਰੋਰਸਾਇਣ ਉਦਯੋਗਾਂ ਦੇ ਨਿਯਮਾਂ ਵਿੱਚ ਲਾਗਤ ਘੱਟ ਕਰਨ ਤੇ ਸਟਾਫ ਦੀ ਗਿਣਤੀ ਘੱਟ ਕਰਨ ਦਾ ਅਮਲ ਤੇਜ ਹੋ ਗਿਆ। 1989 'ਚ ਜਦ ਫਿਲਿਪਸ ਪੈਟ੍ਰੋਲਿਆ ਦੇ ਪਾਸ ਦੇਨਾ ਕਾਰਖਾਨੇ ਵਿੱਚ ਵਿਸਫੋਟ ਹੋਇਆ ਸੀ ਤਦ ਤੇਲ ਰਸਾਇਣ ਤੇ ਪ੍ਰਮਾਣੂ ਮਜ਼ਦੂਰ ਯੂਨੀਅਨ ਦੇ ਜੋਸੇਫ ਮਿਸਰਬੇਨਰ ਨੇ ਕਿਹਾ ਸੀ "ਹਰੇਕ ਤੇਲ ਰਿਫਾਇਨਰੀ ਹਰੇਕ ਪੈਟਰੋਰਸਾਇਣ ਕਾਰਖਾਨਾ ਇਕ ਟਾਇਮ ਬੰਬ ਹੈ ਜੋ ਟਿਕਟਿਕ ਕਰ ਰਿਹਾ ਦੁਰਘਟਨਾਵਾਂ ਹੋਣ ਦੀ ਉਡੀਕ ਵਿੱਚ। ਉਦਯੋਗ ਇਹਨਾਂ ਸਹੂਲਤਾਂ ਨੂੰ ਨੇੜੇ ਜਮੀਨ 'ਤੇ ਲਿਆ ਰਿਹਾ ਹੈ। "ਇਹ ਸਮੁੱਚੇ ਉਦਯੋਗ ਵਿੱਚ ਠੇਕੇ ਦੇ ਮਜ਼ਦੂਰਾਂ ਦੀ ਵਿਆਪਕ ਵਰਤੋਂ ਨਾਲ ਜੁੜ ਕੇ ਇਸ ਗੱਲ ਦੀ ਗਰੰਟੀ ਕਰਦਾ ਹੈ ਕਿ ਅਜੇਹੇ ਵਿਸਫੋਟ ਰੈਗੂਲਰ ਹੁੰਦੇ ਰਹਿਣਗੇ।"

1990 ਦੇ ਦਹਾਕੇ 'ਚ ਰੋਜ਼ਗਾਰ ਦੀ ਪੱਧਰ 'ਚ ਕਟੌਤੀ ਜਾਰੀ ਰਹੀ ਸੀ ਜਦ ਕਿ ਇਸ ਦੌਰ ਵਿੱਚ ਰਸਾਇਣ ਉਦਯੋਗ ਦਾ ਵਿਸ਼ਵੀਕਰਣ ਜਿਸ 'ਚ ਏਸ਼ੀਆ ਵਿਚ ਵਿਆਪਕ ਵਿਸਥਾਰ ਸ਼ਾਮਲ ਹੋਇਆ ਹੈ। ਕੌਮਾਂਤਰੀ ਕਿਰਤ ਸੰਗਠਨ ਦਾ ਅਨੁਮਾਨ ਹੈ ਕਿ 1995 ਤੋਂ 1999 ਵਿਚਕਾਰ ਰਸਾਇਣ ਉਦਯੋਗਾਂ ਦੇ ਸਨਅਤੀ ਰਸਾਇਣ ਖੇਤਰ ਵਿੱਚ 15 ਲੱਖ ਰੁਜ਼ਗਾਰਾਂ 'ਚ ਕਟੌਤੀ ਹੋਈ। ਇਹ ਰੁਝਾਣ 21ਵੀਂ ਸਦੀ 'ਚ ਜਾਰੀ ਹੈ। ਅਮਰੀਕਾ ਦੀਆਂ 20 ਰਸਾਇਣ ਕੰਪਨੀਆਂ 'ਚ 1991 ਤੋਂ 2004 ਵਿਚਕਾਰ ਲਗਭਗ 40 ਫੀਸਦੀ ਰੁਜ਼ਗਾਰ 'ਚ ਕਟੌਤੀ ਹੋਈ।

ਇਕ ਚੌਥਾਈ ਸ਼ਤਾਬਦੀ ਦਾ ਸਮਾਂ ਰਸਾਇਣਕ ਮਹਾਂਵਿਨਾਸ਼ ਦੇ ਖ਼ਤਰੇ ਨਾਲ ਨਿਪਟਣ 'ਚ ਵਿਗਿਆਨਕ ਤੇ ਤਕਨੀਕੀ ਗਿਆਨ ਹਾਸਲ ਕਰਨ ਤੇ ਲਾਗੂ ਕਰਨ ਦੀ ਘੱਟ ਨਹੀਂ ਹੁੰਦਾ ਅਤੇ ਨਾ ਹੀ ਇਸ ਗਿਆਨ 'ਤੇ ਅਧਾਰਤ ਰਾਜ ਤੇ ਹੋਰ ਸੰਸਥਾਵਾਂ ਲਈ ਨਿਆਮਕ ਪ੍ਰੋਗ੍ਰਾਮਾਂ ਨੂੰ ਲਾਗੂ ਕਰਨ ਲਈ ਘੱਟ ਹੁੰਦਾ ਹੈ ਤਾਂ ਵੀ ਪੱਚੀ ਸਾਲ ਪਿਛੋਂ ਬਹੁਤ ਸਾਰੇ ਉਹਨਾਂ ਹੀ ਕਾਰਨਾਂ ਕਰਕੇ ਮਹਾਂਵਿਨਾਸ਼ ਹੁੰਦੇ ਜਾ ਰਹੇ ਹਨ। ਜਿਹਨਾਂ ਨੇ ਭੂਪਾਲ ਦੇ ਨਿਵਾਸੀਆਂ ਉੱਪਰ ਨਰਕ ਦੀ ਰਾਤ ਬਰਸਾ ਦਿੱਤੀ ਸੀ। ਇਹ ਕਾਰਨ ਆਮ ਤਕਨੀਕੀ, ਜਥੇਬੰਦਕ ਤੇ ਪ੍ਰਬੰਧਕੀ ਸਮੱਸਿਆਵਾਂ ਤੋਂ ਪੈਦਾ ਹੁੰਦੇ ਹਨ ਜੋ ਜ਼ਿਆਦਾਤਰ ਬੇਹੱਦ ਖ਼ਤਰਨਾਕ ਫੈਕਟਰੀਆਂ ਦੇ ਡਿਜਾਇਨ, ਸੰਚਾਲਨ ਤੇ ਨਿਯਮਨ 'ਚ ਨਿੱਜੀ ਮੁਨਾਫੇ ਦੀ ਤਰਜੀਹ 'ਤੇ ਅਧਾਰਤ ਆਰਥਕ ਫੈਸਲਿਆਂ ਨਾਲ ਸਿੱਧੇ ਜੁੜੇ ਹੋਏ ਹਨ। ਰਸਾਇਣਕ ਮਹਾਂ ਵਿਨਾਸ਼ਾਂ ਨੂੰ ਅਕਸਰ ਕੰਟਰੋਲ 'ਚ ਨਾ ਰਹਿਣ ਵਾਲੇ ਅਮਲਾਂ ਦੇ ਸਿੱਟੇ ਵਜੋਂ ਟਿਕਿਆ ਜਾਂਦਾ ਹੈ। ਜਦ ਕਿ ਇਹ ਅਕਸਰ ਕੰਟਰੋਲ 'ਚ ਨਾ ਰਹਿਣ ਵਾਲੇ ਵਪਾਰਕ ਅਮਲਾਂ ਦੇ ਸਿੱਟੇ ਹੁੰਦੇ ਹਨ ਵਾਰ ਵਾਰ ਹੋਣ ਵਾਲੇ ਇਹਨਾਂ ਰਸਾਇਣਕ ਮਹਾਂ ਵਿਨਾਸ਼ਾਂ ਦੇ ਕਾਰਨਾ ਨੂੰ ਲੱਭ ਸਕਣਾ ਮੁਸ਼ਕਲ ਨਹੀਂ ਹੈ। ਰਸਾਇਨਿਕ ਤੇ ਪੈਟਰੋ ਰਸਾਇਣ ਕਾਰਪੋਰੇਸ਼ਨ ਮਜ਼ਦੂਰਾਂ, ਸਮੂਹਾਂ ਤੇ ਵਾਤਾਵਰਣ ਦੀ ਲੰਮੇ ਦਾਅ ਦੀ ਸੁਰੱਖਿਆ ਤੋਂ ਵੱਧ ਘੱਟ ਅਰਸੇ ਦੇ ਆਰਥਕ ਹਿੱਤਾਂ ਨੂੰ ਲਗਾਤਾਰ ਚੁਣਦੇ ਹਨ।

ਭੂਪਾਲ ਪਿੱਛੋਂ ਵੱਡੇ ਪੈਮਾਨੇ, ਕਾਨੂੰਨ ਵੀ, ਜ਼ਹਿਰੀਲੀਆਂ ਰਸਾਇਣਕ ਘਟਨਾਵਾਂ ਨੂੰ ਨਿਰੰਤਰ ਹੋਣ ਤੋਂ ਰੋਕ ਨਹੀਂ ਸਕੇ। ਜੇ ਸੰਯੋਗਵਸ ਭੂਪਾਲ ਦੇ ਪੈਮਾਨੇ ’ਤੇ ਕੁਝ ਨਹੀਂ ਹੋਇਆ ਤਾਂ ਵੀ ਲਘੂ-ਭੂਪਾਲਾਂ ਦੀਆਂ ਜਾਰੀ ਘਟਨਾਵਾਂ ਇਹ ਜਾਹਰ ਕਰਦੀਆਂ ਹਨ ਕਿ ਖੁਦ ਰਸਾਇਣਕ ਫੈਕਟਰੀਆਂ ’ਚ ਬਹੁਤਾ ਕੁਝ ਨਹੀਂ ਬਦਲਿਆ ਹੈ। ਅਸਲ ’ਚ ਅਮਲੀ ਸੁਰੱਖਿਆ ਮਾਹਰ ਅਤੇ ਨਿਆਮਕ ਅਧਿਕਾਰੀ ਦਸਦੇ ਹਨ ਕਿ ਭੂਪਾਲ ਮਹਾਂਵਿਨਾਸ਼ ਨੂੰ ਜਨਮ ਦੇਣ ਵਾਲੇ ਕਾਰਨ ਅਜੇ ਵੀ ਮੌਜੂਦ ਹਨ ਜੋ ਦੁਰਘਟਨਾਵਾਂ ਨੂੰ ਜਨਮ ਦੇ ਰਹੇ ਹਨ।

**ਬੀ. ਪੀ. ਤੇ ਟੈਕਸਾਸ ਸ਼ਹਿਰਾਂ ’ਚ ਮਹਾਂਵਿਨਾਸ਼** - 23 ਮਾਰਚ 2005 ਨੂੰ ਬੀ. ਪੀ. ਦੀ ਮਾਲਕੀ ਵਾਲੀ ਅਮਰੀਕਾ ਦੀ ਤੀਜੀ ਸਭ ਤੋਂ ਵੱਡੀ ਰਿਫਾਨਰੀ ਦੇ ਆਈਸੋਮਰੀਕਣ (ਆਈ ਸੋਮ) ਇਕਾਈ ਨੂੰ ਚਾਲੂ ਕਰਨ ਦੌਰਾਨ ਵਿਸਫੋਟਾਂ ਤੇ ਅੱਗ ਲੱਗਣ ਦੀ ਲੜੀ ’ਚ 15 ਮਜ਼ਦੂਰ ਮਾਰੇ ਗਏ ਅਤੇ 180 ਜਖ਼ਮੀ ਹੋ ਗਏ। ਸਭ ਮ੍ਰਿਤਕ ਠੇਕਾ ਮਜ਼ਦੂਰ ਸਨ। ਸਭ ਮ੍ਰਿਤਕਾਂ ਅਤੇ ਜ਼ਖ਼ਮੀਆਂ ਵਿੱਚ ਕਈ ਅਸਥਾਈ ਟ੍ਰਾਲਿਆਂ ਦੇ ਨੇੜੇ ਤੇੜੇ ਸਨ। ਇਹ ਟ੍ਰਾਲੀਆਂ ਆਈ ਸੋਮ ਇਕਾਈ ਦੇ ਨੇੜੇ ਇਸ ਲਈ ਰੱਖੀਆਂ ਗਈਆਂ ਜਿਸ ਨਾਲ ਕਿ ਨੇੜੇ ਦੀ ਰਿਫਾਇਨਰੀ ਇਕਾਈ ਦੇ ਰਖ-ਰਖਾਅ ਤੇ ਏਧਰ ਉਧਰ ਕਰਨ ਦੇ ਕੰਮ ਦੀ ਮਦਦ ਕੀਤੀ ਜਾ ਸਕੇ। ਕਾਰਖਾਨੇ ਦੇ ਬਾਹਰ ਦੇ 43000 ਨਿਵਾਸੀਆਂ ਨੂੰ ਕਈ ਘੰਟਿਆਂ ਤਕ ਘਰ ਦੇ ਅੰਦਰ ਰਹਿਣ ਦੇ ਹੁਕਮ ਦਿੱਤੇ ਗਏ ਸਨ ਅਤੇ ਤਿੰਨ ਚੌਥਾਈ ਮੀਲ ਦੂਰ ਖੜ੍ਹੇ ਮਕਾਨਾਂ ਨੂੰ ਨੁਕਸਾਨ ਪਹੁੰਚਿਆ ਸੀ। ਬੀ. ਪੀ. ਨੇ ਸਟਾਫ ਦੀਆਂ ‘ਅਸਫਲਤਾਵਾਂ ਦੀ ਲੜੀ’ ਕਾਰਨ ਵਿਸਫੋਟ ਹੋਇਆ ਅਤੇ ਉਸ ਨੇ ਦੋਸ਼ ਉਹਨਾਂ ’ਤੇ ਮੜ ਦਿੱਤਾ। ਉਹਨਾਂ ਦਾ ਕਹਿਣਾ ਸੀ ਕਿ ਜੇ ਸਟਾਫ ਲਿਖਿਤ ਨਿਰਦੇਸ਼ਾਂ ਦੀ ਪਾਲਣਾ ਕਰਦਾ ਤਾਂ ਵਿਸਫੋਟ ਨਹੀਂ ਹੋਣਾ ਸੀ। ਪਰ ਰਸਾਇਣਕ ਸੁਰੱਖਿਆ ਬੋਰਡ, ਜੋ ਅਮਰੀਕਾ ਦੀਆਂ ਵੱਡੀਆਂ ਰਸਾਇਣਕ ਦੁਰਘਟਨਾਵਾਂ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਸੰਸਥਾ ਹੈ ਵਲੋਂ ਵੱਖਰੀ ਕਹਾਣੀ ਦੱਸੀ ਗਈ ਅਤੇ ਇਸ ਵਿੱਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਰਸਾਇਣਕ ਸੁਰੱਖਿਆ ਬੋਰਡ ਦੀ ਅੰਤਿਮ ਰੀਪੋਟ ਨੇ ਸਿੱਟਾ ਕੱਢਿਆ “ਟੈਕਸਾਸ ਸ਼ਹਿਰ ਦੀ ਤਬਾਹੀ ਬੀ. ਪੀ. ਕਾਰਪੋਰੇਸ਼ਨ ਵਲੋਂ ਸਭ ਪੱਧਰਾਂ ’ਤੇ ਜਥੇਬੰਦਕ ਤੇ ਸੁਰੱਖਿਆ ਕਮੀਆਂ ਕਾਰਨ ਹੋਈ ਸੀ।” ਬੋਰਡ ਤੇ ਉਚ ਪ੍ਰਬੰਦਕੀ ਪੱਧਰ ’ਤੇ ਸਭ ਤੋਂ ਉਚੇ ਪੱਧਰਾਂ ’ਤੇ ਬਜਟ ’ਚ ਕਟੌਤੀ ਦਾ ਫੈਸਲਾ ਲਿਆ ਗਿਆ, ਇਹ ਇਸ ਗੱਲ ਦੇ ਬਾਵਜੂਦ ਕਿ ਟੈਕਸਾਸ ਸ਼ਹਿਰ ’ਤੇ ਸੁਰੱਖਿਆ ਦੀ ਕਮੀ ਮੌਜੂਦ ਸੀ। ਰਸਾਇਣਕ ਸੁਰੱਖਿਆ ਬੋਰਡ ਦੇ ਇਕ ਅਧਿਕਾਰੀ ਨੇ ਕਿਹਾ, ਟੈਕਸਾਸ ਸ਼ਹਿਰ ਲਈ ਪ੍ਰਬੰਦਕਾਂ ਵਲੋਂ ਖ਼ਰਾਬ ਖ਼ਬਰਾਂ ਦੀ ਰੀਪੋਟਿੰਗ ਨੂੰ ਹੱਲਾਸ਼ੇਰੀ ਨਹੀਂ ਦਿੱਤੀ ਗਈ। ਦੁਰਘਟਨਾਵਾਂ ਦੀ ਜਾਂਚ ਅਕਸਰ ਪ੍ਰਭਾਵਹੀਣ ਤਰੀਕੇ ਨਾਲ ਕੀਤੀ ਗਈ ਅਤੇ ਸੁਧਾਰਨ ਦੀ ਸਹੀ ਕਾਰਵਾਈ ਨਹੀਂ ਕੀਤੀ ਗਈ। ਰਸਾਇਣਕ ਸੁਰੱਖਿਆ ਬੋਰਡ ਦੇ ਸਿੱਟਿਆਂ ਨਾਲ ਬੀ. ਪੀ ‘ਦ੍ਰਿੜਤਾ ਪੂਰਵਕ ਅਸਹਿਮਤ’ ਸੀ ਪਰ ਉਸ ਨੇ ਕਿਹਾ ਕਿ ਰਸਾਇਣਕ ਸੁਰੱਖਿਆ ਬੋਰਡ ਵਲੋਂ ਕੀਤੀਆਂ ਖੋਜਾਂ ’ਤੇ ਪੂਰਾ ਤੇ ਸੁਚੇਤ ਹੋ ਕੇ ਧਿਆਨ ਦੇਵੇਗੀ।

**ਦੁਰਘਟਨਾ ਹੋਣ ਦੇ ਇੰਤਜ਼ਾਰ ਵਿੱਚ** - ਵੱਖ ਵੱਖ ਜਾਂਚ ਪੜਤਾਲਾਂ ਦੌਰਾਨ ਜੋ ਗੱਲਾਂ ਸਾਹਮਣੇ ਆਈਆਂ ਹਨ ਉਹ ਦਸਦੀਆਂ ਹਨ ਕਿ ਭੁਪਾਲ ਵਾਂਗੂ ਟੈਕਸਾਸ

ਸ਼ਹਿਰ ਵੀ ਦੁਰਘਟਨਾ ਹੋਣ ਦੀ ਉਡੀਕ ਵਿੱਚ ਸੀ। ਰਿਫਾਇਰੀ ਦਾ ਦੁਰਘਟਨਾਵਾਂ ਦਾ ਬੁਰਾ ਇਤਿਹਾਸ ਰਿਹਾ ਹੈ। ਹਾਊਸਟਨ ਕ੍ਰੋਨੋਈਕਲ ਨੇ ਰੀਪੋਟ ਕੀਤਾ ਕਿ ਸੱਤਰ ਰਦੇ ਦਹਾਕੇ ਦੇ ਮੱਧ ਤੋਂ ਘਟੋ ਘੱਟ 41 ਮੌਤਾਂ ਹੋ ਚੁੱਕੀਆਂ ਹਨ। ਰਿਫਾਨਰੀ ਦੇ ਅੱਗ ਬੁਝਾਉਣ ਵਾਲੇ ਮੁਖੀਆ ਨੇ ਦੱਸਿਆ ਕਿ ਰਿਫਾਇਨਰੀ 'ਚ ਹਫਤੇ 'ਚ ਔਸਤਨ ਇਕ ਵਾਰ ਅੱਗ ਲਗਦੀ ਹੈ ਪਿਛਲੇ 10 ਸਾਲਾਂ 'ਚ ਸਲਾਨਾ ਔਸਤਨ 50 ਤੋਂ 80 ਵਾਰੀ ਅੱਗ ਲਗਦੀ ਰਹੀ ਹੈ।

**ਔਜਾਰਾਂ ਦੀਆਂ ਅਸਫਲਤਾਵਾਂ** - ਬੀ. ਪੀ. ਟੈਕਸਾਸ ਸ਼ਹਿਰ 'ਚ ਵਿਸਫੋਟ "ਮਸ਼ੀਨੀ ਅਸਫਲਤਾਵਾਂ ਦੇ ਬਾਅਦ ਹੋਏ। ਅਲਾਰਮ ਸ਼ਾਂਤ ਹੀ ਰਹੇ ਪੱਧਰ ਸੰਕੇਤਕ ਵਧ ਰਹੇ ਖ਼ਤਰੇ ਨੂੰ ਦੱਸਣ 'ਚ ਅਸਫਲ ਰਹੇ ਅਤੇ ਵਾਲਵ ਜਾਮ ਹੋ ਗਏ।" ਮਸ਼ੀਨਾਂ ਦੇ ਪੱਧਰ ਬਾਰੇ ਰਸਾਇਣਕ ਸੁਰੱਖਿਆ ਬੋਰਡ ਨੇ ਵਾਲਵ, ਗੇਜ, ਉਪਕਰਣਾਂ ਦੀ 'ਖਰਾਬ ਹਾਲਤ' ਬਾਰੇ ਰਿਪੋਰਟ ਕੀਤਾ। ਕਾਰਪੋਰੇਸ਼ਨ ਦਾ ਪ੍ਰਬੰਦ ਤੰਤਰ ਸਮੱਸਿਆਵਾਂ ਤੋਂ ਅੱਛੀ ਤਰ੍ਹਾਂ ਜਾਣੂ ਸੀ। 2004 ਵਿੱਚ ਰਿਫਾਇਨਰੀ ਦੇ ਪ੍ਰਬੰਦਕ ਨੇ ਸੁਰੱਖਿਆ ਬਾਰੇ ਰਿਫਾਇਨਰੀ ਸਟਾਫ ਦਾ ਸਰਵੇਖਣ ਕਰਨ ਲਈ ਟੇਲੋਸ ਗਰੁੱਪ ਨੂੰ ਨਿਯੁਕਤ ਕੀਤਾ ਸੀ। ਮਜ਼ਦੂਰਾਂ ਨੇ ਟੇਲੋਸ ਨੂੰ "ਟੁੱਟੇ ਹੋਏ ਅਲਾਰਮਾ ਬਾਰੇ, 60 ਫੁੱਟ ਤੋਂ ਬੋਲਟ ਦੇ ਡਿੱਗਣ ਬਾਰੇ ਘਿਸੀਆਂ ਹੋਈਆਂ ਪਾਈਪਾਂ ਬਾਰੇ, ਕੰਕ੍ਰੀਟ ਦੇ ਡਿਗਦੇ ਹੋਏ ਟੁਕੜਿਆਂ ਬਾਰੇ ਅਤੇ ਸਟਾਫ ਦੇ ਲਪਟਾਂ ਦਾ ਸ਼ਿਕਾਰ ਹੋਣ ਬਾਰੇ ਦੱਸਿਆ ਸੀ" ਮਜ਼ਦੂਰ ਨੇ ਇਹ ਵੀ ਕਿਹਾ "ਕਰਮਚਾਰੀ ਹਮੇਸ਼ਾ ਗਲਤ ਹੁੰਦਾ ਹੈ ਅਤੇ ਉਸ ਨੇ ਇਸ ਬਿਆਨ 'ਤੇ ਦਸਖ਼ਤ ਕਰਨੇ ਹੁੰਦੇ ਹਨ ਕਿ ਉਸ ਨੇ ਅਸੁਰੱਖਿਅਤ ਤਰੀਕੇ ਨਾਲ ਕੰਮ ਕੀਤਾ।" ਬੀ. ਪੀ. ਵਲੋਂ ਦੁਰਘਟਨਾ ਲਈ ਮਜ਼ਦੂਰ ਦੀ ਗਲਤੀ ਕੱਢਣੀ ਨੂੰ ਜੇ ਰਸਾਇਣਕ ਸੁਰੱਖਿਆ ਬੋਰਡ ਦੀ ਅੰਤਿਮ ਰੀਪੋਟ ਦੇ ਪ੍ਰਸੰਗ 'ਚ ਰੱਖਿਆ ਜਾਵੇ ਜੋ ਕਹਿੰਦੀ ਹੈ ਕਿ ਇਹਨਾਂ ਮਜ਼ਦੂਰਾਂ ਨੇ 35, 29 ਅਤੇ 31 ਲਗਾਤਾਰ ਪਾਰੀਆਂ 'ਚ ਕੰਮ ਕੀਤਾ ਸੀ। ਕਈ ਮਜ਼ਦੂਰਾਂ ਨੇ 30 ਦਿਨਾਂ ਤਕ ਲਗਾਤਾਰ 12 ਘੰਟੇ, ਜਿਸ 'ਚ ਕੁਝ ਲੋਕ ਇਸ ਤੋਂ ਇਲਾਵਾ 2 ਘੰਟੇ ਆਉਣ-ਜਾਣ 'ਚ ਘੱਟ ਕੀਤਾ ਸੀ। ਰਿਫਾਇਨਰੀ ਵਿੱਚ ਮਜ਼ਦੂਰਾਂ ਦੇ ਏਨੇ ਵਿਸਥਾਰਿਤ ਕੰਮ ਦੇ ਦਿਨ ਅਸੁਭਾਵਿਕ ਨਹੀਂ ਸਨ।

**ਉਪ ਠੇਕੇਦਾਰਾਂ ਦੀ ਸਮੱਸਿਆ** - ਪਹਿਲਾਂ ਰੱਖ-ਰਖਾਅ ਸਮੇਤ ਜੋ ਸੇਵਾਵਾਂ ਕੰਪਨੀ ਦੇ ਕਰਮਚਾਰੀਆਂ ਵਲੋਂ ਕੀਤੀਆਂ ਜਾਂਦੀਆਂ ਸਨ। ਉਹ 1980 ਦੇ ਦਹਾਕੇ ਤੋਂ ਠੇਕੇਦਾਰਾਂ ਤੋਂ ਕਰਾਉਣੀਆਂ ਸ਼ੁਰੂ ਹੋ ਗਈਆਂ ਅਤੇ 1990 ਤਕ ਪੈਟਰੋ ਰਸਾਇਣ ਉਦਯੋਗ 'ਚ ਮਾਲਕ ਬਣ ਚੁੱਕੀ ਸੀ। ਯੂਨੀਅਨਾਂ ਨੇ ਉਪ-ਠੇਕੇਦਾਰੀ ਪ੍ਰਥਾ ਦੇ ਵਾਧੇ ਨਾਲ ਸੁਰੱਖਿਆ ਸਬੰਧੀ ਸਮੱਸਿਆਵਾਂ ਵੱਲ ਤੁਰੰਤ ਹੀ ਧਿਆਨ ਦਵਾਇਆ। ਇਹਨਾਂ ਚਿੰਤਾਵਾਂ ਨੂੰ 1989 ਦੀ ਫਿਲਿਪਸ ਕੰਪਨੀ ਦੀ ਦੁਰਘਟਨਾ ਨੇ ਸਹੀ ਸਿੱਧ ਕਰ ਦਿੱਤਾ ਸੀ। ਇਸ ਬਾਰੇ ਇਕ ਰੀਪੋਟ 'ਚ ਕਿਹਾ ਗਿਆ "ਜ਼ਿਆਦਾ ਫਰਮ ਆਪਣੇ ਕਾਰਖਾਨਾ ਪ੍ਰਬੰਧਕਾਂ ਨੂੰ ਠੇਕੇ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਸਿੱਖਲਾਈ ਤੇ ਨਿਗਰਾਨੀ ਦੀ ਜ਼ਿੰਮੇਵਾਰੀ ਤੋਂ ਬਚਣ ਦੀ ਸਲਾਹ ਦਿੰਦੀ ਹੈ ਕਿਉਂਕਿ ਜੇ ਠੇਕੇ ਦੇ ਮਜ਼ਦੂਰਾਂ ਨੂੰ ਜੇ, ਕਾਰਖਾਨੇ ਦਾ ਸਹਿ-ਕਰਮਚਾਰੀ ਪਾਇਆ ਜਾਂਦਾ ਹੈ ਤਾਂ ਕਾਨੂੰਨੀ ਤੇ ਵਿੱਤੀ ਜ਼ਿੰਮੇਵਾਰੀਆਂ ਨੂੰ ਉਠਾਉਣਾ ਪਵੇਗਾ ਅਤੇ ਫਰਮ ਇਸ ਤੋਂ ਬਚਣਾ ਚਾਹੁੰਦੀ ਹੈ। 1989 'ਚ ਫਿਲਿਪਸ ਪੈਟ੍ਰੋਲਿਅਮ ਦੇ ਰਸਾਇਣਕ ਮਹਾਂਵਿਨਾਸ਼ 'ਚ ਮਰਨ ਵਾਲੇ

ਅਨੇਕਾਂ ਠੇਕੇ ਦੇ ਮਜ਼ਦੂਰ ਵੀ ਸਨ। ਇਸ ਮਰਨ ਦੀ ਦਰ ਦੇ ਤਿੰਨ ਕਾਰਨ ਵਿਆਖਿਆ ਕਰਦੇ ਹਨ। ਠੇਕੇ ਦੇ ਮਜ਼ਦੂਰ ਸੁਰੱਖਿਆ ਸਬੰਧੀ ਘੱਟ ਹੁਨਰਮੰਦ ਹੁੰਦੇ ਹਨ ਉਹ ਕਾਰਖਾਨੇ ਦੀਆਂ ਮਸ਼ੀਨਾਂ ਤੇ ਅਮਲ ਬਾਰੇ ਨਹੀਂ ਜਾਣਦੇ, ਇਥੋਂ ਤਕ ਕਿ ਉਹ ਇਹ ਵੀ ਨਹੀਂ ਜਾਣਦੇ ਜੋ ਹਮੇਸ਼ਾ ਫੈਕਟਰੀ 'ਚ ਕੰਮ ਕਰਦੇ ਹਨ ਅਤੇ ਉਹਨਾਂ ਨੂੰ ਆਮ ਤੌਰ 'ਤੇ ਵੱਡੀਆਂ ਤੇ ਜਟਿਲ ਇਕਾਈਆਂ ਪੈਦਾਵਾਰ ਇਕਾਈਆਂ ਵਿੱਚ ਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਵੱਡੀਆਂ ਜਟਿਲ ਸਮੱਸਿਆਵਾਂ ਤੇ ਪੈਦਾਵਾਰੀ ਯੂਨਿਟਾਂ ਨੂੰ ਫਿਰ ਤੋਂ ਸ਼ੁਰੂ ਕਰਨ ਸਮੇਤ ਸਭ ਤੋਂ ਖ਼ਤਰਨਾਕ ਕੰਮਾਂ 'ਚ ਲਾਇਆ ਜਾਂਦਾ ਹੈ। ਜਦੋਂ ਇਹ ਇਕਾਈਆਂ ਜੋ ਲੰਬੇ ਸਮੇਂ ਤਕ ਕ੍ਰਿਆਸ਼ੀਲ ਨਹੀਂ ਰਹਿੰਦੀਆਂ, ਫਿਰ ਤੋਂ ਸ਼ੁਰੂ ਕੀਤੀਆਂ ਜਾਂਦੀਆਂ ਹਨ।

**ਟੈਕਸਾਸ ਸ਼ਹਿਰ ਲਈ ਨਿਗਮ ਦੀ ਜ਼ਿੰਮੇਵਾਰੀ** - ਟੈਕਸਾਸ ਸ਼ਹਿਰ ਦੀਆਂ ਬਹੁਤੀਆਂ ਸਮੱਸਿਆਵਾਂ ਨੂੰ ਨਿਗਮ (ਕਾਰਪੋਰੇਸ਼ਨ) ਪ੍ਰਬੰਧ ਵਲੋਂ ਲਾਗਤ 'ਚ ਕਟੌਤੀ ਤੇ ਘੱਟੋ ਘੱਟ ਨਿਵੇਸ਼ ਕਰਨ ਦੇ ਫੈਸਲਿਆਂ 'ਚ ਲੱਭਿਆ ਜਾ ਸਕਦਾ ਹੈ। ਇਸ ਦਾ ਪਿਛੋਕੜ ਤੇਲ ਸਨਅਤ 'ਚ ਦੋ ਦਹਾਕਿਆਂ ਤੋਂ ਲਾਗਤ 'ਚ ਕਟੌਤੀ ਅਤੇ ਘੱਟ ਨਿਵੇਸ਼ ਵਿੱਚ ਸੀ। ਇਕ ਸਲਾਹਕਾਰ ਅਨੁਸਾਰ "ਬੀ. ਪੀ. ਦੀ ਸਭਿਆਚਾਰ ਸਨਅਤ ਵਿੱਚ ਲਾਗਤ 'ਚ ਬੇਹੱਦ ਕਟੌਤੀ ਕਰਨ ਦੇ ਹਿਸਾਬ ਨਾਲ ਬਣਦੀ ਸੀ ਜਿਸ ਨਾਲ ਰਖ-ਰਖਾਅ ਤੇ ਸੁਰੱਖਿਆ ਦੇ ਕਈ ਕੋਨਿਆਂ 'ਚ ਕਟੌਤੀ ਕੀਤੀ ਗਈ ਸੀ। ਟੈਕਸਾਸ ਸ਼ਹਿਰ ਨੂੰ ਡੋਬਣ ਵਾਲੀ ਸੁਰੱਖਿਆ ਬਾਰੇ ਸਮੱਸਿਆ ਉਸ ਸਮੇਂ ਵਧੀ ਜਦ ਬੀ. ਪੀ. ਨੇ 1998 'ਚ ਰਿਫਾਨਰੀ 'ਚ ਆਪਣੇ ਹੱਥਾਂ 'ਚ ਲੈ ਲਿਆ। ਸੁਰੱਖਿਆ ਪੈਮਾਨਿਆਂ ਨੂੰ ਕਾਇਮ ਰੱਖਣ 'ਚ ਨਿਵੇਸ਼ ਕਰਨ ਦੀ ਥਾਂ 'ਤੇ ਬੀ. ਪੀ. ਨੇ 1999 'ਚ ਸਥਾਈ ਲਾਗਤਾਂ 'ਚ ਕਟੌਤੀ ਕਰਨ ਦਾ ਹੁਕਮ ਦਿੱਤਾ ਸੀ। ਇਸ ਤੋਂ ਵਧ ਕੇ ਬੀ. ਪੀ. ਪ੍ਰਬੰਧਕਾਂ ਨੇ ਰਾਜ ਕਾਰਪੋਰੇਸ਼ਨ ਦਾ ਸਰਗਰਮੀ ਨਾਲ ਵਿਰੋਧ ਕੀਤਾ ਸੀ। ਰਾਜ ਨਿਯਮ ਤੋਂ ਦੁਰਘਟਨਾਵਾਂ ਨੂੰ ਰੋਕਣ 'ਚ ਮਦਦ ਮਿਲ ਸਕਦੀ ਸੀ ਬੀ. ਪੀ. ਨੇ ਟੈਕਸਾਸ ਨਿਆਮਕਾ ਵਲੋਂ ਤਹਿ ਕੀਤੇ ਨਿਯਮਾਂ ਵਿਰੁੱਧ ਭਰਪੂਰ ਹਮਾਇਤ ਲਈ ਗਈ ਸੀ।

**ਯੂਨੀਅਨ ਕਾਰਬਾਈਡ ਭੂਪਾਲ ਤੋਂ ਬੀ. ਪੀ ਟੈਕਸਾਸ ਸ਼ਹਿਰ ਤਕ** - ਟੈਕਸਾਸ ਸ਼ਹਿਰ ਵਿੱਚ ਭੂਪਾਲ ਦੀਆਂ ਕਈ ਗੂੰਜਾਂ ਹਨ। ਦੋਨਾਂ ਹੀ ਮਹਾਂਵਿਨਾਸ਼ਾਂ ਦੇ ਕਾਰਨਾਂ ਨੂੰ ਨਿਗਮਿਤ ਮੂਲ ਕੰਪਨੀ ਵਲੋਂ ਨਿਵੇਸ਼ ਤੇ ਲਾਗਤ 'ਚ ਕਟੌਤੀ ਦੇ ਫੈਸਲਿਆਂ 'ਚ ਲੱਭਿਆ ਜਾ ਸਕਦਾ ਹੈ। ਜਦ ਕਾਰਪੋਰੇਸ਼ਨ ਦੇ ਮੁੱਖ ਦਫ਼ਤਰਾਂ ਨੂੰ ਸਥਾਨਕ ਸੁਰੱਖਿਆ ਸਮੱਸਿਆਵਾਂ ਬਾਰੇ ਸੂਚਿਤ ਕੀਤਾ ਗਿਆ ਤਦ ਵੀ ਇਸ ਨੇ ਲਾਗਤ 'ਚ ਕਟੌਤੀ ਕਰਨ ਦਾ ਕੰਮ ਬੇਲਾਗ ਲਪੇਟ ਕੇ ਕਰਦੀ ਰਹੀ ਸੀ। ਭੂਪਾਲ ਤੇ ਟੈਕਸਾਸ ਸ਼ਹਿਰ ਦੋਨਾਂ 'ਚ ਪ੍ਰਬੰਧਕਾਂ ਨੇ ਕਾਰਪੋਰੇਸ਼ਨ (ਨਿਗਮ) ਦੇ ਫੈਸਲਾ ਲੈਣ ਵਾਲਿਆਂ ਦੀ ਬਜਾਏ ਮਜ਼ਦੂਰਾਂ 'ਤੇ ਦੋਸ਼ ਮੜਨ ਦੀ ਕੋਸ਼ਿਸ਼ ਕੀਤੀ ਸੀ। ਭੂਪਾਲ 'ਚ ਯੂਨੀਅਨ ਕਾਰਬਾਈਡ ਦੇ ਵਾਰੇਨ ਐਡਰਸਨ ਉਜੜ ਕੇ ਆਪਣੇ ਦੇਸ਼ ਚਲੇ ਗਏ ਅਤੇ ਮਹਾਂਵਿਨਾਸ਼ ਦੀ ਨੈਤਿਕ ਜ਼ਿੰਮੇਵਾਰੀ ਲੈ ਲਈ ਪਰ ਲਾਰਡ ਬਰਾਊਨ ਜਦ ਨੈਤਿਕ ਜ਼ਿੰਮੇਵਾਰੀ ਲੈ ਰਹੇ ਸਨ ਤਦ ਵੀ ਉਹ ਇਹ ਕਹਿ ਰਹੇ ਸਨ ਕਿ ਉਹ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰਦੇ ਕਿ ਬੋਰਡ ਆਪਣੇ ਕਾਨੂੰਨੀ ਫਰਜ਼ਾਂ ਦੇ ਨਿਰਬਾਹ 'ਚ ਅਸਫਲ ਰਿਹਾ ਹੈ। ਭੂਪਾਲ 'ਚ ਬੇਚੈਨ ਮਜ਼ਦੂਰਾਂ ਨੇ ਮੈਨੇਜਮੈਂਟ ਨੂੰ ਕੰਮ ਕਰਨ ਲਈ ਕਿਹਾ ਸੀ। ਯੂਨੀਅਨ ਨੇ

ਪੋਸਟਰਾਂ ਦੀ ਮਦਦ ਨਾਲ ਸਥਾਨਕ ਆਬਾਦੀ ਨੂੰ ਚੇਤਾਵਨੀ ਦਿੱਤੀ ਸੀ। ਟੈਕਸਾਸ ਸ਼ਹਿਰ ਵਿੱਚ ਮਜ਼ਦੂਰਾਂ ਨੇ ਅਲਾਸਕਾ 'ਚ ਯੂਨੀਅਨ ਸਬੰਧਾਂ ਦੀ ਵਰਤੋਂ ਕਰਕੇ ਤੇਲ ਮਜ਼ਦੂਰਾਂ ਦੇ ਇਕ ਨੇਤਾ ਰਾਹੀਂ ਆਪਣੀਆਂ ਸਮੱਸਿਆਵਾਂ ਦਾ ਪ੍ਰਚਾਰ ਕੀਤਾ ਸੀ। ਰਸਾਇਣਕ ਮਹਾਂਵਿਨਾਸ਼ ਦਾ ਖ਼ਤਰਾ ਬੀ. ਪੀ. ਟੈਕਸਾਸ ਸਿਟੀ ਰਿਫਾਇਨਰੀ ਤਕ ਜਾਂ ਆਮ ਤੌਰ 'ਤੇ ਰਿਫਾਇਨਰੀਆਂ ਤਕ ਸੀਮਤ ਨਹੀਂ ਹੈ। ਬੀ. ਪੀ ਦੇ ਨਾਲ-ਨਾਲ ਇਨਸਾਨ ਮੋਬਾਇਲ ਅਤੇ ਸੈਲ 'ਚ ਅਜੇਹੀਆਂ ਦੁਰਘਟਨਾਵਾਂ ਦੁਨੀਆਂ ਦੇ ਪੈਮਾਨੇ 'ਤੇ ਹੋ ਰਹੀਆਂ ਹਨ। ਇਹ ਖ਼ਤਰੇ ਤੇਲ ਉਦਯੋਗ ਤਕ ਸੀਮਤ ਨਹੀਂ ਹਨ ਬਲਕਿ ਰਸਾਇਣ, ਪੇਟ੍ਰੋਰਸਾਇਣ ਤੇ ਪਲਾਸਟਕ ਉਦਯੋਗਾਂ ਵਿੱਚ ਵੀ ਆਮ ਹੈ। ਮਿਸਾਲ ਵਜੋਂ ਪੱਛਮੀ ਵਰਜੀਨਿਆ, ਇੰਸਟੀਚੂਟ 'ਚ ਹੋਏ ਵਿਸਫੋਟ ਦੇ ਸਿੱਟੇ ਵਜੋਂ ਲੱਗੀ ਅੱਗ ਬਾਰੇ ਵਿਚਾਰ ਕਰੀਏ। ਇਹ ਕਾਰਖਾਨਾ ਅਮਰੀਕਾ 'ਚ ਇਕੋ ਇੱਕ ਹੈ ਜਿਸ 'ਚ ਮਿਥਾਇਲ ਆਈਸੋਸਾਇਨੇਟ (mic) ਦਾ ਸਟੋਰ ਹੁੰਦਾ ਹੈ। ਇਹ ਉਹੀ ਮਿਕ ਹੈ ਜਿਸ ਨੇ ਭੂਪਾਲ ਨੂੰ ਤਬਾਹ ਕੀਤਾ ਸੀ। ਇਸ ਵਿਸਫੋਟ ਨਾਲ 2 ਮਜ਼ਦੂਰ ਮਰ ਗਏ ਅਤੇ 8 ਮਜ਼ਦੂਰ ਜ਼ਖਮੀ ਹੋ ਗਏ ਜਿਹਨਾਂ 'ਚ ਦੋ ਠੇਕਾ ਮਜ਼ਦੂਰ ਸਨ। ਹਜ਼ਾਰਾਂ ਸਥਾਨਕ ਨਿਵਾਸੀਆਂ ਨੂੰ ਘਰੋਂ ਅੰਦਰ ਰਹਿਣ ਦੀ ਸਲਾਹ ਦਿੱਤੀ ਗਈ ਸੀ ਅਤੇ ਮੁੱਖ ਰਾਜ ਮਾਰਗ ਨੂੰ ਕਈ ਘੰਟਿਆਂ ਤਕ ਬੰਦ ਰੱਖਿਆ ਗਿਆ ਸੀ। ਇਸ ਤਰ੍ਹਾਂ ਦੀਆਂ ਘਟਨਾਵਾਂ ਹੋਰ ਕੰਪਨੀਆਂ ਦੇ ਕਾਰਨਾਮਿਆਂ ਨਾਲ ਹੁੰਦੀਆਂ ਰਹੀਆਂ ਹਨ।

**ਭੂਪਾਲ ਤੋਂ 25 ਸਾਲ ਬਾਅਦ** - ਹੋਰ ਰਸਾਇਣਕ ਮਹਾਂਵਿਨਾਸ਼ਾਂ ਦੀ ਸੰਭਾਵਨਾ ਨਾਟਕੀ ਤੌਰ 'ਤੇ ਘੱਟ ਨਹੀਂ ਹੋਈ ਹੈ। ਅਸੀਂ ਇਹਨਾਂ ਮਹਾਂਵਿਨਾਸ਼ਾਂ ਨੂੰ ਹੋਣ ਦੀ ਉਦੋਂ ਤਕ ਉਮੀਦ ਕਰ ਸਕਦੇ ਹਾਂ ਜਦੋਂ ਤਕ ਨਿਗਮਾਂ ਦੀਆਂ ਤਰਜੀਹਾਂ ਸੁਰੱਖਿਆ ਤੋਂ ਵੱਧ ਪੈਦਾਵਾਰ ਤੇ ਹਰ ਚੀਜ਼ ਤੋਂ ਵਧ ਕੇ ਮੁਨਾਫਾ ਇਹਨਾਂ ਅਤੀ ਖ਼ਤਰਨਾਕ ਫੈਕਟਰੀਆਂ ਨੂੰ ਚਲਾਉਣ ਵਿੱਚ ਫੈਸਲਾਕੁੰਨ ਕਾਰਕ ਬਣਿਆ ਰਹਿੰਦਾ ਹੈ। ਅਜੇ ਫਿਰ ਵੀ ਭੂਪਾਲ ਦੇ ਪੱਧਰ ਦਾ ਕੁਝ ਨਹੀਂ ਹੋਇਆ ਹੈ ਪਰ ਫਿਰ ਵੀ ਸਾਨੂੰ ਮਾਰਗੇਟ ਥੈਚਰ ਨੂੰ ਬ੍ਰਾਈਟਨ 'ਚ ਮਾਰਨ 'ਚ ਅਸਫਲ ਹੋਣ ਪਿਛੋਂ ਆਇਰਿਸ਼ ਰੀਪਬਲੀਕਨ ਆਰਮੀ ਦੀ ਇਸ ਟਿਪਣੀ ਨੂੰ ਯਾਦ ਰੱਖਣਾ ਚਾਹੀਦਾ ਹੈ, ਤੁਹਾਨੂੰ ਹਰ ਵਾਰੀ ਖੁਸ਼ਕਿਸਮਤ ਹੋਣਾ ਪਵੇਗਾ, ਸਾਨੂੰ ਇਕ ਵਾਰ ਹੀ ਖੁਸ਼ ਕਿਸਮਤ ਹੋਣਾ ਪਿਆ ਹੈ।

ਸਾਨੂੰ ਖੁਸ਼ਕਿਸਮਤ ਹੋਣਾ ਸੰਭਵ ਨਹੀਂ ਹੈ।

# ਸੜਦੇ ਪੂੰਜੀਵਾਦ 'ਚ ਭਰਿਸ਼ਟਾਚਾਰ ਹੀ ਆਦਰਸ਼

**ਆਦਰਸ਼ ਹਾਊਸਿੰਗ ਸੁਸਾਇਟੀ ਨਾਲ ਪੂਰਾ ਪ੍ਰਬੰਧ ਹੋਇਆ ਬੇਨਕਾਬ** :

ਮੁੰਬਈ ਦੀ 'ਆਦਰਸ਼' ਹਾਊਸਿੰਗ ਸੋਸਾਇਟੀ ਦੇ ਝਮੇਲੇ ਨੇ ਮੌਜੂਦਾ ਸਰਮਾਏ-ਦਾਰੀ ਪ੍ਰਬੰਧ ਨੂੰ ਇਕ ਵਾਰ ਫੇਰ ਨੰਗਾ ਕਰ ਦਿੱਤਾ ਹੈ ਆਦਰਸ਼ ਹਾਊਸਿੰਗ ਘੋਟਾਲੇ ਨੇ ਸਪਸ਼ਟ ਕਰ ਦਿੱਤਾ ਹੈ ਕਿ ਲੁੱਟ-ਘਸੁੱਟ ਦੀ ਇਸ ਵਿਵਸਥਾ ਵਿੱਚ ਭ੍ਰਿਸ਼ਟਾਚਾਰ ਇਕ ਆਦਰਸ਼ ਵਾਅਕ ਹੈ। ਇਸ ਘਪਲੇ ਵਿੱਚ ਦੇਸ਼ ਦੇ ਰਾਜਸੀ ਨੇਤਾਵਾਂ, ਅਧਿਕਾਰੀਆਂ ਤੋਂ ਲੈ ਕੇ ਫੌਜ ਦੇ ਆਲਾ ਅਧਿਕਾਰੀ ਸ਼ਾਮਲ ਹਨ। ਵੈਸੇ ਇਹਨਾਂ ਤਿੰਨ ਤਰ੍ਹਾਂ ਦੀਆਂ ਜੋਕਾਂ ਦਾ ਇਹ ਕੋਈ ਨਵਾਂ, ਅਨੋਖਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਘਪਲਿਆਂ ਦੀ ਲੰਬੀ ਲੜੀ ਹੈ। ਜਿਸ ਵਿੱਚ ਇਹ ਜੋਕਾਂ ਮੋਟੀਆਂ ਹੋਈਆਂ ਹਨ। ਫੌਜ 'ਚ ਭਰਿਸ਼ਟਾਚਾਰ ਨੂੰ ਹਮੇਸ਼ਾ ਹੀ ਲਕੋਇਆ ਜਾਂਦਾ ਹੈ। ਪਰ ਹੁਣ ਇਹ ਜੋਕਾਂ ਵੀ ਭਰਿਸ਼ਟਾਚਾਰ ਦੀ ਖੇਡ ਵਿੱਚ ਖੁਲ੍ਹੇਆਮ ਸ਼ਾਮਲ ਹੋ ਗਈਆਂ ਹਨ। ਤਾਬੂਤ ਘਪਲੇ 'ਚ ਤਾਂ ਇਹ ਫੌਜੀਆਂ ਦੇ ਕਫ਼ਨ ਤਕ ਦਾ ਪੈਸਾ ਖਾ ਗਏ। ਸੁਕਾਨ ਜ਼ਮੀਨ ਵਿਵਾਦ ਘਪਲੇ 'ਚ ਫੌਜ ਦੀ ਜਮੀਨ ਫੌਜ ਦੇ ਅਧਿਕਾਰੀਆਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਵੰਡ ਦਿੱਤੀ ਹੈ। ਆਦਰਸ਼ ਹਾਊਸਿੰਗ ਸੁਸਾਇਟੀ ਕਾਰਗਿਲ ਦੇ ਸ਼ਹੀਦਾਂ ਦੇ ਨਾਂ 'ਤੇ ਮੁੰਬਈ 'ਚ ਸਮੁੰਦਰ ਦੇ ਕਿਨਾਰੇ ਇਕ ਖੂਬਸੂਰਤ ਥਾਂ ਤੇ ਬਣਾਈ ਗਈ ਜੋ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਥਾਵਾਂ 'ਚੋਂ ਇਕ ਹੈ। ਦੈਨਿਕ ਅਖ਼ਬਾਰਾਂ ਅਨੁਸਾਰ ਕੋਲਾਵਾ ਨੇਵੀ ਨਗਰ 'ਚ ਇਹ ਜਮੀਨ ਸਮੁੰਦਰੀ ਫੌਜ ਦੇ ਕਬਜੇ ਵਿੱਚ ਸੀ। ਸਾਰੀ ਜੁਗਾੜਬਾਜੀ ਕਰਕੇ ਇਥੇ ਇਕ ਸ਼ਾਨਦਾਰ ਕਲੋਨੀ ਵਸਾਈ ਗਈ। ਫਿਰ ਅਨੇਕਾਂ ਅਫਸਰਾਂ, ਮੰਤਰੀਆਂ ਨੌਕਰਸ਼ਾਹਾਂ ਨੇ ਮਿਲ ਕੇ ਆਪਸ 'ਚ ਵੰਡ ਲਈ। ਇਸ ਲੁੱਟ ਵਿੱਚ ਹਿੱਸੇਦਾਰ ਸੈਨਾ ਦੇ ਮੌਜੂਦਾ ਤੇ ਸਾਬਕਾ ਵੱਡੇ-ਛੋਟੇ ਮਿਲਾ ਕੇ ਦਰਜਨਾ ਅਧਿਕਾਰੀ ਸ਼ਾਮਲ ਹਨ। ਐਨ. ਸੀ. ਪੀ. ਸ਼ਿਵ ਸੈਨਾ ਦੇ ਵੱਡੇ ਆਗੂ ਸਮੇਤ ਸੂਬੇ ਦੇ ਮੁੱਖ ਮੰਤਰੀ ਅਸ਼ੋਕ ਚੌਹਾਨ ਤਕ ਦੇ ਰਿਸ਼ਤੇਦਾਰਾਂ ਨੇ ਆਦਰਸ਼ ਹਾਊਸਿੰਗ ਸੁਸਾਇਟੀ 'ਚ ਪਲਾਟ ਖਰੀਦੇ। ਇਹਨਾਂ ਪਲਾਟਾਂ ਦੀ ਕੀਮਤ 8.5 ਕਰੋੜ ਅੰਕੀ ਗਈ ਹੈ। ਪਰ ਇਨ੍ਹਾਂ ਖੂਬਸੂਰਤ ਲੋਕਾਂ ਨੇ ਇਹ ਫਲੈਟ ਸਿਰਫ਼ 85 ਲੱਖ 'ਚ ਹੀ ਆਪਣੇ ਨਾਂ ਕਰਵਾ ਲਏ। ਇਹਨਾਂ ਘਪਲਿਆਂ 'ਚ ਮੁੱਖ ਮੰਤਰੀ ਸਮੇਤ ਫੌਜ ਦੇ ਕਈ ਸਾਬਕਾ ਮੁਖੀਆਂ ਦੇ ਸ਼ਾਮਲ ਹੋਣ ਨਾਲ ਕੇਂਦਰ ਸਰਕਾਰ ਰਾਜ ਦੀ ਸ਼ਾਖ ਬਾਰੇ ਕਾਫੀ ਚਿੰਤਤ ਹੋ ਰਹੀ ਹੈ। ਉਸ ਨੇ ਤੁਰੰਤ ਜਾਂਚ ਤੇ ਵੱਡੇ ਐਕਸ਼ਨ ਦੀ ਸ਼ੇਖੀ ਮਾਰ ਦਿੱਤੀ। ਮੁੱਖ ਮੰਤਰੀ ਦੇ ਨਜ਼ਦੀਕੀ ਰਿਸ਼ਤੇਦਾਰਾਂ ਤੇ ਫੌਜ ਮੁਖੀਆਂ ਨੇ ਫਲੈਟ ਖਾਲੀ ਕਰਨ ਦੀ ਗੱਲ ਕਹਿ ਦਿੱਤੀ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਚੋਰੀ ਫੜੇ ਜਾਣ 'ਤੇ ਸ਼ਾਤਰ ਲੋਕਾਂ ਨੇ ਮਾਸੂਮੀਅਤ ਦੀ ਚਾਦਰ ਪਾ ਲਈ ਹੈ। ਇਹ ਘਪਲਾ ਭਾਰਤੀ ਰਾਜ ਤੇ ਫੌਜ ਦੀ ਦੂਜੀ ਹੀ ਤਸਵੀਰ ਪੇਸ਼ ਕਰਦਾ ਹੈ। ਇਹ ਤਸਵੀਰ ਅਕਸਰ ਪੇਸ਼ ਕੀਤੀ ਜਾਂਦੀ ਹੈ ਕਿ ਫੌਜ ਦੇ ਅਫਸਰ ਦੇਸ਼ ਪਿਆਰ ਦੀ ਮੂਰਤ ਹਨ। ਇਹਨਾਂ ਨੂੰ ਭਰਿਸ਼ਟਾਚਾਰ, ਲੋਭ, ਲਾਲਚ ਤੋਂ ਕੋਹਾਂ ਦੂਰ ਰਹਿਣ ਵਾਲਿਆਂ ਵਜੋਂ ਪੇਸ਼ ਕੀਤਾ ਜਾਂਦਾ ਹੈ ਪਰ ਸਮੇਂ ਸਮੇਂ 'ਤੇ ਇਸ ਦੇ ਅੰਦਰ ਦਾ ਸੱਚ ਬਾਹਰ ਆ ਜਾਂਦਾ ਹੈ। ਉਸ ਸੱਚ ਵਿੱਚ ਅਸੀਂ ਸਾਫ ਵੇਖਦੇ ਹਾਂ ਕਿ ਫੌਜ ਦੇ ਵੀ ਦੋ ਹਿੱਸੇ ਹਨ। ਇਕ ਅਧਿਕਾਰੀਆਂ

ਦਾ, ਦੂਜਾ ਫੌਜੀਆਂ ਦਾ। ਫੌਜੀ ਤਾਂ ਆਮ ਮੇਹਨਤਕਸ਼ਾਂ ਦੇ ਬੱਚੇ ਹੁੰਦੇ ਹਨ। ਇਸ ਲਈ ਫੌਜ ਅੰਦਰ ਉਹਨਾਂ ਨਾਲ ਕੁਲ ਮਿਲਾ ਕੇ ਉਹੀ ਵਰਤਾਅ ਹੁੰਦਾ ਹੈ ਜੋ ਦੇਸ਼ 'ਚ ਮੇਹਨਤਕਸ਼ਾਂ ਨਾਲ ਹੁੰਦਾ ਹੈ। ਫੌਜ 'ਚ ਅਧਿਕਾਰੀ ਸਟੇਟ ਦੇ ਲਾਡਲੇ ਹੁੰਦੇ ਹਨ। ਉਹਨਾਂ ਨੂੰ ਸੁੱਖ ਸਹੂਲਤਾਂ ਤਨਖਾਹਾਂ, ਭੱਤੇ ਭਰਪੂਰ ਮਾਤਰਾ 'ਚ ਮਿਲਦੇ ਹਨ। ਉਹ ਇਕ ਤਰ੍ਹਾਂ ਨਾਲ ਫੌਜ 'ਚ ਅਮੀਰਾਂ ਨਾਲ ਜੀਵਨ ਜਿਉਂ ਰਹੇ ਹੁੰਦੇ ਹਨ। ਅਮੁਕ ਸਹੂਲਤਾਂ ਤੋਂ ਇਲਾਵਾ ਉਹਨਾਂ ਨੂੰ ਜਦ ਵੀ ਮੌਕਾ ਮਿਲਦਾ ਹੈ ਉਹ ਜਿਵੇਂ ਕਿਵੇਂ ਲੋਕਾਂ ਦੇ ਅਰਬਾਂ ਰੁਪਏ ਡਕਾਰ ਜਾਂਦੇ ਹਨ। ਆਦਰਸ਼ ਹਾਊਸਿੰਗ ਸੁਸਾਇਟੀ 'ਚ ਇਹਨਾਂ 'ਮੁਖੀਆਂ' ਨੂੰ ਫਲੈਟ ਅਲਾਟ ਕੀਤੇ ਗਏ ਜਿਹਨਾਂ ਦਾ ਕਾਰਗਿਲ ਸ਼ਹੀਦਾਂ ਨਾਲ ਕੋਈ ਲੈਣਾ ਦੇਣਾ ਨਹੀਂ ਸੀ।

ਸੁਰੇਸ਼ ਪ੍ਰਭੂ – ਮੈਂਬਰ ਪਾਰਲੀਮੈਂਟ – ਸ਼ਿਵ ਸੈਨਾ
ਸ਼੍ਰੀ ਨਿਵਾਸ ਡੀ ਪਾਟਿਲ – ਮੈਂਬਰ ਪਾਰਲੀਮੈਂਟ – ਰਾਕਾਂਪਾ
ਬੀ ਕੁਪਕਰ – ਸਾਬਕਾ ਵਿਧਾਨ ਸਭਾ ਮੈਂਬਰ ਕਾਂਗਰਸ
ਭਗਵਤੀ ਮਨੋਹਰ ਲਾਲ ਸ਼ਰਮਾ – ਮੁਖ ਮੰਤਰੀ ਅਸ਼ੋਕ ਚੌਹਾਨ ਦੀ ਸੱਸ
ਜਨਰਲ ਨਿਰਮਲ ਚੰਦ ਵਿਜ – ਸਾਬਕਾ ਫੌਜ ਮੁੱਖੀ
ਜਨਰਲ ਦੀਪਕ ਕਪੂਰ – ਸਾਬਕਾ ਸੈਨਾ ਮੁੱਖੀ
ਐਡਮਿਰਲ ਮਾਘਵੇਂਦਰ ਸਿੰਘ – ਸਾਬਕਾ ਜਲ ਸੈਨਾ ਮੁਖੀ
ਲੈ. ਜਨਰਲ (ਰਿਟਾਇਰਡ) ਸਾਂਤਾਨੁ ਚੌਧਰੀ – ਸਾਬਕਾ ਉਪ ਫੌਜ ਮੁੱਖੀ

ਇਥੇ ਸੁਆਲ ਸਿਰਫ਼ ਆਦਰਸ਼ ਹਾਊਸਿੰਗ ਸੁਸਾਇਟੀ ਘਪਲੇ ਦਾ ਨਹੀਂ ਹੈ। ਲੋਕਾਂ ਨੂੰ ਇਹਨਾਂ ਤੋਂ ਦੋਨੋਂ ਤਰ੍ਹਾਂ ਦੇ ਘਪਲਿਆਂ ਦਾ ਹਿਸਾਬ ਲੈਣਾ ਚਾਹੀਦਾ ਹੈ। ਇਕ ਤਾਂ ਉਹ ਘਪਲਾ ਜੋ ਘਪਲਾ ਨਹੀਂ ਕਿਹਾ ਜਾਂਦਾ ਹੈ ਜਿਸ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਹੈ ਯਾਨੀ ਇਹਨਾਂ ਦੀਆਂ ਤਨਖਾਹਾਂ, ਭੱਤੇ, ਸਹੂਲਤਾਂ, ਜਿਹਨਾਂ 'ਤੇ ਸਰਕਾਰ ਅਰਬਾਂ ਖਰਬਾਂ ਰੁਪਏ ਖ਼ਰਚ ਦੀ ਹੈ। ਦੂਸਰੇ ਜੋ ਇਹ ਉਪਰਲੇ ਪੈਸੇ ਦੀ ਪਿਆਸ ਬੁਝਾਉਣ ਲਈ 'ਗੈਰ ਕਾਨੂੰਨੀ' ਘਪਲੇ ਕਰਦੇ ਹਨ। ਇਕ ਆਮ ਮਜ਼ਦੂਰ ਜੋ ਆਪਣੀ ਪੂਰੀ ਜੀਵਨ ਭਰ ਮੇਹਨਤ ਮਸ਼ੱਕਤ ਕਰਕੇ ਵੀ ਏਨਾ ਨਹੀਂ ਕਮਾ ਸਕਦਾ ਜਿਹਨਾਂ ਇਹਨਾਂ ਅਧਿਕਾਰੀਆਂ ਰਾਜਸੀ ਨੇਤਾਵਾਂ ਦੀਆਂ ਮਾਸਕ ਤਨਖਾਹਾਂ ਹੁੰਦੀਆਂ ਹਨ।

# ਨਾਂ ਜਨਤਾ ਦਾ ਪਰ ਹਕੂਮਤ ਸਰਮਾਏਦਾਰਾਂ ਦੀ

ਆਪਣੇ ਹੀ ਲੋਕਾਂ ਖਿਲਾਫ ਜੰਗ ਲੜਨ ਵਾਲੇ ਸਾਮਰਾਜੀਆਂ ਦੇ ਦੁਲਾਰੇ ਪੀ. ਚਿਦੰਬਰਮ ਨੇ ਵਿਨਾਇਕ ਸੇਨ ਦੇ ਕੇਸ ਬਾਰੇ 4 ਜਨਵਰੀ ਨੂੰ ਕਿਹਾ ਕਿ ਜੋ ਲੋਕ ਕਨੂੰਨ ਦੀ ਇੱਜ਼ਤ ਕਰਦੇ ਹਨ ਉਹਨਾਂ ਨੂੰ ਕਨੂੰਨ ਅਮਲ ਦੀ ਵੀ ਇੱਜ਼ਤ ਕਰਨੀ ਚਾਹੀਦੀ ਹੈ। ਜੇ ਵਿਨਾਇਕ ਸੇਨ ਨਾਲ ਕੋਈ ਅਨਿਆ ਹੋਇਆ ਹੈ ਤਾਂ ਉਹਨਾਂ ਨੂੰ ਉਪਰਲੀਆਂ ਅਦਾਲਤਾਂ 'ਚ ਜਾਣਾ ਚਾਹੀਦਾ ਹੈ। (ਇਹ ਗੱਲ ਹੋਰ ਹੈ ਕਿ ਚਿੰਦਬਰਮ ਨੇ ਆਪਣੀ ਸੁਰਖਿਆ ਫੋਰਸ ਨੂੰ ਇਹ ਹੁਕਮ ਦੇ ਰੱਖਿਆ ਹੈ ਕਿ ਕਨੂੰਨੀ ਅਮਲ ਨੂੰ ਅੱਖੋਂ ਪਰੋਖੇ ਕਰਕੇ ਆਜ਼ਾਦ ਵਰਗੇ ਲੋਕਾਂ ਨੂੰ ਫਰਜ਼ੀ ਮੁਕਾਬਲਿਆਂ 'ਚ ਮਾਰਦੇ ਰਹੋ) ਠੀਕ ਉਸੇ ਦਿਨ ਜਦ ਚਿਦੰਬਰਮ ਇਹ ਬਿਆਨ ਦੇ ਰਹੇ ਸਨ ਕਿ ਬਿਹਾਰ ਦੇ ਪੁਰਨੀਆ ਜ਼ਿਲ੍ਹੇ 'ਚ ਭਾਜਪਾ ਦੇ ਵਿਧਾਇਕ ਰਾਜ ਕਿਸ਼ੋਰ ਕੇਸਰੀ ਨੂੰ ਇਕ ਔਰਤ ਰੂਪਮ ਪਾਠਕ ਨੇ ਛੁਰਾ ਮਾਰ ਕੇ ਮਾਰ ਦਿੱਤਾ। ਰੂਪਮ ਨੇ ਛੇ ਮਹੀਨੇ ਪਹਿਲਾਂ ਕੇਸਰੀ 'ਤੇ ਯੌਨ ਸੋਸ਼ਣ ਦਾ ਦੋਸ਼ ਲਾਇਆ ਸੀ। ਰੂਪਮ ਦੇ ਇਸ ਦੋਸ਼ 'ਤੇ ਕਨੂੰਨੀ ਅਮਲ ਇਸ ਰੂਪ 'ਚ ਚਲਿਆ ਕਿ ਉਹਨਾਂ ਨੂੰ ਤੇ ਉਹਨਾਂ ਦੇ ਪਤੀ ਨੂੰ ਮੈਜਿਸਟ੍ਰੇਟ ਸਾਹਮਣੇ ਬਿਆਨ 'ਚ ਆਪਣੇ ਦੋਸ਼ ਨੂੰ ਵਾਪਸ ਲੈਣਾ ਪਿਆ ਸੀ। ਜਦ ਉਹਨਾਂ ਨੇ ਛੁਰਾ ਮਾਰ ਕੇ ਕਨੂੰਨ ਤੇ ਕਨੂੰਨੀ ਅਮਲ ਦਾ ਅਸਲੀ ਚਿਹਰਾ ਉਜਾਗਰ ਕਰ ਦਿੱਤਾ। ਘਬਰਾਈਆਂ ਹੋਈਆਂ ਰਾਜਦ ਵਰਗੀਆਂ ਵਿਰੋਧੀ ਪਾਰਟੀਆਂ ਵੀ ਵਿਧਾਇਕਾਂ ਨੂੰ ਬੇਹਤਰ ਸੁਰੱਖਿਆ ਦੀ ਮੰਗ ਕਰ ਰਹੀਆਂ ਹਨ। 3 ਜਨਵਰੀ ਨੂੰ ਵਰਧਾ 'ਚ 'ਵਿਦ੍ਰੋਹ' ਮੈਗਜ਼ੀਨ ਕੱਢਣ ਵਾਲੇ ਸੁਧੀਰ ਘਾਵਲੇ ਨੂੰ ਪੁਲਸ ਨੇ ਰਾਜ ਖਿਲਾਫ ਯੁੱਧ ਛੇੜਨ ਸੰਬੰਧੀ ਗ੍ਰਿਫਤਾਰ ਕਰ ਲਿਆ ਸੀ। ਪੁਲਸ ਅਨੁਸਾਰ ਉਹਨਾਂ ਦੇ ਘਰ ਤੋਂ ਮਾਰਕਸ, ਏਂਗਲਜ਼, ਲੈਨਿਨ ਤੇ ਮਾਓ ਦੀਆਂ ਕਿਤਾਬਾਂ ਬਰਾਮਦ ਹੋਈਆਂ ਸਨ ਜੋ ਇਸ ਗੱਲ ਦਾ ਸਬੂਤ ਹਨ ਕਿ ਉਹ ਸਰਕਾਰ ਖਿਲਾਫ ਜੰਗ 'ਚ ਸ਼ਾਮਲ ਹਨ ਅਤੇ ਠੀਕ ਇਹਨਾਂ ਹੀ ਸਮਿਆਂ 'ਚ ਦੇਸ਼ ਦੇ ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ, ਹਾਕਮ ਪਾਰਟੀ ਤੋਂ ਲੈ ਕੇ ਵਿਰੋਧੀ ਧਿਰ ਤੱਕ ਸਾਰੇ ਆਪਣੇ ਖਿਲਾਫ ਘਪਲਿਆਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਪੂੰਜੀਪਤੀਆਂ, ਸਰਕਾਰੀ ਅਧਿਕਾਰੀਆਂ ਤੋਂ ਲੈ ਕੇ ਨੇਤਾਵਾਂ ਤੱਕ ਸਾਰੇ ਮਸਤ ਹਨ। ਇਹੀ ਹੈ ਅੱਜ ਦਾ ਭਾਰਤੀ ਲੋਕਤੰਤਰ। ਜਿਸ ਗਣਤੰਤਰ 'ਤੇ ਭਾਰਤ ਦੀ ਦਲਾਲ ਸਰਮਾਏਦਾਰੀ ਜਮਾਤ ਫਖਰ ਕਰਦੀ ਹੈ, ਉਸ ਦੀ ਅਸਲੀਅਤ ਇਹੀ ਹੈ। ਪਰ ਗਲੇ 'ਚ ਫਸਿਆ ਹੋਇਆ ਤੰਤਰ ਦਾ ਇਹ ਫੰਦਾ ਅਚਾਨਕ ਹੀ ਇਸ ਸਥਿਤੀ 'ਚ ਨਹੀਂ ਪਹੁੰਚ ਗਿਆ ਹੈ, ਇਸ ਦੀ ਆਪਣੀ ਇਕ ਰਾਮ ਕਹਾਣੀ ਹੈ। ਬ੍ਰਿਟਿਸ਼ ਸਾਮਰਾਜੀਆਂ ਤੋਂ, ਭਾਰਤੀ ਮਜ਼ਦੂਰ-ਮਿਹਨਤਕਸ਼ ਜਨਤਾ ਦੀ ਪਿੱਠ ਪਿੱਛੇ ਗੰਢਤੁਪ ਕਰਕੇ ਭਾਰਤ ਦੀ ਸਰਮਾਏਦਾਰੀ ਜਮਾਤ ਨੇ ਜਦ ਹਕੂਮਤ ਸੰਭਾਲ ਲਈ ਤਾਂ ਉਸ ਨੇ ਇਹ ਤਹਿ ਕਰਨਾ ਸੀ ਕਿ ਲੋਕਾਂ 'ਤੇ ਹਕੂਮਤ ਕਰਨ ਦਾ ਉਹ ਕਿਹੜਾ ਤਰੀਕਾ ਅਪਣਾਉਣ। ਰੂਸ ਦਾ ਸਮਾਜਵਾਦੀ ਇਨਕਲਾਬ ਅਤੇ ਦੁਨੀਆਂ ਦੇ ਮਜ਼ਦੂਰ ਅੰਦੋਲਨ ਨੇ ਸਾਮਰਾਜੀ ਦੁਨੀਆਂ ਦੇ ਪੂੰਜੀਪਤੀਆਂ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਆਪਣੇ ਲੋਕ ਰਾਜ 'ਚ ਵੋਟਾਂ ਦਾ ਅਧਿਕਾਰ ਜ਼ਰੂਰ ਲਾਗੂ ਕਰਨ। ਇਸ ਤੋਂ ਪਹਿਲਾਂ ਤੱਕ ਉਹਨਾਂ

ਦੇ ਲੋਕਾਂ, ਵਲੋਂ ਲੋਕਾਂ ਦੀ, ਲੋਕਾਂ ਲਈ ਹਕੂਮਤ 'ਚ 'ਲੋਕ' ਸਿਰਫ ਥੋੜ੍ਹੇ ਜਿਹੇ ਧਨੀਆਂ ਤੱਕ ਸੀਮਤ ਸੀ। ਸਮਾਜਵਾਦ, ਮਜ਼ਦੂਰ ਅੰਦੋਲਨ ਤੇ ਖੁਦ ਭਾਰਤ ਵਿਚ ਵੀ ਮੌਜੂਦਗੀ 'ਚ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਨੇ ਤਹਿ ਕੀਤਾ ਕਿ ਉਹ ਆਪਣੇ ਇੱਥੇ ਵੋਟਾਂ 'ਤੇ ਅਧਾਰਤ 'ਲੋਕਾਂ ਦਾ ਰਾਜ' ਲਾਗੂ ਕਰਨ ਅਤੇ 26 ਜਨਵਰੀ 1950 ਨੂੰ ਉਹਨਾਂ ਨੇ ਆਪਣਾ ਸੰਵਿਧਾਨ ਲਾਗੂ ਕਰ ਵੀ ਦਿੱਤਾ ਜੋ ਇਸ ਤਰ੍ਹਾਂ ਦੇ ਗਣਤੰਤਰ ਦੀ ਗੱਲ ਕਰਦਾ ਸੀ। ਭਾਰਤ ਇੱਕ 'ਸੰਘੀ ਜਮਹੂਰੀ ਗਣਤੰਤਰ ਬਣ ਗਿਆ ਹੈ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਦੁਨੀਆਂ 'ਚ ਇਕ ਲੰਮੇ ਸਮੇਂ ਤੱਕ ਪੂੰਜੀਪਤੀਆਂ ਦਾ ਗਣਤੰਤਰ ਅਬਾਦੀ ਦੇ ਥੋੜ੍ਹੇ ਗਿਣੇ ਚੁਣੇ ਲੋਕਾਂ ਤੱਕ ਸੀਮਤ ਸੀ। 'ਸ਼ਹਿਰੀ ਤੇ ਮਨੁੱਖੀ ਅਧਿਕਾਰਾਂ' ਦੀ ਗੱਲ ਕਰਨ ਵਾਲੇ ਪੂੰਜੀਪਤੀ ਇਹ ਸੋਚਦੇ ਸਨ ਕਿ ਸਿਰਫ ਜਾਇਦਾਦ ਦੇ ਮਾਲਕ ਹੀ ਨਾਗਰਿਕ ਹੋ ਸਕਦੇ ਹਨ। ਮਜ਼ਦੂਰ-ਮਿਹਨਤਕਸ਼ ਲੋਕਾਂ ਨੂੰ ਉਹ ਘ੍ਰਿਣਾ ਦੀ ਨਜ਼ਰ ਨਾਲ ਦੇਖਦੇ ਸਨ ਅਤੇ ਹਕੂਮਤ ਚਲਾਉਣ 'ਚ ਉਹਨਾਂ ਨੂੰ ਆਪਣੇ ਬਰਾਬਰ ਦੇ ਅਧਿਕਾਰ ਦੇਣ ਲਈ ਤਿਆਰ ਨਹੀਂ ਸਨ।

ਇਹੀ ਨਹੀਂ, ਉਹ ਇਹ ਵੀ ਸੋਚਦੇ ਸਨ ਕਿ ਸਭ ਮਜ਼ਦੂਰਾਂ-ਮਿਹਨਤਕਸ਼ ਲੋਕਾਂ ਨੂੰ ਨਾਗਰਿਕ ਮੰਨ ਲੈਣ ਤੇ ਉਹਨਾਂ ਨੂੰ ਹਕੂਮਤੀ ਪ੍ਰਬੰਦ ਚਲਾਉਣ 'ਚ ਭਾਗੀਦਾਰ ਬਣਾਉਣ ਦੇ ਆਪਣੇ ਬਹੁਮਤ ਕਾਰਨ ਗਣਤੰਤਰ 'ਚ ਇਹ ਹੀ ਹਾਵੀ ਹੋ ਜਾਣਗੇ। ਹਕੂਮਤ ਸਰਮਾਏਦਾਰਾਂ ਹੱਥੋਂ ਨਿਕਲ ਜਾਵੇਗੀ। ਖੁਦ ਮਜ਼ਦੂਰ-ਮਿਹਨਤਕਸ਼ਾਂ ਦੇ ਨੁਮਾਇੰਦਿਆਂ ਵਿਚਕਾਰ ਵੀ ਇਹ ਧਾਰਨਾ ਲੰਬੇ ਸਮੇਂ ਤੱਕ ਬਣੀ ਰਹੀ। ਪਰ ਜਿਵੇਂ-ਜਿਵੇਂ ਇਹ ਵਿਵਸਥਾ ਦਾ ਵਿਸਥਾਰ ਹੋਇਆ। ਮਜ਼ਦੂਰ-ਮਿਹਨਤਕਸ਼ ਲੋਕਾਂ ਦੇ ਵੱਧ ਤੋਂ ਵੱਧ ਹਿੱਸਿਆਂ ਨੂੰ ਵੋਟ ਦਾ ਅਧਿਕਾਰ ਮਿਲਦਾ ਗਿਆ। ਵੈਸੇ-ਵੈਸੇ ਦਲਾਲ ਸਰਮਾਏਦਾਰੀ ਨੇ ਇਸ ਨੂੰ ਆਪਣੇ ਹਿਸਾਬ ਨਾਲ ਚਲਾਉਣ ਦਾ ਤਰੀਕਾ ਕੱਢ ਲਿਆ ਤੇ ਜਦ ਸਾਰੇ ਬਾਲਗਾਂ ਨੂੰ ਵੋਟ ਦਾ ਹੱਕ ਮਿਲ ਗਿਆ ਤਾਂ ਵੇਖਿਆ ਗਿਆ ਕਿ ਇਸ ਨਾਲ ਹਾਕਮ ਜਮਾਤ ਤੇ ਪੂੰਜੀਵਾਦੀ ਹਕੂਮਤ ਦਾ ਭੋਰਾਭਰ ਵੀ ਵਾਲ ਵਿੰਗਾ ਨਹੀਂ ਹੋਇਆ, ਉਦੋਂ ਇਹ ਤੱਥ ਪੱਕਾ ਹੋਇਆ ਕਿ ਅਸਲ 'ਚ ਪੂੰਜੀਵਾਦੀ ਜਨਤੰਤਰ ਪੂੰਜੀਵਾਦੀ ਜਮਾਤ ਦੀ ਤਾਨਾਸ਼ਾਹੀ ਦਾ ਹੀ ਸਭ ਤੋਂ ਅੱਛਾ ਰੂਪ ਹੈ। ਪੂੰਜੀਪਤੀ ਵਰਗ ਲਈ ਅਤੇ ਹੁਣ ਪੂੰਜੀਪਤੀ ਜਮਾਤ ਆਪਣੇ ਇਸ ਜਨਤੰਤਰ ਦਾ ਗੁਣਗਾਣ ਕਰਦੀ ਨਹੀਂ ਥੱਕਦੀ। ਇਸ ਤੋਂ ਅੱਛਾ ਭਲਾਂ ਕੀ ਹੋ ਸਕਦਾ ਹੈ? ਨਾਂ ਜਨਤਾ ਦਾ ਹੋਵੇ ਅਤੇ ਰਾਜ ਪੂੰਜੀਪਤੀਆਂ ਦਾ ਚਲਦਾ ਰਹੇ। ਜਦ ਭਾਰਤ ਦੀ ਦਲਾਲ ਸਰਮਾਏਦਾਰੀ ਨੂੰ 1947 'ਚ ਸੱਤਾ ਮਿਲੀ ਤਾਂ ਉਹਨਾਂ ਨੇ ਇਹ ਤਹਿ ਕੀਤਾ ਕਿ ਆਪਣੀ ਹਕੂਮਤ ਦਾ ਇਹੀ ਤਰੀਕਾ ਅਪਣਾਉਣਗੇ। ਨਾਂ ਜਨਤਾ ਦਾ ਅਤੇ ਹਕੂਮਤ ਦਲਾਲ ਨੌਕਰਸ਼ਾਹ ਸਰਮਾਏਦਾਰਾਂ ਦੀ। ਉਹਨਾਂ ਨੇ ਦੇਸ਼ ਦੇ ਸਾਰੇ ਬਾਲਗਾਂ ਨੂੰ ਵੋਟ ਪਾਉਣ ਦਾ ਅਧਿਕਾਰ ਦੇ ਕੇ ਐਲਾਨ ਕਰ ਦਿੱਤਾ ਕਿ ਉਹ ਸਾਰੇ ਦੇਸ਼ ਦੇ ਨਾਗਰਿਕ ਹਨ ਤੇ ਦੇਸ਼ ਚਲਾਉਣ 'ਚ ਉਹਨਾਂ ਦੀ ਬਰਾਬਰ ਦੀ ਹਿੱਸੇਦਾਰੀ ਹੋਵੇਗੀ। ਪਰ ਭਾਰਤੀ ਦਲਾਲ ਸਰਮਾਏਦਾਰਾਂ ਦੇ ਇਸ ਲੋਕ ਰਾਜ 'ਚ ਕੁਝ ਵੀ ਅਜਿਹਾ ਨਹੀਂ ਸੀ ਕਿ ਉਸ ਨਾਲ ਇਸ ਸਰਮਾਏਦਾਰੀ ਜਮਾਤ ਦੇ ਨੁਮਾਇੰਦਿਆਂ ਨੂੰ ਵੀ ਪ੍ਰੇਸ਼ਾਨੀ ਮਹਿਸੂਸ ਹੋ ਰਹੀ ਸੀ। ਸੰਵਿਧਾਨ ਸਭਾ 'ਚ ਸੰਵਿਧਾਨ ਨੂੰ ਪਾਸ ਕਰਦੇ ਸਮੇਂ ਡਾ. ਭੀਮ ਰਾਓ ਅੰਬੇਦਕਰ ਨੇ ਕਿਹਾ ਸੀ ਕਿ ਭਾਰਤੀ ਜਨਤੰਤਰ 'ਚ ਇਕ ਵੱਡਾ ਅੰਤਰ ਵਿਰੋਧ ਹੈ। ਇਕ ਪਾਸੇ ਇਹ ਇਕ ਬੰਦਾ

ਇਕ ਵੋਟ ਦੇ ਅਧਾਰਤ 'ਤੇ ਬਰਾਬਰੀ ਦਾ ਅਧਿਕਾਰ ਦਿੰਦਾ ਹੈ। ਦੂਜੇ ਪਾਸੇ ਪੂਰੇ ਭਾਰਤੀ ਸਮਾਜ ਭਾਂਤ-ਭਾਂਤ ਦੀ ਗੈਰ-ਬਰਾਬਰੀ 'ਚ ਜਕੜਿਆ ਹੋਇਆ ਹੈ। ਇਸ 'ਚ ਜਾਤ ਅਧਾਰਤ ਗੈਰ ਬਰਾਬਰੀ ਪ੍ਰਮੁੱਖ ਸੀ। ਭਾਰਤ ਦੇ ਪੂੰਜੀਵਾਦੀ ਜਨਤੰਤਰ ਦਾ ਇਹ ਆਦਿਮ ਅੰਤਰ ਵਿਰੋਧ ਸੀ। ਇਕ ਪਾਸੇ ਇਸ ਨੇ ਆਪਣੇ ਦੇਸ਼ ਦੇ ਸਭ ਬਾਲਗ ਬਸ਼ਿੰਦਿਆਂ ਨੂੰ ਵੋਟ ਦਾ ਅਧਿਕਰੀ ਐਲਾਨ ਦਿੱਤਾ ਤਾਂ ਦੂਜੇ ਪਾਸੇ ਬਹੁਤੇ ਨਾਗਰਿਕਾਂ ਨੂੰ ਇਹ ਪਤਾ ਵੀ ਨਹੀਂ ਸੀ ਕਿ ਉਹ ਸੰਘੀ ਜਨਵਾਦੀ ਗਣਤੰਤਰ ਦੇ ਨਾਗਰਿਕ ਬਣ ਚੁੱਕੇ ਹਨ। ਪਿੰਡਾਂ ਦੇ ਅਨਪੜ੍ਹ ਲੋਕਾਂ ਦੀ ਗੱਲ ਤਾਂ ਛੱਡ ਹੀ ਦਿੱਤੀ ਜਾਵੇ ਪੜ੍ਹੇ ਲਿਖੇ ਲੋਕਾਂ ਲਈ ਵੀ ਨਾਗਰਿਕ ਦਾ ਮਤਲਬ ਨਾਗਰਿਕਤਾ ਵਾਲੇ ਕਾਲਮ 'ਚ ਭਾਰਤੀ ਲਿਖਣ ਤੱਕ ਸੀਮਤ ਸੀ। ਭਾਰਤ ਦੀ ਦਲਾਲ ਸਰਮਾਏਦਾਰੀ ਜਮਾਤ ਨੇ ਇਕ ਅਨੂਠਾ ਕਾਰਨਾਮਾ ਕਰ ਵਿਖਾਇਆ ਸੀ-ਨਾਗਰਿਕਤਾ ਬੋਧ ਵਿਹੀਨ ਜਨਵਾਦੀ ਗਣਤੰਤਰ ਦਾ। ਅੰਬੇਦਕਰ ਦੀ ਤਰ੍ਹਾਂ ਨਹਿਰੂ ਵਰਗੇ ਲੋਕਾਂ ਨੂੰ ਵੀ ਪਤਾ ਨਹੀਂ ਸੀ ਕਿ ਸਥਿਤੀ ਕੀ ਹੈ। ਭਾਰਤ ਦਾ ਇਤਿਹਾਸ ਲਿਖਣ ਵਾਲੇ ਨਹਿਰੂ ਨੇ, ਜਿਹਨਾਂ ਨੇ ਆਪਣੀ ਕਿਤਾਬ 'ਚ ਭਾਰਤ ਦੀ ਖੋਜ ਕੀਤੀ ਸੀ ਯਾਨੀ ਉਸੇ ਪੂੰਜੀਪਤੀ ਜਮਾਤ ਲਈ ਹਾਸਲ ਕੀਤਾ ਸੀ, ਬਹੁਤ ਹੀ ਸਪਸ਼ਟ ਤੌਰ 'ਤੇ ਇਹ ਸਮਝਿਆ ਤੇ ਬਾਹਰੀ ਰਾਜਨੀਤੀ ਤਹਿ ਕੀਤੀ। ਦੁਨੀਆਂ ਦੇ ਇਤਿਹਾਸ ਤੋਂ ਵਾਕਿਫ ਨਹਿਰੂ ਨੂੰ ਪਤਾ ਸੀ ਕਿ ਦੇਸ਼ ਦੇ ਬਾਲਗਾਂ ਨੂੰ ਨਾਗਰਿਕ ਕਿਵੇਂ ਬਣਾਇਆ ਜਾ ਸਕਦਾ ਹੈ? ਪਰ ਨਹਿਰੂ ਇਹ ਵੀ ਜਾਣਦੇ ਸਨ ਕਿ ਅਜਿਹਾ ਕਰਨ ਲਈ ਕਿਸ ਇਨਕਲਾਬ ਦੀ ਲੋੜ ਪਵੇਗੀ, ਉਹ ਪੂੰਜੀਪਤੀ ਜਮਾਤ ਨੂੰ ਵੀ ਰੋੜ ਕੇ ਲੈ ਜਾਵੇਗਾ। ਨਹਿਰੂ ਨੇ ਬਹੁਤ ਸਪੱਸ਼ਟ ਸ਼ਬਦਾਂ 'ਚ ਕਿਹਾ ਸੀ ਕਿ ਉਹ ਇਸ ਖਤਰਨਾਕ ਰਾਹ ਨੂੰ ਨਹੀਂ ਅਪਣਾਉਣਗੇ ਅਤੇ ਇਸ ਤਰ੍ਹਾਂ ਅਜਿਹਾ ਹੋਇਆ ਕਿ ਲੋਕ ਜਾਤੀ, ਲਿੰਗ ਤੇ ਧਰਮ ਦੀਆਂ ਮਧਯੁੱਗੀ ਬੇੜੀਆਂ 'ਚ ਜਕੜੇ ਰਹੇ ਅਤੇ ਭਾਰਤ ਦੀ ਦਲਾਲ ਸਰਮਾਏਦਾਰੀ ਜਮਾਤ ਨੇ ਉਹਨਾਂ ਨੂੰ ਨਾਗਰਿਕ ਐਲਾਨ ਦਿੱਤਾ। ਪੁਰਾਣੀ ਜਾਗੀਰੂ ਜਮਾਂਦਰੂ ਨਾ-ਬਰਾਬਰੀ ਦੇ ਆਮ ਪ੍ਰਵੇਸ਼ 'ਚ ਪੂੰਜੀਵਾਦੀ ਜਨਤੰਤਰ ਦਾ ਇਹ ਰਵਾਇਤੀ ਐਲਾਨ ਕਰ ਦਿੱਤਾ ਗਿਆ ਕਿ ਕਨੂੰਨ ਦੀ ਨਜ਼ਰ 'ਚ ਹਰ ਵਿਅਕਤੀ ਬਰਾਬਰ ਹੈ, ਕਿ ਦੇਸ਼ ਨੂੰ ਚਲਾਉਣ 'ਚ ਹਰ ਬੰਦੇ ਦਾ ਬਰਾਬਰ ਦਾ ਅਧਿਕਾਰ ਹੋਵੇਗਾ। ਸਵਰਣਾ ਦੀ ਛੂਤਛਾਤ ਦੇ ਸ਼ਿਕਾਰ ਦਲਿਤ ਤੇ ਆਪਣੇ ਪਤੀਆਂ ਹੱਥੋਂ ਮਾਰ ਖਾਣ ਵਾਲੀਆਂ ਔਰਤਾਂ ਸਭ ਸੱਤਾ 'ਚ ਬਰਾਬਰ ਦੇ ਹਿੱਸੇਦਾਰ ਬਣ ਗਏ। ਪੂੰਜੀਵਾਦੀ ਮਾਪਦੰਡਾਂ ਦੇ ਹਿਸਾਬ ਨਾਲ ਵੀ ਇਹ ਬਹੁਤ ਸ਼ਾਨਦਾਰ ਸਥਿਤੀ ਸੀ। ਪਰ ਭਾਰਤ ਦੀ ਦਲਾਲ ਸਰਮਾਏਦਾਰੀ ਜਮਾਤ ਇਸ ਨਾਲ ਬਹੁਤ ਚਿੰਤਤ ਨਹੀਂ ਸੀ। ਨਹਿਰੂ ਵਰਗਾ ਇਤਿਹਾਸ ਪੜ੍ਹਿਆ-ਲਿਖਿਆ ਪੂੰਜੀਪਤੀਆਂ ਦਾ ਸ਼ਹਿਰਦ ਨੇਤਾ ਜਾਣਦਾ ਸੀ ਕਿ ਇਕ ਲੰਮੇ ਸਮੇਂ ਤੱਕ ਪੂੰਜੀਪਤੀਆਂ ਦਾ ਜਨਤੰਤਰ ਬਹੁਤ ਥੋੜ੍ਹੇ ਧਨੀ ਲੋਕਾਂ ਤੱਕ ਸੀਮਤ ਸੀ। ਇਹ ਕਨੂੰਨ ਸੀ। ਬਾਕੀ ਲੋਕਾਂ ਨੂੰ ਵੋਟ ਦੇਣ ਦਾ ਅਧਿਕਾਰ ਹਾਸਲ ਨਹੀਂ ਸੀ। ਬਾਕੀ ਲੋਕਾਂ ਨੇ ਲੜ ਭਿੜ ਕੇ ਲੰਮੇ ਸਮੇਂ ਤੱਕ 'ਚ ਹੌਲੀ-ਹੌਲੀ ਇਹ ਅਧਿਕਾਰ ਹਾਸਲ ਕੀਤਾ। ਭਾਰਤ ਦੇ ਪੂੰਜੀਵਾਦੀ ਤੰਤਰ ਵਿਚ ਵੀ ਸਥਿਤੀ ਇਹੀ ਹੁੰਦੀ ਸੀ। ਇਥੇ ਕਨੂੰਨੀ ਤੌਰ 'ਤੇ ਸਭ ਨੂੰ ਵੋਟ ਦੇਣ ਦਾ ਅਧਿਕਾਰ ਹਾਸਲ ਸੀ ਪਰ ਬਹੁਤਿਆਂ ਨੂੰ ਆਪਣੇ ਇਸ ਅਧਿਕਾਰ ਦਾ ਪਤਾ ਹੀ ਨਹੀਂ ਸੀ। ਜਿਹਨਾਂ ਨੂੰ ਪਤਾ ਸੀ ਉਹਨਾਂ ਨੂੰ ਇਸ ਵੋਟ ਦੀ ਚੇਤਨਾ ਨਹੀਂ ਸੀ ਕਿ ਉਹਨਾਂ ਦੇ ਅਧਿਕਾਰ ਚੋਣ ਵਾਲੇ ਦਿਨ ਇਕ ਕਾਗਜ਼

’ਤੇ ਠੱਪਾ ਲਾ ਦੇਣ ਨਾਲੋਂ ਬਹੁਤ ਜ਼ਿਆਦਾ ਹਨ। ਅਜਿਹੇ ’ਚ ਇਹ ਪੂੰਜੀਵਾਦੀ ਲੋਕ ਰਾਜ ਰਵਾਇਤੀ ਤੌਰ ’ਤੇ ਸਭ ਦਾ ਹੁੰਦੇ ਹੋਏ ਵੀ ਅਸਲ ’ਚ ਇਹ ਸਿਰਫ ਕੁਲੀਨ ਜਮਾਤ ਦਾ ਹੀ ਰਾਜ ਸੀ। ਸਥਿਤੀ ਦੀ ਭਿਆਨਕਤਾ ਜਾਂ ਵਿਆਪਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪਹਿਲਾਂ ਆਮ ਚੋਣਾਂ ਵੇਲੇ ਲੋਕਾਂ ਨੂੰ ਇਹ ਦੱਸਣਾ ਪੈਂਦਾ ਸੀ ਕਿ ਵੋਟ ਕੀ ਹੁੰਦੀ ਹੈ ਤੇ ਵੋਟ ਪਾਈ ਕਿਵੇਂ ਜਾਵੇ। ਜੋ ਚੇਤੰਨਤਾ ਪੁਰਾਣੇ ਪ੍ਰਬੰਧ ਨਾਲ ਲੜ ਕੇ ਹਾਸਲ ਹੋਣੀ ਸੀ ਉਸ ਦਾ ਸਰਕਾਰੀ ਬਾਬੂਆਂ ਨੇ ਦੇਣ ਦੀ ਜ਼ਿੰਮੇਵਾਰੀ ਸੰਭਾਲ ਲਈ। ਨਵੇਂ ਹਾਕਮਾਂ ਤੇ ਨਹਿਰੂ ਵਰਗੇ ਲੋਕਾਂ ਨੂੰ ਇਸ ਦੀ ਜ਼ਿਆਦਾ ਚਿੰਤਾ ਨਹੀਂ ਸੀ। ਉਹ ਦੇਸ਼ ਦੁਨੀਆਂ ਦੀ ਬਦਲੀ ਹਾਲਤ ’ਚ ਇਹ ਸੀਮਤ ਵੋਟ ਅਧਿਕਾਰ ਵਾਲਾ ਪੂੰਜੀਵਾਦੀ ਜਨਤੰਤਰ ਲੋਕ ਰਾਜ ਲਾਗੂ ਨਹੀਂ ਕਰ ਸਕਦੇ ਸਨ। ਪਰ ਮਜ਼ਦੂਰ-ਮਿਹਨਤਕਸ਼ ਲੋਕ ਹਕੂਮਤ ਚਲਾਉਣ ਵਾਲਿਆਂ ਦੇ ਕੰਮ ਤੋਂ ਦੂਰ ਹੀ ਰਹੇ ਤਾਂ ਉਹਨਾਂ ਲਈ ਸਹੂਲਤ ਵੀ ਸੀ। ਉਹ ਕਈ ਝੰਜਟਾਂ ਤੋਂ ਬਚ ਸਕਦੇ ਸਨ ਮਸਲਨ 1959 ’ਚ ਕੇਰਲਾ ’ਚ ਭਾਕਪਾ ਦੀ ਸਰਕਾਰ ਨੂੰ ਭੰਗ ਕਰਨ ਵਰਗੇ ਮਾਮਲੇ ਤੋਂ। ਅੱਜ ਜੇ ਇਹ ਜਨਤੰਤਰ ਪੂੰਜੀਵਾਦੀ ਜਨਤੰਤਰ ਵਰਗਾ ਵੀ ਨਹੀਂ ਦਿੱਸਦਾ ਤਾਂ ਇਸ ਦੀਆਂ ਜੜ੍ਹਾਂ ਉਸ ਅਤੀਤ ਵਿਚ ਹਨ। ਇਹ ਇਸ ਹੱਦ ਤੱਕ ਹੈ ਕਿ ਲੋਕ ਇਸ ਨੂੰ ਜਨਤੰਤਰ ਮੰਨਣ ਤੋਂ ਹੀ ਇਨਕਾਰ ਕਰ ਦਿੰਦੇ ਹਨ। ਅੱਜ ਜੇ ਕੋਈ ਥਾਣੇ ’ਚ ਰਿਪੋਰਟ ਲਿਖਵਾਉਣ ਜਾਵੇ ਤਾਂ ਚਪੇੜਾਂ ਖਾ ਕੇ ਵਾਪਸ ਆ ਜਾਂਦਾ ਹੈ ਤਾਂ ਲੋਕ ਰਾਜ ਦੀ ਗੁਣਵੰਣਤਾ ਖੁੱਲ੍ਹੇਆਮ ਉਜਾਗਰ ਹੋ ਜਾਂਦੀ ਹੈ। ਚਿਤੰਬਰਮ ਦਾ ਕਨੂੰਨੀ ਅਮਲ ਪੁਲਸ ਥਾਣੇ ਦੀ ਚਾਰਦਿਵਾਰੀ ਪਾਰ ਕਰਦੇ ਹੀ ਪੁਲਸੀਏ ਦੇ ਡੰਡੇ ’ਚ ਸਮਾ ਜਾਂਦਾ ਹੈ। ਨਾਗਰਿਕ ਬੋਧ ਬਿਨਾ ਪੈਂਦਾ ਹੋਇਆ ‘ਲੋਕਰਾਜ’ ਜਿਵੇਂ-ਜਿਵੇਂ ਉਮਰ ’ਚ ਲੰਮਾ ਹੁੰਦਾ ਗਿਆ ਵੈਸੇ-ਵੈਸੇ ਇਸ ਦੀ ਪੈਦਾਇਸ਼ ਦੇ ਰੋਗ ਵਿਕਰਾਲ ਹੁੰਦੇ ਗਏ। ਪੂੰਜੀਪਤੀਆਂ ਨੇ ਜੋ ਪੌਦਾ ਲਾਇਆ ਸੀ। ਉਸ ਦੀਆਂ ਟਹਿਣੀਆਂ ਵਧਦੀਆਂ ਗਈਆਂ ਤੇ ਜਦ ਵਕਤ ਦੇ ਨਾਲ ਉਹਨਾਂ ਲੋਕਾਂ ਨੇ ਵੀ ਵੋਟ ਦਾ ਕੁਝ ਮਹੱਤਵ ਸਮਝਿਆ ਜੋ ਪਹਿਲਾਂ ਕਨੂੰਨੀ ਤੌਰ ’ਤੇ ਨਾਗਰਿਕ ਬਣਾ ਦਿੱਤੇ ਗਏ ਸਨ ਤਦ ਪੂੰਜੀਪਤੀ ਜਮਾਤ ਦੀਆਂ ਕੁਝ ਪ੍ਰੇਸ਼ਾਨੀਆਂ ਹੋਰ ਵਧ ਗਈਆਂ। ਅੱਜ ਭਾਰਤ ਦੀ ਦਲਾਲ ਸਰਮਾਏਦਾਰੀ ਜਮਾਤ ਲੋਕਾਂ ਨੂੰ ਅੱਛਾ ਤੇ ਜਾਗਰੂਕ ਖਪਤਕਾਰ ਹੋਣ ਦਾ ਸਬਕ ਸਿਖਾ ਰਹੀ ਹੈ। ਪੂੰਜੀਵਾਦ ਦੇ ਇਸ ਸੰਕਟਪੂਰਨ ਸਮੇਂ ’ਚ ਪੂੰਜੀਪਤੀ ਜਮਾਤ ਇਹ ਕੋਸ਼ਿਸ਼ ਕਰ ਰਹੀ ਹੈ ਕਿ ਜੋ ਲੋਕ ਨਾਗਰਿਕ ਹਨ ਉਹ ਨਾਗਰਿਕ ਹੋਣਾ ਭੁੱਲ ਕੇ ਖਪਤਕਾਰ ਬਣ ਜਾਣ। ਨਾਗਰਿਕ ਦੇ ਬਦਲੇ ਅਤੇ ਨਾਗਰਿਕ ਤੋਂ ਪਹਿਲਾਂ ਖਪਤਕਾਰ ਬਨਣ ਦੀ ਇਹ ਲੋੜ ਅੱਜ ਦੇ ਪੂੰਜੀਵਾਦੀ ਹਾਲਾਤ ਤੋਂ ਪੈਦਾ ਹੁੰਦੀ ਹੈ। ਅੱਜ ਪੂੰਜੀਵਾਦੀ ਹਕੂਮਤ ਦੀਆਂ ਸਾਰੀਆਂ ਸ਼ਾਖਾਵਾਂ ਖੁਦ ਹੀ ਆਪਣੇ ਮੂੰਹ ’ਤੇ ਕਾਲਖ ਮਲ ਚੁੱਕੀਆਂ ਹਨ। ਆਮ ਜਨਤਾ ਦੀ ਨਿਗ੍ਹਾ ’ਚ ਸੰਸਦ ਤੇ ਵਿਧਾਨ ਸਭਾਵਾਂ ਬਦਮਾਸ਼ਾਂ ਤੇ ਠੱਗਾਂ ਦਾ ਅੱਡਾ ਹੈ। ਸੰਸਦ ਤੇ ਵਿਧਾਨ ਸਭਾਵਾਂ ’ਚ ਕੋਈ ਸਾਰਥਕ ਬਹਿਸ ਕਰਨ ਦੀ ਬਜਾਏ ਇਹ ਬਦਮਾਸ਼ ਹੰਗਾਮਾ ਕਰਕੇ ਸਮਾਂ ਕੱਟਦੇ ਹਨ। ਕਾਰਜਪਾਲਿਕਾ ’ਚ ਜਨਤਾ ਦੀ ਭਾਸ਼ਾ ’ਚ ਮੰਤਰੀ ਤੋਂ ਲੈ ਕੇ ਸੰਤਰੀ ਤੱਕ ਆਪਣੀਆਂ ਤਿਜੌਰੀਆਂ ਭਰਨ ’ਚ ਮਗਨ ਹਨ ਉਥੇ ਕੋਈ ਇਮਾਨਦਾਰ ਬਚਿਆ ਤਾਂ ਸਿਰਫ ਇਸ ਲਈ ਕਿ ਉਹ ਅਜੇ ਤੱਕ ਫੜਿਆ ਨਹੀਂ ਗਿਆ ਹੈ। ਰਹੀ ਨਿਆਂਪਾਲਿਕਾ ਦੀ ਗੱਲ ਤਾਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਤੋਂ ਲੈ ਕੇ

ਹੇਠਾਂ ਤੱਕ ਸਭ ਆਪਣੇ ਕਾਰਨਾਮਿਆਂ ਨਾਲ ਇਸ ਦੀ ਪੋਲ ਖੋਲ੍ਹਣ 'ਚ ਲੱਗੇ ਹੋਏ ਹਨ। ਜਦ ਕੁਝ ਜੱਜਾਂ ਨੇ ਪ੍ਰਸ਼ਾਂਤ ਭੂਸ਼ਣ 'ਤੇ ਇਸ ਗੱਲ 'ਤੇ ਅਦਾਲਤ ਦੀ ਮਾਨਹਾਨੀ ਦਾ ਮੁਕੱਦਮਾ ਦਾਇਰ ਕਰਨ ਦੀ ਧਮਦੀ ਦਿੱਤੀ ਕਿ ਉਹਨਾਂ ਕਿਹਾ ਸੀ ਕਿ ਅਦਾਲਤਾਂ 'ਚ ਭਾਰੀ ਮਾਤਰਾ 'ਚ ਭਰਿਸ਼ਟਾਚਾਰ ਹੈ ਤਾਂ ਪ੍ਰਸ਼ਾਂਤ ਭੂਸ਼ਣ ਦੇ ਪਿਤਾ ਸਸ਼ੀ ਭੂਸ਼ਣ ਨੇ ਕਿਹਾ ਸੀ ਕਿ ਉਹ ਅਤੀਤ ਦੇ ਵਰਤਮਾਨ ਦੇ ਭਰਿਸ਼ਟ ਜੱਜਾਂ ਦੇ ਨਾਂ ਸਬੂਤਾਂ ਸਮੇਤ ਉਜਾਗਰ ਕਰ ਦੇਣਗੇ।

ਭਾਰਤ ਦੇ ਪੂੰਜੀਪਤੀਆਂ ਦੇ ਇਸ ਜਨਤੰਤਰ 'ਚ ਅੱਜ ਸੜਕ 'ਤੇ ਵਿਸ਼ੇਸ਼ ਮੁਜਾਹਰੇ ਲਈ ਜਾਣ ਦਾ ਮਤਲਬ ਲਾਠੀ ਜਾਂ ਗੋਲੀ ਖਾਣਾ ਹੈ। ਸਾਲੋਂ-ਸਾਲ ਤੱਕ ਮੁਕੱਦਮਾ ਸ਼ੁਰੂ ਹੋਣ ਦੀ ਉਡੀਕ 'ਚ ਜੇਲ੍ਹ 'ਚ ਸੜਨਾ ਹੈ। ਇਸ ਲੋਕ ਰਾਜ ਦਾ ਮਤਲਬ ਹੈ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਵੀ ਪੁਲਸ ਥਾਣੇ ਖੁੱਲ੍ਹ ਜਾਣਾ ਅਤੇ ਪੁਲਸ ਮਿਲਟਰੀ ਦੇ ਅਫਸਰਾਂ ਦਾ ਪਿੰਸੀਪਲ ਤੇ ਵਾਈਸ ਪ੍ਰਿੰਸੀਪਲ ਦੀ ਕੁਰਸੀ 'ਤੇ ਬਿਰਾਜਮਾਨ ਹੋ ਜਾਣਾ। ਇਸ ਦਾ ਮਤਲਬ ਫਰਜੀ ਮੁਕਾਬਲਿਆਂ 'ਚ ਮਾਰਿਆ ਜਾਣਾ ਹੈ। ਇਸ ਦਾ ਮਤਲਬ ਹੈ ਹਰ ਵਿਅਕਤੀ 'ਤੇ ਸਰਕਾਰ ਦੀ ਹਰ ਵਕਤ ਨਿਗਰਾਨੀ। ਇਸ ਦਾ ਮਤਲਬ ਹੈ ਹਰ ਬੰਦੇ ਨੂੰ ਸਰਕਾਰ ਦਾ ਜਸੂਸ ਬਣ ਜਾਣ ਲਈ ਹੱਲਾਸ਼ੇਰੀ ਦੇਣਾ। ਪਰ ਪੂੰਜੀਪਤੀ ਜਮਾਤ ਨੇ ਵੀ ਆਪਣੇ ਇਸ ਫਾਂਸੀ ਦੇ ਫੰਦੇ ਵਾਲੇ ਤੰਤਰ ਦੀ ਕੀਮਤ ਚੁਕਾਈ ਹੈ। ਨਹਿਰੂ ਖੁੱਲ੍ਹੀ ਜੀਪ 'ਚ ਲੋਕਾਂ 'ਚ ਘੁੰਮਦੇ ਸੀ। ਅੱਜ ਪ੍ਰਧਾਨ ਮੰਤਰੀ ਤਾਂ ਕੀ ਮੁੱਖ ਮੰਤਰੀ ਤੱਕ ਬਿਨਾਂ ਸੁਰੱਖਿਆ ਛਤਰੀ ਦੇ ਘਰੋਂ ਬਾਹਰ ਨਹੀਂ ਨਿਕਲ ਸਕਦੇ। ਉਹ ਆਪਣੇ ਹੀ ਗਣਤੰਤਰ 'ਚ ਆਪਣੇ ਹੀ ਤੰਤਰ ਕਾਰਨ ਆਪਣੇ ਹੀ ਘਰਾਂ, ਦਫਤਰਾਂ 'ਚ ਕੈਦ ਹੋ ਗਏ ਹਨ। ਨਹਿਰੂ ਜਿੱਥੇ ਆਪਣੀ ਮੌਤ ਮਰੇ, ਉਹਨਾਂ ਦੀ ਬੇਟੀ ਤੇ ਨਾਤੀ ਆਪਣੀਆਂ ਹੀ ਕਰਤੂਤਾਂ ਦੇ ਸ਼ਿਕਾਰ ਹੋ ਕੇ ਮਾਰੇ ਗਏ। ਸਰਮਾਏਦਾਰੀ ਜਮਾਤ ਨੇ ਜਨਤਾ ਦੀ ਗੁਲਾਮੀ ਦੀਆਂ ਪੂੰਜੀਵਾਦੀ ਜੰਜ਼ੀਰਾਂ ਘੜੀਆਂ ਤਾਂ ਉਸ ਦੇ ਕੁਝ ਫੰਦਿਆਂ 'ਚ ਉਸ ਦੇ ਹੀ ਹੱਥ ਪੈਰ ਫਸ ਗਏ। 1975-78 'ਚ ਤਾਂ ਗਰਦਨ ਫਸਣ ਦੀ ਨੌਬਤ ਆ ਗਈ ਸੀ। ਅਜਿਹੇ 'ਚ ਪੂੰਜੀਪਤੀ ਜਮਾਤ ਨੂੰ ਸਿਰਫ ਇਕ ਹੀ ਰਾਹ ਨਜ਼ਰ ਆ ਰਿਹਾ ਹੈ-ਲੋਕਾਂ ਨੂੰ ਖਪਤਕਾਰਾਂ 'ਚ ਬਦਲ ਦਿਉ। "ਖਾਓ ਪੀਓ ਮੌਜ ਕਰੋ" ਦੀ ਜ਼ਿੰਦਗੀ ਨੂੰ ਇਹ ਹੱਲਾਸ਼ੇਰੀ ਦੇ ਰਿਹਾ ਹੈ। ਰਾਜ ਸੱਤਾ ਦਾ ਨਾਗਰਿਕਾਂ ਨਾਲ ਕੋਈ ਸਬੰਧ ਹੈ। ਇਹ ਸਵਾਲ ਇਹ ਗਾਇਬ ਕਰ ਦੇਣਾ ਚਾਹੁੰਦਾ ਹੈ। ਜਨਤੰਤਰ ਦੀ ਮਾਲਾ ਜਪਦਿਆਂ ਦੁਨੀਆਂ ਦੇ ਸਭ ਤੋਂ ਵੱਡੇ ਲੋਕ ਰਾਜ ਦਾ ਖੁਦ ਨੂੰ ਪ੍ਰਮਾਣ ਪੱਤਰ ਦਿੰਦੇ ਹੋਏ ਜਨਤੰਤਰ ਦੇ ਬੁਨਿਆਦੀ ਸਵਾਲਾਂ 'ਤੇ ਕਿਸੇ ਵੀ ਵਿਚਾਰ ਵਟਾਂਦਰੇ ਤੋਂ ਇਹ ਬਚਣਾ ਚਾਹੁੰਦਾ ਹੈ। ਪਰ ਭਾਰਤੀ ਦੀ ਸਾਮਰਾਜ ਦੀ ਦਲਾਲ ਨੌਕਰਸ਼ਾਹੀ ਸਰਮਾਏਦਾਰੀ ਆਪਣੀ ਇਸ ਕੋਸ਼ਿਸ਼ 'ਚ ਬਹੁਤ ਜ਼ਿਆਦਾ ਕਾਮਯਾਬ ਨਹੀਂ ਹੋ ਸਕਦੀ। ਭਾਰਤ 'ਚ ਖਪਤਕਾਰ ਬਣਨ ਲਾਇਕ ਸਥਿਤੀ ਦੇ ਇਕ ਥੋੜ੍ਹੇ ਜਿਹੇ ਹਿੱਸੇ ਦੀ ਹੈ। ਅਬਾਦੀ ਦੇ ਜ਼ਿਆਦਾਤਰ ਹਿੱਸੇ ਨੂੰ ਇਹ ਦੋ ਡੰਗ ਦੀ ਰੋਟੀ ਤੋਂ ਵੀ ਵਾਂਝਿਆਂ ਕਰ ਰਿਹਾ ਹੈ। ਮਜ਼ਦੂਰ ਵਰਗ ਨੂੰ ਪੂੰਜੀਪਤੀ ਜਮਾਤ ਉਥੇ ਪਹੁੰਚਾ ਰਹੀ ਹੈ ਜਿੱਥੇ ਦਿਨ 'ਚ 12-14 ਘੰਟਿਆਂ ਪਿੱਛੋਂ ਵੀ ਪਰਿਵਾਰ ਦਾ ਪੇਟ ਨਹੀਂ ਪਲ ਰਿਹਾ ਹੈ। ਆਦਿਵਾਸੀਆਂ ਤੋਂ ਲੈ ਕੇ ਛੋਟੇ ਕਿਸਾਨਾਂ, ਦਸਤਕਾਰਾਂ ਤੱਕ ਪੂੰਜੀਪਤੀ ਜਮਾਤ ਦੀਆਂ ਕਤਾਰਾਂ 'ਚ ਸ਼ਾਮਲ ਹੋ ਕੇ ਇਹ ਲੋਕ ਬੇਰੁਜ਼ਗਾਰੀ ਨੂੰ ਵਧਾ ਰਹੇ ਹਨ ਅਤੇ ਮਜ਼ਦੂਰਾਂ ਨੂੰ ਹੋਰ ਹੇਠਾਂ ਸੁੱਟ ਰਹੇ ਹਨ। ਅਜਿਹੇ 'ਚ ਨਾਗਰਿਕਾਂ

ਨੂੰ ਖਪਤਕਾਰਾਂ 'ਚ ਤਬਦੀਲ ਕਰਨ ਦੀ ਦਲਾਲ ਸਰਮਾਏਦਾਰੀ ਦੀ ਮੰਸ਼ਾ ਬਹੁਤੀ ਸਫਲ ਨਹੀਂ ਹੋਵੇਗੀ। ਵੱਧ ਤੋਂ ਵੱਧ ਉਹ ਮੱਧ ਵਰਗ ਦੇ ਇਕ ਹਿੱਸੇ ਨੂੰ ਆਪਣੀ ਇਸ ਯੋਜਨਾ 'ਚ ਸਮੇਟ ਸਕਦਾ ਹੈ। ਇਸ ਤਰ੍ਹਾਂ ਭਾਰਤੀ ਦਲਾਲ ਸਰਮਾਏਦਾਰੀ ਆਪਣੇ ਰਿਵਾਇਤ ਲੋਕਤੰਤਰ 'ਚ ਆਪਣੇ ਇੱਕ ਵੱਖਰੇ ਭਾਰਤ ਦੀ ਉਸਾਰੀ ਕਰਕੇ ਉਸੇ ਤੱਕ ਆਪਣੇ ਖਪਤਕਾਰੀ ਸਮਾਜ ਨੂੰ ਵਿਸਥਾਰ ਦੇ ਸਕਦੀ ਹੈ। ਇਹ ਹੋਵੇਗਾ ਬਾਕੀ ਭਾਰਤ ਯਾਨੀ ਮਜ਼ਦੂਰ ਜਮਾਤ ਤੇ ਹੋਰ ਮਿਹਨਤਕਸ਼ ਲੋਕਾਂ ਦੀ ਕੀਮਤ 'ਤੇ। ਪਰ ਮਜ਼ਦੂਰ ਜਮਾਤ ਇਸ ਦੀ ਥਾਂ ਕਿਸੇ ਅਖੌਤੀ ਸਿਹਤਮੰਦ ਪੂੰਜੀਵਾਦੀ ਲੋਕਤੰਤਰ ਨੂੰ ਆਪਣਾ ਉਦੇਸ਼ ਨਹੀਂ ਬਣਾਵੇਗੀ। ਇਸ ਦੀ ਬਜਾਏ ਉਹ ਦਲਾਲ ਸਰਮਾਏਦਾਰਾਂ ਦੇ ਹੀ ਰਾਜ ਨੂੰ ਖਤਮ ਕਰਕੇ ਮਜ਼ਦੂਰਾਂ ਦੇ ਰਾਜ ਨੂੰ ਸਥਾਪਤ ਕਰਨ ਵੱਲ ਵਧੇਗਾ। ਬਾਕੀ ਮਿਹਨਤਕਸ਼ ਇਸ 'ਚ ਉਸ ਦਾ ਸਾਥ ਦੇਣਗੇ। ਸਰਮਾਏਦਾਰਾਂ ਦਾ ਪਾਲਿਆ ਪੋਸਿਆ ਲੋਕ ਰਾਜ ਬਹੁਤ ਦੇਰ ਨਹੀਂ ਚੱਲਣ ਵਾਲਾ।

# ਕਾਲੇ ਧਨ ਸਬੰਧੀ ਸਰਕਾਰ ਦੀ ਬੇਵਸੀ ਕਾਹਦੀ?

ਕੇਂਦਰ ਸਰਕਾਰ ਦੀਆਂ ਮੁਸੀਬਤਾਂ ਵਧਦੀਆਂ ਜਾ ਰਹੀਆਂ ਹਨ। ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਭਾਰਤੀਆਂ ਦੇ ਕਾਲੇ ਧਨ ਨੂੰ ਵਾਪਸ ਲਿਆਉਣ ਸੰਬੰਧੀ ਉਹ ਚੌਤਰਫਾ ਅਲੋਚਨਾਵਾਂ 'ਚ ਘਿਰਦੀ ਜਾ ਰਹੀ ਹੈ। ਸੁਪਰੀਮ ਕੋਰਟ ਵਲੋਂ ਇਸ ਮਾਮਲੇ 'ਚ ਸਰਕਾਰ 'ਤੇ ਢਿੱਲ ਵਰਤਣ ਦੇ ਸੰਕੇਤਕ ਦੋਸ਼ ਪਿੱਛੋਂ ਹੁਣ ਦੇਸ਼ ਦੀ ਆਮ ਜਨਤਾ ਵੀ ਇਹ ਸਵਾਲ ਉਠਾਉਣ ਲੱਗੀ ਹੈ ਕਿ ਆਖਰ ਸਿਵਸ ਬੈਂਕਾਂ 'ਚ ਜਮ੍ਹਾਂ ਭਾਰਤੀ ਪੈਸੇ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕਿਉਂ ਨਹੀਂ ਹੋ ਰਹੀ ਹੈ? ਕਿਉਂਕਿ ਸਰਕਾਰ ਵਿਦੇਸ਼ਾਂ 'ਚ ਕਾਲਾਧਨ ਰੱਖਣ ਵਾਲੇ ਲੋਕਾਂ ਦੇ ਨਾਂ ਦੱਸਣ ਤੋਂ ਪ੍ਰਹੇਜ਼ ਕਰ ਰਹੀ ਹੈ। ਆਖਰ ਇਹਨਾਂ ਦੇ ਨਾਂ ਦੇ ਖੁਲਾਸੇ ਨਾਲ ਉਸ ਨੂੰ ਪ੍ਰੇਸ਼ਾਨੀ ਕੀ ਹੈ? ਅਜਿਹੇ ਕਈ ਸਵਾਲ ਹਨ ਜੋ ਹੌਲੀ-ਹੌਲੀ ਸਰਕਾਰ ਲਈ ਸਥਿਤੀਆਂ ਅਸਹਿਜ ਬਣਾ ਰਹੇ ਹਨ। ਪਹਿਲਾਂ ਤੋਂ ਹੀ ਕਈ ਮੁੱਦਿਆਂ 'ਤੇ ਵਿਰੋਧੀ ਧਿਰ ਦੇ ਹਮਲੇ ਝੱਲ ਰਹੀ ਸਰਕਾਰ ਦੀ ਦਿੱਖ ਵੀ ਇਸ ਨਾਲ ਧੁੰਦਲੀ ਹੁੰਦੀ ਜਾ ਰਹੀ ਹੈ। ਇਹੀ ਵਜ੍ਹਾ ਹੈ ਕਿ ਸਵਾਲਾਂ ਦੇ ਘੇਰੇ 'ਚ ਫਸੀ ਯੂ ਪੀ ਏ ਸਰਕਾਰ ਆਪਣੇ ਬਚਾਅ ਦੇ ਉਪਾਅ ਲੱਭਣ ਦੀ ਮੁਸ਼ਕਤ 'ਚ ਜੁੱਟ ਗਈ ਹੈ। ਬਕਾਇਦਾ ਇਸ ਮਾਮਲੇ 'ਤੇ ਕੈਬਨਿਟ ਦੀ ਮੀਟਿੰਗ ਕਰਕੇ ਵਿਚਾਰ ਮੰਥਨ ਕੀਤੇ ਜਾ ਰਹੇ ਹਨ ਤਾਂ ਕਿ ਸਿਆਸੀ ਘਾਟੇ ਤੋਂ ਸਰਕਾਰ ਬਚੀ ਰਹਿ ਸਕੇ। ਦੱਸਿਆ ਜਾਂਦਾ ਹੈ ਕਿ ਸਰਕਾਰ ਦੇ ਕਈ ਮੰਤਰੀਆਂ ਨੇ ਤਾਜ਼ਾ ਸਥਿਤੀ ਤੇ ਚਿੰਤਾ ਜ਼ਾਹਰ ਕਰਦਿਆਂ ਪ੍ਰਧਾਨ ਮੰਤਰੀ ਤੇ ਆਲਾ ਕਮਾਨ ਕੋਲ ਇਸ ਦੇ ਹੱਲ ਦੀ ਮੰਗ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਜਲਦੀ ਹੀ ਇਸ ਮਾਮਲੇ 'ਚ ਕੋਈ ਹੱਲ ਕੱਢਣਾ ਚਾਹੀਦਾ ਹੈ। ਵਰਨਾ ਭਾਰੀ ਮੁਸੀਬਤ ਦਾ ਸਬਬ ਬਣ ਸਕਦਾ ਹੈ। ਚੌਤਰਫਾ ਹਮਲਿਆਂ ਦੇ ਬਾਵਜੂਦ ਸਰਕਾਰ ਦੀ ਚੁੱਪ ਇਹ ਦਰਸਾਉਂਦੀ ਹੈ ਕਿ ਸਰਕਾਰ ਕੁਝ ਛੁਪਾਉਣਾ ਚਾਹੁੰਦੀ ਹੈ। ਸਹਿਯੋਗੀ ਪਾਰਟੀਆਂ ਦੇ ਲੋਕ ਵੀ ਕਾਂਗਰਸ 'ਤੇ ਦਬਾਅ ਪਾ ਰਹੇ ਹਨ। ਰਾਮ ਜੇਠ ਮਿਲਾਨੀ, ਜਲਿਅਸ ਰਿਬੇਰੋ ਆਦਿ ਵਲੋਂ ਦਾਇਰ ਇਕ ਜਨਹਿੱਤ ਪਟੀਸ਼ਨ ਦੀ ਸੁਣਵਾਈ ਦੌਰਾਨ ਵਿਦੇਸ਼ਾਂ 'ਚ ਜਮ੍ਹਾਂ ਕਾਲੇ ਧਨ 'ਤੇ ਪੂਰੀ ਜਾਣਕਾਰੀ ਦੇਣ 'ਚ ਸਰਕਾਰ 'ਤੇ ਨਾਖੁਸ਼ੀ ਜਾਹਰ ਕੀਤੀ ਸੀ ਤੇ ਕਿਹਾ ਸੀ ਕਿ ਭਾਰਤੀ ਜਾਇਦਾਦ ਨੂੰ ਵਿਦੇਸ਼ਾਂ 'ਚ ਰੱਖਣ ਦੇਸ਼ ਨੂੰ ਲੁੱਟਣ ਦੇ ਬਰਾਬਰ ਹੈ। ਨਾਲ ਹੀ ਅਦਾਲਤ ਨੇ ਸਰਕਾਰ ਨੂੰ ਵਿਦੇਸ਼ੀ ਬੈਂਕਾਂ 'ਚ ਪੈਸਾ ਰੱਖਣ ਵਾਲੇ ਸਾਰੇ ਖਾਤੇਦਾਰਾਂ ਦੇ ਨਾਂ ਦਾ ਖੁਲਾਸਾ ਕਰਨ ਤੇ ਵਿਚਾਰ ਕਰਨ ਦਾ ਹੁਕਮ ਵੀ ਦਿੱਤਾ ਸੀ। ਸਰਕਾਰ ਨੇ ਅਦਾਲਤ ਨੂੰ ਜਰਮਨੀ ਦੇ ਲਿਚਟੇਂਸਟੀਨ ਬੈਂਕ 'ਚ ਪੈਸਾ ਰੱਖਣ ਵਾਲੇ 26 ਲੋਕਾਂ ਦੇ ਨਾਂਵਾਂ ਦੀ ਸੂਚੀ ਵੀ ਸੌਂਪੀ ਹੈ। ਪਰ ਕੋਰਟ ਦਾ ਮੰਨਣਾ ਹੈ ਕਿ ਇਹ ਤਾਂ ਇਕ ਛੋਟੀ ਜਿਹੀ ਰਾਸ਼ੀ ਨਾਲ ਜੁੜੀ ਜਾਣਕਾਰੀ ਹੈ। ਸਰਕਾਰ ਨੂੰ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਸਾਰੇ ਧਨ ਦਾ ਖੁਲਾਸਾ ਕਰਨਾ ਚਾਹੀਦਾ ਹੈ ਕਿਉਂਕਿ ਇਹ ਦੇਸ਼ ਨਾਲ ਲੁੱਟ ਹੈ। ਸਰਕਾਰ ਇਸ ਮਾਮਲੇ ਸਬੰਧੀ ਉਕਾ ਹੀ ਗੰਭੀਰ ਨਹੀਂ ਹੈ। ਸਵਿਸ ਬੈਂਕਾਂ 'ਚ ਇਸ ਸਮੇਂ ਜਮ੍ਹਾਂ ਕੁਲ 10 ਹਜ਼ਾਰ ਅਰਬ ਡਾਲਰ 'ਚ ਸਿਰਫ ਭਾਰਤੀ ਨਾਗਰਿਕਾਂ ਦਾ ਹੀ 1456 ਅਰਬ ਡਾਲਰ ਕਾਲਾ ਧਨ ਜਮ੍ਹਾਂ ਹੈ ਯਾਨੀ 72800 ਅਰਬ ਰੁਪਏ। ਮਤਲਬ 72 ਲੱਖ 80 ਹਜ਼ਾਰ ਕਰੋੜ ਰੁਪਏ।

ਇਹ ਰਾਸ਼ੀ ਇੰਨੀ ਵੱਡੀ ਹੈ ਕਿ ਇਸ ਨੂੰ ਵਾਪਸ ਲਿਆ ਕੇ ਭਾਰਤ ਦੇ ਲੋਕਾਂ 'ਚ ਵੰਡ ਦਿੱਤਾ ਜਾਵੇ ਤਾਂ ਹਰ ਬੰਦਾ ਲੱਖ ਪਤੀ ਹੋ ਜਾਵੇਗਾ। ਇਹ ਰਾਸ਼ੀ ਪੂਰੇ ਭਾਰਤ ਦੀ ਕੁਲ ਕੌਮੀ ਆਮਦਨ ਦਾ ਡੇਢ ਗੁਣਾ ਹੈ। ਭਾਰਤ ਦੇ ਕੁਲ ਵਿਦੇਸ਼ੀ ਕਰਜ਼ੇ ਦਾ 13 ਗੁਣਾ। ਰਕਮ ਕਿੰਨੀ ਵੱਡੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਦਾ ਸਲਾਨਾ ਵਿਆਜ ਹੀ ਕੇਂਦਰ ਦੇ ਪੂਰੇ ਬਜਟ ਤੋਂ ਜ਼ਿਆਦਾ ਹੈ। ਤਾਂ ਹੀ ਤਾਂ ਇਸ ਪੈਸੇ ਨੂੰ ਦੇਸ਼ 'ਚ ਵਾਪਸ ਲਿਆਉਣ ਦੀ ਮੰਗ ਉਠਦੀ ਰਹਿੰਦੀ ਹੈ। 70 ਦੇ ਦਹਾਕੇ 'ਚ ਐਮਰਜੰਸੀ ਦੇ ਬਾਅਦ ਤੋਂ ਹੀ ਅਜਿਹੀਆਂ ਮੰਗਾਂ ਰਾਜਸੀ ਪਾਰਟੀਆਂ ਕਰਦੀਆਂ ਰਹੀਆਂ ਹਨ। 77 ਦੀਆਂ ਆਮ ਚੋਣਾਂ ਦੇ ਵਕਤ ਵੀ ਕਾਂਗਰਸੀ ਤੇ ਗੈਰ ਕਾਂਗਰਸੀ ਦੋਨੋਂ ਹੀ ਖੇਮਿਆਂ ਵਲੋਂ ਇਕ ਦੂਜੇ ਖਿਲਾਫ ਦੇਸ਼ 'ਚੋਂ ਧਨ ਲੁਟਕੇ ਸਿਵਸ ਬੈਂਕਾਂ 'ਚ ਜਮ੍ਹਾਂ ਕਰਾਉਣ ਦੇ ਦੋਸ਼ ਲਾਏ ਗਏ ਸਨ। ਇਸ ਪਿੱਛੋਂ ਬੋਫਰਸ ਕਾਂਡ ਦੇ ਪਿੱਛੋਂ ਵੀ ਅਜਿਹੀ ਮੰਗ ਉਠੀ ਸੀ। ਪਿਛਲੇ ਲੋਕ ਸਭਾ ਚੋਣਾਂ ਦੌਰਾਨ ਵੀ ਭਾਜਪਾ ਨੇ ਵਿਦੇਸ਼ਾਂ 'ਚ ਜਮ੍ਹਾਂ ਕਾਲੇ ਧਨ ਦਾ ਮਾਮਲਾ ਉਠਾਇਆ ਸੀ ਪਰ ਪ੍ਰਧਨ ਮੰਤਰੀ ਮਨਮੋਹਨ ਸਿੰਘ ਦੀ ਇਮਾਨਦਾਰੀ ਤੇ ਬੇਦਾਗ ਛਵੀ ਅੱਗੇ ਇਹ ਕੋਈ ਖਾਸ ਮੁੱਦਾ ਨਹੀਂ ਬਣ ਸਕਿਆ। ਯੂ ਪੀ ਏ ਲਗਾਤਾਰ ਦੂਜੀ ਵਾਰ ਹਕੂਮਤ 'ਚ ਆਉਣ 'ਚ ਕਾਮਯਾਬ ਹੋਈ।

ਕਹਿਣ ਤੋਂ ਭਾਵ ਕਿ ਗਾਹੇ-ਬਗਾਹੇ ਰਾਜਸੀ ਪਾਰਟੀਆਂ ਅਜਿਹੀਆਂ ਮੰਗਾਂ ਉਠਾ ਕੇ ਸਿਆਸੀ ਲਾਭ ਕਮਾਉਣ ਦੀ ਲਾਲਸਾ ਕਰਦੇ ਰਹੇ ਹਨ। ਪਰ ਅਫਸੋਸ ਕਿਸੇ ਵੀ ਸਰਕਾਰ ਨੇ ਇਸ ਦਿਸ਼ਾ 'ਚ ਗੰਭੀਰ ਕਦਮ ਨਹੀਂ ਉਠਾਇਆ। ਭਾਜਪਾ ਦੀ ਅਗਵਾਈ ਵਾਲੇ ਐਨ ਡੀ ਏ ਗਠਜੋੜ ਦੀ ਸਰਕਾਰ ਨੇ ਵੀ, ਕੁਝ ਨਾ ਕੀਤਾ ਪਰ ਹੁਣ ਸਭ ਤੋਂ ਵੱਧ ਸੰਘ ਪਾੜ ਰਹੀ ਹੈ। ਪਾਰਟੀ ਪ੍ਰਧਾਨ ਨਿਤਨ ਗਡਕਰੀ ਕਹਿ ਰਹੇ ਹਨ ਕਿ ਉਹਨਾਂ ਪਾਸ ਕਈ ਲੋਕਾਂ ਦੇ ਨਾਂ ਦੀ ਸੂਚੀ ਹੈ ਜਿਹਨਾਂ ਦੇ ਪੈਸੇ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਹਨ। ਲਾਲੂ ਯਾਦਵ ਨੇ ਤਾਂ ਦਾਅਵੇ ਨਾਲ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦਾ ਵੀ ਦੂਸਰੇ ਨਾਂ ਹੇਠ ਸਵਿਸ ਬੈਂਕ 'ਚ ਪੈਸਾ ਜਮ੍ਹਾਂ ਹੈ। ਪਿੱਛੇ ਜਿਹੇ ਹੀ ਘਾਗ ਕਾਂਗਰਸੀ ਨੇਤਾ ਵਿਦਿਆਚਰਨ ਸ਼ੁਕਲਾ ਨੇ ਵੀ ਕਿਹਾ ਸੀ ਕਿ ਉਹਨਾਂ ਪਾਸ ਇਸ ਗੱਲ ਦੀ ਜਾਣਕਾਰੀ ਹੈ ਕਿ ਕਈ ਭਾਜਪਾ ਨੇਤਾਵਾਂ ਨੇ ਸਿਵਸ ਬੈਂਕਾਂ 'ਚ ਆਪਣੇ ਪੈਸੇ ਜਮ੍ਹਾਂ ਕਰਾ ਰੱਖੇ ਹਨ। ਸਰਕਾਰ ਕਾਲੇ ਧਨ ਸੰਬੰਧੀ ਇਹ ਕਹਿ ਕੇ ਕਾਰਵਾਈ ਕਰਨ ਤੋਂ ਹੱਥ ਖੜ੍ਹੇ ਕਰ ਰਹੀ ਹੈ ਕਿ ਉਹ ਕੌਮਾਂਤਰੀ ਸੰਧੀਆਂ 'ਚ ਬੱਝੀ ਹੋਈ ਹੈ। ਜੇ ਉਹ ਹੁਣ ਖਾਤੇਦਾਰਾਂ ਦੇ ਨਾਂ ਜਨਤਕ ਕਰਦੀ ਹੈ ਤਾਂ ਭਵਿੱਖ 'ਚ ਉਸ ਨੂੰ ਬਾਕੀ ਸੂਚਨਾਵਾਂ ਤੋਂ ਵੰਚਿਤ ਹੋਣਾ ਪਵੇਗਾ। ਪਰ ਇਹ ਇੱਥੇ ਭੁੱਲ ਰਹੀ ਹੈ ਕਿ ਅਮਰੀਕਾ ਦੇ ਨਾਲ ਹੀ ਐਸੀਆਂ ਹੀ ਔਕੜਾਂ ਰਹੀਆਂ ਹਨ। ਬਾਵਜੂਦ ਇਸ ਦੇ ਅਮਰੀਕਾ ਨਾ ਸਿਰਫ਼ ਵਿਦੇਸ਼ੀ ਬੈਂਕਾਂ 'ਚ ਕਾਲਾ ਧਨ ਜਮ੍ਹਾ ਕਰਨ ਵਾਲੇ ਆਪਣੇ ਨਾਗਰਿਕਾਂ ਦੇ ਨਾਂ-ਪਤੇ ਹਾਸਲ ਕਰਨ 'ਚ ਸਮਰੱਥ ਰਿਹਾ ਹੈ ਬਲਕਿ ਉਸ ਨੇ ਸਵਿਸ ਬੈਂਕ 'ਤੇ ਭਾਰੀ ਜੁਰਮਾਨਾ ਵੀ ਠੋਕਿਆ। ਯਾਨੀ ਇੱਛਾ ਸ਼ਕਤੀ ਹੋਵੇ ਤਾਂ ਵਿਦੇਸ਼ਾਂ 'ਚ ਜਮ੍ਹਾਂ ਭਾਰਤ ਦਾ ਕਾਲਾ ਧਨ ਵਾਪਸ ਲਿਆਂਦਾ ਜਾ ਸਕਦਾ ਹੈ। ਪਰ ਅਫ਼ਸੋਸ ਕੇਂਦਰ ਸਰਕਾਰ ਕੌਮੀ ਧਨ ਦੌਲਤ ਨੂੰ ਲੁੱਟ ਕੇ ਵਿਦੇਸ਼ੀ ਬੈਂਕਾਂ 'ਚ ਕਾਲਾ ਧਨ ਜਮ੍ਹਾਂ ਕਰਵਾਉਣ ਵਾਲਿਆਂ ਦਾ ਨਾਂ ਨਾ ਖੋਲ੍ਹ ਕੇ ਉਹਨਾਂ ਦਾ ਬਚਾਅ ਹੀ ਕਰ

ਰਹੀ ਹੈ। ਪਿੱਛੇ ਜਿਹੇ ਹੀ ਸਿਵਸ ਨੁਮਾਇੰਦੇ ਮਿਥਾਇਸ ਬੈਵਮੈਨ ਨੇ ਵੀ ਕਿਹਾ ਸੀ ਕਿ ਸਿਵਸ ਸਰਕਾਰ ਇਸ ਧਨ ਨੂੰ ਚੋਰੀ ਦਾ ਮਾਲ ਸਮਝਦੀ ਹੈ ਅਤੇ ਇਸ ਨੂੰ ਸਬੰਧਤ ਦੇਸ਼ਾਂ ਨੂੰ ਵਾਪਸ ਕਰਨ ਲਈ ਵਚਨਬੱਧ ਹੈ। ਸੰਯੁਕਤ ਰਾਸ਼ਟਰ ਦੇ ਪ੍ਰਸਤਾਅ 'ਤੇ ਦਸਖਤ ਕਰਕੇ ਵੀ ਸਵਿਸ ਸਰਕਾਰ ਨੇ ਇਸ ਦੀ ਪੁਸ਼ਟੀ ਕੀਤੀ ਹੈ। ਖਾਸ ਕਰਕੇ 9/11 ਨੂੰ ਅਮਰੀਕੀ 'ਤੇ ਹੋਏ ਹਮਲੇ ਪਿੱਛੋਂ ਦੁਨੀਆਂ ਭਰ 'ਚ ਬੈਂਕਿੰਗ ਦਾ ਰਾਜ ਅਤੇ ਦੋ ਦੇਸ਼ਾਂ ਵਿਚਾਲੇ ਇਸ ਨਾਲ ਜੁੜੀਆਂ ਜਾਣਕਾਰੀਆਂ ਦੀ ਅਦਲਾ-ਬਦਲੀ ਨੂੰ ਲੈ ਕੇ ਇਕ ਮਹੌਲ ਬਣਿਆ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਜਿੱਥੇ 2000 ਤੋਂ 2008 ਵਿਚਕਾਰ ਵੱਖ-ਵੱਖ ਦੇਸ਼ਾਂ ਵਿਚਕਾਰ ਸੂਚਨਾ ਦੇ ਵਟਾਂਟਰੇ ਦੇ 70 ਸਮਝੌਤੇ ਹੋਏ। ਉਥੇ ਸਿਰਫ 2009-2010 ਵਿਚਕਾਰ ਅਜਿਹੇ 500 ਨਵੇਂ ਸਮਝੌਤੇ 'ਤੇ ਦਸਖਤ ਹੋਏ ਹਨ। ਜੀ-20 ਦੇ ਦਬਾਅ ਅੱਗੇ ਸਵਿਟਜ਼ਰਲੈਂਡ ਤੇ ਲਿਚੇਂਸਟੇਨ ਵਰਗੇ ਦੇਸ਼ਾਂ ਨੂੰ ਵੀ ਇਸ 'ਤੇ ਦਸਖਤ ਕਰਨੇ ਪਏ। ਯਾਨੀ ਕਾਲੇ ਖਾਤਿਆਂ ਦੇ ਖੁਲਾਸੇ ਦਾ ਰਾਹ ਸਾਫ ਹੋਇਆ ਹੈ। ਬਾਵਜੂਦ ਇਸ ਦੇ ਸਾਡੀ ਸਰਕਾਰ ਇਸ ਸੰਬੰਧੀ ਜ਼ਰੂਰੀ ਸ਼ਰਤਾਂ ਤੇ ਰਵਾਇਤਾਂ ਪੂਰੀਆਂ ਨਹੀਂ ਕਰ ਰਹੀ ਹੈ। ਬਲਕਿ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਭਾਰਤੀਆਂ ਦੇ ਕਾਲੇ ਧਨ ਨੂੰ ਦੇਸ਼ 'ਚ ਵਾਪਸ ਲਿਆਉਣ ਅਤੇ ਅਜਿਹੇ ਲੋਕਾਂ ਦੇ ਨਾਂ ਉਜਾਗਰ ਕਰਨ ਸੰਬੰਧੀ ਕੇਂਦਰ ਸਰਕਾਰ ਨੇ ਸਵੈ-ਇੱਛਾ ਨਾਲ ਕੋਈ ਪਹਿਲ ਕਰਨ ਦੀ ਥਾਂ ਗੇਂਦ ਸੁਪਰੀਮ ਕੋਰਟ 'ਚ ਸੁੱਟਣ ਦੀ ਕੋਸ਼ਿਸ਼ ਕੀਤੀ ਹੈ। ਜੋ ਹੁਣ ਉਸ ਨੂੰ ਮਹਿੰਗੀ ਪੈਂਦੀ ਦਿਸ ਰਹੀ ਹੈ ਤਾਂ ਹੀ ਤਾਂ ਵਿਰੋਧੀ ਧਿਰ ਸਰਕਾਰ ਪ੍ਰਤੀ ਹਮਲਾਵਰ ਹੋ ਰਹੀ ਹੈ। ਮਨਮੋਹਨ ਸਿੰਘ ਦੀ ਸਰਕਾਰ ਕਾਲੇ ਧਨ ਬਾਰੇ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ। ਜੇ ਵਿਦੇਸ਼ਾਂ 'ਚ ਜਮ੍ਹਾਂ ਕਾਲਾ ਧਨ ਭਾਰਤ ਵਾਪਸ ਆ ਜਾਂਦਾ ਹੈ ਤਾਂ 30 ਸਾਲਾਂ ਤੱਕ ਦੇਸ਼ 'ਚ ਟੈਕਸ ਮੁਕਤ ਬਜਟ ਬਣਾਇਆ ਜਾ ਸਕਦਾ ਹੈ। ਏਨਾ ਹੀ ਨਹੀਂ ਸਰਕਾਰ ਆਪਣੇ ਹਰ ਨਾਗਰਿਕ ਨੂੰ ਪੰਜ ਸਾਲਾਂ ਤੱਕ ਦਸ ਹਜ਼ਾਰ ਰੁਪਏ ਪੈਨਸ਼ਨ ਦੇ ਸਮਰੱਥ ਹੋਵੇਗੀ। ਕਾਲੇ ਧਨ ਦੀ ਇਸ ਮੁਹਿੰਮ ਨੂੰ ਸਮਝਦੇ ਹੋਇਆਂ ਰਾਮਦੇਵ ਵੀ ਮੁਹਿੰਮ ਚਲਾਉਣ ਦਾ ਨਾਟਕ ਕਰ ਰਹੇ ਹਨ। ਸਰਕਾਰ ਨੂੰ ਇਹ ਧਨ ਦੇਸ਼ 'ਚ ਵਾਪਸ ਮੁਹਿੰਮ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਖਾਸ ਕਰਕੇ ਸੁਪਰੀਮ ਕੋਰਟ ਦੀ ਟਿੱਪਣੀ ਪਿੱਛੋਂ ਇਹ ਮਾਮਲਾ ਪੂਰੀ ਤਰ੍ਹਾਂ ਅਖਾੜੇ 'ਚ ਉਤਰ ਚੁੱਕਿਆ ਹੈ।

ਦੂਜੇ ਪਾਸੇ ਵਿਕੀਲੀਕਸ ਨੇ ਵੀ ਦਾਅਵਾ ਕੀਤਾ ਹੈ ਕਿ ਉਹ ਜਲਦੀ ਖਾਤੇਦਾਰਾਂ ਦੀ ਸੂਚੀ ਜਾਰੀ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਦੇ ਨਾਲ ਵੀ ਭਾਰਤ ਦੇ ਕਈ ਰਾਜਸੀ ਨੇਤਾਵਾਂ ਤੇ ਨੌਕਰਸ਼ਾਹਾਂ ਦੀ ਨੀਂਦ ਉਡੀ ਹੋਈ ਹੈ। ਹਾਲਾਂਕਿ ਕੁਝ ਨਾਵਾਂ ਦੇ ਚਰਚੇ ਅਜੇ ਵੀ ਹਵਾ 'ਚ ਤੈਰ ਰਹੇ ਹਨ। ਪਰ ਉਹ ਨਾਂ ਵੱਡੇ ਨਹੀਂ ਹਨ। ਜੇ ਨੇਤਾਵਾਂ ਦੇ ਨਾਂ ਖੁੱਲ੍ਹੇ ਤਾਂ ਸੰਭਵ ਹੈ ਇਹ ਮੁੱਦਾ ਹੋਰ ਗਰਮਾਏਗਾ। ਮੰਨਿਆ ਜਾ ਰਿਹਾ ਹੈ ਕਿ ਜੇ ਸਿਵਸ ਬੈਂਕ ਦੇ ਖਾਤੇਦਾਰਾਂ ਦੇ ਨਾਂ ਦਾ ਖੁਲਾਸਾ ਹੋਇਆ ਤਾਂ ਦੇਸ਼ 'ਚ ਕੋਹਰਮ ਮੱਚ ਸਕਦਾ ਹੈ। ਇਸ ਵਿਚ ਭਰਿਸ਼ਟ ਨੇਤਾਵਾਂ-ਅਫ਼ਸਰਾਂ ਤੋਂ ਲੈ ਕੇ ਵੱਡੇ-ਵੱਡੇ ਸਨਅਤਕਾਰ, ਫਿਲਮ ਸਟਾਰ, ਕ੍ਰਿਕਟ ਖਿਡਾਰੀ ਤੇ ਫੈਸ਼ਨ ਡਿਜ਼ਾਈਨਰ ਤੱਕ ਸ਼ਾਮਲ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਪੂਰੀ ਦੁਨੀਆਂ 'ਚ ਦੋ ਨੰਬਰ ਦਾ ਪੈਸੇ ਦੇ ਜਮ੍ਹਾਂ ਵਾਲੇ ਸਿਵਸ ਬੈਂਕਾਂ 'ਚ ਸਭ ਤੋਂ ਵੱਧ ਰਕਮ ਭਾਰਤੀ ਹਾਕਮਾਂ ਨੇ ਜਮ੍ਹਾਂ ਕਰ ਰੱਖੀ ਹੈ। ਵਜ੍ਹਾ ਕਈ ਹਨ। ਇਕ ਤਾਂ ਇਹਨਾਂ ਦੇ ਨਾਂ ਗੁਪਤ ਰੱਖੇ ਜਾਂਦੇ ਹਨ

ਤੇ ਦੂਸਰਾ ਉਹਨਾਂ 'ਤੇ ਟੈਕਸ ਵੀ ਨਹੀਂ ਲੱਗਦਾ। ਸਭ ਕੁਝ ਬੇਹੱਦ ਗੁਪਤ ਹੁੰਦਾ ਹੈ। ਖਾਤਾ ਖੋਲ੍ਹਣਾ ਵੀ ਬਹੁਤ ਸੌਖਾ ਹੁੰਦਾ ਹੈ। ਬੱਸ ਆਪਣੀ ਪਹਿਚਾਣ ਸਾਬਤ ਕਰਨ ਲਈ ਕੋਈ ਦਸਤਾਵੇਜ਼ ਦਿਖਾਉ ਤੇ ਤੁਹਾਡਾ ਖਾਤਾ ਖੁੱਲ੍ਹ ਜਾਵੇਗਾ। ਖਾਤੇ 'ਚ ਕਦੇ ਵੀ, ਕਿੰਨੀ ਵੀ ਰਕਮ ਪਾਵੇ ਕੋਈ ਪੁੱਛਗਿੱਛ ਨਹੀਂ ਹੋਵੇਗੀ। ਬਸ ਤੁਹਾਨੂੰ ਤੁਹਾਡੇ ਜਮ੍ਹਾਂ ਪੈਸੇ 'ਤੇ ਵਿਆਜ ਨਹੀਂ ਮਿਲੇਗਾ। ਉਲਟੇ ਖਾਤੇ ਦਾ ਰਾਜ ਬਣਾਈ ਰੱਖਣ ਬਦਲੇ ਸਾਲਾਨਾ ਟੈਕਸ ਅਦਾ ਕਰਨਾ ਪਵੇਗਾ। ਸ਼ਾਇਦ ਇਹੀ ਵਜ੍ਹਾ ਹੈ ਕਿ ਭਾਰਤ 'ਚ ਕਰੀਬ 75-80 ਹਜ਼ਾਰ ਲੋਕ ਹਰ ਸਾਲ ਸਿਵਟਜ਼ਰਲੈਂਡ ਜਾਂਦੇ ਹਨ। ਦੱਸਿਆ ਜਾਂਦਾ ਹੈ ਕਿ ਵੈਸੇ ਲੋਕਾਂ ਦੀ ਗਿਣਤੀ ਵੀ ਅੱਛੀ ਖਾਸੀ ਹੈ ਜਿਹਨਾਂ ਦੇ ਸਿਵਸ ਬੈਂਕਾਂ 'ਚ ਖਾਤੇ ਹਨ। ਕੁਝ ਤਾਂ ਵਾਰੀ-ਵਾਰੀ ਉਥੋਂ ਦਾ ਟੂਰ ਲਾਉਂਦੇ ਹਨ ਕਿਉਂਕਿ ਸਿਵਸ ਬੈਂਕ 'ਚ ਖਾਤਾ ਖੋਲ੍ਹਣ ਤੋਂ ਲੈ ਕੇ ਪੈਸਾ ਜਮ੍ਹਾਂ ਕਰਵਾਉਣ, ਪੈਸਾ ਕਢਵਾਉਣ ਲਈ ਖਾਤਾ ਧਾਰਕ ਨੂੰ ਖੁਦ ਹਾਜ਼ਰ ਹੋਣਾ ਪੈਂਦਾ ਹੈ। ਲਿਹਾਜਾ ਵਾਰ-ਵਾਰ ਉਥੇ ਜਾਣਾ ਖਾਤਾ ਧਾਰਕ ਦੀ ਮਜ਼ਬੂਰੀ ਹੈ। ਵੈਸੇ ਕਿਸੇ ਦੂਜੇ ਦੇ ਨਾਂ ਹੇਠ ਖਾਤਾ ਖੋਲ੍ਹ ਕੇ ਆਪਣੇ ਬਚਾਅ ਦਾ ਰਸਤਾ ਵੀ ਭਰਿਸ਼ਟ ਲੋਕ ਹੀ ਅਪਣਾਉਂਦੇ ਰਹੇ ਹਨ। ਸਿਵਸ ਬੈਂਕ 'ਚ ਉਹਨਾਂ ਦਾ ਕਿਸੇ ਹੋਰ ਦੇ ਨਾਂ ਖਾਤਾ ਹੈ। ਕਾਲਾ ਧਨ ਜਮ੍ਹਾਂ ਕਰਨ ਦੇ ਹੋਰ ਵੀ ਕਈ ਅੱਡੇ ਹਨ। ਪਰ ਸਿਵਸ ਬੈਂਕ ਸਭ ਤੋਂ ਬਦਨਾਮ ਅੱਡਾ ਹੈ। ਲਕਜਮਬਰਗ, ਲਿਚੇਂਸਟੇਨ, ਮਲੇਸ਼ੀਆ, ਫਿਲੀਪੀਂਸ, ਸਿੰਗਾਪੁਰ, ਬਹਾਮਾ, ਬ੍ਰਿਟਿਸ਼ ਵਰਜਿਨ, ਆਈਲੈਂਡ, ਤਰਗਵੇ, ਬਰਮੁੰਡਾ ਸਮੇਤ 40 ਦੂਜੇ ਦੇਸ਼ ਵੀ ਟੈਕਸ ਹੈਵਨ ਦੇਸ਼ਾਂ ਵਜੋਂ ਜਾਣੇ ਜਾਂਦੇ ਹਨ। ਹਾਲ ਦੀ ਘੜੀ ਕਾਲੇ ਧਨ ਸਬੰਧੀ ਇਹਨੀਂ ਦਿਨੀਂ ਭਾਰਤ 'ਚ ਚਰਚਾਵਾਂ ਦਾ ਬਾਜ਼ਾਰ ਗਰਮ ਹੈ। ਰਾਜਨੀਤੀ ਵੀ ਉਭਾਰ 'ਤੇ ਹੈ। ਕਦੀ ਕਾਂਗਰਸ ਨੇ ਸੱਤਾ 'ਚ ਆਉਣ ਦੇ 100 ਦਿਨ ਅੰਦਰ ਕਾਲੇ ਧਨ ਨੂੰ ਵਾਪਸ ਲਿਆਉਣ ਦੀ ਕਾਰਵਾਈ ਦਾ ਭਰੋਸਾ ਦਿਵਾਇਆ ਸੀ ਪਰ ਡੇਢ ਸਾਲ ਤੱਕ ਉਹ ਇਸ ਮੁੱਦੇ 'ਤੇ ਹੀਲਾ-ਹਵਾਲੀ ਦੇ ਰੁਖ ਦਾ ਹੀ ਵਿਖਾਵਾ ਕਰਦੀ ਰਹੀ, ਹੁਣ ਉਸ ਦਾ ਮੂੰਹ ਖੁੱਲਿਆ ਹੈ ਤਾਂ ਸੁਪਰੀਮ ਕੋਰਟ 'ਚ ਦਾਖਲ ਪਟੀਸ਼ਨ ਦੀ ਸੁਣਵਾਈ ਪਿੱਛੋਂ ਹੀ। ਪਹਿਲੀ ਵਾਰੀ ਅਦਾਲਤ ਨੇ ਇਸ ਮੁੱਦੇ 'ਤੇ ਸਖਤੀ ਦਾ ਸਬੂਤ ਦਿੱਤਾ ਹੈ। ਪਹਿਲੀ ਵਾਰੀ ਵਿਦੇਸ਼ਾਂ 'ਚ ਜਮ੍ਹਾਂ ਕਾਲੇ ਧਨ ਦਾ ਵਿਸ਼ਾ ਚਰਚਾ ਦਾ ਮੁੱਦਾ ਬਣਿਆ ਹੈ। ਪਰ ਕੀ ਇਸ ਪਿੱਛੋਂ ਵੀ ਉਮੀਦ ਦੀ ਕੋਈ ਕਿਰਨ ਫੁਟੇਗੀ ਜਾਂ ਸਿਵਸ ਬੈਂਕ ਦੇ ਗੁਪਤ ਖਾਤਿਆਂ ਵਾਂਗੂੰ ਕਾਲੇ ਧਨ ਦੇ ਸੌਦਾਗਰਾਂ ਦੇ ਨਾਂ ਵੀ ਗੁਪਤ ਹੀ ਰਹਿਣਗੇ?

# ਕਿਸਾਨਾਂ ਦੀ ਮੌਤ ’ਤੇ ਸਿਆਸਤ ਕਿਵੇਂ?

ਮੱਧ ਪ੍ਰਦੇਸ਼ ’ਚ ਮੌਸਮ ਦੀ ਮਾਰ ਨਾਲ ਫ਼ਸਲਾਂ ਦੀ ਤਬਾਹੀ ਸੂਦਖੋਰ-ਸ਼ਾਹੂਕਾਰਾਂ ਦਾ ਦਬਾਅ ਤੇ ਝੂਠੇ ਸਰਕਾਰੀ ਵਾਅਦੇ ਅਤੇ ਇਹਨਾਂ ਸਾਰਿਆਂ ਤੋਂ ਦੁਖੀ ਹੋ ਕੇ ਪ੍ਰੇਸ਼ਾਨ ਕਿਸਾਨਾਂ ਦਾ ਮੌਤ ਨੂੰ ਗਲੇ ਲਾਉਣਾ ਕਦੀ ਵੀ ਨਾ ਖਤਮ ਹੋਣ ਵਾਲੇ ਦਰਦਨਾਕ ਦੁਸ਼ਚੱਕਰ ’ਚ ਬਦਲ ਚੁੱਕਿਆ ਹੈ। ਅਜਿਹੇ ’ਚ ਰਾਜ ਦੇ ਖੇਤੀ ਮੰਤਰੀ ਦਾ ਇਹ ਕਹਿਣਾ ਕਿ ਕਿਸਾਨ ਆਪਣੇ ਪਾਪਾਂ ਦੀ ਸਜ਼ਾ ਭੁਗਤ ਰਹੇ ਹਨ। ਨਾ ਸਿਰਫ ਕਿਸਾਨਾਂ ਦੇ ਜਖ਼ਮਾਂ ’ਤੇ ਨਮਕ ਛਿੜਕਣ ਵਾਲਾ ਹੈ ਬਲਕਿ ਕਿਸਾਨਾਂ ਸਬੰਧੀ ਛਿੜੀ ਸਿਆਸੀ ਜੰਗ ’ਚ ਵੀ ਜੋਸ਼ ਭਰਨ ਵਾਲਾ ਸਬੂਤ ਹੋਇਆ। ਸੂਬਾਈ ਕਾਂਗਰਸ ਪ੍ਰਧਾਨ ਸੁਰੇਸ਼ ਪਚੌਰੀ ਨੇ ਤਾਂ ਰਾਜ ਸਰਕਾਰ ’ਤੇ ਵਾਰ ਕਰਦਿਆਂ ਕਿਹਾ ਕਿ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦਾ ਇਸ ਤੋਂ ਵੱਡਾ ਮਜ਼ਾਕ ਹੋਰ ਹੋ ਹੀ ਨਹੀਂ ਸਕਦਾ। ਪਚੌਰੀ ਨੇ ਕੇਂਦਰ ਤੋਂ ਮਿਲੀ ਮਦਦ ਦਾ ਲੇਖਾ ਜੋਖਾ ਕਰਦਿਆਂ ਕਿਹਾ ਕਿ ਕਰਜ ਮੁਆਫੀ ਦੇ ਨਾਂ ਹੇਠ ਜੋ 915 ਕਰੋੜ ਰੁਪਏ ਮਿਲੇ ਸਨ ਉਹਨਾਂ ਵਿਚੋਂ 114 ਕਰੋੜ ਦੀ ਗੜਬੜ ਕਰ ਦਿੱਤੀ ਗਈ। ਕਿਸਾਨਾਂ ਦੇ 50 ਹਜ਼ਾਰ ਤੱਕ ਦੇ ਕਰਜੇ ਮੁਆਫ ਨਹੀਂ ਕੀਤੇ ਗਏ। ਵਿਧਾਨ ਸਭਾ ਚੁਣਾਅ ਸਮੇਂ ਕਿਸਾਨਾਂ ਨਾਲ ਜੋ ਵਾਅਦੇ ਕੀਤੇ ਗਏ ਸਨ, ਉਹ ਵੀ ਪੂਰੇ ਨਹੀਂ ਕੀਤੇ ਗਏ। ਬੀਜ, ਖਾਦ, ਪਾਣੀ, ਬਿਜਲੀ ਵਰਗੀਆਂ ਬੁਨਿਆਦੀ ਲੋੜਾਂ ਪੂਰੀਆਂ ਨਾ ਹੋਣ ਕਰਕੇ ਕਿਸਾਨ ਆਤਮ ਹੱਤਿਆਵਾਂ ਲਈ ਮਜ਼ਬੂਰ ਹੋ ਰਹੇ ਹਨ। ਪਚੌਰੀ ਦੇ ਦੋਸ਼ ਆਪਣੀ ਥਾਂ ਹਨ ਕਿ ਰਾਜ ਦੇ ਕਿਸਾਨਾਂ ਦੇ ਹਾਲ ਕੋਈ ਫੁਰਸਾਨੇ ਹਾਲ ਨਹੀਂ ਹਨ। ਰਾਜ ਸਰਕਾਰ ਨੇ ਕਿਸਾਨਾਂ ਨੂੰ ਸਹਿਕਾਰੀ ਬੈਂਕਾਂ ਰਾਹੀਂ ਤਿੰਨ ਫੀਸਦੀ ਵਿਆਜ ’ਤੇ ਕਰਜੇ ਦੇ ਜੋ ਵਾਅਦੇ ਕੀਤੇ ਸਨ ਉਹਨਾਂ ਦੀ ਹਕੀਕਤ ਇਹ ਹੈ ਕਿ ਨਾਬਾਰਡ ਦੇ ਛੋਟ ਦੇਣ ਤੋਂ ਇਨਕਾਰ ਪਿੱਛੋਂ ਸਹਿਕਾਰੀ ਬੈਂਕਾਂ ਨੇ 9 ਫੀਸਦੀ ਵਿਆਜ ਵਸੂਲਣ ਦੀ ਗੱਲ ਕਹਿ ਕੇ ਕਿਸਾਨਾਂ ਨੂੰ ਡਰਾ ਦਿੱਤਾ ਹੈ। ਰਾਜ ਸਰਕਾਰ ਇਸ ਮਾਮਲੇ ’ਚ ਕੋਈ ਸਪਸ਼ਟ ਫੈਸਲਾ ਨਹੀਂ ਲੈ ਸਕੀ ਹੈ। ਦੂਜੇ ਪਾਸੇ ਕਿਸਾਨਾਂ ਦੇ ਨਾਲ ਧੋਖਾ-ਧੜੀ ਦੇ ਅਨੇਕਾਂ ਕਿਸੇ ਗਿਣਾਏ ਜਾ ਸਕਦੇ ਹਨ। ਤਾਜ਼ਾ ਮਾਮਲਾ ਰਾਜਗੜ੍ਹ ਜ਼ਿਲ੍ਹੇ ਸਾਰੰਗਪੁਰ ਦਾ ਹੈ। ਭਾਰਤੀ ਸਟੇਟ ਬੈਂਕ ਦੀ ਸਾਰੰਗਪੁਰ ਸ਼ਾਖਾ ਦੇ ਏਜੰਟਾਂ ਨੇ ਕ੍ਰੇਡਿਟ ਕਾਰਡ ਬਣਾਉਣ ਦਾ ਲਾਲਚ ਦੇ ਕੇ ਅੱਧੀ ਦਰਜਨ ਪਿੰਡਾਂ ਦੇ 127 ਕਿਸਾਨਾਂ ਨੂੰ ਗਲਫਤ ’ਚ ਰੱਖਕੇ ਕਾਗਜ਼ਾਂ ਤੇ ਦਸਖਤ ਕਰਵਾ ਲਏ ਤੇ ਉਹਨਾਂ ਦੇ ਨਾਂ ਹੇਠ 5 ਕਰੋੜ 40 ਲੱਖ ਦਾ ਕਰਜਾ ਲੈ ਲਿਆ। ਭਾਂਡਾ ਉਦੋਂ ਫੁੱਟਿਆ ਜਦੋਂ ਕਿਸਾਨਾਂ ਨੂੰ ਵਸੂਲੀ ਦੇ ਨੋਟਿਸ ਮਿਲਣੇ ਸ਼ੁਰੂ ਹੋ ਗਏ। ਕਿਸਾਨਾਂ ਨਾਲ ਫਰਜ਼ੀ ਵਾੜੇ ਦੀ ਇਹ ਇਕੱਲੀ ਘਟਨਾ ਨਹੀਂ ਹੈ। ਪ੍ਰਦੇਸ਼ ਦੀ ਰਾਜਧਾਨੀ ’ਚ ਵੀ ਸਰਕਾਰੀ ਬੈਂਕਾਂ ਦੁਆਰਾ ਕਰਜਾ ਵਸੂਲੀ ਦੀ ਆੜ ’ਚ ਬੇਹੱਦ ਕੀਮਤੀ ਜ਼ਮੀਨਾਂ ਕੌਡੀਆਂ ਦੇ ਭਾਅ ਆਲਾ ਅਫਸਰਾਂ, ਉਹਨਾਂ ਦੇ ਰਿਸ਼ਤੇਦਾਰਾਂ, ਨੇਤਾਵਾਂ ਤੇ ਲਠਮਾਰਾਂ ਬਿਲਡਰਾਂ ਦੇ ਹੱਥ ਨਿਲਾਮ ਕਰ ਦੇਣ ਦੇ ਮਾਮਲੇ ਦਾ ਸਨਸਨੀਖੇਜ ਖੁਲਾਸਾ ਅਜੇ ਜਾਂਚ ਦੇ ਘੇਰੇ ’ਚ ਹੈ। ਇਸ ਨਿਲਾਮੀ ਨੂੰ ਸਹਿਕਾਰੀ ਬੈਂਕ ਦੇ ਵੱਡੇ ਅਫਸਰਾਂ ਦੀ ਮਿਲੀਭੁਗਤ ਨਾਲ ਅੰਜਾਮ ਦਿੱਤਾ ਗਿਆ ਸੀ। ਮੁੱਖ ਮੰਤਰੀ ਸ਼ਿਵਰਾਜ ਸਿੰਘ ਇਸ ਮਾਮਲੇ ’ਚ ਕੋਈ ਅੱਧੀ ਦਰਜਨ ਅਫਸਰਾਂ ਨੂੰ ਮੁਅੱਤਲ ਕਰਕੇ ਉਹਨਾਂ ਵਿਰੁੱਧ ਜਾਂਚ ਸ਼ੁਰੂ ਕਰ ਚੁੱਕੇ ਹਨ। ਪਿਛਲੇ ਦਸੰਬਰ ’ਚ ਕੋਈ ਇਕ ਲੱਖ ਕਿਸਾਨਾਂ ਨੇ ਭੂਪਾਲ ਦਾ

ਘਿਰਾਓ ਕਰਕੇ ਆਪਣੀਆਂ ਪ੍ਰੇਸ਼ਾਨੀਆਂ ਤੋਂ ਰਾਜ ਸਰਕਾਰ ਨੂੰ ਜਾਣੂੰ ਕਰਵਾਇਆ ਸੀ। ਇਸ ਦੇ ਬਾਵਜੂਦ ਸਰਕਾਰੀ ਤੰਤਰ ਦਾ ਰਵਈਆ ਕਿਸਾਨਾਂ ਦੀਆਂ ਸਮੱਸਿਆਵਾਂ ਪ੍ਰਤੀ ਲਾਹਪ੍ਰਵਾਹੀ ਵਾਲਾ ਹੀ ਰਿਹਾ। ਤਾਜ਼ਾ ਰੌਲਾ, ਉਦੋਂ ਪਿਆ ਜਦ ਮੁੱਖ ਮੰਤਰੀ, ਖੇਤੀ ਮੰਤਰੀ ਤੇ ਮਾਲ ਮੰਤਰੀ ਦੇ ਖੇਤਰਾਂ ਤੋਂ ਇਕ ਤੋਂ ਬਾਅਦ ਇਕ ਮੌਤ ਦੀ ਖਬਰ ਆਉਣ ਲੱਗੀ। ਅੰਕੜੇ ਦਸਦੇ ਹਨ ਕਿ ਰਾਜ 'ਚ ਚਾਰ ਕਿਸਾਨ ਰੋਜ਼ਾਨਾ ਆਤਮ ਹੱਤਿਆ ਕਰ ਲੈਂਦੇ ਹਨ।

ਪਿਛਲੇ ਇਕ ਮਹੀਨੇ ਅੰਦਰ ਕਿਸਾਨਾਂ ਵਲੋਂ ਆਤਮ ਹੱਤਿਆ ਤੇ ਆਤਮ ਹੱਤਿਆ ਦੀ ਕੋਸ਼ਿਸ਼ ਦੀਆਂ 9 ਘਟਨਾਵਾਂ ਸਾਬਤ ਕਰਦੀਆਂ ਹਨ ਕਿ ਮੱਧ ਪ੍ਰਦੇਸ਼ ਦੇ ਕਿਸਾਨ ਵੀ ਮਹਾਂਰਾਸ਼ਟਰ ਤੇ ਆਂਧਰਾ ਪ੍ਰਦੇਸ਼ ਵਾਂਗੂ ਮੌਤ ਨੂੰ ਗਲੇ ਲਾ ਰਹੇ ਹਨ। ਸਰਕਾਰ ਭਾਵੇਂ ਇਨਕਾਰ ਕਰੇ, ਪਰ ਵਜ੍ਹਾ ਉਹੀ ਹੈ, ਗਰੀਬੀ, ਕਰਜਾ ਤੇ ਫਸਲਾਂ ਦੀ ਬਰਬਾਦੀ। ਨੈਸ਼ਨਲ ਕਰਾਈਮ ਰਿਕਾਰਡਸ ਬਿਊਰੋ ਮੁਤਾਬਕ ਮੱਧ ਪ੍ਰਦੇਸ਼ 'ਚ 2001 ਤੋਂ 2009 ਵਿਚਕਾਰ 12455 ਕਿਸਾਨਾਂ ਨੇ ਖੁਦਕੁਸ਼ੀ ਕੀਤੀ। ਇਹ ਅੰਕੜਾ ਹੋਰਾਂ ਸੂਬਿਆਂ ਦੀ ਤੁਲਨਾ 'ਚ ਸਭ ਤੋਂ ਵੱਧ ਹੈ। ਦੇਸ਼ 'ਚ ਕਿਸਾਨਾਂ ਨੇ ਸਭ ਤੋਂ ਵੱਧ ਖੁਦਕੁਸ਼ੀਆਂ ਸਾਹਮਣੇ ਆਉਣ ਵਾਲੇ ਰਾਜਾਂ 'ਚ ਮਹਾਂਰਾਸ਼ਟਰ, ਆਂਧਰਾ, ਕਰਨਾਟਕ ਤੇ ਸਤੀਸ਼ਗੜ੍ਹ ਦੇ ਨਾਲ ਮੱਧ ਪ੍ਰਦੇਸ਼ ਵੀ ਸ਼ਾਮਲ ਹੋ ਗਿਆ ਹੈ। ਇਕ ਕੌਮੀ ਸਰਵੇ ਮੁਤਾਬਕ ਹਰ ਕਿਸਾਨ ਔਸਤਨ 14 ਹਜ਼ਾਰ 218 ਰੁਪਏ ਦਾ ਕਰਜਾ ਹੈ। ਕੋਈ 32,11,00 ਖੇਤੀ ਪ੍ਰੀਵਾਰ ਕਰਜੇ ਦੀ ਚੱਕੀ 'ਚ ਪਿਸ ਰਹੇ ਹਨ। 23 ਫੀਸਦੀ ਕਿਸਾਨ ਅਜਿਹੇ ਹਨ ਜਿਹਨਾਂ ਕੋਲ 2 ਤੋਂ 4 ਹੈਕਟੇਅਰ ਜ਼ਮੀਨਾਂ ਹਨ। ਪਰ 4 ਹੈਕਟੇਅਰ ਤੋਂ ਪਿਛੋਂ ਜ਼ਮੀਨਾਂ ਵਾਲੇ ਕਿਸਾਨਾਂ 'ਤੇ ਔਸਤ ਕਰਜਾ ਵੀ ਸਾਢੇ ਤੇਈ ਹਜ਼ਾਰ ਰੁਪਏ ਤੋਂ ਵੱਧ ਹੈ। ਜਿਥੇ ਜਿੰਨੀਆਂ ਵੱਧ ਜ਼ਮੀਨਾਂ ਹਨ ਉਹਨਾ ਹੀ ਕਰਜਾ ਵੀ ਵੱਧ ਹੈ। ਮੁੱਖ ਮੰਤਰੀ ਦੇ ਆਪਣੇ ਜ਼ਿਲ੍ਹੇ ਦੇ ਕਿਸਾਨ ਸ਼ਿਵਪ੍ਰਸ਼ਾਦ ਨੇ ਆਤਮ ਹੱਤਿਆ ਕਰ ਲਈ ਹੈ। ਅਫਸਰ ਉਸ ਦੀ ਮੌਤ ਨੂੰ 'ਪਾਗਲ' ਦੀ ਮੌਤ ਕਹਿਣ 'ਤੇ ਉਤਾਰੂ ਹਨ ਜਦਕਿ ਕਾਂਗਰਸ ਦੇ ਨੇਤਾ ਰਾਜਸੀ ਰੋਟੀਆਂ ਸੇਕਣ 'ਤੇ ਤੁਲੇ ਹੋਏ ਹਨ। ਸੀਹੋਰ ਜ਼ਿਲ੍ਹੇ ਦੇ ਬ੍ਰਿਜਿਸ਼ ਨਗਰ ਕਸਬੇ 'ਚ ਕਰਜੇ ਨਾਲ ਲੱਦੇ ਕਿਸਾਨ, ਸ਼ਿਵਪ੍ਰਸ਼ਾਦ ਦੇਣ ਦੀ ਘਟਨਾ ਦੀ ਸਿਆਹੀ ਅਜੇ ਸੁੱਕੀ ਨਹੀਂ ਸੀ ਕਿ 10 ਜਨਵਰੀ ਨੂੰ ਖੇਤੀ ਮੰਤਰੀ ਡਾ ਰਾਮਕ੍ਰਿਸ਼ਨ ਕੁਸਮਾਰਿਆ ਦੇ ਆਪਣੇ ਜ਼ਿਲ੍ਹੇ ਦੀ ਦੇਵਰੀ ਤਹਿਸ਼ੀਲ 'ਚ ਦੋ ਕਿਸਾਨਾਂ ਨੇ ਜ਼ਹਿਰ ਪੀ ਲਈ। ਇਹਨਾਂ ਘਟਨਾਵਾਂ ਨੂੰ ਮਿਲਾ ਕੇ ਰਾਜ 'ਚ ਹੁਣ 322 ਕਿਸਾਨ ਮੌਤ ਦੇ ਮੂੰਹ 'ਚ ਫਸ ਚੁੱਕੇ ਹਨ ਤੇ ਦੋ ਕਿਸਾਨ ਹਸਪਤਾਲ 'ਚ ਭਰਤੀ ਹਨ। ਜੋ ਜ਼ਿੰਦਗੀ ਮੌਤ ਵਿਚਕਾਰ ਲਟਕ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਕਿਸਾਨਾਂ ਦੀਆਂ ਮੌਤਾਂ ਦੇ ਸਾਰੇ ਕੇਸਾਂ 'ਚ ਸਭ ਮਾਮਲਿਆਂ 'ਚ ਕਲੈਕਟਰ ਦੀ ਰਿਪੋਰਟ 'ਚ ਆਤਮਹੱਤਿਆ ਦਾ ਕਾਰਨ ਕਰਜੇ ਤੋਂ ਇਲਾਵਾ ਕੋਈ ਹੋਰ ਦਰਸਾਇਆ ਗਿਆ ਹੈ।

ਬਿਜਲੀ ਦੀ ਘਾਟ ਨੇ ਵੀ ਕਿਸਾਨਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਪਹਿਲੇ ਦੋ ਮਹੀਨਿਆਂ ਤਕ ਖਾਦ ਦੀ ਕਮੀ ਨਾਲ ਕਿਸਾਨ ਜੂਝਦੇ ਰਹੇ। ਜਿਵੇਂ ਜਿਵੇਂ ਲੋਕਾਂ ਨੇ ਬਲੈਕ 'ਚ ਖਾਦ ਲੈ ਕੇ ਫਸਲਾਂ 'ਚ ਖਾਦ ਪਾਈ ਤਾਂ ਬਿਜਲੀ ਦੀ ਘਾਟ ਨੇ ਫਸਲਾਂ ਉਜਾੜਣੀਆਂ ਸ਼ੁਰੂ ਕਰ ਦਿੱਤੀਆਂ। ਮੱਧ ਪ੍ਰਦੇਸ਼ ਬਿਜਲੀ ਡਵੀਜਨ ਦੇ ਤਾਜ਼ਾ ਪਲਾਨ ਮੁਤਾਬਕ ਪੇਂਡੂ ਇਲਾਕਿਆਂ 'ਚ ਕਿਸਾਨਾਂ ਨੂੰ 10 ਘੰਟੇ ਬਿਜਲੀ ਦਿੱਤੀ ਜਾਂਦੀ ਹੈ

ਜਦ ਕਿ ਹਾਲਤ ਇਹ ਹੈ ਕਿ ਕਿਸਾਨਾਂ ਨੂੰ 4–5 ਘੰਟੇ ਬਿਜਲੀ ਦਿੱਤੀ ਜਾ ਰਹੀ ਹੈ ਉਹ ਵੀ ਲਗਾਤਾਰ ਨਹੀਂ। ਇਸ ਕਾਰਨ ਫਸਲਾਂ ਦੀ ਬਰਬਾਦੀ ਸ਼ੁਰੂ ਹੋਈ। ਬੀਤੇ 15 ਦਿਨਾਂ ’ਚ ਠੰਡ ਤੇ ਪਾਲੇ ਕਰਕੇ ਸੂਬੇ ’ਚ ਲੱਗੀ ਲਗਭਗ 60 ਫੀਸਦੀ ਅਰਹਰ ਦੀ ਫਸਲ ਬਰਬਾਦ ਹੋ ਚੁੱਕੀ ਹੈ। ਇਕੱਲੇ ਨਰਸਿੰਘਪੁਰ ਜ਼ਿਲ੍ਹੇ ’ਚ 52 ਹਜ਼ਾਰ ਏਕੜ ਦੀ ਪੈਦਾਵਾਰ ਪ੍ਰਭਾਵਿਤ ਹੋਈ ਹੈ। ਰਾਜ ’ਚ ਅਰਹਰ ਦੀ ਫਸਲ ਮੁੱਖ ਤੌਰ ’ਤੇ ਛਿੰਦਵਾੜਾ, ਦਮੋਹ, ਖਤਰਪੁਰ, ਰੀਵਾ, ਸਿਧੀ, ਸਿੰਗਰੌਲੀ, ਸਤਨਾ, ਉਮਰਿਆ, ਖਰਗੌਨ, ਖੰਡਵਾ, ਰਾਏਸੇਨ ਤੇ ਬੇਤੂਲ ਜ਼ਿਲ੍ਹਿਆਂ ’ਚ ਬੀਜੀ ਜਾਂਦੀ ਹੈ। ਸਾਰੇ ਜ਼ਿਲ੍ਹਿਆਂ ’ਚ ਪਾਲੇ ਕਾਰਨ ਅਰਹਰ ਦੀ ਫਸਲ ਦਾ 35 ਤੋਂ 40 ਫੀਸਦੀ ਨੁਕਸਾਨ ਹੋਇਆ। ਉਮਰਿਆ ’ਚ ਕੜਾਕੇ ਦੀ ਠੰਢ ਤੇ ਪਾਲੇ ਨਾਲ ਅਰਹਰ ਦੀ ਫਸਲ ਸੌ ਫੀਸਦੀ ਨਸ਼ਟ ਹੋ ਗਈ ਹੈ। ਜ਼ਿਲ੍ਹੇ ’ਚ 6990 ਹੈਕਟੇਅਰ ’ਚ ਅਰਹਰ ਬੀਜੀ ਗਈ ਸੀ ਜੋ ਸੌ ਫੀਸਦੀ ਨਸ਼ਟ ਹੋ ਗਈ। ਦੇਵਾਸ਼ ਜ਼ਿਲ੍ਹੇ ਦੇ ਟਾਕਖੁਰਦ ’ਚ ਵੀ ਅਰਹਰ ਦੀ ਫਸਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਖਾਤੇਗਾਵ ’ਚ ਕਪਾਹ ਦੇ ਨਾਲ ਖੇਤੀ ਹੋਣ ਕਰਕੇ ਅਧੂਰਾ ਨੁਕਸਾਨ ਹੋਇਆ। ਨਰਸਿੰਘਪੁਰ, ਹੋਸ਼ੰਗਾਬਾਦ ਤੇ ਛਿੰਦਵਾੜਾ ਜ਼ਿਲ੍ਹੇ ’ਚ ਅਰਹਰ ਨੂੰ 85 ਫੀਸਦੀ ਤਕ ਨੁਕਸਾਨ ਹੋਇਆ ਹੈ। ਸੈਂਕੜੇ ਕਿਸਾਨਾਂ ਦੇ ਖੇਤਾਂ ਦੇ ਖੇਤ ਨਸ਼ਟ ਹੋ ਗਏ ਹਨ।

# ਰਾਜਾਂ ਦੀਆਂ ਜੇਲ੍ਹਾਂ ਜਾਂ ਮੌਤ ਦੀਆਂ ਕੋਠੜੀਆਂ ਹਨ?

ਵਾਰ ਵਾਰ ਕੇਂਦਰੀ ਵਿਧੀ ਮੰਤਰਾਲਾ ਇਹ ਜਤਾਉਂਦਾ ਰਿਹਾ ਹੈ ਕਿ ਜੇਲ੍ਹਾਂ 'ਚ ਭੀੜ ਘਟਾਈ ਜਾਵੇ, ਇਸ ਦੇ ਬਾਵਜੂਦ ਉਤਰ ਪ੍ਰਦੇਸ਼ ਦੀਆਂ ਜੇਲ੍ਹਾਂ 'ਚ ਖਤਰਨਾਕ ਤੌਰ 'ਤੇ ਵਧ ਜਾਣ ਅਤੇ ਕੈਦੀਆਂ ਦੀ ਮੌਤ ਦਰ 'ਚ ਖਾਸਾ ਇਜਾਫਾ ਹੋਣ ਕਰਕੇ ਉਹ ਚਿੰਤਾ ਦਾ ਕਾਰਨ ਬਣੀਆਂ ਹੋਈਆਂ ਹਨ। ਇਥੋਂ ਤੱਕ ਕਿ ਜੇਲ੍ਹਾਂ ਦੀ ਹਾਲਤ 1947 ਤੋਂ ਪਹਿਲਾਂ ਦੇ ਬ੍ਰਿਟਿਸ਼ ਰਾਜ ਦੀ ਤੁਲਨਾ 'ਚ ਵੀ ਬਦਤਰ ਹੋ ਗਈ ਹੈ। ਯੂ ਪੀ ਰਾਜ ਦੀਆਂ 64 ਜੇਲ੍ਹਾਂ 'ਚ ਕਰੀਬ 40000 ਕੈਦੀ ਰੱਖੇ ਜਾਣ ਦੀ ਯੋਗਤਾ ਹੈ ਪਰ ਇਸ ਸਮੇਂ ਉਹਨਾਂ ਵਿਚ ਲਗਭਗ 90 ਹਜ਼ਾਰ ਕੈਦੀ ਰੱਖੇ ਗਏ ਹਨ। ਪਿੱਛੇ ਜਿਹੇ ਹੀ ਜੇਲ ਵਿਭਾਗ ਤੋਂ ਬਦਲੀ ਕਰਵਾਉਣ ਵਾਲੇ ਮਹਾਂਨਿਰੀਖਕ ਪੱਧਰ ਦੇ ਇਕ ਅਧਿਕਾਰੀ ਦਾ ਕਹਿਣਾ ਹੈ ਕਿ "ਬਹੁਤੀਆਂ ਜੇਲ੍ਹਾਂ 'ਚ ਨਾ ਕਿਆਸੀਆਂ ਤੇ ਨਾ ਮੰਨੀਆਂ ਜਾ ਸਕਣ ਵਾਲੀਆਂ ਗੈਰ ਮਨੁੱਖੀ ਹਾਲਤਾਂ ਹਨ। ਉਹਨਾਂ 'ਚ ਵਿਚਾਰਧੀਨ ਤੇ ਸਜਾਯਾਫਤਾ ਸਮੇਤ ਕਈ ਕੈਦੀ ਨਾ ਤਾਂ ਆਮ ਰੂਪ 'ਚ ਸੌਂ ਸਕਦੇ ਹਨ, ਨਾ ਖਾ ਸਕਦੇ ਹਨ ਅਤੇ ਨਾ ਹੀ ਮਲਮੂਤਰ ਤਿਆਗ ਕਰ ਸਕਦੇ ਹਨ।" ਸ਼ਾਇਦ ਇਹੀ ਕਾਰਨ ਹੈ ਕਿ ਜੇਲ੍ਹਾਂ ਦੇ ਕੈਦੀਆਂ 'ਚ ਔਸਤਨ ਸਲਾਨਾ ਮੌਤਾਂ ਦੀ ਗਿਣਤੀ ਕਰੀਬ 300 ਤਕ ਪਹੁੰਚ ਰਹੀ ਹੈ, ਜੋ ਦੇਸ਼ 'ਚ ਸਭ ਤੋਂ ਵੱਧ ਹੈ। ਉਤਰ ਪ੍ਰਦੇਸ਼ ਦੇ 73 ਜ਼ਿਲ੍ਹਿਆਂ ਦੀਆਂ ਜੇਲ੍ਹਾਂ ਪੰਜ ਕੇਂਦਰੀ ਕਾਰਾਵਾਸ ਤੇ ਇਕ ਆਦਰਸ਼ ਕੇਂਦਰੀ ਕਾਰਗਰ ਹਨ। ਇਹਨਾਂ 'ਚੋਂ ਹਰੇਕ ਦੀ ਔਸਤ ਸਮਰਥਾ 500 ਤੋਂ 800 ਤਕ ਹੈ। ਪਰ ਇਸ ਤੱਥ ਦੇ ਉਲਟ ਅਜਿਹੀ ਹਰ ਜੇਲ੍ਹ ਦੀ ਚਾਰਦਿਵਾਰੀ ਅੰਦਰ 2400 ਤੋਂ 3000 ਤਕ ਕੈਦੀ ਰੱਖੇ ਹੋਏ ਹਨ। ਜ਼ਿਆਦਾਤਰ ਜੇਲ੍ਹਾਂ 'ਚ ਕੈਦੀ ਰਾਤ ਨੂੰ ਬਾਰੀ ਨਾਲ ਖੜ੍ਹ ਕੇ ਸੌਂਦੇ ਹਨ ਕਿਉਂਕਿ ਬੈਰਕਾਂ 'ਚ ਭੀੜ ਖਤਰਨਾਕ ਤੌਰ 'ਤੇ ਵਧ ਗਈ ਹੈ ਜਿਸ ਕਾਰਨ ਕੈਦੀਆਂ 'ਚ ਬੀਮਾਰੀਆਂ ਹੋਣ ਨਾਲ ਜੇਲ੍ਹਾਂ ਅੰਦਰ ਮੌਤ ਦਰ 'ਚ ਇਜਾਫਾ ਹੋ ਗਿਆ ਹੈ। ਜੇਲ੍ਹਾਂ 'ਚ ਬਹੁਤ ਹੀ ਸੀਮਤ ਬੈਰਕਾਂ ਹਨ ਅਤੇ ਵਿਚਾਰਧੀਨ ਤੇ ਸਜ਼ਾ ਯਾਫਤਾ ਕੈਦੀਆਂ ਨੂੰ ਉਹਨਾਂ 'ਚ ਗੁਜ਼ਾਰਾ ਕਰਨਾ ਪੈਂਦਾ ਹੈ। ਉਹਨਾਂ 'ਚ ਬਹੁ ਬਲੀ ਸਭਿਆਚਾਰ ਦਾ ਇਸ ਹੱਦ ਤੱਕ ਬੋਲਬਾਲਾ ਹੈ ਕਿ ਮਾਫੀਆ ਸਰਗਨਾ ਤੇ ਖੂੰਖਾਰ ਅਪਰਾਧੀ ਗਰੀਬ ਤੇ ਅਜਿਹੇ ਕੈਦੀਆਂ ਨੂੰ ਮਿਲਣ ਵਾਲੇ ਕੱਪੜੇ, ਵਸਤਾਂ ਤੇ ਖਾਣੇ ਦਾ ਹਿੱਸਾ ਖੋਹ ਲੈਂਦੇ ਹਨ ਜਿਹਨਾਂ ਦਾ ਕੋਈ ਗਾਡਫਾਦਰ ਨਹੀਂ ਹੁੰਦਾ। ਅਜਿਹੀ ਸਥਿਤੀ ਕਾਰਨ ਵਧੀਕ ਜੇਲ੍ਹ ਮਹਾਂਨਿਰਦੇਸ਼ਕ ਵੀ. ਕੇ. ਗੁਪਤਾ ਅਨੁਸਾਰ "ਰਾਜ ਸਰਕਾਰ ਜੇਲ੍ਹ ਦੇ ਕੈਦੀਆਂ ਅਤੇ ਉਸ ਦੇ ਪ੍ਰਸਾਸ਼ਨ ਸਬੰਧੀ ਬਹੁਤ ਚਿੰਤਤ ਹੈ ਅਤੇ ਇਹੀ ਵਜ੍ਹਾ ਹੈ ਕਿ ਉਸ ਨੇ 11 ਨਵੀਆਂ ਜੇਲ੍ਹਾਂ ਦੀ ਉਸਾਰੀ ਕਰਨੀ ਚਾਹੀ ਹੈ। ਇਸ ਤੋਂ ਇਲਾਵਾ 10 ਹੋਰ ਜੇਲ੍ਹਾਂ ਦੀ ਵਿਉਂਤ ਵਿਚਾਰਧੀਨ ਹੈ। ਅੱਠ ਹੋਰ ਜੇਲ੍ਹਾਂ ਨੂੰ ਤਬਦੀਲ ਕੀਤਾ ਜਾ ਰਿਹਾ ਹੈ।" ਇਸ ਤੋਂ ਇਲਾਵਾ ਗੁਪਤਾ ਕਹਿੰਦੇ ਹਨ ਕਿ ਹਰ ਜੇਲ੍ਹ 'ਚ ਸਹੀ ਖੁਰਾਕ ਤੇ ਕੱਪੜੇ ਮੁਹਈਆ ਕਰਾਉਣ ਲਈ ਲੋੜੀਂਦਾ ਪੈਸਾ ਵੀ ਮਨਜੂਰ ਕੀਤਾ ਜਾ ਚੁੱਕਿਆ ਹੈ। ਪਰ ਉਹਨਾਂ ਮੰਨਿਆ ਕਿ ਬੈਰਕਾਂ ਦੀ ਘਾਟ ਹੈ। ਜਿਸ ਕਾਰਨ ਕੈਦੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ

ਹੈ। ਉਹ ਤਾਂ ਠੀਕ ਤਰ੍ਹਾਂ ਨਾਲ ਸੌਂ ਵੀ ਨਹੀਂ ਸਕਦੇ। ਲਖਨਊ ਜੇਲ੍ਹ ਦੇ ਕੈਦੀ ਇਸ ਦੀ ਪੁਸ਼ਟੀ ਕਰਦੇ ਹਨ। ਉਹਨਾਂ ਅਨੁਸਾਰ, ''ਕਈ ਵਾਰੀ ਕੈਦੀਆਂ ਨੂੰ ਸੌਣ ਲਈ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ।'' ਵੈਸੇ ਤਾਂ ਇਸ ਸੂਬੇ ਦੀ ਹਰ ਜੇਲ੍ਹ ਦੀ ਇਹ ਹਾਲਤ ਹੈ। ਮੁਰਾਦਾਬਾਦ ਜੇਲ੍ਹ ਨੂੰ ਹੀ ਲਓ। ਜਿਥੇ ਕੁਲ 600 ਕੈਦੀਆਂ ਦੇ ਰੱਖੇ ਜਾਣ ਦੀ ਹੀ ਸਮਰਥਾ ਹੈ ਪਰ ਅਸਲ ਗਿਣਤੀ ਉਥੇ 2400 ਹੈ ਅਤੇ ਉਹਨਾਂ ਨੂੰ ਸੌਣ ਲਈ ਘੰਟਿਆਂਬੱਧੀ ਇੰਤਜਾਰ ਕਰਨਾ ਪੈਂਦਾ ਹੈ ਕਿਉਂਕਿ ਜੇਲ੍ਹ ਨਿਯਮ ਪੁਸਤਕਾਂ ਅਨੁਸਾਰ ਕੈਦੀਆਂ ਨੂੰ ਬੈਰਕਾਂ ਤੋਂ ਬਾਹਰ ਸੌਣ ਦੀ ਇਜ਼ਾਜ਼ਤ ਨਹੀਂ ਹੈ। ਇਹੀ ਨਹੀਂ ਰਾਜ ਦੀਆਂ ਜੇਲ੍ਹਾਂ 'ਚ ਮੌਜੂਦ ਗੈਰ ਮਨੁੱਖੀ ਹਾਲਤਾਂ ਕਾਰਨ ਉਹਨਾਂ ਦੀਆਂ ਮੌਤਾਂ ਦੀ ਗਿਣਤੀ ਵਧ ਗਈ ਹੈ। 2009 'ਚ ਰਾਜ ਦੀਆਂ ਜੇਲ੍ਹਾਂ 'ਚ 315 ਕੈਦੀਆਂ ਦੀ ਮੌਤ ਹੋਈ ਜਦ ਕਿ 2008 'ਚ ਇਹ ਅੰਕੜਾ 304 ਅਤੇ 2007 'ਚ 292 ਸੀ। ਇਸ 'ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਚਿੰਤਾ ਜਤਾਈ ਹੈ। ਇਸ ਤਰ੍ਹਾਂ ਕੇਂਦਰੀ ਵਿਧੀ ਮੰਤਰਾਲੇ ਵੀ ਇਸ ਸਬੰਧੀ ਰਾਜ ਸਰਕਾਰ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂੰ ਕਰਵਾਉਂਦਾ ਆਇਆ ਹੈ। ਪਰ ਜੇਲ੍ਹਾਂ 'ਚ ਭੀੜ ਘੱਟ ਕਰਨ ਦੇ ਕਾਰਗਰ ਉਪਾਅ ਅਜੇ ਤਾਈਂ ਨਹੀਂ ਕੀਤੇ ਗਏ।

ਜੇਲ੍ਹਾਂ 'ਚ ਕੈਦੀਆਂ ਨੂੰ ਗੈਰ ਮਨੁੱਖੀ ਸਥਿਤੀਆਂ 'ਚ ਠੋਸਣ ਦੀ ਵਜ੍ਹਾ ਅਪਰਾਧ ਸੰਬੰਧੀ ਨਿਆਂ ਪ੍ਰਣਾਲੀ ਦੀ ਦੋਸ਼ ਪੂਰਨ ਕਾਰਜ ਪ੍ਰਣਾਲੀ ਦੱਸੀ ਗਈ ਹੈ। ਬ੍ਰਿਟਿਸ਼ ਪ੍ਰਸ਼ਾਸ਼ਨ 'ਚ ਵਿਚਾਰ ਅਧੀਨ ਕੈਦੀਆਂ ਦੀ ਗਿਣਤੀ ਬਹੁਤ ਘੱਟ ਅਤੇ ਸਜ਼ਾ ਯਾਫਤਾ ਦੀ ਗਿਣਤੀ ਵੱਧ ਹੁੰਦੀ ਸੀ। 1947 'ਚ ਅੰਗਰੇਜ਼ਾਂ ਦੇ ਜਾਣ ਪਿੱਛੋਂ ਉਲਟਾ ਹੋ ਗਿਆ। 1941 'ਚ ਸਜ਼ਾ ਯਾਫਤਾ 31162 ਤੇ ਵਿਚਾਰਧੀਨ ਕੈਦੀ ਸਿਰਫ 7012 ਸਨ ਜਦ ਕਿ 2009 'ਚ ਸਜ਼ਾ ਯਾਫਤਾ 23814 ਅਤੇ ਵਿਚਾਰਧੀਨ 59536 ਹੋ ਗਏ। ਇਸ ਨਾਲ ਅਦਾਲਤਾਂ ਤੇ ਪੁਲਸ ਦੀ ਵੀ ਦੋਸ਼ਪੂਰਨ ਕਾਰਜ ਪ੍ਰਣਾਲੀ ਦਾ ਸੰਕੇਤ ਮਿਲਦਾ ਹੈ। ਜਿਵੇਂ ਕਿ ਹਾਈਕੋਰਟ ਦੇ ਮਸ਼ਹੂਰ ਤੇ ਉਚ ਪੱਧਰੀ ਵਕੀਲ ਆਈ. ਬੀ. ਸਿੰਘ ਕਹਿੰਦੇ ਹਨ ''ਮੈਂ ਭਰੋਸੇ ਨਾਲ ਇਹ ਕਹਿ ਸਕਦਾ ਹਾਂ ਕਿ ਜੇਲ੍ਹ 'ਚ 60 ਫੀਸਦੀ ਤੋਂ ਵੱਧ ਕੈਦੀ ਅਜਿਹੇ ਅਪਰਾਧਾਂ 'ਚ ਬੰਦ ਹਨ ਜਿਹਨਾਂ 'ਚ ਜਮਾਨਤ ਮਿਲ ਸਕਦੀ ਹੈ ਪਰ ਖੁਦ 'ਤੇ ਬੋਝ ਘੱਟ ਕਰਨ ਲਈ ਪੁਲਸ ਜ਼ਮਾਨਤ ਯੋਗ ਅਪਰਾਧਾਂ 'ਚ ਫੜੇ ਗਏ ਦੋਸ਼ੀਆਂ ਨੂੰ ਵੀ ਜੇਲ੍ਹ 'ਚ ਧੱਕ ਦਿੰਦੀ ਹੈ। ਮਸਲਨ ਦਹੇਜ ਦੀ ਰੋਕਥਾਮ ਲਈ ਬਣੇ ਕਨੂੰਨ ਤਹਿਤ ਗ੍ਰਿਫ਼ਤਾਰੀਆਂ ਨੂੰ ਹੀ ਲਓ। ਪੁਲਸ ਨੂੰ ਕੀਤੀ ਗਈ ਪੀੜਤ ਦੀ ਸਿਰਫ ਇਕ ਸ਼ਿਕਾਇਤ 'ਤੇ ਸਾਰੇ ਦੇ ਸਾਰੇ ਪ੍ਰੀਵਾਰ ਨੂੰ ਲੰਮੇ ਸਮੇਂ ਤਕ ਜੇਲ੍ਹ 'ਚ ਸੁੱਟ ਦਿੱਤਾ ਜਾਂਦਾ ਹੈ।'' ਜਾਹਿਰ ਹੈ ਕਿ ਅਜਿਹੇ ਤਰੀਕਿਆਂ ਨੂੰ ਰੋਕਿਆ ਨਾ ਗਿਆ ਤਾਂ ਜੇਲ੍ਹਾਂ ਦੀਆਂ ਬੈਰਕਾਂ ਮੌਤ ਦੀਆਂ ਕੋਠੜੀਆਂ ਬਣ ਜਾਣਗੀਆਂ।

# ਬਰੇਲੀ ਆਈ ਟੀ ਬੀ ਪੀ ਕਾਂਡ ਬਨਾਮ ਬੇਰੁਜ਼ਗਾਰੀ

ਦਰਜ਼ਨਾਂ ਨੌਜਵਾਨਾਂ ਨੂੰ ਮੌਤ ਮਿਲੀ, ਸੈਂਕੜੇ ਜ਼ਖਮੀ ਹੋਏ ਪੂੰਜੀਵਾਦੀ ਪ੍ਰਬੰਧ ਦਾ ਅਤਿਆਚਾਰੀ ਚੇਹਰਾ ਤੇ ਬੇਰੁਜ਼ਗਾਰੀ ਦੀ ਭਿਅੰਕਰਤਾ ਇਸ ਘਟਨਾ 'ਚ ਨਜ਼ਰ ਆਈ। ਇਥੋਂ ਇਕ ਗੱਲ ਹੋਰ ਸਾਫ ਹੋਈ ਕਿ ਬੇਰੁਜ਼ਗਾਰੀ ਦੇ ਸਰਕਾਰੀ ਅੰਕੜੇ ਕੁਝ ਹੋਰ ਹਨ ਪਰ ਅਸਲੀਅਤ ਕੁਝ ਹੋਰ ਹੈ। ਇਸ ਘਟਨਾ ਤੋਂ ਸਮਾਜ ਨੂੰ ਸਬਕ ਲੈਣਾ ਚਾਹੀਦਾ ਹੈ। ਮੌਜੂਦਾ ਪੂੰਜੀਵਾਦੀ ਵਿਵਸਥਾ ਆਮ ਲੋਕਾਂ ਨੂੰ ਰੁਜ਼ਗਾਰ ਦੇਣ 'ਚ ਅਸਮਰਥ ਹੈ। ਸਰਕਾਰਾਂ ਤੋਂ ਲੈ ਕੇ ਘਟਨਾ ਨਾਲ ਸਬੰਧਤ ਸਭ ਵਿਭਾਗਾਂ ਨੇ ਭਰਤੀ ਹੋਣ ਆਏ ਨੌਜਵਾਨਾਂ ਨੂੰ ਇਕ ਤਗਮਾ ਹੋਰ ਦੇ ਦਿੱਤਾ ਹੈ ਕਿ ਦੰਗਈ ਹੋਣ ਦਾ। ਸਾਡੇ ਲਈ ਅਤੇ ਪੂਰੇ ਭਾਰਤੀ ਸਮਾਜ ਲਈ ਇਹ ਸਮਝਣ ਦੀ ਗੱਲ ਹੈ। ਭਾਰਤ-ਤਿਬਤ ਸੀਮਾ ਪੁਲਸ (ITBP) 'ਚ ਕੁਝ 416 ਟ੍ਰੇਡ ਮੈਨ ਦੇ ਅਹੁਦਿਆਂ ਲਈ ਆਏ ਨੌਜਵਾਨ ਜਿਹਨਾਂ ਨੂੰ ਸਿਰਫ ਇਕ ਮਾਮੂਲੀ ਨੌਕਰੀ ਦੀ ਤਲਾਸ਼ ਸੀ ਉਹ ਭਾਰਤ ਦੇ ਗਿਆਰਾਂ ਰਾਜਾਂ ਜੋ ਆਸਾਮ ਤੋਂ ਲੈ ਕੇ ਜੰਮੂ ਤਕ ਤੋਂ ਆਏ ਸਨ। ਉਹ ਨੌਜਵਾਨ ਅਚਾਨਕ ਕਿਵੇਂ ਝਗੜਾਲੂ ਕਿਵੇਂ ਹੋ ਗਏ ਉਹ ਬਿਨਾਂ ਆਪਣੀ ਜਾਨ ਦੀ ਪ੍ਰਵਾਹ ਕੀਤਿਆਂ ਅਗਜਨੀ, ਤੋੜ ਫੋੜ ਕਿਵੇਂ ਕਰਨ ਲੱਗ ਪਏ। ਇਕ ਨੌਕਰੀ ਦੀ ਭਾਲ 'ਚ ਆਇਆ ਨੌਜਵਾਨ ਦਾ ਇਹ ਹਜੂਮ ਅਚਾਨਕ ਬੇਕਾਬੂ, ਹਿੰਸਕ, ਲੁਟੇਰੀ ਭੀੜ 'ਚ ਕਿਵੇਂ ਬਦਲ ਗਿਆ। ਜਦ ਇਸ ਦੀ ਗਹਿਰਾਈ 'ਚ ਜਾਵਾਂਗੇ ਤੇ ਘਟਨਾ ਦਾ ਅਧਿਐਨ ਕਰਾਂਗੇ ਤਾਂ ਦੇਖਾਂਗੇ ਕਿ ਇਸ ਲਈ ਪੂਰੀ ਪ੍ਰਬੰਦਕੀ ਪ੍ਰਣਾਲੀ ਹੀ ਜ਼ਿੰਮੇਵਾਰ ਹੈ। ਜੋ ਪਹਿਲਾਂ ਤਾਂ ਪੂੰਜੀਪਤੀਆਂ ਦੇ ਮੁਨਾਫੇ ਨੂੰ ਬਰਕਰਾਰ ਰੱਖਣ ਤੇ ਉਸ ਨੂੰ ਵਧਾਉਣ ਲਈ ਬੇਰੁਜ਼ਗਾਰਾਂ ਦੀ ਫੌਜ ਤਿਆਰ ਕਰਦੀ ਹੈ ਫਿਰ ਰੁਜ਼ਗਾਰ। ਨੌਕਰੀਆਂ ਦੇ ਨਾਂ ਹੇਠ ਉਹਨਾਂ ਨਾਲ ਮਜ਼ਾਕ ਕਰਦੀ ਹੈ। ਆਈ ਟੀ ਬੀ ਪੀ 'ਚ 416 ਟ੍ਰੇਡਮੈਨ ਦੀਆਂ ਅਸਾਮੀਆਂ 'ਤੇ ਭਰਤੀ ਲਈ 11 ਰਾਜਾਂ ਤੋਂ ਬੇਰੁਜ਼ਗਾਰਾਂ ਦਾ ਤਾਂਤਾ ਲੱਗਣਾ ਸ਼ੁਰੂ ਹੋ ਗਿਆ। ਫਰਵਰੀ ਮੰਗਲਵਾਰ ਨੂੰ ਫਾਰਮ ਜਮ੍ਹਾਂ ਹੋਣੇ ਸਨ। ਸੋ ਦੋ ਦਿਨ ਪਹਿਲਾਂ ਹੀ ਭੀੜ ਜਮ੍ਹਾਂ ਹੋਣ ਲੱਗੀ। 31 ਜਨਵਰੀ ਦੀ ਰਾਤ ਨੂੰ ਸ਼ਹਿਰ ਦੀਆਂ ਵੱਧ ਥਾਵਾਂ ਕਚਹਿਰੀ, ਸਟੇਸ਼ਨ, ਰੋਡਵੇਜ਼, ਆਈ ਟੀ ਬੀ ਪੀ ਤੇ ਹੋਰ ਖਾਲੀ ਥਾਵਾਂ 'ਤੇ ਉਮੀਦਵਾਰਾਂ ਦੀ ਭੀੜ ਦੇਖਣ ਨੂੰ ਮਿਲ ਰਹੀ ਸੀ। ਇਹਨਾਂ ਅਸਾਮੀਆਂ ਲਈ ਕੋਈ ਦੋ ਲੱਖ ਤੋਂ ਵੀ ਵੱਧ ਲੋਕ ਆਏ ਪਰ ਸ਼ਹਿਰਾਂ 'ਚ ਇਹਨਾਂ ਦੇ ਰੁਕਣ, ਖਾਣ ਪੀਣ, ਸੌਣ ਆਦਿ ਲਈ ਕੋਈ ਵਿਵਸਥਾ ਨਹੀਂ ਸੀ। ਦੂਰ-ਦੂਰ ਤੋਂ ਆਏ ਉਮੀਦਵਾਰਾਂ ਲਈ ਇਸ ਅਜਨਬੀ ਸ਼ਹਿਰ 'ਚ ਕੁਝ ਵੀ ਨਜ਼ਰ ਨਹੀਂ ਆ ਰਿਹਾ ਸੀ। ਆਈ ਟੀ ਬੀ ਪੀ ਖੇਤਰ 'ਚ ਕੋਈ ਵੱਡਾ ਸਾਧਨ ਨਹੀਂ ਹੈ। ਉਥੇ ਛੋਟੀਆਂ-ਛੋਟੀਆਂ ਦੁਕਾਨਾਂ ਹਨ। ਉਮੀਦਵਾਰਾਂ ਨੂੰ ਪੀਣ ਦੇ ਪਾਣੀ ਲਈ ਵੀ ਖਰਚ ਕਰਨਾ ਪੈ ਰਿਹਾ ਸੀ। ਇਕ ਫਰਵਰੀ 2011 ਨੂੰ ਆਈ ਟੀ ਬੀ ਪੀ ਗੇਟ 'ਤੇ ਸਵੇਰੇ 4 ਵਜੇ ਕਤਾਰ ਲੱਗਣੀ ਸ਼ੁਰੂ ਹੋਈ ਪਰ ਭੀੜ ਦੇ ਹਿਸਾਬ ਨਾਲ ਵਿਆਪਕ ਇੰਤਜਾਮ ਆਈ ਟੀ ਬੀ ਪੀ ਤੇ ਜ਼ਿਲ੍ਹਾ ਪ੍ਰਸਾਸ਼ਨ ਨੇ ਨਹੀਂ ਕੀਤੇ ਸਨ। 5 ਵਜੇ ਤੱਕ 10-12 ਹਜ਼ਾਰ ਰਜਿ. ਹੋ ਸਕੇ। ਇਸ ਸਮੇਂ ਭੀੜ ਵੱਧ ਹੋਣ ਕਰਕੇ ਹਫੜਾ ਦਫੜੀ ਮੱਚਣ ਲੱਗੀ। ਕਰੀਬ ਸਵੇਰੇ 6.30 ਵਜੇ ਆਈ ਟੀ ਬੀ ਪੀ ਦੇ ਜਵਾਨਾਂ ਨੇ ਲਾਠੀਚਾਰਜ ਕਰ ਦਿੱਤਾ। ਇਸ ਪਿੱਛੋਂ ਉਥੇ ਹਜ਼ਾਰਾਂ ਲੱਖਾਂ ਦੀ ਭੀੜ ਭੜਕ ਗਈ, ਕਰੀਬ 12

ਵਜੇ ਰਜਿਸਟ੍ਰੇਸ਼ਨ ਅਮਲ ਰੱਦ ਹੋਣ ਦੀ ਸੂਚਨਾ ਉਮੀਦਵਾਰਾਂ ਨੂੰ ਮਿਲੀ ਤਾਂ ਨੌਜਵਾਨਾਂ ਨੂੰ ਗੁੱਸਾ ਆ ਗਿਆ। ਇਸ ਦੌਰਾਨ ਨੌਜਵਾਨਾਂ ਤੋਂ ਪੁਲਸ ਰਾਹੀਂ ਉਮੀਦਵਾਰਾਂ ਤੋਂ ਜਬਰੀ ਕੈਂਪਸ ਖਾਲੀ ਕਰਵਾਉਣ ਲੱਗੇ। ਇਸ ਘਟਨਾ ਪਿੱਛੋਂ ਭਰਤੀ ਲਈ ਆਏ ਨੌਜਵਾਨਾਂ ਦੇ ਗੁੱਸੇ ਦਾ ਸ਼ਿਕਾਰ ਉਥੇ ਦੇ ਆਸਪਾਸ ਦੀਆਂ ਰਿਹਾਇਸ਼ੀ ਕਲੋਨੀਆਂ ਤੇ ਉਥੋਂ ਦੇ ਛੋਟੇ ਮੋਟੇ ਦੁਕਾਨਦਾਰ, ਖੋਖਿਆਂ ਤੇ ਰੇੜ੍ਹੀਆਂ ਵਾਲੇ ਬਣੇ। ਪਿੱਛੋਂ ਭੀੜ ਝੀਲ, ਬੁਖਾਰਾ, ਗੌਂਟੀਆ, ਕੋਧਰਪੁਰ, ਮਿਰਜਾਪੁਰ, ਬਾਟੀਨਗਲਾ ਤੇ ਕਰੇਲੀ ਵੱਲ ਵਧੀ। ਬੁਖਾਰਾ 'ਚ ਤਾਂ ਕਰੀਬ 6 ਘੰਟੇ ਤਕ ਹੱਲਾਗੁੱਲਾ ਮਚਿਆ ਰਿਹਾ। ਉਮੀਦਵਾਰਾਂ ਦੀ ਭੀੜ ਗੁੱਸੇ ਦੇ ਨਾਲ-ਨਾਲ ਭੁੱਖ ਤੇ ਪਿਆਸ ਨਾਲ ਵੀ ਵਿਆਕੁਲ ਸੀ। ਉਹਨਾਂ ਨੂੰ ਜੋ ਮਿਲਿਆ ਲੁੱਟ ਖੋਹ ਕੇ ਖਾ ਲਿਆ। ਪਿੰਡ ਵਾਲਿਆਂ, ਦੁਕਾਨਦਾਰਾਂ, ਹੋਟਲਾਂ ਤੋਂ ਖੋਹ ਕੇ ਜੋ ਮਿਲਿਆ ਭੁੱਖ ਪਿਆਸ ਬੁਝਾਉਣ ਦੀ ਕੋਸ਼ਿਸ਼ ਕੀਤੀ। ਭਰਤੀ ਰੱਦ ਹੋਣ ਤੇ ਲਾਠੀਚਾਰਜ ਕਾਰਨ ਗੁੱਸੇ 'ਚ ਆਏ ਨੌਜਵਾਨਾਂ ਨੇ ਰੋਡਵੇਜ਼ ਦੀਆਂ 8 ਬੱਸਾਂ 38 ਗੱਡੀਆਂ, ਪੈਟਰੋਲ ਪੰਪ ਭੰਨਣ ਦੀ ਕੋਸ਼ਿਸ਼ ਕੀਤੀ ਤੇ ਮਸ਼ੀਨਾਂ ਦੀ ਤੋੜ-ਭੰਨ ਕੀਤੀ। ਬੁਖਾਰਾ ਬਾਜ਼ਾਰ 'ਚ ਕਰੀਬ 35 ਦੁਕਾਨਾਂ 'ਚ ਭੰਨਤੋੜ ਕੀਤੀ ਤੇ ਅੱਗਾਂ ਲਾਈਆਂ। ਇਸ ਪਿੱਛੋਂ ਉਮੀਦਵਾਰਾਂ ਨੂੰ ਜਬਰੀ ਸ਼ਹਿਰ 'ਚੋਂ ਭਜਾਉਣ ਦੀ ਕੋਸ਼ਿਸ਼ ਕੀਤੀ ਗਈ ਜਿਵੇਂ ਹੋਇਆ, ਜੋ ਹੋਇਆ ਉਹਨਾਂ ਨੂੰ ਬੱਸਾਂ, ਟ੍ਰੇਨਾਂ ਤੇ ਪ੍ਰਾਈਵੇਟ ਵਾਹਨਾਂ ਆਦਿ ਨਾਲ ਜਬਰਦਸਤੀ ਭਜਾਇਆ ਗਿਆ। ਰੇਲਵੇ ਸਟੇਸ਼ਨਾਂ ਤੇ ਡਾਂਗਾਂ ਮਾਰ ਮਾਰ ਕੇ ਨੌਜਵਾਨਾਂ ਨੂੰ ਟ੍ਰੇਨਾਂ 'ਚ ਤੁੰਨ-ਤੁੰਨ ਕੇ ਬਿਠਾਇਆ ਗਿਆ। ਉਥੇ ਸੁਰਖਿਆ ਬਾਰੇ ਕਾਇਦੇ ਕਨੂੰਨਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ। ਬਰੇਲੀ ਤੋਂ ਹਿਮਗਿਰੀ ਐਕਸਪ੍ਰੈਸ 'ਚ ਟ੍ਰੇਨ ਦੀਆਂ ਛੱਤਾਂ 'ਤੇ ਚੜਾਇਆ ਗਿਆ ਜਦ ਕਿ ਰੇਲਵੇ ਨੂੰ ਇਹ ਪਤਾ ਸੀ ਕਿ ਰਾਹ 'ਚ ਇਕ ਲੱਕੜੀ ਦਾ ਪੁਲ ਆਉਂਦਾ ਹੈ ਅਜਿਹੀ ਘ੍ਰਿਣਿਤ ਅਣਦੇਖੀ ਬੇਰੁਜ਼ਗਾਰਾਂ ਲਈ ਮੌਤ ਬਣ ਗਈ। ਟ੍ਰੇਨ ਜਦ ਪੁਲ 'ਚੋਂ ਲੰਘੀ ਤਾਂ ਛੱਤ 'ਤੇ ਬੈਠੇ ਲੜਕੇ ਪੁਲ ਤੇ ਇਲੈਕਟ੍ਰਿਕ ਲਾਈਨ ਦੇ ਐਂਗਲਾਂ ਤੇ ਤਾਰਾਂ 'ਚ ਉਲਝ ਕੇ ਜ਼ਖਮੀ ਹੋਏ ਅਤੇ ਛੱਤ ਤੋਂ ਹੇਠਾਂ ਡਿੱਗਣ ਲੱਗੇ। ਕਿਸੇ ਦੇ ਸਿਰ ਫਟੇ, ਕਿਸੇ ਦੇ ਕਿਤੇ ਸੱਟ ਲੱਗੀ। ਅਜਿਹੇ 'ਚ ਹਿਮਗਿਰੀ ਐਕਸਪ੍ਰੈਸ ਲਹੂ ਲੁਹਾਨ ਹੋ ਗਈ। ਕਿਸ ਦੇ ਚੇਨ ਖਿੱਚਣ ਨਾਲ ਗੱਡੀ ਰੁਕੀ ਲੜਕੇ ਹੈਰਾਨ ਸਨ ਕਿ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਉਹਨਾਂ ਦੇ ਸਾਥੀਆਂ ਦੀਆਂ ਲਾਸ਼ਾਂ ਰੇਲਵੇ ਟ੍ਰੈਕ 'ਤੇ ਲਹੂ ਲੁਹਾਨ ਪਈਆਂ ਸਨ। ਕੁਝ ਜ਼ਖਮੀ ਚੀਕ ਰਹੇ ਸਨ। ਲੜਕਿਆਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਕਰਨ? ਅੰਦਰ ਮੁਸਾਫਰਾਂ ਨੇ ਬੋਗੀਆਂ ਦੇ ਦਰਵਾਜ਼ੇ ਬੰਦ ਕਰ ਰੱਖੇ ਸਨ। ਲੜਕੇ ਬਾਹਰ ਚੀਖ ਰਹੇ ਸਨ। ਕਾਫੀ ਮੁਸ਼ੱਕਤ ਪਿੱਛੋਂ ਦਰਵਾਜ਼ੇ ਖੁੱਲ੍ਹੇ। ਲੜਕਿਆਂ ਨੇ ਗੁੱਸੇ 'ਚ ਬੋਗੀਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਇਹ ਘਟਨਾ ਮਨੁੱਖਤਾ ਨੂੰ ਸ਼ਰਮਸਾਰ ਕਰਦੀ ਹੈ ਤੇ ਘ੍ਰਿਣਿਤ ਪੂੰਜੀਵਾਦੀ ਪ੍ਰਣਾਲੀ ਦੀ ਢੀਠਤਾਈ ਦੇ ਦੇਸ਼ ਦੇ ਬੇਰੁਜ਼ਗਾਰ ਨੌਜਵਾਨਾਂ ਪ੍ਰਤੀ ਆਪਣੀ ਘ੍ਰਿਣਤ ਸੋਚ ਦਰਸਾਉਂਦੀ ਹੈ। ਅਖਬਾਰਾਂ ਅਨੁਸਾਰ ਘਟਨਾ 'ਚ 15 ਲੜਕਿਆਂ ਦੀ ਤੁਰੰਤ ਮੌਤ ਤੇ 5 ਦੀ ਮੌਤ ਹਸਪਤਾਲ 'ਚ ਹੋਈ ਹੈ। ਕਰੀਬ 500 ਮੀਟਰ ਦੀ ਲੰਬਾਈ ਤਕ ਰੇਲਵੇ ਟ੍ਰੈਕ 'ਤੇ ਲਾਸ਼ਾਂ ਪਈਆਂ ਸਨ। ਕਈ ਸਮੇਂ ਸਿਰ ਇਲਾਜ ਨਾ ਮਿਲਣ ਕਰਕੇ ਮਾਰੇ ਗਏ। ਘਟਨਾ ਦੀ ਖਬਰ ਬਰੇਲੀ ਪਹੁੰਚਦਿਆਂ ਹੀ ਨੌਜਵਾਨਾਂ ਨੇ ਤੋੜ ਭੰਨ ਕੀਤੀ ਤੇ ਪਿੰਡਾਂ 'ਚ ਖੇਤ ਉਜਾੜੇ। ਨੌਜਵਾਨ ਬਰੇਲੀ 'ਚ ਦੰਗੇ ਕਰਨ ਨਹੀਂ ਬਲਕਿ ਰੁਜ਼ਗਾਰ ਦੀ ਭਾਲ 'ਚ ਗਏ ਸਨ ਪਰ ਉਥੋਂ

ਡਾਂਗਾਂ ਖਾ ਕੇ ਆਏ। ਕਾਗਜ ਗੁਆ ਕੇ ਤੇ ਜ਼ਖਮੀ ਹੋ ਕੇ ਆਏ। ਜਾਇਦਾਦ ਦਾ ਨੁਕਸਾਨ ਵੀ ਹੋਇਆ। ਪਰ ਇਹਨਾਂ ਦੋਹਾਂ ਲਈ ਜ਼ਿੰਮੇਵਾਰ ਇਹ ਪੂੰਜੀਵਾਦੀ ਪ੍ਰਣਾਲੀ ਹੈ। ਜੋ ਨੌਜਵਾਨਾਂ 'ਚ ਰੁਜ਼ਗਾਰ ਦੇਣ ਦੀ ਹਾਲਤ 'ਚ ਨਹੀਂ ਹੈ। ਮੁਨਾਫਾਖੋਰ ਪ੍ਰਬੰਦ ਹੈ ਜਿਥੇ ਲੱਖਾਂ ਦੀ ਗਿਣਤੀ 'ਚ ਬੁਲਾ ਕੇ ਕੋਈ ਇੰਤਜ਼ਾਮ ਨਹੀਂ ਕੀਤਾ ਜਾਂਦਾ। ਸਥਾਨਕ ਪ੍ਰਸਾਸ਼ਨ ਨੇ ਵੀ ਪੱਲਾ ਝਾੜ ਲਿਆ। ਰਾਜਸੀ ਪਾਰਟੀਆਂ ਵੀ ਇਕ ਦੂਜੇ ਦੀ ਟੰਗ ਖਿਚਣ ਤੋਂ ਸਿਵਾਏ ਕੁਝ ਨਹੀਂ ਕਰ ਰਹੀਆਂ। ਪ੍ਰਸਾਸ਼ਨ ਦੋਸ਼ਾਂ ਲਈ ਜ਼ਿੰਮੇਵਾਰੀ ਤਹਿ ਨਹੀਂ ਕਰ ਸਕਿਆ ਹੈ। ਨਾ ਹੀ ਇਸ ਦੀ ਕੋਈ ਮੰਸ਼ਾ ਹੈ। ਮ੍ਰਿਤਕਾਂ ਤੇ ਜ਼ਖਮੀਆਂ ਲਈ ਕੋਈ ਮੁਆਵਜ਼ਾ ਨਹੀਂ ਐਲਾਨਿਆ ਗਿਆ ਹੈ। ਸ਼ਾਸ਼ਨ ਪ੍ਰਸ਼ਾਸ਼ਨ ਚੁੱਪ ਬੈਠਾ ਹੈ। ਰਸਮੀ ਜਾਂਚ ਦਾ ਹੁਕਮ ਦੇ ਦਿੱਤਾ ਗਿਆ ਹੈ। ਮ੍ਰਿਤਕਾਂ ਨੂੰ ਮੁਆਵਜ਼ੇ ਦੀ ਲੋੜ ਹੈ। ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੀ ਲੋੜ ਹੈ। ਘਟਨਾ ਲਈ ਜ਼ਿੰਮੇਵਾਰ ਆਈ ਟੀ ਬੀ ਪੀ ਹੋਵੇ ਜਾਂ ਰੇਲਵੇ, ਜ਼ਿਲ੍ਹਾ ਪ੍ਰਸਾਸ਼ਨ ਹੋਵੇ ਜਾਂ ਸਰਕਾਰ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਇਹ ਸਾਰੇ ਹਨ ਤਾਂ ਪੂੰਜੀਵਾਦੀ ਪ੍ਰਬੰਦ ਦਾ ਹਿੱਸਾ ਹੀ, ਬਰੇਲੀ 'ਚ ਕੁਝ ਮਜ਼ਦੂਰ ਜਥੇਬੰਦੀਆਂ ਨੇ ਮੁਜਾਹਰਾ ਕਰਕੇ ਦੋਸ਼ੀਆਂ ਨੂੰ ਸਜ਼ਾ ਦੀ ਮੰਗ ਕੀਤੀ ਹੈ।

# ਤਿਲੰਗਾਨਾ 'ਚ ਫੌਜ ਭੇਜਣਾ ਬਨਾਮ ਅੰਬੇਦਕਰ

ਜਿਸ ਸਮੇਂ ਸੰਵਿਧਾਨ 'ਤੇ ਡੂੰਘੀ ਵਾਰਤਾ 'ਚ ਅਨਿਸਚਤਤਾ ਦੇ ਨਾਲ ਦਿਨ ਬਤੀਤ ਹੋ ਰਹੇ ਹਨ। ਉਸ ਸਮੇਂ 'ਸੰਵਿਧਾਨ ਸਭਾ ਤੋਂ ਬਾਹਰ' ਦੇਸ਼ 'ਚ ਕੀ ਹੋ ਰਿਹਾ ਸੀ? ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਤਿਲੰਗਾਨਾ, ਆਂਧਰਾ, ਕੇਰਲ, ਬੰਗਾਲ, ਪੰਜਾਬ, ਉਤਰਪ੍ਰਦੇਸ਼ ਤੇ ਕੁਝ ਹੋਰ ਥਾਵਾਂ 'ਤੇ ਖੇਤੀ ਨਾਲ ਜੁੜੀ ਪੇਂਡੂ ਗਰੀਬ ਜਨਤਾ ਭੋਇੰ ਮਾਲਕਾਂ ਦੀ ਜ਼ਮੀਨ ਕਬਜੇ 'ਚ ਕਰਨ ਲਈ ਸੰਘਰਸ਼ ਚਲਾ ਰਹੀ ਸੀ? ਤਿਲੰਗਾਨਾ ਦੇ ਪਿੰਡਾਂ 'ਚ ਆਸਾਨੀ ਕਾਸ਼ਤਕਾਰ ਤੇ ਖੇਤ ਮਜ਼ਦੂਰਾਂ ਨੇ ਜਾਗੀਰਦਾਰੀ ਖਿਲਾਫ ਬਗਾਵਤ ਕਰ ਦਿੱਤੀ। ਉਹਨਾਂ 'ਚ ਗਰੀਬ ਹਿੰਦੂ ਤੇ ਅਛੂਤ ਵੀ ਸ਼ਾਮਲ ਸਨ। ਓਹਨਾਂ ਨੇ ਜ਼ਮੀਨਦਾਰੀ ਨੂੰ ਜਬਰੀ ਮਾਲੀਆ ਦੀ ਅਦਾਇਗੀ ਤੇ ਮੁਫਤ ਕਿਰਤ ਕਰਨੀ ਬੰਦ ਕਰ ਦਿੱਤੀ। ਗਰੀਬ ਜਨਤਾ ਨੇ ਵੱਡੇ ਭੂਮੀ ਘਰਾਂ ਦੇ ਅਨਾਜ ਦੇ ਸਟੋਰ ਨੂੰ ਜਬਤ ਕਰਕੇ ਆਪਸ 'ਚ ਵੰਡਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਪਟੇਲਾਂ ਤੇ ਪਟਵਾਰੀਆਂ ਦੇ ਖਸਮ ਖਤੌਨੀ, ਸ਼ਾਹੂਕਾਰ ਦੇ ਵਹੀਖਾਤੇ ਤੇ ਅਲਮਾਰੀਆਂ 'ਚ ਬੰਦ ਪ੍ਰਨੋਟਾਂ ਨੂੰ ਬਾਹਰ ਕੱਢ ਕੇ ਅੱਗ ਲਾ ਦਿੱਤੀ। ਉਹਨਾਂ ਇਹ ਨਾਹਰਾ ਦਿੱਤਾ ਕਿ 'ਜ਼ਮੀਨ ਹਲਵਾਹਿਕ ਦੀ' ਅਤੇ ਭੋਇੰ ਮਾਲਕਾਂ ਦੀ ਜ਼ਮੀਨ ਵੰਡਣੀ ਸ਼ੁਰੂ ਕਰ ਦਿੱਤੀ। ਸ਼ੁਰੂ 'ਚ ਹਰੇਕ ਭੋਇੰ ਮਾਲਕ ਦੇ ਪ੍ਰੀਵਾਰ ਲਈ 500 ਏਕੜ ਭੂਮੀ ਛੱਡ ਕੇ ਬਾਕੀ ਬਚੀ ਜ਼ਮੀਨ ਨੂੰ ਵੰਡਿਆ ਪਰ ਸਿੰਚਾਈ ਯੋਗ ਭੂਮੀ ਹੋਣ 'ਤੇ 10 ਏਕੜ ਅਤੇ ਗੈਰ ਸਿੰਚਾਈ ਯੋਗ ਹੋਣ 'ਤੇ 100 ਏਕੜ ਛੱਡੀ। ਇਹ ਇਨਕਲਾਬੀ ਸਰਗਰਮੀਆਂ ਦੂਜੇ ਜ਼ਿਲ੍ਹਿਆਂ 'ਚ ਵੀ ਫੈਲਣੀਆਂ ਸ਼ੁਰੂ ਹੋ ਗਈਆਂ। ਗਰੀਬ ਜਨਤਾ ਦੀਆਂ ਸਰਗਰਮੀਆਂ ਤੋਂ ਤੰਗ ਆ ਕੇ ਭੋਇੰ ਮਾਲਕਾਂ ਨੇ ਦੂਜਾ ਪਿੰਡ ਛੱਡ ਦਿੱਤਾ ਅਤੇ ਸ਼ਹਿਰਾਂ 'ਚ ਸ਼ਰਨ ਲੈ ਲਈ। 11 ਤਿਲੰਗਾਨਾ 'ਚ ਰਜਾਦਾਰ–ਵਿਰੋਧੀ, ਨਿਜ਼ਾਮ–ਵਿਰੋਧੀ ਸੰਘਰਸ਼ ਤੇਜ਼ੀ ਨਾਲ ਅੱਗੇ ਵਧਿਆ। ਲਗਭਗ 10,000 ਮੈਂਬਰਾਂ ਦਾ ਸਰਗਰਮ ਦਸਤਾ ਅਤੇ 2000 ਤੋਂ ਵੱਧ ਮੈਂਬਰਾਂ ਦਾ ਛਾਪਾ ਮਾਰ ਦਸਤੇ ਗਠਿਤ ਕੀਤੇ ਗਏ ਸਨ। ਅਣਗਿਣਤ ਸੰਘਰਸ਼ ਵੀਰਤਾ ਪੂਰਨ ਕਾਰਨਾਮੇ 2000 ਦੇ ਆਸ ਪਾਸ ਲੜਾਕੂ, ਯੋਧਾ ਤੇ ਨੇਤਾ ਆਪਣੀ ਜ਼ਿੰਦਗੀ ਦਾਅ ਤੇ ਲਾ ਕੇ ਵੀ ਨਿਜ਼ਾਮ ਦੇ ਹਥਿਆਰਬੰਦ ਕਾਰਕੁੰਨਾ, ਪੁਲਸ ਦੇ ਦਲਾਲਾਂ, ਰਜਾਕਾਰਾਂ, ਜਿੰਮੀਦਾਰ ਤੇ ਉਹਨਾਂ ਦੇ ਛੱਕੇ ਛੁਡਾ ਰਹੇ ਸਨ ਉਹਨਾਂ ਨੂੰ ਪਿੰਡਾਂ ਤੋਂ ਖਿਦੇੜ ਰਹੇ ਸਨ; 3000 ਪਿੰਡ ਪਿੰਡ ਪੰਚ ਸੰਮਤੀਆਂ 'ਤੇ ਗ੍ਰਾਮ ਰਾਜਾਂ ਦੇ ਕੰਟਰੋਲ 'ਚ ਆ ਗਈਆਂ ਸਨ, ਭੂਮੀ ਵੰਡ, ਸਿਖਿਆ ਤੇ ਸਿਹਤ ਅਤੇ ਸਭ ਪੇਂਡੂ ਸੇਵਾਵਾਂ ਲੜਾਕੂ ਜਨਤਾ ਦੀਆਂ ਇਨ੍ਹਾਂ ਸੰਮਤੀਆਂ ਨਾਲ ਮੁਹਈਆ ਕੀਤੀਆਂ ਜਾਣ ਲੱਗੀਆਂ। ਇਹ ਅੰਬੇਦਕਰ ਦੇ ਮਾਰਗ (ਕਰਜਾ ਪੱਤਰ, ਵਿਆਜ ਭੁਗਤਾਨ ਤੇ ਵਿਰਾਸਤ) ਅਤੇ ਲੁੱਟ ਵਿਰੁੱਧ ਸੰਘਰਸ਼ ਦੇ ਸਮਾਜਵਾਦੀ ਮਾਰਗ ਵਿਚਕਾਰ ਫਰਕ ਨੂੰ ਸਮਝਣ ਦੀ ਇਹ ਛੋਟੀ ਜਿਹੀ ਮਿਸਾਲ ਹੈ। 'ਨਹਿਰੂ ਪਟੇਲ' ਸਰਕਾਰ ਨੇ (ਇਹ ਅੰਬੇਦਕਰ ਦੀ ਵੀ ਸਰਕਾਰ ਸੀ ਕਿਉਂਕਿ ਅੰਬੇਦਕਰ ਵੀ ਉਸ ਸਰਕਾਰ ਦੇ ਮੰਤਰੀ ਸਨ) ਸਤੰਬਰ 1948 'ਚ ਨਿਜ਼ਾਮ ਨੂੰ ਕਬਜੇ 'ਚ ਲੈਣ ਦੇ ਬਹਾਨੇ ਲੋਕਾਂ ਦੀ ਬਗਾਵਤ ਨੂੰ ਕੁਚਲਣ ਲਈ ਤਿਲੰਗਾਨਾ ਦੇ ਪਿੰਡਾਂ 'ਚ 50,000 ਫੌਜੀ ਭੇਜੇ। ਨਿਜਾਮ ਨੇ ਬਿਨ੍ਹਾਂ ਕਿਸੇ ਵਿਰੋਧ ਦੇ ਭਾਰਤ ਸਰਕਾਰ ਅੱਗੇ ਗੋਡੇ ਟੇਕ ਦਿੱਤੇ। ਫਿਰ ਤਾਂ ਭਾਰਤੀ ਫੌਜ ਦਾ ਉਦੇਸ਼ ਲੋਕਾਂ 'ਤੇ ਜਬਰ ਕਰਨਾ ਹੀ ਸੀ। ਯਾਨੀ

ਲੜਾਕੂ ਦਸਤਿਆਂ, ਕਮਿਊਨਿਸਟ ਪਾਰਟੀ ਜਥੇਬੰਦੀ ਤੇ ਪਿੰਡ ਸੰਮਤੀਆਂ ਨੂੰ ਨਸ਼ਟ ਕਰਨਾ। ਅੰਬੇਦਕਰ ਜੋ ਕਿ ਸਰਕਾਰ ਦਾ ਹਿੱਸਾ ਸੀ, ਸਭ ਕੁਝ ਜਾਣਦੇ ਸਨ ਕਿ ਭਾਰਤੀ ਫੌਜ ਨੂੰ ਤਿਲੰਗਾਨਾ ਦੇ ਪਿੰਡਾਂ 'ਚ ਭੇਜਿਆ ਗਿਆ ਤੇ ਉਥੇ ਉਹ ਕੀ ਕਰਨ ਜਾ ਰਹੀ ਸੀ। ਹੈਦਰਾਬਾਦ 'ਚ ਕਾਂਗਰਸੀ ਫੌਜੀ ਸੱਤਾ, ਪੁਲਸ, ਫੌਜ ਤੇ ਕਾਂਗਰਸੀ ਰਜਾਕਾਰਾਂ ਨੇ ਤਿਲੰਗਾਨਾ ਦੇ ਲੋਕਾਂ ਦੇ ਸਾਹਸੀ ਸੰਘਰਸ਼ ਨੂੰ ਕੁਚਲਣ ਲਈ ਜਬਰ ਦਹਿਸ਼ਤ ਤੇ ਫਾਸ਼ੀਵਾਦ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ।

"ਤਿਲੰਗਾਨਾ 'ਚ ਸਭ ਯੁੱਧ ਖੇਤਰਾਂ 'ਚ ਹਰ 4 ਜਾਂ 5 ਮੀਲ 'ਤੇ ਫੌਜ ਦੇ ਕੈਂਪ ਲਾਏ ਗਏ। ਇਹਨਾਂ ਕੈਂਪਾਂ ਦੇ ਆਸ ਪਾਸ ਦੇ ਪਿੰਡਾਂ 'ਚ ਦਿਨ 'ਚ ਦੋ ਜਾਂ ਤਿੰਨ ਵਾਰੀ ਫੌਜ ਵਲੋਂ ਧਾਵਾ ਬੋਲਿਆ ਜਾਂਦਾ ਸੀ ਅਤੇ ਬਿਉਂਤ ਬੱਧ ਤਰੀਕੇ ਨਾਲ ਲੋਕਾਂ 'ਤੇ ਜਬਰ ਕੀਤਾ ਜਾਂਦਾ ਸੀ। ਹਰੇਕ ਪਿੰਡ 'ਚ ਲੋਕਾਂ ਨੂੰ ਇਕ ਥਾਂ 'ਤੇ ਇਕੱਠਾ ਕੀਤਾ ਜਾਂਦਾ ਅਤੇ ਬੇਰਹਿਮੀ ਨਾਲ ਮਾਰਿਆ ਕੁੱਟਿਆ ਜਾਂਦਾ। ਉਹ ਕਮਿਊਨਿਸਟਾਂ ਦੀ ਤਲਾਸ਼ 'ਚ ਆਪਣੇ ਨਾਲ ਜੰਗਲਾਂ, ਝਾੜੀਆਂ ਤੇ ਪਹਾੜੀਆਂ 'ਚ ਜਬਰੀ ਲੈ ਜਾਂਦੇ ਅਤੇ ਉਹਨਾਂ ਨੂੰ ਸੂਚਨਾ ਦੇਣ ਲਈ ਮਜ਼ਬੂਰ ਕਰਦੇ। ਜੇ ਤਲਾਸ਼ੀ ਦੌਰਾਨ ਉਹਨਾਂ ਨੂੰ ਕੁਝ ਨਾ ਮਿਲਦਾ ਤਾਂ ਉਹਨਾਂ ਨੂੰ ਫਿਰ ਮਾਰਿਆ ਕੁੱਟਿਆ ਜਾਂਦਾ। ਲੋਕਾਂ ਨੂੰ ਰੱਸੀ ਨਾਲ ਬੰਨ੍ਹ ਕੇ ਪੁਲੀ ਪ੍ਰਣਾਲੀ ਰਾਹੀਂ ਉਪਰ ਖਿੱਚਿਆ ਜਾਂਦਾ ਤੇ ਇਕ ਦਮ ਹੇਠਾਂ ਸੁੱਟ ਦਿੱਤਾ ਜਾਂਦਾ। ਆਦਮੀਆਂ ਨੂੰ ਬੋਰਿਆਂ 'ਚ ਬੰਨ੍ਹ ਦਿੱਤਾ ਜਾਂਦਾ ਅਤੇ ਉਸ ਨੂੰ ਦੀਵਾਰ ਤੋਂ ਦੂਜੇ ਪਾਸੇ ਸੁੱਟ ਦਿੱਤਾ ਜਾਂਦਾ। ਕੁਝ ਸਿਪਾਹੀ ਉਹਨਾਂ ਦੀਆਂ ਬਾਹਾਂ ਫੜ ਕੇ ਉਹਨਾਂ ਨੂੰ ਲਟਕਾਉਂਦੇ ਤੇ ਦੂਜੇ ਉਹਨਾਂ ਦੇ ਪੈਰਾਂ ਨਾਲ ਲਟਕ ਕੇ ਝੂਲਦੇ ਉਹਨਾਂ ਨੂੰ ਆਪਣੇ ਮੇਖਾਂ ਵਾਲੇ ਬੂਟਾਂ ਨਾਲ ਠੁੱਡੇ ਮਾਰਦੇ ਕੁਝ ਕੁ ਨੂੰ ਦਰਖਤਾਂ ਨਾਲ ਪੁੱਠੇ ਲਟਕਾ ਕੇ ਝੁਲਾਇਆ ਜਾਂਦਾ ਤੇ ਝੂਲਦੇ ਹੋਇਆਂ ਨੂੰ ਵਾਰੀ ਵਾਰੀ ਕੁੱਟਿਆ ਜਾਂਦਾ। ਕਈਆਂ ਨੂੰ ਪੁੱਠੇ ਲਟਕਾ ਕੇ ਪਟੜਾ ਰੱਖ ਦਿੱਤਾ ਜਾਂਦਾ ਤੇ ਦੋ ਸਪਾਹੀ ਉਪਰ ਚੜ੍ਹਾ ਦਿੱਤੇ ਜਾਂਦੇ। ਨਹੁੰਆਂ 'ਚ ਪਿੰਨ ਮਾਰੀਆਂ ਜਾਂਦੀਆਂ ਲੱਕੜੀ ਦੇ ਅੰਗਾਰਾਂ ਜਾਂ ਦਗਦੇ ਲੋਹੇ ਨਾਲ ਉਹਨਾਂ ਨੂੰ ਦਾਗਿਆ ਜਾਂਦਾ ਤਾਂ ਇਹ ਆਮ ਗੱਲ ਸੀ। ਤੇਜ਼ ਦੌੜਦੀ ਲਾਰੀ ਮੂਹਰੇ ਭੱਜਣ ਲਈ ਕਿਹਾ ਜਾਂਦਾ ਜੋ ਲਾਰੀ ਪਿੱਛੇ ਨਾ ਦੌੜਦੇ ਉਹਨਾਂ ਨੂੰ ਲਾਰੀ ਪਿੱਛੇ ਬੰਨ੍ਹ ਕੇ ਘਸੀਟਿਆ ਜਾਂਦਾ। "ਚੰਦੂਪਲੀ ਦੇ ਰੰਗੈਆ ਨੂੰ ਇਕ ਗੱਡੀ ਪਿੱਛੇ ਬੰਨ੍ਹ ਕੇ ਜਿੰਦਾ ਜਲਾ ਦਿੱਤਾ ਗਿਆ। ਕਮਿਊਨਿਸਟ ਪਾਰਟੀ ਜਿੰਦਾਬਾਦ ਕਹਿੰਦੇ ਹੋਏ ਉਹ ਮਰ ਗਿਆ।" ਸੁਰੀਆ ਪੈਟ ਤਾਲੁਕਾ ਦੇ ਮਰਿਆਲਾ ਦੀ ਘੇਰਾਬੰਦੀ 'ਚ ਰਾਮੁਲ ਨੂੰ ਫੜ ਲਿਆ ਗਿਆ। ਉਸ ਤੋਂ ਕੋਈ ਗੁਪਤ ਜਾਣਕਾਰੀ ਨਾ ਮਿਲਣ ਕਰਕੇ ਉਸ ਨੂੰ ਇਕ ਗੱਡੀ ਪਿੱਛੇ ਬੰਨ੍ਹਕੇ ਸੜਕ 'ਤੇ ਤਦ ਤੱਕ ਘਸੀਟਿਆ ਗਿਆ ਜਦ ਤਕ ਕਿ ਉਸ ਦੇ ਸਰੀਰ ਦੇ ਚੀਥੜੇ ਨਾ ਹੋ ਗਏ। "ਵਿਸਨੂਰ ਦੇ ਮੁਥੈਆ ਕਾਲਮਾਲਦੇਰੂਵ ਦੇ ਅਪੇਰਿਡੀ ਨੂੰ ਸੁੱਕੇ ਪੱਤਿਆਂ ਦੇ ਢੇਰ 'ਤੇ ਰੱਖ ਕੇ ਜਿੰਦਾ ਜਲਾ ਦਿੱਤਾ ਗਿਆ।" "ਮੁਲਕਾਪੁਰਮ ਦੇ ਦਸਤਾਨਾਇਕ ਨਾਮਕ ਸਤਨਰਾਇਣਾ ਤੇ ਹਰੀਜ਼ਨ ਮੁਥੈਆ ਦੀਆਂ ਅੱਖਾਂ ਕੱਢ ਲਈਆਂ ਗਈਆਂ। ਅੰਡਗ੍ਰੰਥੀ ਕੱਢ ਕੇ ਮੂੰਹ 'ਚ ਘਸੋੜ ਦਿੱਤੀ ਗਈ ਅਤੇ ਪਿੱਛੋਂ ਉਹਨਾਂ ਦੇ ਟੁਕੜੇ ਕਰ ਦਿੱਤੇ ਗਏ।"

"ਨੌਮੂਲਾ ਪਿੰਡ ਦੇ ਯੇਲਾਸਵਾਮੀ ਨੂੰ ਜੋ ਕਿ ਕਿਸਾਨ ਪ੍ਰੀਵਾਰ ਸੀ ਨੂੰ ਬੇਹੱਦ ਤਸੀਹੇ ਦਿੱਤੇ ਗਏ। ਉਹਨਾਂ ਦੇ ਸਰੀਰ 'ਚੋਂ ਮਾਸ ਦੇ ਟੁਕੜੇ ਕੱਢੇ ਗਏ, ਕਿੱਲਾਂ ਠੋਕੀਆਂ

ਗਈਆਂ। ਉਸ ਨਾਲ ਲਾਲ ਗਰਮ ਲੋਹੇ ਨਾਲ ਦਾਗਿਆ ਗਿਆ, ਫਿਰ ਉਸ ਨੇ ਗੁਪਤ ਜਾਣਕਾਰੀ ਨਹੀਂ ਦਿੱਤੀ ਗਈ, ਅੰਤ 'ਚ ਉਸ ਨੂੰ ਗੋਲੀ ਮਾਰ ਦਿੱਤੀ ਗਈ।" "ਖਾਸ ਕਰਕੇ ਔਰਤਾਂ 'ਤੇ ਹੋਏ ਜੁਲਮਾਂ ਦੀ ਗੱਲ ਕਰਨੀ ਹੀ ਬੇਅਰਥ ਹੈ। ਉਹਨਾਂ ਨੇ ਪ੍ਰਸੂਤ, ਔਰਤ, ਗਰਭਵਤੀ ਤੇ ਜਵਾਨ ਔਰਤਾਂ ਨਾਲ ਬਲਾਤਕਾਰ ਕੀਤਾ। 100 ਤੋਂ ਵੱਧ ਔਰਤਾਂ ਮਰ ਗਈਆਂ। ਔਰਤਾਂ ਦੇ ਦੁੱਧ ਮੂੰਹੀ ਬੱਚਿਆਂ ਨੂੰ ਉਹਨਾਂ ਸਾਹਮਣੇ ਹੀ ਮਾਰ ਦਿੱਤਾ ਗਿਆ–70 ਔਰਤਾਂ ਨੂੰ ਨੰਗਾ ਕੀਤਾ ਗਿਆ ਤੇ ਉਹਨਾਂ ਦੇ ਪੱਟੇ 'ਤੇ ਛਿਪਕੀਆਂ ਬੰਨ੍ਹ ਦਿੱਤੀਆਂ ਗਈਆਂ ਅਤੇ ਜ਼ਖਮਾਂ ਉਪਰ ਲੂਣ ਛਿੜਿਆਂ ਗਿਆ।" ਕਤਲ, ਜਿੰਦਾ ਸਾੜਨ ਤੇ ਕਤਲੇਆਮ ਦੀਆਂ ਅਣਗਿਣਤ ਘਟਨਾਵਾਂ ਹੋਈਆਂ। ਪਲਵੰਚ ਤਾਲੁਕਾ ਦੇ ਅਲਮਪੱਲੀ ਕੈਂਪ 'ਚ ਸਤੰਬਰ 'ਚ ਇਕ ਦਿਨ 45 ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ। ਜਿਹਨਾਂ 'ਚੋਂ 18 ਲੋਕ ਪਾਰਟੀ ਦੇ ਮੈਂਬਰ ਸਨ। ਕਤਲਾਂ ਦੇ ਸਿਲਸਿਲਾ ਚਲਦਾ ਰਿਹਾ ਅਤੇ 4 ਦਿਨਾਂ ਅੰਦਰ 119 ਲੋਕਾਂ ਦਾ ਕਤਲ ਕੀਤਾ ਗਿਆ। ਅਜਿਹਾ ਅਨੁਮਾਨ ਹੈ ਕਿ ਇਸ ਕੈਂਪ ਵਿਚ 300 ਤੋਂ ਵੱਧ ਲੋਕਾਂ ਦਾ ਕਤਲ ਕੀਤਾ ਗਿਆ। ਗਾਡੀਪਡੂ ਅਤੇ ਦੂਜੇ ਕੈਂਪਾਂ 'ਚ ਜੋ ਕਿ ਜੰਗਲਾਂ 'ਚੋਂ ਲਿਆਂਦੇ ਗਏ ਕੋਆ ਲੋਕਾਂ ਲਈ ਬਣਾਏ ਗਏ ਸਨ। ਦੋ ਮਹੀਨਿਆਂ ਅੰਦਰ 10,000 ਲੋਕ ਹੈਜਾ ਕਾਰਨ ਮੌਤ ਦੇ ਮੂੰਹ 'ਚ ਚਲੇ ਗਏ। ਪੁਲਸ ਨੇ 120 ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਅਤੇ ਲੋਕਾਂ ਨੂੰ ਆਪਣਾ ਪਿੰਡ ਛੱਡਣ ਲਈ ਮਜ਼ਬੂਰ ਕੀਤਾ ਗਿਆ। ਸਿਪਾਹੀਆਂ ਨੇ ਨਾਲਗੌਂਡਾ, ਵਰਾਂਗਲ, ਖਮਾਂ, ਕਰੀਮ ਨਗਰ ਤੇ ਹੈਦਰਾਬਾਦ ਦੇ ਹਜ਼ਾਰਾਂ ਪਿੰਡਾਂ 'ਚ ਅੱਤਵਾਦੀ ਹਮਲਾ ਜਾਰੀ ਰੱਖਿਆ ਗਿਆ ਸੀ। ਅੱਜ ਦੇ ਆਂਧਰਾ ਦੇ ਜ਼ਿਲ੍ਹਿਆਂ 'ਚ ਫੌਜਾਂ ਨੇ ਅਨੇਕਾਂ ਕਤਲੇਆਮਾਂ ਨੂੰ ਅੰਜ਼ਾਮ ਦਿੱਤਾ।

"ਕ੍ਰਿਸ਼ਨਾ ਜ਼ਿਲ੍ਹੇ 'ਚ ਤਿਲੰਗਾਨਾ ਦੀ ਹਮਾਇਤ 'ਚ ਅੰਦੋਲਨ ਤੇਜ਼ ਹੋ ਗਿਆ। 400 ਤੋਂ ਵੱਧ ਪਿੰਡਾਂ 'ਚ ਖੇਤ ਮਜ਼ਦੂਰਾਂ ਦਾ ਹਜੂਮ ਆਪਣੀਆਂ ਮੰਗਾਂ ਤੇ ਜਿੱਤ ਹਾਸਲ ਕਰਨ ਲਈ ਸੰਘਰਸ਼ ਛੇੜਨ ਦੀ ਤਿਆਰੀ ਕਰ ਰਹੇ ਸਨ। ਉਹਨਾਂ ਦੀਆਂ ਮੰਗਾਂ ਸਨ 30 ਬੋਰੇ ਚੌਲ, ਕੰਮ ਦੇ 8 ਘੰਟੇ ਅਤੇ 30 ਸਵੈਤਨਿਕ ਛੁੱਟੀਆਂ। ਜਿਮੀਦਾਰੀ ਵਾਲੇ ਖੇਤਰਾਂ ਵਿਚ ਕਿਸਾਨਾਂ ਨੇ ਜਿਮੀਦਾਰਾਂ ਨੂੰ ਮਾਲੀਆ ਦੇਣ ਤੋਂ ਮਨਾ ਕਰ ਦਿੱਤਾ ਅਤੇ ਇਹ ਮੰਗ ਕੀਤੀ ਕਿ ਮਾਲੀਆ ਘੱਟ ਕੀਤਾ ਜਾਵੇ ਅਤੇ ਜਿਮੀਦਾਰ ਪ੍ਰਥਾ ਖਤਮ ਕੀਤੀ ਜਾਵੇ।" ਜੇ ਉਹਨਾਂ ਦੀਆਂ ਮੰਗਾਂ ਪੂਰੀਆਂ ਹੋ ਗਈਆਂ ਹੁੰਦੀਆਂ ਤਾਂ ਇਥੋਂ ਤਕ ਕਿ ਅਛੂਤ ਵੀ ਜੋ ਕਿ ਖੇਤ ਮਜ਼ਦੂਰ ਸਨ, ਇਸ ਨਾਲ ਕਾਫੀ ਫਾਇਦਾ ਲੈ ਸਕਦੇ। ਇਥੋਂ ਤਕ ਕਿ ਕਾਂਗਰਸੀ ਨੇਤਾ ਵੀ ਫੌਜ ਵਲੋਂ ਮਚਾਈ ਦਹਿਸ਼ਤਗਰਦੀ ਨੂੰ ਬੇਨਕਾਬ ਕਰਨ ਤੋਂ ਖੁਦ ਨੂੰ ਨਹੀਂ ਰੋਕ ਸਕੇ। "ਮਦਰਾਸ ਵਿਧਾਨ ਸਭਾ ਦੇ ਵਿਧਾਇਕ ਤੇ ਕਾਂਗਰਸ ਦੇ ਸਾਬਕਾ ਹਰੀਜਨ ਭਲਾਈ ਮੰਤਰੀ ਸ੍ਰੀ ਵੈਮੁਲਾ ਕੁਮੈਂਆ ਨੇ ਯੇਲਾਮਾਰੂ ਦੇ ਪਿੰਡ 'ਚ ਪੁਲਸ ਦੀ ਬੇਸ਼ਰਮੀ ਬੇਰਹਿਮੀ 'ਤੇ ਇਕ ਬਿਆਨ ਜਾਰੀ ਕੀਤਾ ਜਿਸ ਦਾ ਸੰਖੇਪ ਸਾਰ ਹੇਠ ਲਿਖਿਆ ਹੈ, "14 ਜੁਲਾਈ 1949 ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਮਾਲਾਬਾਰ ਦੇ ਵਿਸ਼ੇਸ਼ ਪੁਲਸ ਦਸਤੇ ਦੇ 200 ਸਿਪਾਹੀਆਂ ਨੇ ਯੇਲਾਮਾਰੂ ਦੇ ਪਿੰਡ 'ਚ ਛਾਪਾ ਮਾਰਿਆ। ਉਹਨਾਂ ਨੇ ਪਿੰਡ ਨੂੰ ਘੇਰ ਲਿਆ ਅਤੇ ਕਿਸੇ ਨੂੰ ਵੀ ਬਾਹਰ ਨਹੀਂ ਜਾਣ ਦਿੱਤਾ। ਸੂਰਜ ਚੜ੍ਹਨ ਪਿੱਛੋਂ ਉਹਨਾਂ ਨੇ ਪਿੰਡ ਨੂੰ ਤਿੰਨ ਟੋਲੀਆਂ 'ਚ ਸਥਾਨਕ ਹਾਈ ਸਕੂਲ ਦੇ ਕੈਂਪਸ 'ਚ ਇਕੱਠਾ ਕੀਤਾ ਉਹਨਾਂ ਨੂੰ ਨੰਗਾ ਕਰ ਦਿੱਤਾ ਗਿਆ ਅਤੇ

ਹਰੇਕ ਦੇ ਦਸ ਰੋੜੇ ਮਾਰੇ ਗਏ। ਫਿਰ ਉਹਨਾਂ ਪੇਂਡੂਆਂ ਨੂੰ ਸਾਰੇ ਪਿੰਡ 'ਚ ਨੰਗੇ ਧੜ ਘੁੰਮਾਇਆ ਗਿਆ। ਜਦ ਕਿਸੇ ਨੇ ਆਪਣੀ ਲਜਾ ਨੂੰ ਆਪਣੇ ਹੱਥਾਂ ਨਾਲ ਢਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਫਿਰ ਮਾਰਿਆ ਕੁੱਟਿਆ ਗਿਆ। ਉਹਨਾਂ 'ਚੋਂ ਕੁਝ ਨੂੰ ਗਾਂਧੀ ਬੁੱਧ ਦੇ ਸਾਹਮਣੇ ਪੁੱਠਾ ਲਿਟਾ ਕੇ ਹੋਰ ਪਿਟਾਈ ਕੀਤੀ ਗਈ ਇਥੋਂ ਤਕ ਕਿ ਉਹਨਾਂ ਨੂੰ ਕੱਪੜੇ ਵੀ ਵਾਪਸ ਨਹੀਂ ਕੀਤੇ ਗਏ ਬਲਕਿ ਉਹਨਾਂ ਨੂੰ ਕਿਹਾ ਗਿਆ ਕਿ ਆਪਣੇ ਘਰ ਦੀਆਂ ਔਰਤਾਂ ਦੇ ਸਾਹਮਣੇ ਨੰਗੇ ਹੋ ਜਾਣ ਤੇ ਨਵੇਂ ਕੱਪੜੇ ਪਹਿਨ ਕੇ ਵਾਪਸ ਆਉਣ। ਜਿਹਨਾਂ ਲੋਕਾਂ 'ਤੇ ਇਹ ਬੇਰਹਿਮ ਜਬਰ ਜੁਲਮ ਹੋਏ ਉਹਨਾਂ 'ਚ ਅਛੂਤ ਤੇ ਸਵਰਨ ਦੋਨੋਂ ਸਨ। ਹਰੀਜਨ ਬਸਤੀ ਦੀਆਂ ਸਭ ਔਰਤਾਂ ਨੂੰ ਨੰਗਾ ਕਰਕੇ ਮੈਦਾਨ 'ਚ ਕੁੱਟਿਆ ਗਿਆ।"

"ਜ਼ਿਲ੍ਹੇ ਦੇ ਸਭ ਪਿੰਡਾਂ 'ਚ ਇਹਨਾਂ ਅੱਤਿਆਚਾਰਾਂ ਬਾਰੇ ਲੋਕ ਸੁਆਲ ਕਰ ਰਹੇ ਹਨ। ਜਿਸ ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਇਹ 1919 'ਚ ਬ੍ਰਿਟਿਸ਼ ਸਾਮਰਾਜੀਆਂ ਰਾਹੀਂ ਪੰਜਾਬ 'ਚ ਕੀਤੇ ਜਬਰ ਤੋਂ ਵੀ ਬਦਤਰ ਹੈ।" "ਇਸ ਮਹੀਨੇ ਦੀ 16 ਤਰੀਕ ਨੂੰ 3000 ਪੁਲਸੀਆਂ ਨੇ ਕ੍ਰਿਸ਼ਨਾ ਜ਼ਿਲ੍ਹੇ 'ਚ ਗਨਵਰਮ ਤਾਲੁਕਾ ਦੇ ਕਟੂਰੂ ਪਿੰਡ 'ਤੇ ਹੱਲਾ ਬੋਲ ਦਿੱਤਾ ਪਿੰਡ ਦੇ ਸਭ ਮਰਦਾਂ 'ਤੇ ਚਾਹੇ ਉਹ ਕਿਸੇ ਵੀ ਧਰਮ ਦੇ ਰਹੇ ਹੋਣ, ਜਬਰੀ ਲਾਠੀਚਾਰਜ ਕੀਤਾ ਗਿਆ। ਔਰਤਾਂ ਨੂੰ ਗਾਲਾਂ ਕੱਢੀਆਂ ਗਈਆਂ ਲਗਭਗ 400 ਮਰਦਾਂ ਨੂੰ ਨੰਗਾ ਕੀਤਾ ਗਿਆ ਤੇ ਗਲੀਆਂ 'ਚ ਨੰਗਿਆਂ ਹੀ ਘੁਮਾਇਆ ਗਿਆ। ਕੀ ਕਾਂਗਰਸੀ ਹਕੂਮਤ 'ਚ ਪੁਲਸ ਅਜਿਹੀ ਹੀ ਕਾਰਵਾਈ ਕਰੇਗੀ?" "ਆਂਧਰਾ ਦੇ ਇਕ ਮੋਹਰੀ ਤੇ ਲਗੂ ਦੈਨਿਕ ਆਂਧਰਾ ਪ੍ਰਭਾ ਨੇ 26 ਜੁਲਾਈ ਨੂੰ ਆਪਣੇ ਸੰਪਾਦਕ 'ਚ ਲਿਖਿਆ" ਅਸਭਿਅਕ, ਪਾਸ਼ਵਿਕ, ਅਕਹਿ-ਇਹ ਸ਼ਬਦ ਬੇਹੱਦ ਕਠੋਰ ਹੋ ਸਕਦੇ ਹਨ ਪਰ ਇਹ ਸ਼ਬਦ ਵੀ ਕ੍ਰਿਸ਼ਨਾ ਜ਼ਿਲ੍ਹੇ 'ਚ ਪੁਲਸ ਵਲੋਂ ਕੀਤੀ ਗਈ ਬੇਹੱਦ ਲੁੱਟ ਮਾਰ ਦਾ ਵਰਣਨ ਕਰਨ ਲਈ ਕਾਫੀ ਨਹੀਂ ਹੈ। ਹਰ ਪਿੰਡ ਦੀ ਉਹੀ ਘ੍ਰਿਣਿਤ ਕਹਾਣੀ ਹੈ। ਸਭ ਲੋਕਾਂ ਨੂੰ ਇਕੱਠਾ ਕਰੋ, ਅੰਨ੍ਹੇਵਾਹ ਕੁਟਮਾਰ ਕਰੋ, ਕੁਝ ਦੇ ਕੱਪੜੇ ਉਤਾਰ ਲਓ, ਉਹਨਾਂ ਨੂੰ ਗਲੀਆਂ 'ਚ ਘੁਮਾਓ, ਅਜਿਹਾ ਕਰਕੇ ਕਮਿਊਨਿਸਟਾਂ ਨੂੰ ਦਬਾਇਆ ਨਹੀਂ ਜਾ ਸਕਦਾ।"

"ਅਤਿਆਚਾਰ ਏਨਾ ਕਰੂਰ, ਪਾਸ਼ਵਿਕ ਤੇ ਬੇਕਾਬੂ ਸੀ ਕਿ ਜਿਨ੍ਹਾਂ ਕਾਂਗਰਸੀ ਨੇਤਾਵਾਂ ਨੇ ਖੁਦ ਆ ਕੇ ਇਕ ਪੁਲਸ ਵਲੋਂ ਪਿੰਡਾਂ 'ਤੇ ਛਾਪਾ ਮਾਰਿਆ ਸੀ ਉਹਨਾਂ ਨੇ ਜਨਤਾ ਦੇ ਰੋਹ ਨੂੰ ਵੇਖ ਕੇ ਉਸ ਦੀ ਨਿੰਦਾ ਕਰਦਿਆਂ ਪ੍ਰੈਸ ਬਿਆਨ ਜਾਰੀ ਕਰਨਾ ਪਿਆ।" "ਸੇਵਾ ਦਲਾਂ (ਕਾਂਗਰਸੀ ਸਵੈਸੇਵੀ ਦਸਤਿਆਂ) ਨੂੰ ਪੈਸੇ ਵੰਡੇ ਜਾ ਰਹੇ ਹਨ ਜੋ ਕਿ ਪਿੰਡਾਂ 'ਚ ਛਾਪਿਆ ਸਮੇਂ ਲੁਟੇ ਗਏ ਸਨ। ਸ਼ਰਾਬਖੋਰ ਤੇ ਅਪਰਾਧੀ ਪਿੰਡਾਂ ਦੇ ਕਾਂਗਰਸੀ ਨੇਤਾ ਹੋ ਗਏ ਹਨ। ਥਾਂ ਥਾਂ ਲੁੱਟ ਮਾਰ ਹੋ ਰਹੀ ਹੈ। ਕਤਲ ਕੀਤੇ ਜਾ ਰਹੇ ਹਨ। (ਪੰਨਾ 171) ਹੇਠਾਂ ਇਕ ਅਜਿਹੀ ਘਟਨਾ ਦਾ ਜ਼ਿਕਰ ਹੈ ਜਿਸ ਦਾ ਵਰਨਣ ਐਨ ਜੀ ਰੰਗਾਂ ਨੇ ਭ੍ਰਾਤਾ ਗੋਗਿਨੇਨੀ ਲਕਸ਼ਮੀ ਨਰਾਇਣ ਨੇ ਕੀਤਾ ਹੈ।"ਕੇ ਲਕਸ਼ਮੀ ਨਰਾਇਣ ਨੇ, ਜੋ ਕਿ ਪੁਲਸੀਆ ਅਤਿਆਚਾਰ ਦੇ ਸ਼ਿਕਾਰ ਸਨ, ਨੇ ਦੱਸਿਆ "ਕਰੀਬ 4 ਵਜੇ ਪੁਲਸ ਆਈ ਉਹਨਾਂ ਨੇ ਪੁੱਛਿਆ : ਕੁੱਤੇ ਦੇ ਪੁੱਤ, ਕੀ ਤੁਸੀਂ ਕਮਿਊਨਿਸਟ ਨੇਤਾ ਹੋ? ਅਜਿਹਾ ਪੁੱਛਦੇ ਉਸ ਨੂੰ ਬਹੁਤ ਕੁੱਟਿਆ ਗਿਆ, ਉਹ ਬੇਹੋਸ਼ ਹੋ ਗਿਆ। ਉਹਨਾਂ ਨੇ ਉਸ ਦੇ ਘਰ ਦੇ ਖਾਦ ਪਦਾਰਥ ਤੇ ਦੂਜੀਆਂ ਚੀਜ਼ਾਂ ਬਰਬਾਦ ਕਰ ਦਿੱਤੀਆਂ।

ਸਾਰਾ ਪੈਸਾ ਲੁੱਟ ਲਿਆ ਗਿਆ ਅਤੇ ਭੱਜ ਗਏ, ਦਰਵਾਜ਼ੇ ਤੇ ਮੰਜੇ ਤੋੜ ਗਏ.........।" (ਪੰਨਾ 172)

"ਇੰਜ ਹੀ ਪੀਚੀਰੇਡੀ ਨੂੰ ਬੰਦੂਕ ਦੇ ਬੱਟਾਂ ਤੇ ਲਾਠੀਆਂ ਨਾਲ ਮਾਰਿਆ ਗਿਆ ਉਹਨਾਂ ਦੀ ਜਾਇਦਾਦ ਨਸ਼ਟ ਕਰ ਦਿੱਤੀ ਗਈ। ਉਹਨਾਂ ਨੂੰ ਗ੍ਰਿਫਤਾਰ ਕਰਕੇ ਸੁਬਾਰੇਡੀ ਦੇ ਘਰ ਲਿਜਾਇਆ ਜਾਣ ਲੱਗਿਆ। (ਇਹ ਸੁਬਾਰੇਡੀ ਬਹੁਤ ਵੱਡਾ ਭੂਸੁਆਮੀ ਹੈ ਅਤੇ ਇਹ ਇਹਨਾਂ ਹਮਲਿਆਂ ਦਾ ਵਰਵਰਤਕ ਸੀ) ਤਦ ਸੁਬਾਰੇਡੀ ਰਾਹ 'ਚ ਮਿਲ ਗਏ। ਪੁਲਸ ਅਧਿਕਾਰੀ ਨੇ ਸੁਬਾਰੈਡੀ ਤੋਂ ਪੁੱਛਿਆ ਗਿਆ ਕਿ ਕੀ ਤੁਸੀਂ ਆਪ ਸੰਤੁਸ਼ਟ ਹੋ ਉਹਨਾਂ ਜੁਆਬ ਦਿੱਤਾ 'ਨਹੀਂ, ਅਜੇ ਨਹੀਂ' ਕੁਝ ਹੋਰ ਲੋਕਾਂ ਦੀ ਕਤਾਰ 'ਚ ਬਿਠਾ ਕੇ ਕੁੱਟਿਆ ਜਾਣਾ ਚਾਹੀਦਾ ਹੈ।" (ਪੰਨਾ 172)

"ਸੱਤ ਕਿਸਾਨਾਂ ਨੂੰ ਕੋਡੂਰ, ਵੇਲਵਾਡਮ, ਗਣਪਵਾਰਮ ਦੇ ਪਿੰਡਾਂ ਤੋਂ ਜਬਰੀ ਖਿਚ ਲਿਆ ਗਿਆ ਅਤੇ ਕਥਿਤ ਤੌਰ 'ਤੇ ਉਹਨਾਂ ਨੂੰ ਮਾਇਲਾਵਰਸ ਦੇ ਨੇੜੇ ਬੁਚਾਰੇਡੀ ਪਾਲਸ 'ਚ ਮਾਰ ਦਿੱਤਾ ਗਿਆ-ਚਲਾਪਲੀ ਨਾਰਾਇਣ ਨੇ ਤਤਿਆ ਨੂੰ, ਜੋ ਕਿ ਕੋਠਾ ਪਾਲਸ 'ਚ ਕਿਧਰੇ ਛੁਪੇ ਹੋਏ ਸਨ। ਭੂਇੰ ਮਾਲਕ ਅਭਿਜਾਤੀਆਂ ਦੀ ਪਾਰਟੀ ਦੇ ਆਦਮੀ ਨੇ ਫੜ ਲਿਆ ਅਤੇ ਪੁਲਸ ਦੇ ਖੇਤਰਾਧਿਕਾਰੀ ਅਵਨਿਗਡਾ ਨੂੰ ਸੌਂਪ ਦਿੱਤਾ। ਉਹਨਾਂ ਨੂੰ ਗੋਲੀ ਮਾਰ ਦਿੱਤੀ ਗਈ। ਇਸੇ ਪੁਲਸ ਤੇ ਕਮਿਊਨਿਸਟਾਂ ਵਿਚਕਾਰ ਮੁਕਾਬਲੇ ਵਜੋਂ ਰਿਪੋਰਟ ਵੀ ਕੀਤੀ ਗਈ। ਪਰ ਪਿੱਛੋਂ ਇਹ ਜਾਣਕਾਰੀ ਹਾਸਲ ਹੋਈ ਕਿ ਜਿਹਨਾਂ ਆਦਮੀਆਂ ਨੇ ਉਹਨਾਂ ਲੋਕਾਂ ਨੂੰ ਫੜਿਆ ਸੀ ਉਹਨਾਂ ਨੂੰ ਇਨਾਮ ਵੰਡਿਆ ਗਿਆ-ਮੁਵਾ ਪਿੰਡ ਦੇ ਵੰਕਟੇਸ਼ਵਰ ਰਾਓ ਨੂੰ ਭੂਮੀ ਮਾਲਕ ਦੋਸ਼ੀਆਂ ਦੀ ਪਾਰਟੀ ਦੇ ਆਦਮੀਆਂ ਵਲੋਂ ਫੜ ਲਿਆ ਗਿਆ ਅਤੇ ਪੇਡਾਮੁਕਦੇਵੀ ਥਾਣੇ 'ਚ ਕੁੱਟ-ਕੁੱਟ ਕੇ ਮਾਰ ਦਿੱਤਾ।" (ਪੰਨਾ 172) ਇਸ ਪਿੰਡ 'ਚ ਪੁਲਸ ਨੂੰ ਚਾਰ ਲਾਸ਼ਾਂ ਮਾਲੀਆ ਤੇ ਉਹਨਾਂ ਨੂੰ ਮੈਜਿਸਟਰੇਟ ਨੇ ਦੱਸਿਆ ਕਿ 'ਮੁਠਭੇੜ' ਹੋਈ ਸੀ" (ਪੰਨਾ 173)

'ਜਸਤੀ ਰਾਘਵਇਆ ਤੇ ਮੁਕਮਾਲਾ ਰਾਓ ਜਮਾਨਤ 'ਤੇ ਛੁੱਟੇ ਸਨ ਜਿਹਨਾਂ 'ਤੇ ਮੁਕੱਦਮਾ ਚੱਲ ਰਿਹਾ ਸੀ। ਉਹ ਹਰੇਕ ਸੁਣਾਈ 'ਚ ਰੇਗੂਲਰ ਹਾਜ਼ਰ ਹੁੰਦੇ ਸਨ। ਇਕ ਮਤ ਵਿਸ਼ੇਸ਼ ਪੁਲਸ ਨੇ ਉਹਨਾਂ ਨੂੰ ਉਹਨਾਂ ਦੇ ਘਰੋਂ ਕੱਢ ਕੇ ਕਿਸੇ ਅਗਿਆਤ ਥਾਂ 'ਤੇ ਲਿਜਾਇਆ ਗਿਆ (ਅਤੇ ਗੋਲੀ ਮਾਰ ਦਿੱਤੀ ਗਈ)"- (ਪੰਨਾ 173)

"ਹਾਲਾਤ ਅਕਲਪਨਈ ਹੱਦ ਤੱਕ ਵਿਗੜ ਚੁੱਕੇ ਹਨ। ਸਾਡੀ ਅਜ਼ਾਦੀ ਸਥਾਨਕ ਨੇਤਾਵਾਂ 'ਤੇ ਰਾਜਸੀ ਸ਼ਕਤੀ ਵਾਲਿਆਂ ਦੀ ਦਯਾ 'ਤੇ ਨਿਰਭਰ ਹੈ। ਇਕ ਪੁਲਿਸ ਅਧਿਕਾਰੀ 'ਚ ਚਾਹੇ ਜਿੰਨੇ ਮਰਜ਼ੀ ਆਦਮੀਆਂ ਤੇ ਗੋਲੀਆਂ ਵਰਾ ਸਕਦਾ ਹੈ। ਇਸ ਵਿਰੁੱਧ ਕੋਈ ਆਵਾਜ਼ ਨਹੀਂ ਉਠਾ ਸਕਦਾ ਹੈ। ਪੁਲਸ ਅਧਿਕਾਰੀਆਂ ਨੂੰ ਕਿਸੇ ਦੂਜੇ ਕਨੂੰਨ ਰਾਹੀਂ ਸੁਰਖਿਆ ਪ੍ਰਦਾਨ ਕੀਤੀ ਗਈ ਹੈ। ਇਹਨਾਂ ਅਧਿਕਾਰਾਂ ਕਰਕੇ ਪੁਲਸ ਅਧਿਕਾਰੀ ਡਾਇਰ ਦੇ ਪੂਰਨਿਆਂ 'ਚ ਚੱਲ ਰਹੇ ਹਨ।" (ਪੰਨਾ 173)

"ਅਜਿਹੀ ਸੀ ਕਾਂਗਰਸ ਦੀ ਪੈਸ਼ਾਚਿਕ ਹੱਤਿਆ ਦੀ ਹਕੂਮਤ ਤੇ ਫਿਰ ਵੀ ਭਾਰਤੀ ਸੰਘ ਦੇ ਉਪ ਪ੍ਰਧਾਨ ਮੰਤਰੀ ਸਰਦਾਰ ਪਟੇਲ ਨੇ ਕਮਿ: ਪਾਰਟੀ 'ਤੇ ਹੱਤਿਆ, ਸਾੜ ਫੂਕ ਤੇ ਲੁੱਟਮਾਰ ਦਾ ਝੂਠਾ ਦੋਸ਼ ਲਾਇਆ। ਸਾਮਰਥਸ਼ਾਲੀ ਸਰਕਾਰ ਲੋਕਰਾਜੀ ਪ੍ਰੈਸ ਨੂੰ ਬੰਦ ਕਰਨ ਦਾ ਹੁਕਮ ਦੇਣ ਬਾਅਦ ਹੀ ਅਤੇ ਫਾਸ਼ਿਸ਼ਟ ਦਹਿਸ਼ਤਗਰਦੀ, ਕਮਿਊਨਿਸਟ ਪਾਰਟੀ ਤੇ ਵੱਡੇ ਵੱਡੇ ਸੰਗਠਨਾਂ 'ਤੇ ਚੋਕ ਲਾਉਣ ਬਾਅਦ ਹੀ ਅਤੇ

ਫਾਸ਼ਿਸ਼ਟ ਅੱਤਵਾਦ ਤੇ ਮੱਧ ਕਲੀਨ ਜਾਲਮ ਸਾਮਰਾਜਵਾਦ ਦੀ ਆਪਣੀ ਹਕੂਮਤ ਨੂੰ ਲਾਗੂ ਕਰਨ ਪਿੱਛੋਂ ਹੀ ਅਜਿਹਾ ਕਰ ਸਕੇ ਅਤੇ ਦੁਰਪ੍ਰਚਾਰ ਲਈ ਆਪਣੀ ਰਖੈਚ ਪ੍ਰੈਸ ਨੂੰ ਇਸ ਤਰ੍ਹਾਂ ਦਾ ਬਿਆਨ ਦਿੱਤਾ।'' (ਪੰਨਾ 174)

ਭਾਰਤ ਫੌਜ ਦੇ ਤਿਲੰਗਾਨਾ 'ਚ ਦਾਖਲੇ ਪਿੱਛੋਂ ਅਣਗਿਣਤ ਗਰੀਬ ਲੋਕ ਬਰਬਾਦ ਹੋ ਗਏ। ਸਵਰਨ ਤੇ ਅਛੂਤ ਦੋਨੋਂ ਝੁੰਡਾ ਦੇ ਝੰਡੇ ਵੱਢ ਦਿੱਤੇ ਗਏ। ਫੌਜ ਅਤਿਆਚਾਰੀ ਰੂਪ 'ਚ ਚਲਦੀ ਗਈ। ਠੀਕ ਉਸ ਸਮੇਂ ਅੰਬੇਦਕਰ-ਜੋ ਕਿ ਇਹ ਦਾਅਵਾ ਕਰਦੇ ਸਨ ਕਿ ਦਲਿਤ ਜਾਤੀਆਂ ਦਾ ਕਲਿਆਣ ਹੀ ਮੇਰਾ ਉਦੇਸ਼ ਹੈ-ਜਿਸ ਕੰਮ ਨੂੰ ਅੱਗੇ ਵਧਾ ਰਹੇ ਸਨ ਉਸ ਸੀ ਭਾਰਤ ਦੇ ਸੰਵਿਧਾਨ ਵਿਰੁੱਧ ਹਰੇਕ ਅਲੋਚਨਾ ਦੀ ਨਿੰਦਾ ਕਰਨੀ ਅਤੇ ਸੰਵਿਧਾਨ ਸਭਾ 'ਚ ਇਹ ਐਲਾਨ ਕਰਦੇ ਹੋਏ ਭਾਸ਼ਣ ਦੇਣਾ ਕਿ ਇਹ ਦਸਤਾਵੇਜ ਕਿੰਨਾ ਉਤਮ ਹੈ। ਕੀ ਤੁਹਾਨੂੰ ਯਾਦ ਹੈ ਕਿ ਅੰਬੇਦਕਰ ਨੇ ਸੰਵਿਧਾਨ ਸਭਾ 'ਚ ਕਿੰਨੇ ਸੁਆਲ ਰੱਖੇ?'' ਲੋਕ ਦਰਿਦਤਾ ਦਾ ਨਰਕੀ ਜੀਵਨ ਜਿਉਂ ਰਹੇ ਹਨ ਉਹਨਾਂ ਨੂੰ ਸਮਾਜਕ ਤੇ ਆਰਥਕ ਬਰਾਬਰੀ ਦੀ ਲੋੜ ਹੈ-ਅਸੀਂ ਇਹਨਾਂ ਅੰਤਰ ਵਿਰੋਧਾਂ ਨੂੰ ਕਦੋਂ ਤਕ ਜਾਰੀ ਰੱਖਾਂਗੇ? ਅਤੇ ਕੀ ਉਹ ਤੁਹਾਨੂੰ ਯਾਦ ਹੈ ਕਿ ਜੋ ਉਹਨਾਂ ਨੇ ਦੂਜੇ ਮੌਕਿਆਂ 'ਤੇ ਉਪਦੇਸ਼ ਦਿੱਤੇ। 'ਦਲਿਤ ਵਰਗਾਂ ਕੋਲ ਜ਼ਮੀਨ ਨਹੀਂ ਹੈ। ਜ਼ਮੀਨ ਉਚ ਵਰਗਾਂ ਦੇ ਹੱਥਾਂ ਵਿਚ ਹੈ ਜੋ ਕਿ ਉਹਨਾਂ ਦਾ ਹਥਿਆਰ ਹੈ। ਦਲਿਤਾਂ ਵਰਗਾਂ ਨੂੰ ਰਾਜਸੀ ਸ਼ਕਤੀ ਹਾਸਲ ਕਰਨੀ ਚਾਹੀਦੀ ਹੈ?

ਜਦ ਪੇਂਡੂ ਇਲਾਕੇ ਦੀ ਗਰੀਬ ਜਨਤਾ ਆਪਣੀ ਗਰੀਬੀ ਤੋਂ ਛੁਟਕਾਰਾ ਪਾਉਣ ਲਈ ਆਪਣਾ ਜੀਵਨ ਦਾਅ 'ਤੇ ਲਾ ਦਿੰਦੀ ਹੈ ਤਾਂ ਇਸ 'ਚ ਕੋਈ ਹੈਰਾਨੀ ਨਹੀਂ ਹੈ ਕਿ ਲੁਟੇਰੀ ਸੱਤਾ ਲੋਕਾਂ ਦੀ ਲੁੱਟ ਕਰਨ ਦੀ ਕੋਸ਼ਿਸ਼ ਕਰੇਗੀ। ਲੁਟੇਰਾ ਵਰਗ ਦੂਜਿਆਂ ਦੀ ਲੁੱਟ ਕਰਨ ਤੋਂ ਆਪਣੇ ਆਪ ਨੂੰ ਨਹੀਂ ਰੋਕ ਸਕਦਾ ਹੈ। ਪਰ ਸਾਡਾ ਸਰੋਕਾਰ ਹਕੂਮਤੀ ਸੱਤਾ ਨਾਲ ਨਹੀਂ ਹੈ। ਸਾਡਾ ਸਰੋਕਾਰ ਅੰਬੇਦਕਰ ਨਾਲ ਹੈ। ਕੀ ਉਸ ਅੰਬੇਦਕਰ ਨੂੰ ਇਹ ਨਹੀਂ ਪਤਾ ਸੀ ਕਿ ਭਾਰਤੀ ਫੌਜ ਤਿਲੰਗਾਨਾ ਦੇ ਪਿੰਡਾਂ 'ਚ ਕੀ ਕਰ ਰਹੀ ਹੈ। ਜਿਸ ਅੰਬੇਦਕਰ ਨੇ ਬੁੱਧ ਦੀ ਅਹਿੰਸਾ, ਬੀਤੇ ਦੇ ਹਿੰਦ ਰਾਜਿਆਂ ਦੇ ਲੋਕਤੰਤਰ ਅਤੇ ਬਿਨਾਂ ਖੂਨ ਵਹਾਏ ਅਜ਼ਾਦੀ ਤੇ ਭਾਈਚਾਰੇ ਉਪਰ ਲੰਬਾ ਚੌੜਾ ਭਾਸ਼ਣ ਦਿੱਤਾ ਸੀ? ਇਸ ਅਨੁਸਾਰ ਸਾਰੇ ਦੇਸ਼ ਵਾਸੀਆਂ ਨੂੰ ਕਨੂੰਨ ਅਨੁਸਾਰ ਕੰਮ ਕਰਨਾ ਚਾਹੀਦਾ ਹੈ ਇਸ ਦਾ ਅਰਥ ਹੈ ਕਿ ਜੇ ਗਰੀਬਾਂ ਨੂੰ ਜ਼ਮੀਨ ਚਾਹੀਦੀ ਹੈ ਤੇ ਉਹਨਾਂ ਨੂੰ ਪੈਸਾ ਦੇ ਕੇ ਖਰੀਦਣੀ ਪਵੇਗੀ ਪਰ ''ਜਮਾਤੀ ਘੋਲ'' ਦੇ ਨਾਂ ਹੇਠ ਜਿਮੀਦਾਰੀ ਵਰਗ ਦੇ ਖਿਲਾਫ ਨਹੀਂ ਲੜਨਾ ਚਾਹੀਦਾ। ਇਹ ਨਜਾਇਜ਼ ਹੋਵੇਗਾ, ਗੈਰ-ਕਨੂੰਨੀ ਹੋਵੇਗਾ। ਲੋਕਾਂ ਨੂੰ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ ਤੇ ਖੂਨ ਦੀ ਆਖਰੀ ਬੂੰਦ ਤਕ ਦੇਸ਼ ਦੀ ਆਜ਼ਾਦੀ ਦੀ ਰਾਖੀ ਕਰਨੀ ਚਾਹੀਦੀ ਹੈ। ਸਰਕਾਰ ਨੂੰ ਛੋਟੇ ਮੋਟੇ ਕਾਰਨਾਂ ਕਰਕੇ ਲੋਕਾਂ ਵਿਰੁੱਧ ਪੁਲਸ ਨਹੀਂ ਭੇਜਣੀ ਚਾਹੀਦੀ ਪਰ ਅਜਿਹੀ ਗੰਭੀਰ ਹਾਲਤ 'ਚ ਵੀ ਪੁਲਸ ਦੀ ਵਰਤੋਂ ਨਾ ਕਰਨ ਤਾਂ ਕੀ ਕਰਨ? ਸੰਵਿਧਾਨ ਅਨੁਸਾਰ ਜਿਮੀਦਾਰ ਵਰਗ ਦੀਆਂ ਜਾਇਦਾਦਾਂ ਦੀ ਰਾਖੀ ਕਰਨ ਲਈ ਸਰਕਾਰ ਮਜ਼ਬੂਰ ਹੈ। ਬਿਨਾਂ ਮੁਆਵਜ਼ਾ ਦਿੱਤਿਆਂ ਉਹਨਾਂ ਦੀ ਜ਼ਮੀਨ ਨਹੀਂ ਖੋਹੀ ਜਾਣੀ ਚਾਹੀਦੀ। ਇਸ ਲਈ ਲੋਕਾਂ 'ਤੇ ਜਬਰ ਕਰਨ ਤੋਂ ਸਿਵਾਏ ਸਰਕਾਰ ਕੋਲ ਕੋਈ ਚਾਰਾ ਹੀ ਨਹੀਂ ਹੈ। ਇਸ ਨੇ ਆਪਣਾ ਕੰਮ ਕੀਤਾ ਹੈ-ਇਹ ਹੈ ਅੰਬੇਦਕਰ ਦਾ ਵਿਚਾਰ। ਆਪਣੀ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ

’ਤੇ ਫੌਜ ਵਲੋਂ ਕੀਤੇ ਅਤਿਆਚਾਰਾਂ ਨਾਲ ਉਹ ਭੋਰਾਭਰ ਵੀ ਬੇਚੈਨ ਨਹੀਂ ਹੋਏ। ਉਹ ਲੋਕਤੰਤਰ ਦੀ ਰਾਖੀ ਦੇ ਨਾਂ ਹੇਠ ਸਰਕਾਰ ਦੀ ਹਮਾਇਤ ’ਚ ਖੜ੍ਹੇ ਹੋ ਗਏ। ਆਪਣਾ ਮੰਤਰੀ ਅਹੁੱਦਾ ਛੱਡੇ ਬਿਨਾਂ ਉਹ ਸਰਕਾਰ ’ਚ ਬੇਝਿਜਕ ਬਣੇ ਰਹੇ।

ਕਾਂਗਰਸ ਨਾਲ ਸਬੰਧ – ਜਦ ਅੰਬੇਦਕਰ ਦਾ ਕਾਂਗਰਸ ਪ੍ਰਤੀ ਹਮਾਇਤ ਦਾ ਦ੍ਰਿਸ਼ ਪੂਰਾ ਹੋ ਗਿਆ ਤਾਂ ਅੰਬੇਦਕਰ ਪ੍ਰਤੀ ਕਾਂਗਰਸ ਦਾ ਝੁਕਾਅ ਵੀ ਖਤਮ ਹੋ ਗਿਆ। ਅੰਬੇਦਕਰ ਨੂੰ ਮਨਪਸੰਦ ਮੰਤਰਾਲਾ ਮਿਲਣ ਦੀ ਕੋਈ ਗੁੰਜਾਇਸ਼ ਨਹੀਂ ਸੀ ਅਤੇ ਹੋਰ ਤਾਂ ਹੋਰ ਕਿਸੇ ਨਵਗਠਿਤ ਕਮੇਟੀ ’ਚ ਵੀ ਉਹਨਾਂ ਨੂੰ ਨਹੀਂ ਲਿਆ ਗਿਆ। ਉਹ ਚਾਰ ਸਾਲਾਂ ਤਕ ਬੇਹੱਦ ਸਬਰ ਨਾਲ ਉਡੀਕ ਕਰਦੇ ਰਹੇ ਪਰ ਕਦੋਂ ਤਕ ਉਹ ਉਡੀਕਦੇ। ਉਮੀਦਾਂ ਖਤਮ ਹੋ ਗਈਆਂ। ਉਹ ਨਿਰਾਸ਼ ਹੋ ਗਏ। 27 ਸਤੰਬਰ 1955 ਨੂੰ ਵਿਧੀ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਪ੍ਰਧਾਨ ਮੰਤਰੀ ਨੇ ਅਸਤੀਫਾ ਵਾਪਸ ਲੈਣ ਲਈ ਨਹੀਂ ਕਿਹਾ। ਅੰਬੇਦਕਰ ਨੇ ਆਪਣਾ ਅਸਤੀਫਾ ਚਾਰ ਕਾਰਨਾਂ ਕਰਕੇ ਦਿੱਤਾ ਪਹਿਲਾ ਵੱਡਾ ਕਾਰਨ ਸੀ ਕਿ ਉਹਨਾਂ ਨੂੰ ਮਨਪਸੰਦ ਦੀ ਮਨਿਸਟਰੀ ਨਹੀਂ ਮਿਲੀ। ਦੂਜਾ ਸਰਕਾਰ ਨੇ ਦਲਿਤ ਦੀ ਰਾਖੀ ਦੀ ਸਹੀ ਵਿਵਸਥਾ ਨਹੀਂ ਕੀਤੀ, ਤੀਜਾ ਸਰਕਾਰ ਦੀ ਵਿਦੇਸ਼ ਨੀਤੀ ਉਹਨਾਂ ਨੂੰ ਮੰਜੂਰ ਨਹੀਂ ਸੀ ਮੰਤਰੀਆਂ ਨੂੰ ਜਿਸ ਤਰ੍ਹਾਂ ਕਮੇਟੀ ਦੇ ਫੈਸਲਿਆਂ ਦਾ ਅਨੁਚਾਰ ਮੰਨਿਆ ਜਾਂਦਾ ਸੀ ਉਹ ਉਹਨਾਂ ਨੂੰ ਮੰਜੂਰ ਨਹੀਂ ਸੀ (ਭਾਵ ਤਿਲੰਗਾਨਾ ਤੇ ਕੀਤੇ ਅਤਿਆਚਾਰ ਉਹਨਾਂ ਨੂੰ ਪਸੰਦ ਸਨ) ਮਨਚਾਹੇ ਮੰਤਰਾਲੇ ਦਾ ਨਾ ਮਿਲਣਾ ਹੀ ਅੰਬੇਦਕਰ ਦੇ ਅਸਤੀਫੇ ਦਾ ਮੁੱਖ ਕਾਰਨ ਸੀ।

ਉਹਨਾਂ ਨੂੰ ਵਿਧੀ ਵਿਭਾਗ ਪਸੰਦ ਨਹੀਂ ਆਇਆ। ਉਹਨਾਂ ਕਿਹਾ “ਕੇਂਦਰੀ ਮੰਤਰੀ ਮੰਡਲ ’ਚ ਵਿਧੀ ਮੰਤਰਾਲੇ ਦਾ ਮਹੱਤਵ ਬਹੁਤ ਘੱਟ ਹੈ। ਉਹਨੀਂ ਦਿਨੀਂ ਵੀ ਘੱਟ ਸੀ ਜਦ ਮੈਂ ਵਾਇਸਰਾਏ ਦੀ ਕਾਰਜਕਰਨੀਆਂ ’ਚ ਮੈਂਬਰ ਵਜੋਂ ਸੇਵਾ ਕੀਤੀ। ਸਰਕਾਰ ਨੀਤੀਆਂ ਬਣਾਉਣ ’ਚ ਵਿਧੀ ਮੰਤਰੀ ਦੀ ਭੂਮਿਕਾ ਬਹੁਤ ਸੀਮਤ ਹੁੰਦੀ ਹੈ ਇਸ ਵਿਧੀ ਮੰਤਰਾਲੇ ਨੂੰ ਵਾਧੂ ਸਾਬਨਦਾਨੀ ਦੱਸਣਾ ਆਮ ਗੱਲ ਹੈ।

ਜਿਸ ਅੰਬੇਦਕਰ ਨੇ ਸਾਲ ਭਰ ਪਹਿਲਾਂ ਵਿਧੀ ਵਿਭਾਗ ਨੂੰ ਵਾਧੂ ਸਾਬਨਦਾਨੀ ਦਸਿਆ ਸੀ, ਉਥੇ 22 ਦਸੰਬਰ 1952 ਨੂੰ ਪੂਨੇ ’ਚ ਇਕ ਮੀਟਿੰਗ ’ਚ ਬੋਲਦਿਆਂ ਵਿਧੀ ਵਿਭਾਗ ਦੀ ਇਹ ਕਹਿ ਕੇ ਪ੍ਰਸੰਸ਼ਾ ਕਰ ਰਹੇ ਸਨ ਕਿ ਇਹ ਲੋਕਤੰਤਰ ਨੂੰ ਕਿਵੇਂ ਰੱਖ ਸਕਦਾ ਹੈ। ਉਹਨਾਂ ਦਾ ਮਤਲਬ ਸੀ ਕਿ ਲੋਕਤੰਤਰ ਤਾਂ ਹੀ ਕਾਇਮ ਰਹਿ ਸਕਦਾ ਹੈ ਜੇ ਸਾਰੇ ਲੋਕ ਕਨੂੰਨ ਦੀ ਪਾਲਣਾ ਕਰਨ” ਵਿਧੀ ਮੰਤਰਾਲੇ ਦਾ ਇਹ ਫਰਜ਼ ਹੁੰਦਾ ਹੈ ਕਿ ਉਹ ਦੇਖੇ ਕਿ ਲੋਕਰਾਜੀ ਸਮਾਜ ’ਚ ਸਭ ਨੂੰ ਨਿਆਂ, ਬਰਾਬਰਤਾ ਅਜ਼ਾਦੀ ਅਧਿਕਾਰ ਵਜੋਂ ਹਾਸਲ ਹੋਵੇ। ਇਸ ਮਾਨਵਾਦੀ (ਅੰਬੇਦਕਰ) ਨੂੰ ਜੋ ਨਿਆਂ, ਬਰਾਬਰੀ ਲੋਕਤੰਤਰ ’ਤੇ ਸਭ ਕੁਝ ਸਭ ਲੋਕਾਂ ਲਈ ਮੁਹਈਆ ਕਰਾਉਣ ਦੀ ਚਿੰਤਾ ਹੈ। (ਤਿਆਗ ਪੱਤਰ ਦੇਣ ਦਾ) ਉਸ ਸਮੇਂ ਕੋਈ ਕਾਰਨ ਨਹੀਂ ਮਿਲਿਆ ਜਦ ਤਿਲੰਗਾਨਾ ਦੇ ਲੋਕ ’ਤੇ ਫੌਜ ਦਾ ਬੇਰਹਿਮ ਅਤਿਆਚਾਰ ਹੋ ਰਿਹਾ ਸੀ। ਆਪਣੀ ਮਨਪਸੰਦਾ ਦਾ ਮਹਿਕਮਾ ਨਾ ਮਿਲਣਾ ਹੀ ਸੱਤਾ ਛੱਡਣ ਦਾ ਮਜ਼ਬੂਤ ਕਾਰਨ ਸੀ। ਇਸ ਤਰ੍ਹਾਂ ਅੰਬੇਦਕਰ ਨੇ ਕਾਂਗਰਸ ਪ੍ਰਤੀ ਵਿਰੋਧ ਉਸਾਰ ਲਿਆ ਤੇ ਅੰਬੇਦਕਰ ਉਸ ਨੂੰ ਅਰਾਜਕ ਪਾਰਟੀ ਕਹਿਣ ਲੱਗ ਪਏ।

# ਜਦੋਂ ਗਰੀਬਾਂ ਦੇ ਕਣਕ-ਚੌਲ ਵਿਦੇਸ਼ਾਂ 'ਚ ਵਿਕੇ?

ਉਤਰ ਪ੍ਰਦੇਸ਼ ਤੇ ਅਰੁਣਾਚਲ ਪ੍ਰਦੇਸ਼ ਕੀ ਕੋਈ ਖਾਸ ਸਾਂਝ ਜਾਂ ਬਰਾਬਰੀ ਹੋ ਸਕਦੀ ਹੈ? ਸ਼ਾਇਦ ਨਹੀਂ, ਪਰ ਭਾਰਤ ਦੇਸ਼ ਦੇ ਇਹਨਾਂ ਦੋ ਸੂਬਿਆਂ 'ਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪ੍ਰੀਵਾਰਾਂ, ਜਵਾਹਰ ਪੇਂਡੂ ਰੁਜ਼ਗਾਰ ਯੋਜਨਾ, ਅੰਤੋਦਿਆ ਯੋਜਨਾ ਤੇ ਮਿਡ-ਡੇ-ਮੀਲ ਲਈ ਜਾਰੀ ਕੀਤਾ ਗਿਆ ਅਰਬਾਂ ਰੁਪਿਆ ਦਾ ਅਨਾਜ ਉਹਨਾਂ ਤਕ ਨਹੀਂ ਪਹੁੰਚਿਆ ਜਿਹਨਾਂ ਲਈ ਕੱਢਿਆ ਗਿਆ ਸੀ ਬਲਕਿ ਸਾਰੇ ਦਾ ਸਾਰਾ ਅਨਾਜ ਵਪਾਰੀਆਂ-ਅਫਸਰਾਂ ਨੇਤਾਵਾਂ ਦੇ ਮਾਫੀਆ ਗ੍ਰੋਹ ਨੇ ਨੇਪਾਲ-ਬੰਗਲਾ ਦੇਸ਼ 'ਚ ਖੁੱਲ੍ਹੇ ਬਜ਼ਾਰ 'ਚ ਵਿਕਵਾ ਦਿੱਤਾ ਅਤੇ ਲੁੱਟੇ ਅਰਬਾਂ ਰੁਪਏ ਨੂੰ ਆਪਸ 'ਚ ਵੰਡ ਲਿਆ। ਦੋਨੋਂ ਸੂਬਿਆਂ 'ਚ ਇਹ ਗੋਰਖ ਧੰਦਾ ਸਾਲਾਂ ਤੋਂ ਜਾਰੀ ਹੈ ਅਤੇ ਦੋਨੋਂ ਸੂਬਿਆਂ 'ਚ ਸਰਕਾਰ ਦੇ ਕਾਲੇ ਕਾਰਨਾਮਿਆਂ ਨੂੰ ਉਜਾਗਰ ਕਰਨ ਲਈ ਲੱਗੇ ਕੁਝ ਸਜਨਾਂ ਨੇ ਮਾਮਲੇ ਨੂੰ ਵਾਰ-ਵਾਰ ਅਦਾਲਤ ਤਕ ਪਹੁੰਚਾਇਆ ਹੈ। ਹਾਂ, ਫਰਕ ਹੈ ਤਾਂ ਸਿਰਫ ਏਨਾ ਕਿ ਉਤਰ ਪ੍ਰਦੇਸ਼ 'ਚ ਸੀ ਬੀ ਆਈ ਨੇ ਅਜੇ ਤਕ ਕੋਈ ਵੱਡੀ ਗ੍ਰਿਫਤਾਰੀ ਵੀ ਨਹੀਂ ਕੀਤੀ ਹੈ। ਜਦ ਕਿ ਅਰੁਣਾਚਲ ਪ੍ਰਦੇਸ਼ 'ਚ ਘੋਟਾਲੇ ਦੀ ਸ਼ੁਰੂਆਤ ਸਮੇਂ ਮੁੱਖ ਮੰਤਰੀ ਰਹੇ ਗੇਗਾਂਗ ਅਪਾਂਗ ਇਸ ਮਾਮਲੇ 'ਚ ਕੋਈ 50 ਦਿਨ ਤਕ ਜੇਲ੍ਹ ਦੀ ਹਵਾ ਖਾ ਚੁੱਕੇ ਹਨ। ਉਤਰ ਪ੍ਰਦੇਸ਼ 'ਚ ਕਿਸੇ ਮੁੱਖ ਮੰਤਰੀ ਜਾਂ ਸਾਬਕਾ ਮੁੱਖ ਮੰਤਰੀ ਨਾਲ ਅਜਿਹਾ ਹੋਵੇਗਾ, ਸੰਭਵ ਤਾਂ ਨਹੀਂ ਲੱਗਦਾ। ਹਾਲ ਦੀ ਘੜੀ ਪਹਿਲਾਂ ਕੇਸ ਉਤਰ ਪ੍ਰਦੇਸ਼ ਦਾ ਲਖਨਾਊ ਨਿਵਾਜੀ, ਪੇਸ਼ੇ ਤੋਂ ਵਕੀਲ, 44 ਸਾਲਾ ਵਿਸ਼ਵ ਨਾਥ ਚਤਰਵੇਦੀ ਨੇ ਹਾਈਕੋਰਟ 'ਚ ਇਕ ਜਨਹਿਤ ਪਟੀਸ਼ਨ ਕਰਕੇ ਮਾਮਲਾ ਉਜਾਗਰ ਕੀਤਾ ਸੀ। ਪਟੀਸ਼ਨ 'ਚ ਦੱਸਿਆ ਗਿਆ ਸੀ ਕਿ ਇਹਨਾਂ ਸਰਕਾਰੀ ਯੋਜਨਾਵਾਂ ਦਾ ਅਨਾਜ, ਅਫਸਰ-ਵਪਾਰੀ-ਨੇਤਾ ਗ੍ਰੋਹ ਨੇ ਕਿਸ ਤਰ੍ਹਾਂ ਲੁੱਟਿਆ? ਇਥੇ ਪੰਚਾਇਤਾਂ ਦੇ 'ਪੰਚ-ਪ੍ਰਮੇਸ਼ਵਰਾਂ' ਨੇ ਸਭ ਤੋਂ ਵੱਡੀ ਭੂਮਿਕਾ ਨਿਭਾਈ ਦਰਅਸਲ ਮਾਇਆਵਤੀ ਸਰਕਾਰ ਦੇ ਕੈਬਨਿਟ ਸਕੱਤਰ ਸਸੰਕ ਸ਼ੇਖਰ ਨੇ 2007 'ਚ ਤਿੰਨ ਜ਼ਿਲ੍ਹਿਆਂ (ਲਖੀਮਪੁਰ, ਖੀਰੀ, ਬਲਿਆ ਤੇ ਸੀਤਾਪੁਰ) 'ਚ 2004 'ਚ ਹੋਏ ਘਪਲਿਆਂ ਦੀ ਜਾਂਚ ਕਰਾਉਣ ਦਾ ਐਲਾਨ ਕੀਤਾ ਸੀ। ਤਦ ਜੋ ਅਨੁਮਾਨ ਲਾਇਆ ਗਿਆ ਸੀ ਉਹ ਸੀ ਇਕ ਸਾਲ 'ਚ ਲਗਭਗ 35 ਹਜ਼ਾਰ ਕਰੋੜ ਦੀ ਲੁੱਟ ਕੋਈ ਵੀ ਇਹ ਅੰਦਾਜ਼ਾ ਲਾ ਸਕਦਾ ਹੈ ਕਿ ਜੇ 2002 'ਚ ਇਹ ਲੁੱਟ ਸ਼ੁਰੂ ਹੋਈ ਤਾਂ 2007-08 ਤਕ ਸਿਰਫ ਤਿੰਨ ਜ਼ਿਲ੍ਹਿਆਂ 'ਚ ਕਿੰਨੀ ਲੁੱਟ ਹੋਈ ਹੋਵੇਗੀ ਤੇ ਫਿਰ ਜਦ ਤੱਥ ਇਹ ਕਹਿੰਦੇ ਹੋਣ ਕਿ ਘੋਟਾਲਾ ਸਿਰਫ ਤਿੰਨਾਂ 'ਚ ਨਹੀਂ ਰਾਜ ਦੇ 72 'ਚੋਂ 54 ਜ਼ਿਲ੍ਹਿਆਂ 'ਚ ਚੱਲ ਰਿਹਾ ਹੈ ਤਾਂ ਪੂਰੇ ਘਪਲੇ ਦਾ ਆਕਾਰ ਦੇਸ਼ ਦੇ ਸਭ ਤੋਂ ਵੱਡੇ-ਘਪਲੇ ਵਜੋਂ ਉਭਰੇਗਾ। ਸੀ ਬੀ ਆਈ ਜਿਸ ਨੇ ਇਹਨਾਂ ਤਿੰਨ ਜ਼ਿਲ੍ਹਿਆਂ ਦੀ ਅਰੰਭਿਕ ਜਾਂਚ ਕੀਤੀ ਅਤੇ ਉਤਰ ਪ੍ਰਦੇਸ਼ ਦੀ ਐਸ ਆਈ ਟੀ ਦੋਹਾਂ ਨੇ ਹੀ ਅਦਾਲਤ 'ਚ ਹੀ ਰਿਪੋਰਟ 'ਚ ਘਪਲੇ ਦੇ 41 ਜ਼ਿਲ੍ਹਿਆਂ 'ਚ ਚਲਦੇ ਰਹਿਣ ਦਾ ਸੰਕੇਤ ਦਿੱਤਾ ਹੈ। ਸੰਨ 2004 'ਚ ਜਦ ਮੁਲਾਇਮ ਸਿੰਘ ਯਾਦਵ ਮੁੱਖ ਮੰਤਰੀ ਸਨ, ਉਦੋਂ ਵੀ ਅਫਸਰਾਂ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਗਿਆ ਸੀ। ਤਦ ਦੇ ਫੂਡ ਵਿਭਾਗ ਦੇ ਪ੍ਰਮੁੱਖ ਸਕੱਤਰ ਪ੍ਰਸ਼ਾਂਤ ਚਤੁਰਵੇਦੀ ਨੂੰ ਜਾਂਚ ਤੋਂ ਪਤਾ ਲੱਗਿਆ ਹੈ ਕਿ ਕਈ ਜ਼ਿਲ੍ਹਿਆਂ ਤੋਂ ਬੰਗਲਾਦੇਸ਼ ਅਤੇ ਕੁਝ ਹੋਰ ਦੇਸ਼ਾਂ

ਨੂੰ ਵੱਡੀ ਮਾਤਰਾ ’ਚ ਲਗਾਤਾਰ ਅਨਾਜ ਰੇਲ ਰਾਹੀਂ ਭੇਜਿਆ ਗਿਆ ਅਤੇ ਮਾਲ ਲਦਾਉਣ ਵਾਲੇ ਤੇ ਪਾਉਣ ਵਾਲੇ ਦੋਨਾਂ ਦਾ ਕੋਈ ਰਿਕਾਰਡ ਮੁਹੱਈਆ ਨਹੀਂ ਸੀ। ਇਹ ਜਾਣਕਾਰੀ ਅੱਖਾਂ ਖੋਲ੍ਹ ਦੇਣ ਵਾਲੀ ਸੀ ਤੇ ਤਦ ਤਕ ਇਕ ਪੁਲਸ ਅਧਿਕਾਰੀ ਜਸਬੀਰ ਸਿੰਘ ਨੂੰ ਜਾਂਚ ਦਾ ਕੰਮ ਸੌਂਪਿਆ ਗਿਆ। ਲਖੀਮਪੁਰ ਖੀਰੀ ’ਚ ਸਭ ਤੋਂ ਪਹਿਲਾਂ ਪੂਰਾ ਮਾਮਲਾ ਉਜਾਗਰ ਹੋਇਆ ਤਾਂ ਸਰਕਾਰ ਨੇ ਉਸ ਵੇਲੇ ਦੇ ਕਲੈਕਟਰ, ਦੋ ਜਿਲਾਫੂਡ ਸਪਲਾਈ ਅਧਿਕਾਰੀਆਂ, ਬਲਾ ਗਦਾਮ ਅਧਿਕਾਰੀਆਂ ਤੇ ਲੇਖਾ ਪਾਲਾਂ ਨੂੰ ਮੁਅਤਲ ਕਰ ਦਿੱਤਾ ਪਰ ਮੁਲਾਇਮ ਸਰਕਾਰ ਨੇ ਏਨਾ ਵੱਡਾ ਮਾਮਲਾ ਹੋਣ ਦੇ ਬਾਵਜੂਦ ਕੇਸ ਸੀ ਬੀ ਆਈ ਨੂੰ ਨਹੀਂ ਦਿੱਤਾ। ਫਿਰ 2007 ’ਚ ਮਾਇਆਵਤੀ ਸਰਕਾਰ ਨੇ ਜਾਂਚ ਤਿੰਨ ਜ਼ਿਲ੍ਹਿਆਂ ’ਚ ਕਰਾਉਣ ਦਾ ਐਲਾਨ ਕੀਤਾ। ਹੁਣ ਤਕ ਐਸ ਆਈ ਟੀ ਨੇ 60 ਤੇ ਸੀ ਬੀ ਆਈ ਨੇ ਨੌਂ ਐਫ ਆਈ ਆਰ ਦਰਜ ਕੀਤੀਆਂ ਹਨ। ਪਰ ਰਾਜ ਸਰਕਾਰ ਤੋਂ ਵੱਡੇ ਅਫਸਰਾਂ ਤੇ ਮੁਕੱਦਮਾ ਚਲਾਉਣ ਦੀ ਇਜਾਜ਼ਤ ਨਾ ਮਿਲਣ ਕਰਕੇ ਵੱਡੀਆਂ ਮੱਛੀਆਂ ’ਤੇ ਹੱਥ ਨਹੀਂ ਪਾਇਆ ਜਾ ਸਕਿਆ। ਇਸ ਕਾਰਨ ਅਲਾਹਾਬਾਦ ਹਾਈਕੋਰਟ ਦੀ ਲਖਨਊ ਬੈਂਚ ਨੇ ਨੌਕਰਸ਼ਾਹਾਂ ਦੀ ਸਖਤ ਖਬਰ ਲੈਂਦਿਆਂ ਕੇਂਦਰੀ ਕਨੂੰਨ ਮੰਤਰਾਲੇ ਤਕ ਨੂੰ ਕਿਹਾ ਕਿ ਵੱਡੇ ਅਫਸਰਾਂ ’ਤੇ ਮੁਕੱਦਮਾ ਚਲਾਉਣ ਦੀ ਇਜਾਜ਼ਤ ਸੰਬੰਧੀ ਕਨੂੰਨ ’ਚ ਸੋਧ ਕਰੇ। ਉਧਰ ਉਤਰ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ ਵੀ ਹੁਕਮ ਦਿੱਤਾ ਗਿਆ ਕਿ ਸਾਰੇ ਮਾਮਲਿਆਂ ’ਚ ਅਨਾਜ ਘੋਟਾਲੇ ਤੋਂ ਇਲਾਵਾ ਵੀ ਮੁਕੱਦਮਾ ਚਲਾਉਣ ਦੀ ਇਜਾਜ਼ਤ ਦਾ ਫੈਸਲਾ 3 ਮਹੀਨਿਆਂ ’ਚ ਹੋਣਾ ਚਾਹੀਦਾ ਹੈ। ਜੇ ਅਜਿਹਾ ਹੁੰਦਾ ਨਹੀਂ ਤਾਂ ਇਹ ਮੰਨ ਲਿਆ ਜਾਵੇ ਕਿ ਮੰਜੂਰੀ ਮਿਲ ਗਈ ਹੈ ਅਤੇ ਜਾਂਚ ਏਜੰਸੀਆਂ ਐਫ ਆਈ ਆਰ ਦਰਜ ਕਰਕੇ ਦੋਸ਼ ਪੱਤਰ ਪੇਸ਼ ਕਰਨ ਦਾ ਕੰਮ ਕਰ ਦੇਣਗੀਆਂ। ਹਾਈਕੋਰਟ ਦਾ ਇਹ ਫੈਸਲਾ ਦੂਰਗਾਮੀ ਨਤੀਜੇ ਕੱਢੇਗਾ ਕਿਉਂਕਿ ਪਿਛਲੇ ਦਿਨੀਂ ਇਕ ਕੇਸ ’ਚ ਸੁਪਰੀਮ ਕੋਰਟ ’ਚ ਸਰਕਾਰ ਨੇ ਦੱਸਿਆ ਸੀ ਕਿ 127 ਵੱਡੇ ਅਫਸਰਾਂ (ਬਹੁਤੇ ਆਈ ਏ ਐਸ) ਖਿਲਾਫ ਮੁਕਦਮਾ ਚਲਾਉਣ ਦੀ ਬੇਨਤੀ ਜਾਂਚ ਏਜੰਸੀਆਂ ਨੇ ਕਰ ਰੱਖੀ ਹੈ। ਜਦ ਤਕ ਕਨੂੰਨ ’ਚ ਸੋਧ ਨਹੀਂ ਹੁੰਦਾ ਤਾਂ ਵੀ ਅਤੇ ਜਦ ਤਕ ਸੋਧ ਨਹੀਂ ਹੁੰਦੀ ਤਾਂ ਵੀ ਹਾਈਕੋਰਟ ਦੇ ਹੁਕਮ ਨੂੰ ਕਨੂੰਨ ਮੰਨਦਿਆਂ ਇਹ ਅਮਲ ਹੁੰਦਾ ਹੈ ਤਾਂ ਵੀ ਸੈਂਕੜੇ ਵੱਡੇ ਅਫਸਰਾਂ ’ਤੇ ਘੱਟੋ-ਘੱਟ ਮੁਕਦਮਾ ਤਾਂ ਸ਼ੁਰੂ ਹੋ ਹੀ ਸਕੇਗਾ। ਖਾਸ ਕਰਕੇ ਇਸ ਅਨਾਜ ਘਪਲੇ ’ਚ ਕਈ ਆਈ ਏ ਐਸ ਤੇ ਰਾਜ ਦੇ ਅਧਿਕਾਰੀਆਂ ਤੋਂ ਇਲਾਵਾ 6 ਐਮ ਪੀ, 15 ਐਮ ਐਲ ਏ ਤੇ ਕਈ ਹਜ਼ਾਰ ਤੋਂ ਵੱਧ ਨੇਤਾਵਾਂ ਦੀਆਂ ਕਾਲੀਆਂ ਕਰਤੂਤਾਂ ਲੋਕਾਂ ਸਾਹਮਣੇ ਆ ਸਕਣਗੀਆਂ।

ਹੁਣ ਆਓ ਅਰੁਣਾਚਲ ਦਾ ਕੇਸ ਵੇਖੀਏ? ਇਥੇ ਇਕ ਨਹੀਂ ਦੋ-ਦੋ ਘਪਲੇ ਹਨ ਇਕ ਮਾਮਲਾ ਤਾਂ ਜਨਤਕ ਵੰਡ ਪ੍ਰਣਾਲੀ ਦਾ ਹੈ ਜਿਸ ’ਚ ਕਣਕ-ਚੌਲ ਦੇ ਨਾਲ ਉਹੀ ਸਭ ਕੁਝ ਹੋਇਆ ਜੋ ਉਤਰ ਪ੍ਰਦੇਸ਼ ’ਚ ਹੋਇਆ। ਦੂਜਾ ਮਾਮਲਾ ਵੀ 2004 ਸੂਬੇ ’ਚ ਭਾਰੀ ਹੜ੍ਹਾਂ ਪਿੱਛੋਂ ਰਾਹਤ ਵਜੋਂ ਸੰਪੂਰਨ ਪੇਂਡੂ ਰੁਜ਼ਗਾਰ ਯੋਜਨਾ ਦੇ ਤਹਿਤ ਕੰਮ ਬਦਲੇ ਅਨਾਜ ਯੋਜਨਾ ’ਚ ਹੋਏ ਭਰਿਸ਼ਟਾਚਾਰ ਦਾ ਹੈ। ਪਹਿਲੇ ਮਾਮਲੇ ’ਚ ਘਪਲੇ ਦੀ ਰਾਸ਼ੀ ਤੇ ਵਿਵਾਦ ਹੈ। ਪਰ ਬਹੁਤੇ ਲੋਕ ਇਸ ਨੂੰ ਇਕ ਹਜ਼ਾਰ ਕਰੋੜ ਰੁਪਏ ਦਾ ਮੰਨਦੇ ਹਨ। ਰਾਜ ਸਰਕਾਰ ਨੇ ਜਾਂਚ ਲਈ ਸਪੈਸ਼ਲ ਇੰਵੈਸਟੀਗੇਸ਼ਨਲ ਚੈਨਲ ਤਾਂ ਬਣਾਇਆ ਪਰ ਜਦ ਪੱਖਪਾਤ ਨਜ਼ਰ ਆਇਆ ਤਾਂ ਹਾਈਕੋਰਟ ਨੇ ਇਸ ਸੈਲ

ਨੂੰ ਸਿੱਧੇ ਉਸ ਨੂੰ ਰਿਪੋਰਟ ਕਰਨ ਲਈ ਕਿਹਾ। ਇਸ ਤਹਿਤ ਕੁਲ ਚਾਰ ਮਾਮਲੇ ਹਨ ਜਿਹਨਾਂ 'ਚ ਇਕ ਤਤਕਲੀਨ ਮੁੱਖ ਮੰਤਰੀ ਗੇਗਾਂਗ ਅਪਾਂਗ ਵੀ ਦੋਸ਼ੀ ਹਨ। ਪਿਛਲੇ 24 ਅਗਸਤ 2010 ਨੂੰ ਉਸ ਦੀ ਗ੍ਰਿਫ਼ਤਾਰੀ ਹੈਰਾਨਕੁੰਨ ਹੈ। ਇਟਾਨਗਰ ਤੋਂ ਛਪਦੇ 'ਅਰੁਣਾਚਲ ਪ੍ਰਦੇਸ਼ ਟਾਈਮਸ' ਦੀ ਪੱਤਰਕਾਰ ਤੋਂਗਨ ਅਨੁਸਾਰ 15 ਲੱਖ ਦੀ ਆਬਾਦੀ ਵਾਲੇ ਸੂਬੇ 'ਚ ਏਨਾ ਵੱਡਾ ਘਪਲਾ ਹੈਰਾਨੀ ਦੀ ਗੱਲ ਹੈ। ਮੁੱਖ ਮੰਤਰੀ ਦਾ ਬੇਟਾ ਵੀ ਇਹਨਾਂ ਮਾਮਲਿਆਂ 'ਚ ਦੋਸ਼ੀ ਹੈ। ਦੋਸ਼ਾਂ ਅਨੁਸਾਰ ਇਥੇ ਵੀ ਇਕ ਐਸੀ ਟਰਾਂਸਪੋਰਟ ਕੰਪਨੀ (ਆਰ ਡੀ ਕੋਰੇਜਸ ਨੂੰ ਠੇਕਾ ਦਿੱਤਾ ਗਿਆ ਜਿਸ ਦੇ ਸੰਚਾਲਕ ਦਰਜੀ ਖਾਂਡੂ ਪ੍ਰੀਵਾਰ ਦੇ ਹੀ ਹਨ) ਨੇ ਫਰਜ਼ੀ ਬਿਲ ਬਣਾ ਕੇ ਵੱਡਾ ਘਪਲਾ ਕੀਤਾ। ਸੁਪਰੀਮ ਕੋਰਟ ਨੇ 5 ਦਸੰਬਰ 2010 ਨੂੰ ਇਸ ਮਾਮਲੇ ਨੂੰ ਨਵੇਂ ਸਿਰੇ ਤੋਂ ਨੋਟਿਸ ਜਾਰੀ ਕੀਤਾ ਹੈ। ਕਾਂਗਰਸ ਦੇ ਸਾਬਕਾ ਵਿਧਾਇਕ ਟੇਕਾਮਸੋਰਾਗ ਰਾਜ 'ਚ ਘਪਲਿਆਂ ਨਾਲ ਪਾਰਟੀ ਦੀ ਧੁੰਦਲੀ ਹੁੰਦੀ ਦਿਖ ਤੋਂ ਕਾਫੀ ਚਿੰਤਤ ਹਨ। ਉਚ ਕੋਟੀ ਦੇ ਭਰਿਸ਼ਟਾਚਾਰ ਨੂੰ ਜਲਦੀ, ਨੰਗਾ ਕਰਕੇ ਸਜ਼ਾ ਮਿਲਣੀ ਚਾਹੀਦੀ ਹੈ। ਸੋਰਾਂਗ ਜੋ ਮਰਜ਼ੀ ਕਹਿਣ ਪਰ ਗਰੀਬ ਦੀ ਰੋਟੀ 'ਤੇ ਜਾਰੀ ਇਹ ਮਾਫੀਆ ਲੁੱਟ ਕਦੋਂ ਬੰਦ ਹੋਵੇ ਕੋਈ ਨਹੀਂ ਜਾਣਦਾ।

# ਸਮਾਜਕ ਨਾਬਰਾਬਰੀ ਬਨਾਮ ਸਾਮਰਾਜ ਬਹੁਕੌਮੀ (ਸਾਮਰਾਜੀ) ਕੰਪਨੀਆਂ

ਆਮ ਤੌਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਤਰੱਕੀ ਦੀ ਦੌੜ 'ਚ ਜੋ ਅੱਗੇ ਨਹੀਂ ਵਧ ਸਕੇ ਉਹ ਗਰੀਬ ਰਹਿ ਗਏ ਇਹ ਗਲਤ ਧਾਰਨਾ ਹੈ। ਅੱਜ ਗਰੀਬ ਉਹ ਨਹੀਂ ਹੈ ਜੋ ਤਰੱਕੀ ਦੀ ਦੌੜ 'ਚ ਪਿੱਛੇ ਰਹਿ ਗਿਆ ਬਲਕਿ ਅਸਲ 'ਚ ਗਰੀਬ ਉਹ ਹੈ ਜੋ ਲੁੱਟ-ਘਸੁੱਟ ਦਾ ਸ਼ਿਕਾਰ ਹੋ ਗਿਆ। ਸੱਚ ਤਾਂ ਇਹ ਹੈ ਕਿ ਉਤਰੀ ਅਮਰੀਕਾ ਤੇ ਯੂਰਪ ਦੀ ਦੌਲਤ, ਏਸ਼ੀਆ ਅਫਰੀਕਾ ਤੇ ਲਤੀਨੀ ਅਮਰੀਕਾ ਦੀ ਲੁੱਟ ਦਾ ਸਿੱਟਾ ਹੈ। ਤੀਜੀ ਦੁਨੀਆਂ 'ਤੇ ਕੀਤਾ ਜਾ ਰਿਹਾ ਆਰਥਕ ਹਮਲਾ ਹੀ ਅਮੀਰ ਦੇਸ਼ਾਂ ਦੀ ਖੁਸ਼ਹਾਲੀ ਦਾ ਕਾਰਨ ਹੈ। ਆਰਥਕ ਲੁੱਟ ਤੇ ਨਾਬਰਾਬਰੀ ਲਈ ਨਵ ਪੂੰਜੀਵਾਦੀ ਸਾਮਰਾਜਵਾਦ ਦਾ ਸਭ ਤੋਂ ਪ੍ਰਭਾਵੀ ਹਥਿਆਰ ਬਹੁਕੌਮੀ ਕਾਰਪੋਰੇਸ਼ਨਾਂ ਹਨ। ਅੱਜ MNCS ਸਾਹਿਤ ਜ਼ਿਆਦਾਤਰ ਦੇਸ਼ਾਂ ਦੀ ਧਨ ਦੌਲਤ 'ਤੇ ਕਬਜ਼ਾ ਹੋ ਚੁੱਕਿਆ ਹੈ। ਬਹੁਕੌਮੀ ਕਾਰਪੋਰੇਸ਼ਨ ਉਹ ਹੁੰਦੀ ਹੈ ਜੋ ਇਕ ਸਮੇਂ 'ਚ ਇਕ ਤੋਂ ਵੱਧ ਦੇਸ਼ਾਂ 'ਚ ਰਜਿਸਟਰਡ ਹੋਵੇ ਅਤੇ ਕੰਮ ਕਰ ਰਹੀ ਹੋਵੇ। ਇਹ ਲਾਭ ਪਹੁੰਚਾਉਣ ਵਾਲੀਆਂ ਉਹ ਸੰਸਥਾਵਾਂ ਹਨ ਜੋ ਮਾਰਕਿਟਿੰਗ, ਕੁਦਰਤੀ ਧਨ ਦੌਲਤ ਦੀ ਨਿਕਾਸੀ, ਪੈਦਾਵਾਰ, ਖੋਜ ਸਮੇਤ ਸਾਰੀਆਂ ਵਪਾਰਕ ਸਰਗਰਮੀਆਂ ਇਕ ਤੋਂ ਵਧ ਦੇਸ਼ਾਂ 'ਚ ਅੰਜਾਮ ਦਿੰਦੀਆਂ ਹਨ ਅਤੇ ਜਿਹਨਾਂ ਦੇ ਪ੍ਰਬੰਦ ਨਾਲ ਸਬੰਧ ਰੱਖਣ ਵਾਲੇ ਫੈਸਲੇ ਆਮ ਤੌਰ 'ਤੇ ਖੇਤਰੀ ਤੇ ਇਲਾਕਾਈ ਤਬਦੀਲੀਆਂ 'ਤੇ ਨਿਰਭਰ ਹੁੰਦੇ ਹਨ। ਸੋਹਲਵੀਂ ਸਤਾਬਦੀ ਦੇ ਸ਼ੁਰੂ 'ਚ ਯੂਰਪੀ ਦੇਸ਼ਾਂ (ਖਾਸ ਕਰਕੇ ਇੰਗਲੈਂਡ ਤੇ ਹਾਲੈਂਡ) ਨੇ ਆਪਣੇ ਸਾਮਰਾਜੀ ਉਦੇਸ਼ਾਂ ਨੂੰ ਵਪਾਰਕ ਰਸਤਿਆਂ ਰਾਹੀਂ ਹਕੀਕਤ 'ਚ ਬਦਲਣ ਲਈ ਬ੍ਰਿਟਿਸ਼ ਇੰਡੀਆ ਕੰਪਨੀ ਅਤੇ ਡੱਚ ਈਸਟ ਇੰਡੀਆ ਕੰਪਨੀ (1602 ਈਃ) ਵਰਗੀਆਂ ਕਾਰਪੋਰੇਸ਼ਨਾਂ ਸਥਾਪਤ ਕੀਤੀਆਂ। ਇਹਨਾਂ ਦਾ ਕਾਰਜ ਖੇਤਰ ਏਸ਼ੀਆ, ਅਫਰੀਕਾ ਤੇ ਅਮਰੀਕਾ ਅਤੇ ਅਮਰੀਕਾ ਦੇ ਕਈ ਦੇਸ਼ਾਂ 'ਚ ਫੈਲਿਆ ਹੋਇਆ ਸੀ। ਇਹਨਾਂ ਨੂੰ ਮੌਜੂਦਾ ਬਹੁਕੌਮੀ ਕਾਰਪੋਰੇਸ਼ਨਾਂ ਦਾ ਆਰੰਭਕ ਰੂਪ ਕਿਹਾ ਜਾ ਸਕਦਾ ਹੈ। ਪਰ ਬਹੁਕੌਮੀ ਕਾਰਪੋਰੇਸ਼ਨ ਦਾ ਮੌਜੂਦਾ ਸੂਰਤ 'ਚ ਕ੍ਰਮਵਾਰ ਪ੍ਰਦਰਸ਼ਨ ਉਨੀਵੀਂ ਸ਼ਤਾਬਦੀ 'ਚ ਹੋਇਆ। ਇਹ ਉਹ ਦੌਰ ਸੀ ਜਦ ਸਨਅਤੀ ਪੂੰਜੀਵਾਦ ਤਰੱਕੀ ਕਰ ਰਿਹਾ ਸੀ। ਕੁਦਰਤੀ ਸਾਧਨਾਂ ਨੂੰ ਤੇਜ਼ੀ ਨਾਲ ਵਰਤਣਯੋਗ ਉਪਭੋਗੀ ਵਸਤੂਆਂ ਦੀ ਸ਼ਕਲ 'ਚ ਢਾਲਣਾ ਉਹਨਾਂ ਨੂੰ ਜ਼ਿਆਦਾ ਸਮੇਂ ਤਕ ਵਰਤੋਂ ਕਰਨ ਨਾਲ ਜਮ੍ਹਾਂ ਰੱਖਣ ਤੇ ਤਬਦੀਲੀ ਦੇ ਤੇਜ਼ ਤੋਂ ਤੇਜ਼ ਸਾਧਨ ਖੋਜਣੇ ਉਹ ਟੀਚੇ ਸਨ ਜਿਹਨਾਂ ਕਾਰਨ ਸੰਗਠਿਤ ਕੰਪਨੀਆਂ ਸੰਗਠਿਤ ਤੇ ਵਪਾਰਕ ਰੂਪ ਖੋਜਣ ਲਈ ਮਜ਼ਬੂਰ ਹੋਈਆਂ। ਸਿੱਟੇ ਵਜੋਂ ਮੌਜੂਦ ਬਹੁਕੌਮੀ ਕਾਰਪੋਰੇਸ਼ਨਾਂ ਹੋਂਦ 'ਚ ਆਈਆਂ। ਅੱਜਕੱਲ੍ਹ 62000 ਮਲਟੀ ਨੈਸ਼ਨਲ ਕੰਪਨੀਆਂ 900,000 (ਨੌਂ ਲੱਖ) ਸਬੰਧਿਤ ਕੰਪਨੀਆਂ ਰਾਹੀਂ ਜ਼ਿਆਦਾਤਰ ਅਦਾਰਿਆਂ ਨੂੰ ਕੰਟਰੋਲ ਕਰਦੀਆਂ ਹਨ। ਅੱਛੀ ਗੁਣਵੰਣਤਾ, ਸਖਤ ਮਿਹਨਤ, ਉਚੀਆਂ-ਉਚੀਆਂ ਤਨਖਾਹਾਂ, ਬੋਨਸ, ਤੇਜ਼ ਤਰਾਰ ਕਲਚਰ, ਪ੍ਰੋਫੈਸ਼ਨਲ, ਦੌੜ ਤੇ ਆਊਟ ਸੋਰਸਿੰਗ ਇਹਨਾਂ ਕੰਪਨੀਆਂ ਦੀਆਂ ਕੁਝ ਵਿਸ਼ੇਸ਼ਤਾਵਾਂ ਹਨ। ਪਰ ਇਹਨਾਂ ਦੇ ਨਾਲ-ਨਾਲ ਬਿਹਤਰੀਨ ਪੂੰਜੀਵਾਦੀ ਹੱਥਕੰਡੇ

ਇਹਨਾਂ ਦੇ ਵਪਾਰ ਦਾ ਸਭ ਤੋਂ ਅਹਿਮ ਹਿੱਸਾ ਮੰਨਿਆ ਜਾਂਦਾ ਹੈ। ਸਬੰਧਿਤ ਮੈਦਾਨ 'ਚ ਮੌਜੂਦ ਛੋਟੀਆਂ ਕੰਪਨੀਆਂ ਨੂੰ ਆਪਣੀਆਂ ਹਮਲਾਵਰ ਨੀਤੀਆਂ ਰਾਹੀਂ ਢਹਿ ਢੇਰੀ ਕਰ ਦੇਣ ਤੇ ਆਖਰ ਕਾਰ ਉਹਨਾਂ ਨੂੰ ਆਪਣੇ 'ਚ ਮਿਲਾ ਕੇ ਖਤਮ ਹੀ ਕਰ ਦੇਣ।

ਇਹ MNCS ਦੀ ਪੁਰਾਣੀ ਰਵਾਇਤ ਰਹੀ ਹੈ। ਅੱਜ ਹਰ ਖੇਤਰ ਦੀ ਸਿਰਫ ਉਸ ਕੰਪਨੀ ਦੇ ਮੈਦਾਨ 'ਚ ਟਿਕੇ ਰਹਿਣ ਦੀ ਉਮੀਦ ਰਹਿੰਦੀ ਹੈ। ਜੋ ਇਸ ਮੈਦਾਨ 'ਚ ਸੁਪਰ ਪਾਵਰ ਦਾ ਦਰਜਾ ਰੱਖਦੀ ਹੈ। ਛੋਟੀਆਂ ਕੰਪਨੀਆਂ ਨੂੰ ਜਿਹਨਾਂ ਦਾ ਸਿੱਧਾ ਮੁਕਾਬਲਾ ਸਬੰਧਤ ਬਹੁਕੌਮੀ ਕੰਪਨੀਆਂ ਦੀਆਂ ਅੰਸ਼ਿਕ ਲੋੜਾਂ ਨੂੰ ਪੂਰਾ ਕਰਨ ਲਈ ਕਾਇਮ ਕੀਤੀਆਂ ਗਈਆਂ ਹੋਣ ਉਹ ਵਧਦੀਆਂ ਫੁਲਦੀਆਂ ਰਹਿੰਦੀਆਂ ਹਨ। ਮਾਈਕ੍ਰੋਸੋਫਟ ਨੇ ਪਹਿਲਾਂ ਹੋਟਮੈਲ ਨੂੰ ਖਰੀਦ ਲਿਆ ਹੁਣ Yahoo ਨੂੰ ਖਰੀਦਣ ਦੀ ਤਿਆਰੀ ਕਰ ਰਹੀ ਹੈ। Oracll Corporation ਨੇ ਥੋੜੇ ਸਮੇਂ ਵਿਚ ਹੀ 10 ਤੋਂ ਵੱਧ ਕੰਪਨੀਆਂ ਦਾ ਆਪਣੇ 'ਚ ਰਲੇਵਾਂ ਕਰ ਲਿਆ ਹੈ। Google ਨੇ Orkut ਅਤੇ youtube ਵਰਗੇ ਪ੍ਰਸਿੱਧ ਡੋਮੇਂਸ ਨੂੰ ਖਰੀਦ ਲਿਆ ਹੈ। ਸਾਡੇ ਦੇਸ਼ ਵਿਚ ਰਿਲਾਇੰਸ ਨੇ ਸਬਜ਼ੀ ਵੇਚਣ ਵਾਲਿਆਂ ਦਾ ਜੀਣਾ ਦੁੱਭਰ ਕਰ ਦਿੱਤਾ। ਰਿਲਾਇੰਸ ਫ੍ਰੈਸ਼ਰ ਦੀਆਂ ਦੁਕਾਨਾਂ 'ਤੇ ਮੱਧ ਪ੍ਰਦੇਸ਼ ਤੇ ਹਰਿਆਣਾ ਦੇ ਸਬਜ਼ੀ ਵੇਚਣ ਵਾਲਿਆਂ ਦਾ ਗੁੱਸਾ ਬੁੱਧੀਸੰਗਤ ਹੀ ਹੈ। ਬਹੁਕੌਮੀ ਕਾਰਪੋਰੇਸ਼ਨਾਂ ਬਨਾਵਟੀ ਲੋੜਾਂ ਪੈਦਾ ਕਰਕੇ ਆਮ ਲੋਕਾਂ ਦੀਆਂ ਜੇਬਾਂ ਨੂੰ ਲੁੱਟਣ ਦਾ ਹੁਨਰ ਖੂਬ ਜਾਣਦੀ ਹੈ। ਮਾਰਕਿਟਿੰਗ ਮੈਨੇਜਰਸ ਤੇ ਵਪਾਰਕ ਲੇਖਾ ਜੋਖਾ ਕਰਨ ਵਾਲਿਆਂ ਦੀਆਂ ਟੀਮਾਂ ਨਿਰੰਤਰ ਆਮ ਲੋਕਾਂ ਦੀ ਮਾਨਸਿਕਤਾ ਬਦਲੇ ਹੋਏ ਰੁਝਾਣ ਤੇ ਉਹਨਾਂ ਦੀਆਂ ਕਮਜ਼ੋਰੀਆਂ ਦਾ ਇਸ ਮਕਸਦ ਨਾਲ ਮੁਲਅੰਕਨ ਕਰਨ 'ਚ ਲੱਗੀਆਂ ਰਹਿੰਦੀਆਂ ਹਨ ਕਿ ਕਿਵੇਂ ਉਹਨਾਂ ਦੇ ਕਮਜ਼ੋਰ ਪਹਿਲੂਆਂ ਰਾਹੀਂ ਬਨਾਉਟੀ ਲੋੜਾਂ ਪੈਦਾ ਕੀਤੀਆਂ ਜਾਣ ਅਤੇ ਉਹਨਾਂ ਲਈ ਪੈਦਾਵਾਰ ਕੀਤੀ ਜਾਵੇ ਤੇ ਉਹਨਾਂ ਪੈਦਾ ਕੀਤੀਆਂ ਵਸਤਾਂ ਤੋਂ ਲਾਭ ਉਠਾਇਆ ਜਾਵੇ। ਪਿਛਲੇ 10 ਸਾਲਾਂ 'ਚ ਸਾਡੇ ਦੇਸ਼ 'ਚ ਬਨਾਉਟੀ ਜ਼ਰੂਰਤਾਂ ਦਾ ਇਕ ਹੜ੍ਹ ਜਿਹਾ ਆ ਚੁੱਕਿਆ ਹੈ। ਕਾਸਮੇਂਟਿਕਸ, ਇਲੈਕਟ੍ਰਾਨਿਕ ਗੈਡਗੈਟਸ, ਪ੍ਰਾਸੇਸੀਡ, ਖਾਣ ਵਾਲੀਆਂ ਚੀਜ਼ਾਂ, ਐਸ਼ ਤੇ ਆਰਾਮ ਦੀਆਂ ਵਸਤਾਂ ਸਾਫਟ ਡ੍ਰਿੰਕਸ ਇਸ਼ਤਿਹਾਰੀ ਦਵਾਈਆਂ, ਗੈਰ ਜ਼ਰੂਰੀ ਕੋਰਸ, ਗਰੀਟਿੰਗ ਕਾਰਡਸ, ਕ੍ਰੈਡਿਟ ਕਾਰਡਸ ਆਦਿ ਸੂਚੀ ਅਨੁਸਾਰ ਸੈਂਕੜੇ ਬੇਲੋੜੇ ਬਰਾਂਡਾਂ ਦੀ ਸੂਰਤ 'ਚ ਕਈ ਫਜ਼ੂਲ ਚੀਜ਼ਾਂ ਮਾਰਕੀਟ 'ਚ ਉਬਲ ਰਹੀਆਂ ਹਨ ਤੇ ਹਮਲਾਵਰ ਇਸ਼ਤਿਹਾਬਾਜ਼ੀ ਰਾਹੀਂ ਆਮ ਲੋਕਾਂ ਨੂੰ ਇਹਨਾਂ ਨੂੰ ਖਰੀਦਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਆਮ ਲੋਕਾਂ ਦੀਆਂ ਭਾਵਨਾਵਾਂ ਦੀ ਲੁੱਟ ਲਈ ਬ੍ਰਾਂਡ ਅੰਬੈਸਡਰ ਦੀਆਂ ਸੇਵਾਵਾਂ ਲੈਣੀਆਂ ਆਮ ਗੱਲ ਹੋ ਗਈ ਹੈ। ਆਕਾਸ਼ ਛੂੰਹਦੇ ਹੋਰਡਿੰਗ ਆਪਣੀ ਤਿਆਰ ਦੇ ਮਰਹਲੇ ਤੋਂ ਨਸ਼ਟ ਹੋਣ ਤੱਕ ਮਾਹੌਲ ਅਤੇ ਵਾਤਾਵਰਣ ਉਪਰ ਕੀ ਕਹਿਰ ਢਾਹੁੰਦੇ ਹਨ। ਇਹ ਗੱਲ ਖੁਦ ਇਕ ਖਾਮੋਸ਼ ਦਾਸਤਾਨ ਹੈ। ਸਾਂਝੇ ਹਿੱਤਾਂ (ਖਾਸ ਕਰਕੇ ਨਫਾਖੋਰੀ) ਲਈ MNCS ਦਾ ਆਪਸੀ ਸਹਿਯੋਗ ਤੇ ਵੱਡੀਆਂ ਸ਼ਕਤੀਆਂ ਤੇ ਸਰਕਾਰਾਂ ਨੂੰ ਆਪਣਾ ਹਮਾਇਤੀ ਤੇ ਸਹਿਯੋਗੀ ਬਣਾ ਕੇ ਕੌਮਾਂਤਰੀ ਪੱਧਰ 'ਤੇ ਡਿਪਲੋਮੇਸੀ ਉਹਨਾਂ ਦੀ ਕਾਰਜ ਪ੍ਰਣਾਲੀ ਦਾ ਮਹੱਤਵਪੂਰਨ ਹਿੱਸਾ ਹੈ। WTO ਅਤੇ GATT ਵਰਗੇ ਕੌਮਾਂਤਰੀ ਮੰਚ 'ਚ ਇਹ ਚੀਜ਼ ਖੁੱਲ੍ਹੇਆਮ ਵੇਖੀ ਜਾ ਸਕਦੀ ਹੈ। ਦੁਨੀਆਂ ਦੀਆਂ ਮਹੱਤਵਪੂਰਨ ਬਹੁਕੌਮੀ ਕਾਰਪੋਰੇਸ਼ਨਾਂ ਹਿੱਤਾਂ ਦੀ ਪ੍ਰਾਪਤੀ ਲਈ ਕਿੰਨੀ ਤੇਜ਼ੀ ਨਾਲ ਇਕ ਦੂਜੇ ਦੇ ਨੇੜੇ

ਆਉਂਦੀਆਂ ਹਨ। ਇਥੇ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਜ਼ਿਆਦਾਤਰ ਮਹੱਤਵਪੂਰਨ MNCS ਦੇ ਡਾਇਰੈਕਟਰਸ ਸਾਂਝੇ ਤੌਰ 'ਤੇ ਇਕ ਦੂਜੇ ਦੇ ਕਾਰੋਬਾਰ 'ਚ ਸ਼ਾਮਲ ਤੇ ਸਹਿਯੋਗੀ ਹਨ ਅਤੇ ਇਸ ਤਰ੍ਹਾਂ ਉਹਨਾਂ 'ਚ ਆਪਸੀ ਹਿੱਤਾਂ ਦੀ ਰਾਖੀ ਤੇ ਉਹਨਾਂ ਦੀ ਨਿਗਰਾਨੀ ਦਾ ਇਕ ਸਫਲ ਮੈਕਨਿਜ਼ਮ ਪਾਇਆ ਜਾਂਦਾ ਹੈ। ਇਹ ਉਹ ਸਾਰੇ ਰਾਹ ਹਨ ਜਿਹਨਾਂ ਰਾਹੀਂ ਪੂੰਜੀਵਾਦੀ ਸਾਮਰਾਜ ਬਹੁਕੌਮੀ ਰਾਜ ਦੀ ਵਰਤੋਂ ਕਰਦਿਆਂ ਹੋਇਆ ਨਾ ਸਿਰਫ ਆਮ ਲੋਕਾਂ ਦਾ ਖ਼ੂਨ ਚੂਸ ਰਿਹਾ ਹੈ ਬਲਕਿ ਉਹਨਾਂ ਨੂੰ ਵਰਗਾਂ 'ਚ ਵੰਡ ਕੇ ਇਕ ਸਥਾਈ ਜਮਾਤੀ ਲੜਾਈ ਦੇ ਰਾਹ ਪੱਧਰੇ ਕਰ ਰਿਹਾ ਹੈ। ਕੌਮਾਂਤਰੀ ਆਰਥਕ ਸੰਸਥਾਵਾਂ (WTO/ WB/ IMF ਆਦਿ) GATT/ IMF/ WTO ਤੇ ਸੰਸਾਰ ਬੈਂਕ ਆਦਿ ਕੌਮਾਂਤਰੀ ਸੰਸਥਾਵਾਂ ਪੂੰਜੀਵਾਦੀ ਸਾਮਰਾਜਵਾਦ ਦੇ ਮਜ਼ਬੂਤ ਹਤਿਆਰੇ ਮੰਨੇ ਜਾਂਦੇ ਹਨ। ਇਹ ਦੁਨੀਆਂ ਦੇ ਆਰਥਕ ਮਾਮਲਿਆਂ 'ਚ ਨਾ ਸਿਰਫ ਦਖਲ ਦੇ ਰਹੇ ਹਨ ਬਲਕਿ ਹਰ ਦੇਸ਼ ਦੀਆਂ ਆਰਥਕ ਤਰਜੀ ਹਾਂ। ਤਰੱਕੀ ਯਾਫਤਾ ਪ੍ਰੋਜੈਕਟਸ ਤੇ ਸਾਰੇ ਆਰਥਕ ਫੈਸਲਿਆਂ 'ਚ ਵੱਡਾ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਇਹਨਾਂ ਵਿਚੋਂ ਹਰ ਸੰਸਥਾ ਇਕ ਅਹਿਮ ਵਿਤੀ ਸ਼ਕਤੀ ਹੈ ਅਤੇ ਇਹਨਾਂ ਨਾਲ ਕਈ ਦੂਜੀਆਂ ਸੰਸਥਾਵਾਂ ਜੁੜੀਆਂ ਹੋਈਆਂ ਹਨ। ਦੂਜੇ ਸ਼ਬਦਾਂ ਵਿਚ ਇਹ ਆਰਥਕ ਸੰਸਥਾਵਾਂ ਦਾ ਇਕ ਜਾਲ ਹੈ ਜੋ ਦੁਨੀਆਂ ਦੇ ਅਰਥਚਾਰੇ ਦਾ ਰੁਖ ਤਹਿ ਕਰਦਾ ਹੈ। ਕਹਿਣ ਨੂੰ ਇਹਨਾਂ ਸੰਸਥਾਵਾਂ ਦੇ ਉਦੇਸ਼ ਬਹੁਤ ਵਪਾਰਕ ਨਜ਼ਰ ਆਉਂਦੇ ਹਨ, ਗਰੀਬੀ ਦਾ ਖਾਤਮਾ ਅਤੇ ਗਰੀਬੀ ਦੇਸ਼ਾਂ ਦੀ ਤਰੱਕੀ ਤੇ ਕਲਿਆਣ ਉਹਨਾਂ ਦੇ ਉਦੇਸ਼ਾਂ 'ਚੋਂ ਝਲਕਦੇ ਹਨ। ਪਰ ਅਸਲ 'ਚ ਇਹ ਸੰਸਥਾਵਾਂ ਪੂੰਜੀਵਾਦੀ ਸਾਮਰਾਜ ਦੇ ਦਾਬੇ ਤੇ ਉਹਨਾਂ ਦੇ ਹਿੱਤਾਂ ਦੀ ਰਾਖੀ ਦੂਜਾ ਨਾਂ ਹੈ। ਇਹਨਾਂ ਸੰਸਥਾਵਾਂ ਦਾ ਇਤਿਹਾਸ ਤੇ ਇਹਨਾਂ ਦੇ ਕੰਮ ਕਰਨ ਦੇ ਤਰੀਕਿਆਂ ਤੋਂ ਕਈ ਹੇਠ ਲਿਖੀਆਂ ਅਸਲੀਅਤਾਂ ਸਪਸ਼ਟ ਹੁੰਦੀਆਂ ਹਨ। ਇਹਨਾਂ ਸੰਸਥਾਵਾਂ ਦੀ ਦਿਲਚਸਪੀ ਅਸਲ ਵਿਚ ਤਰੱਕੀ ਦੇ ਪ੍ਰੋਜੈਕਟਾਂ 'ਚ ਨਹੀਂ ਹੁੰਦੀ ਬਲਕਿ ਉਹ ਪ੍ਰੋਜੈਕਟ ਜੋ ਫਾਇਦੇਮੰਦ ਹੋਣ ਅਤੇ ਜਿਹਨਾਂ ਤੋਂ ਵਿਆਜ ਤੇ ਕਰਜੇ ਦੀ ਪੂਰੀ-ਪੂਰੀ ਵਾਪਸੀ (ਅਦਾਇਗੀ) ਯਕੀਨੀ ਹੋਵੇ ਉਹਨਾਂ ਦੇ ਤਰਸ ਦਾ ਕੇਂਦਰ ਹੁੰਦੇ ਹਨ। ਦੂਜੇ ਸ਼ਬਦਾਂ 'ਚ ਵੱਧ ਤੋਂ ਵੱਧ ਲਾਭ ਉਠਾਉਣਾ ਹੀ ਇਹਨਾਂ ਦਾ ਮਕਸਦ ਹੁੰਦਾ ਹੈ। ਸੰਸਾਰ ਬੈਂਕ ਤੇ ਉਸ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ ਉਪਰ ਸਿੱਧੇ ਤੌਰ 'ਤੇ ਅਮਰੀਕਾ ਦਾ ਹੀ ਕੰਟਰੋਲ ਹੁੰਦਾ ਏ। ਸੰਸਾਰ ਬੈਂਕ ਉਪਰ ਅਮਰੀਕਾ ਦਾ ਦਾਬਾ ਹੈ। ਕਰਜੇ ਤੇ ਸਹਾਇਤਾ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਇਹਨਾਂ ਸੰਸਥਾਵਾਂ ਦੀਆਂ ਕਈ ਬੇਲੋੜੀਆਂ ਸ਼ਰਤਾਂ ਮੰਨਣੀਆਂ ਪੈਂਦੀਆਂ ਹਨ। ਉਹਨਾਂ ਦੇ ਨੇੜੇ ਤਰੱਕੀ ਦਾ ਉਹੀ ਫਾਰਮੂਲਾ ਕਾਮਯਾਬ ਹੈ ਜਿਸ ਨੂੰ ਸਾਮਰਾਜੀ ਤਾਕਤਾਂ ਮੰਨਦੀਆਂ ਹੋਣ। ਉਦਾਰਵਾਦ ਨੂੰ ਇਕ ਵਿਚਾਰਧਾਰਾ ਵਜੋਂ ਪੱਛਮੀ ਵਿਚਾਰਕਾਂ ਨੇ ਜ਼ਰੂਰੀ ਪ੍ਰਚਾਰਿਆ ਪਰ ਇਸ ਨੂੰ ਕੌਮਾਂਤਰੀ ਪੱਧਰ 'ਤੇ ਲਾਗੂ ਕਰਨ ਦਾ ਜ਼ਰੀਆ ਇਹੀ ਵਿਤੀ ਸੰਸਥਾਵਾਂ ਰਹੀਆਂ ਹਨ। ਵਪਾਰਕ ਉਦਾਰਤਾਵਾਦ ਦੇ ਇਸ ਅਮਲ ਨੂੰ ਕੌਮਾਂਤਰੀ ਸੰਸਥਾਵਾਂ ਢਾਂਚਾ ਢਲਾਈ ਵਰਗੇ ਖ਼ੂਬਸੂਰਤ ਨਾਂਵਾਂ ਨਾਲ ਲਾਗੂ ਕਰਵਾਉਂਦੀਆਂ ਹਨ। ਖੇਤੀ ਦਾ ਵਿਸ਼ਵੀਕਰਨ ਆਖਰਕਾਰ ਭਾਰਤ 'ਚ ਹਜ਼ਾਰਾਂ ਕਿਸਾਨਾਂ ਦੇ ਨੁਕਸਾਨ ਦਾ ਕਾਰਨ ਬਣਿਅ ਅਤੇ ਨਾਲ ਹੀ ਇਹ ਖੇਤੀ ਵਿਚ ਨਵੀਆਂ-ਨਵੀਆਂ ਚੀਜ਼ਾਂ ਉਗਾਉਣ ਤੇ ਭਾਰਤ ਦੇ ਸਭਿਆਚਾਰ ਦਾ ਖਾਤਮਾ ਵੀ ਇਸ ਵਿਸ਼ਵੀਕਰਨ ਨੇ ਕਾਰਪੋਰੇਸ਼ਨਜ਼ ਦੀ ਖੇਤੀ ਦੇ ਮੈਦਾਨ

’ਚ ਜਾਲਮਾਨਾ ਦਖਲ ਅੰਦਾਜ਼ੀ ਦੇ ਰਾਹ ਪੱਧਰੇ ਕੀਤੇ ਜਿਸ ਨਾਲ ਕਿਸਾਨਾਂ ਦੇ ਅਧਿਕਾਰਾਂ ਤੇ ਉਹਨਾਂ ਦੇ ਹੱਕ ਦਾ ਖਾਤਮਾ ਹੋ ਗਿਆ। ਕਿਸਾਨਾਂ ਦੇ ਦੀਵਾਲੀਏਪਣ ਦਾ ਕਾਰਨ ਹੋਣ ਦੀ ਵਜ੍ਹਾ ਕਰਕੇ ਖੇਤੀ ਦੇ ਮੈਦਾਨ ’ਚ ਗਲੋਬਲ ਫ੍ਰੀ ਟ੍ਰੇਡ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਪਨਾਹ ਗੁਰਜੀ ਪੈਦਾ ਕਰਨ ਵਾਲਾ ਪ੍ਰੋਗ੍ਰਾਮ ਮੰਨਿਆ ਜਾਂਦਾ ਹੈ। TRIPR (Trade Related Intellectual Property Rights) ਵਿਸ਼ਵ ਸੰਸਥਾ ਦਾ ਇਕ ਬਹੁਤ ਹੀ ਅੱਛਾ ਅਸਰਦਾਇਕ ਹਥਿਆਰ ਹੈ ਜਿਸ ਰਾਹੀਂ ਗਰੀਬ ਦੇਸ਼ਾਂ ਦੀ ਵਿਆਪਕ ਸਮਰਥਾ ਨੂੰ ਅਪਾਹਜ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਅਮਰੀਕਾ ਦੂਜੇ ਦੇਸ਼ਾਂ ਦੀਆਂ ਖੋਜਾਂ ਤੇ ਖੋਜ ਕੰਮਾਂ ਤੇ ਉਹਨਾਂ ਦੇ ਪੇਟੈਂਟ ਅਧਿਕਾਰਾਂ ਨੂੰ ਕਦੀ ਕੋਈ ਅਹਿਮੀਅਤ ਨਹੀਂ ਦਿੰਦਾ ਜਦ ਕਿ ਉਹਨਾਂ ਦੇਸ਼ਾਂ ’ਚ ਸਦੀਆਂ ਤੋਂ ਚਲੀਆਂ ਆ ਰਹੀਆਂ ਚੀਜ਼ਾਂ ਤੇ ਫਾਰਮੂਲਿਆਂ ਨੂੰ ਪੇਟੈਂਟ ਕਰਵਾ ਕੇ ਵਿਕਾਸਸ਼ੀਲ ਦੇਸ਼ਾਂ ਲਈ ਕੌਮਾਂਤਰੀ ਵਪਾਰ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ। ਅਮਰੀਕਾ ਦਾ ਪੇਟੈਂਟ ਐਕਟ (1952) ਪੂਰੀ ਦੁਨੀਆਂ ਦੇ ਨਾਲ ਇਕ ਭੱਦਾ ਮਜ਼ਾਕ ਹੀ ਕਿਹਾ ਜਾ ਸਕਦਾ ਹੈ। ਜੋ ਅਮਰੀਕਾ ’ਚ ਪੈਦਾ ਹੋਣ ਵਾਲੀ ਕਿਸੇ ਵੀ ਚੀਜ਼ ਦੇ ਪੇਟੈਂਟ ਦੀ ਇਜਾਜ਼ਤ ਨਹੀਂ ਦਿੰਦਾ ਜਦ ਕਿ ਦੂਜੇ ਦੇਸ਼ਾਂ ’ਚ ਪ੍ਰਚਲਿਤ ਚੀਜ਼ਾਂ ਜਾਂ ਖੋਜਾਂ ਨੂੰ ਅਮਰੀਕਾ ’ਚੇ ਪੇਟੈਂਟ ਕਰਵਾਉਣ ਦਾ ਅਧਿਕਾਰ ਦਿੰਦਾ ਹੈ। ਇਸ ਅਨੋਖੇ ਕਨੂੰਨ ਅਨੁਸਾਰ ਸ਼ੁੱਧ ਭਾਰਤੀ ਬਾਸਮਤੀ ਚੌਲ ਤੇ ਹਲਦੀ ਨੂੰ ਵੀ ਪੇਟੈਂਟ ਕਰਵਾ ਕੇ ਅਮਰੀਕੀ ਕੰਪਨੀਆਂ ਇਹਨਾਂ ਦੇ ਕੌਮਾਂਤਰੀ ਵਪਾਰ ਦੇ ਦਰਵਾਜ਼ੇ ਦੂਜਿਆਂ ਲਈ ਬੰਦ ਕਰ ਦਿੰਦੀਆਂ ਹਨ। ਇਕ ਅਮਰੀਕੀ ਕੰਪਨੀ ਲਈ ਸੰਭਵ ਹੈ ਕਿ ਉਹ ਭਾਰਤ ’ਚ ਬੀਜ਼ੇ ਜਾਣ ਵਾਲੇ ਚੌਲ ਬਾਸਮਤੀ ਨੂੰ ਖਰੀਦ ਕੇ ਭਾਰਤੀਆਂ ਨੂੰ ਹੀ ਵੇਚਣ ਪਰ ਭਾਰਤੀ ਕਿਸਾਨ ਨੂੰ ਇਹ ਅਧਿਕਾਰ ਨਹੀਂ ਹੋਵੇਗਾ ਕਿ ਉਹ ਆਪਣੀ ਪੈਦਾਵਾਰ ਨੂੰ ਖੁਦ ਵੇਚ ਸਕੇ। ਫਿਰ ਇਹ ਵੀ ਕਿ ਇਸੇ ਟ੍ਰੇਡ ਐਕਟ ਦੇ ਇਕ ਖਾਸ ਅਨੁਛੇਦ 301 ਦੇ ਅਨੁਸਾਰ ਅਮਰੀਕੀ ਪੇਟੈਂਟ ਕਨੂੰਨਾਂ ਨੂੰ ਮੰਨਣ ’ਤੇ ਮਜ਼ਬੂਰ ਕਰੇ। ਇਹ ਸਿਰਫ ਇਕ ਆਮ ਕਨੂੰਨੀ ਸਰਕਾਰਾਂ WTO ਦੀ ਮਦਦ ਨਾਲ ਪੂਰੀ ‘ਦਿਆਨਤਦਾਰੀ’ ਨਾਲ ਕੰਮ ਕਰ ਰਹੀਆਂ ਹਨ। ਉਰਗਵੇ ਰਾਊਂਡ ਕੀ ਹੈ? ਗੈਟ ਦੌਰਾਨ ਅਮਰੀਕਾ ਨੇ ਆਪਣੇ ਇਸ ਪੇਟੈਂਟ ਕਨੂੰਨ ਦੀ WTO ’ਚ ਨਾ ਸਿਰਫ ਜਾਣਕਾਰੀ ਦਿੱਤੀ ਬਲਕਿ ਦੁਨੀਆਂ ਭਰ ’ਚ ਲਾਗੂ ਕਰਾਉਣ ਲਈ ਕਾਮਯਾਬੀ ਵੀ ਹਾਸਲ ਕੀਤੀ ਪੇਟੈਂਟ ਅਤੇ ਇੰਟਲੈਕਚੂਅਲ ਪ੍ਰਾਪਰਟੀ ਰਾਈਟਸ ਨੇ ਦੁਨੀਆਂ ਵਿਚ ਜੁਲਮ ਦੀ ਇਕ ਹਾਸੋਹੀਣੀ ਸ਼ਕਲ ਨੂੰ ਪ੍ਰਚਲਿਤ ਕਰਵਾਇਆ। ਹੁਣ ਇਹਨਾਂ ਕਨੂੰਨਾਂ ਅਨੁਸਾਰ ਕਿਸਾਨ ਦੀਆਂ ਬੁਨਿਆਦੀ ਲੋੜਾਂ (ਭਾਵ ਬੀਜ਼) ਵੀ ਕਾਰਪੋਰੇਟ ਦੀ ਮਾਲਕੀ ਐਲਾਨੀਆਂ ਗਈਆਂ ਹਨ। ਜੇ ਕਿਸਾਨ ਇਹਨਾਂ ਨੂੰ ਆਪਣੀ ਲੋੜ ਲਈ ਬਚਾਉਂਦਾ ਹੈ ਤਾਂ ਉਹ ‘ਚੋਰ’ ਅਖਵਾਉਂਦਾ ਹੈ। ਦੁਨੀਆਂ ਤੋਂ ਇਸ ‘ਚੋਰੀ’ ਦੇ ਖਾਤਮੇ ਲਈ ਕੰਪਨੀਆਂ ਪੇਸ਼ੇਵਰ ਜਸੂਸਾਂ ਦੀ ਮਦਦ ਨਾਲ ਚੋਰਾਂ ਦਾ ਪਤਾ ਲਾਉਂਦੀ ਹੈ। ਉਹਨਾਂ ਦਾ ਪਿੱਛਾ ਕਰਦੀ ਹੈ ਅਤੇ ਉਹਨਾਂ ਨੂੰ ਸਹੀ ਦੰਡ ਦਿਵਾਉਂਦੀ ਹੈ। ਸਾਫਟਵੇਅਰ ਪਾਇਰੇਸੀ ਅਤੇ ਫਿਲਮ ਪਾਇਰੇਸੀ ਸਾਡੇ ਲਈ ਨਵੇਂ ਸ਼ਬਦ ਨਹੀਂ ਹਨ। ਇਸ ਲਈ ਕਿ ਪਾਇਰੇਸੀ ਦੀ ਇਸ ਤਰ੍ਹਾਂ ਦੀ ਮਾਰ ਪੂੰਜੀਵਾਦ ’ਤੇ ਪੈਂਦੀ ਹੈ ਇਸ ਲਈ ਇਸ ਨੂੰ ਇਕ ਵੱਡਾ ਗੁਨਾਹ ਕਿਹਾ ਜਾਂਦਾ ਹੈ। ਪਰ ਇਕ ਪਾਸੇ ਪਾਇਰੇਸੀ ਜਿਸ ਦੇ ਆਯਾਮ ਦਾ ਅੰਦਾਜ਼ਾ ਵੀ ਲਾਉਣਾ ਮੁਸ਼ਕਲ ਹੈ, ਉਹ ਹੈ ਬਾਇਓ ਪਾਇਰੇਸੀ। ਪਾਇਰੇਸੀ ਦੀ

ਇਹ ਉਹ ਕਿਸਮ ਹੈ ਜਿਸ ਦੀ ਸਭ ਤੋਂ ਵੱਧ ਲੋੜ ਹੈ ਪਰ ਜਿਸ ਦਾ ਜ਼ਿਕਰ ਕਦੀ ਭੁੱਲ ਕੇ ਹੀ ਹੁੰਦਾ ਹੈ। ਸਥਾਨਕ ਪੈਦਾਵਾਰ ਤੇ ਸਥਾਨਕ ਸਿਖਿਆ ਨੂੰ ਪੇਟੈਂਟ ਰਾਹੀਂ ਆਪਣਾ ਐਲਾਨ ਕਰਕੇ ਇਸ 'ਚ ਬਿਨ ਕਿਸੇ ਨੂੰ ਹਿੱਸੇਦਾਰ ਬਣਾਇਆ ਤੁਰੰਤ ਇਸ ਦੇ ਸਾਰੇ ਮਾਲਕਾਨਾਂ ਹੱਕ ਹਾਸਲ ਕਰ ਲੈਣ ਦਾ ਨਾਂ ਬਾਇਓਇਰੇਸੀ ਹੈ। ਕਈ ਬਹੁਕੌਮੀ ਕੰਪਨੀਆਂ ਨੇ ਕੌਮਾਂਤਰੀ ਸੰਸਥਾਵਾਂ ਦੇ ਸਹਿਯੋਗ ਨਾਲ ਇਸ ਬਾਇਰੇਸੀ ਦਾ ਬਾਜ਼ਾਰ ਗਰਮ ਕਰ ਰੱਖਿਆ ਹੈ। ਵਿਕਾਸਸ਼ੀਲ ਦੇਸ਼ਾਂ ਦੇ ਨਾਲ ਇਹ ਉਹ ਘਿਨਾਉਣਾ ਮਜ਼ਾਕ ਹੈ ਜਿਸ ਦੇ ਸਹਾਰੇ ਪਿਛਲੇ ਕੁਝ ਸਾਲਾਂ 'ਚ ਸਿਰਫ ਬਾਸਮਤੀ ਚੌਲ ਤੇ ਹਲਦੀ ਹੀ ਨਹੀਂ ਬਲਕਿ ਕਰੇਲਾ, ਜਾਮਨ ਤੇ ਬੈਂਗਣ ਨੂੰ ਸ਼ੂਗਰ ਹੀ ਬੀਮਾਰੀ ਦਾ ਨਾਸ਼ਕ ਦੀ ਹੈਸੀਅਤ ਨਾਲ ਅਮਰੀਕਾ 'ਚ ਪੇਟੈਂਟ ਕਰਵਾ ਦਿੱਤਾ ਗਿਆ। ਇਸ ਤੋਂ ਇਲਾਵਾ ਨਿੰਮ, ਔਲਾ, ਅਦਰਕ ਸਮੇਤ ਕਈ ਦੂਜੀਆਂ ਚੀਜ਼ਾਂ 'ਤੇ ਇਹਨਾਂ ਦੇ ਸਾਰਤੱਤ ਪੇਟੈਂਟ ਹੁੰਦੇ ਜਾ ਰਹੇ ਹਨ ਤੇ ਹੌਲੀ-ਹੌਲੀ ਇਸ ਦੇ ਵਪਾਰ ਦੇ ਦਰਵਾਜ਼ੇ ਚਾਰੋਂ ਪਾਸੇ ਕੌਮਾਂਤਰੀ ਕੌਮਾਂ 'ਤੇ ਬੰਦ ਹੋ ਰਹੇ ਹਨ।

ਪੇਟੈਂਟ ਕਨੂੰਨ ਅਤੇ ਦਬਾਅ 'ਤੇ ਅਧਾਰਤ ਪਾਲਸੀਆਂ ਰਾਹੀਂ ਆਮ ਲੋਕਾਂ ਨੂੰ ਗੁਲਾਮ ਬਣਾਇਆ ਜਾਂਦਾ ਹੈ। ਜਦ ਕਰਜ਼ੇ ਤੇ ਸੂਦ ਜਾਲ ਜ਼ਰੀਏ ਸਰਕਾਰਾਂ ਨੂੰ ਇਹਨਾਂ ਸੰਸਥਾਵਾਂ ਦੀਆਂ ਪਾਲਸੀਆਂ ਕਾਰਨ ਵਿਕਾਸਸ਼ੀਲ ਦੇਸ਼ਾਂ 'ਚ ਜੋ ਸਾਂਝੀਆਂ ਸਮੱਸਿਆਵਾਂ ਉਭਰ ਰਹੀਆਂ ਹਨ ਉਹ ਦੀ ਇਕ ਲੰਬੀ ਲਿਸਟ ਹੈ। ਉਦਾਹਰਣ ਵਜੋਂ ਬੁਨਿਆਦੀ ਜ਼ਰੂਰਤਾਂ (ਜਨ ਸਿਹਤ ਤੇ ਸਿਖਿਆ) 'ਤੇ ਸਰਕਾਰੀ ਖਰਚਿਆਂ 'ਚ ਲਗਾਤਾਰ ਕਮੀ ਦਾ ਰੁਝਾਣ, ਖਾਣ ਪੀਣ ਦੀਆਂ ਚੀਜ਼ਾਂ 'ਚ ਦਿੱਤੀ ਜਾਣ ਵਾਲੀ ਛੋਟ 'ਚ ਕਟੌਤੀਆਂ ਗੈਰ ਜਥੇਬੰਦ ਵਿਭਾਗਾਂ 'ਚ ਲਗਾਤਾਰ ਘੱਟ ਹੁੰਦੀ ਮਜ਼ਦੂਰੀ, ਦਰਾਮਦ ਨੂੰ ਸਸਤਾ ਬਣਾਉਣ ਲਈ ਡਾਲਰ ਦੇ ਮੁਕਾਬਲੇ ਕਰੰਸੀਆਂ ਦੀਆਂ ਘਟਦੀਆਂ ਕੀਮਤਾਂ, ਮਹਿੰਗਾਈ ਦੀ ਮਾਰ, ਮਕਾਮੀ ਜ਼ਰੂਰਤਾਂ ਦੀ ਬਜਾਏ ਕੌਮਾਂਤਰੀ ਜ਼ਰੂਰਤਾਂ (ਬਰਾਮਦ ਹਿੱਤ) ਨੂੰ ਤਰਜੀਹ ਦੇਣ ਦਾ ਰੁਝਾਣ ਅਤੇ ਵਧਦੀ ਵਿਆਜ ਦਰ ਆਦਿ। ਮੂਲ ਅਧਿਕਾਰਾਂ ਦਾ ਹਨਨ ਪਾਲਸੀਆਂ ਨਾਲ ਸਿਰਫ ਇਨਸਾਫ ਦਾ ਗਲਾ ਘੁੱਟ ਕੇ ਆਰਥਕ ਤੇ ਵਪਾਰਕ ਮਾਮਲਿਆਂ ਦੇ ਹਵਾਲੇ ਨਾਲ ਪੂਰੀ ਦੁਨੀਆਂ ਦੇ ਸਮਾਜ ਨੂੰ ਦੋ ਟੁਕੜਿਆਂ 'ਚ ਵੰਡਦੀ ਹੈ। ਭਾਵ ਜਾਲਮ ਤੇ ਮਜ਼ਲੂਮ।

**ਵਿਸ਼ੇਸ਼ ਆਰਥਕ ਖੇਤਰ** - (SEZ) ਪੂੰਜੀਵਾਦੀ ਸਾਮਰਾਜ ਦਾ ਇਕ ਹੋਰ ਹਥਿਆਰ ਹੈ। ਜੋ ਸਮਾਜ ਭੇਦਭਾਵ ਨੂੰ ਵਧਾਉਣ ਦਾ ਇਕ ਅਹਿਮ ਜ਼ਰੀਆ ਬਣ ਚੁੱਕਿਆ ਹੈ। ਇਹ ਉਹ ਖੇਤਰ (SEZ) ਹਨ ਜੋ ਜ਼ਿਆਦਾਤਰ ਦੇਸ਼ਾਂ ਦੇ ਕਨੂੰਨਾਂ ਤੋਂ ਆਜ਼ਾਦ ਹੁੰਦੇ ਹਨ। ਇਸ ਤਰ੍ਹਾਂ ਇਹਨਾਂ ਜੋਨਾਂ ਵਿਚ ਪੂੰਜੀਵਾਦੀ ਰਾਜ ਕਾਇਮ ਹੁੰਦਾ ਹੈ। ਗਰੀਬ ਕਿਸਾਨਾਂ ਤੋਂ ਉਹਨਾਂ ਦੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਹੜੱਪਣਾ ਤੇ ਫਿਰ ਉਹਨਾਂ ਨੂੰ ਭਾਰੀ ਛੋਟ ਤੇ ਸਹੂਲਤਾਂ ਨਾਲ ਕੌਮਾਂਤਰੀ ਸਰਮਾਏਦਾਰਾਂ ਦੇ ਹਵਾਲੇ ਕਰਨਾ ਜਿਥੇ ਉਹ ਪੂੰਜੀਵਾਦ ਰਾਜ (SEZ) ਕਰ ਦੇਣ। ਇਹੀ ਸੇਜ ਪਾਲਸੀਆਂ ਦੇ ਕੰਮ ਕਰਨ ਦਾ ਤਰੀਕਾ ਹੈ। ਬੇਹਤਰੀਨ ਖੇਤੀ ਯੋਗ ਜ਼ਮੀਨਾਂ ਸੇਜ ਦੇ ਨਾਂ 'ਤੇ ਤੇਜ਼ੀ ਨਾਲ ਸਰਮਾਏਦਾਰਾਂ ਦੇ ਸਪੁਰਦ ਕੀਤੀਆਂ ਜਾ ਰਹੀਆਂ ਹਨ ਅਤੇ ਇਹ ਅਮਲ ਵੀ ਅਪਾਰਦਰਸਿਤਾ ਤੇ ਜਾਲਮਾਨਾ ਸਰਮਾਏਦਾਰੀ ਤਰੀਕੇ ਨਾਲ ਅੰਜਾਮ ਦਿੱਤਾ ਜਾ ਰਿਹਾ ਹੈ। ਉਦਾਹਰਣ ਵਜੋਂ ਮੁੰਬਈ ਤੋਂ ਸਿਰਫ ਸੌ ਕਿਲੋਮੀਟਰ ਦੂਰ ਦੇ ਫਾਸਲੇ 'ਤੇ ਉਰਨ

ਦੀ 35000 ਏਕੜ ਜ਼ਮੀਨ ਰਿਲਾਇੰਸ ਸੇਜ ਲਈ ਸਰਕਾਰ ਰਾਖਵੀਂ ਕਰਦੀ ਹੈ। ਸਥਾਨਕ ਗਰੀਬ ਜ਼ਮੀਨ ਦੇ ਮਾਲਕਾਂ ਨੂੰ ਨੋਟਿਸ ਭੇਜ ਦਿੱਤਾ ਜਾਂਦਾ ਹੈ। ਹੁਣ ਜੇ ਇਹਨਾਂ ਪੇਂਡੂ ਲੋਕਾਂ ਵਿਚ ਦਮ ਖਮ ਹੈ ਤਾਂ ਉਹ ਪੂੰਜੀ ਅਤੇ ਰਾਜਨੀਤੀ ਦੀ ਤਾਕਤ ਨਾਲ ਲੋਹਾ ਲੈਣ (ਜਿਸ ਦੀ ਆਮ ਤੌਰ 'ਤੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ) ਜਾਂ ਫਿਰ ਗਰੀਬੀ ਦੀ ਦਲਦਲ 'ਚ ਕੁਝ ਹੋਰ ਧਸਣ ਲਈ ਤਿਆਰ ਹੋ ਜਾਣ। ਸਿੰਗੂਰ ਦੇ ਕਿਸਾਨਾਂ ਨੇ ਇਸ ਦਮਖਮ ਦਾ ਮੁਜਾਹਰਾ ਜ਼ਰੂਰੀ ਕੀਤਾ ਪਰ ਉਹਨਾਂ ਸੈਂਕੜੇ ਸੇਜਾਂ ਦੇ ਲੱਖਾਂ ਪ੍ਰਭਾਵਿਤ ਲੋਕਾਂ ਦਾ ਕੀ ਹੋਵੇਗਾ ਜਿਹਨਾਂ ਦੀ ਆਵਾਜ ਉਠਣ ਤੋਂ ਪਹਿਲਾਂ ਹੀ ਦਬਾ ਦਿੱਤੀ ਗਈ। ਇਹੀ ਕਾਰਨ ਹੈ ਕਿ ਆਲੋਚਕ ਇਹਨਾਂ ਖੇਤਰਾਂ ਨੂੰ ਵਿਸ਼ੇਸ਼ ਲੁੱਟਦੇ ਜੋਨ ਕਹਿੰਦੇ ਹਨ। ਹੁਣ ਤੱਕ ਮਨਿਸਟਰੀ ਆਫ ਕਾਮਰਸ ਨੇ 439 ਸੇਜ ਮੰਜੂਰ ਕਰ ਦਿੱਤੇ ਹਨ ਜੋ ਵਿਦੇਸ਼ੀ ਧਰਤੀ ਦਾ ਦਰਜਾ ਰੱਖਦੇ ਹਨ। ਪੰਚਾਇਤ ਐਕਸਟੇਂਨਸ਼ਨ ਟੂ-ਸ਼ਿਡੂਲਡ ਏਰੀਆਜ (PESA Act 1996) ਹਕੂਮਤ ਨੂੰ ਜ਼ਮੀਨ ਤੇ ਕਬਜੇ ਹਾਸਲ ਕਰਨ ਤੋਂ ਪਹਿਲਾਂ ਪਿੰਡ ਸਭਾਵਾਂ ਦੀ ਮੰਜੂਰੀ ਲਈ ਪਾਬੰਦ ਕਰਦਾ ਹੈ। ਪਰ ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਹੁਣ ਤੱਕ ਇਸ ਕਨੂੰਨ ਦੀ ਅਣਦੇਖੀ ਹੀ ਕੀਤੀ ਹੈ। ਬਲਕਿ ਪਿੰਡ ਸਭਾਵਾਂ ਦੀਆਂ ਮੀਟਿੰਗਾਂ ਨੂੰ ਪੁਲਸ ਰਾਹੀਂ ਮਜ਼ਬੂਰ ਕੀਤਾ ਜਾਂਦਾ ਹੈ ਕਿ ਉਹ ਸਰਕਾਰੀ ਹੁਕਮ ਨੂੰ ਮੰਨ ਲੈਣ। ਸੇਜ ਨਾਲ ਸਬੰਧਤ ਸਰਕਾਰਾਂ ਦੇ ਇਹ ਦਾਅਵੇ ਹੁੰਦੇ ਹਨ ਕਿ ਉਹ ਵੱਡੇ ਪੈਮਾਨੇ 'ਤੇ ਰੁਜ਼ਗਾਰ ਦਾ ਸਾਧਨ ਬਣਨਗੇ। ਪਰ ਰੁਜ਼ਗਾਰ ਦੀ ਸਥਿਤੀ ਤੇ ਲੁੱਟ ਆਮ ਤੌਰ 'ਤੇ ਇਹਨਾਂ ਦਾਅਵਿਆਂ ਨੂੰ ਗਲਤ ਸਾਬਤ ਕਰਦੇ ਹਨ। ਮਿਸਾਲ ਵਜੋਂ ਅਦਰਾਸ ਐਕਸਪੋਰਟ ਪ੍ਰੋਸੈਸਿੰਗ ਜੋਨ ਦੀ ਸਥਾਪਨਾ 1984 'ਚ ਹੋਈ ਅਤੇ 2002 'ਚ ਸੇਜ ਦਾ ਦਰਜਾ ਦਿੱਤਾ ਗਿਆ। 100 ਉਦਯੋਗ ਸੌ ਫੀਸਦੀ ਬਰਾਮਦ 'ਤੇ ਕਾਇਮ ਹਨ ਜਿਥੇ 2000 ਮਜ਼ਦੂਰ ਕੰਮ ਕਰਦੇ ਹਨ। ਉਹਨਾਂ 'ਚੋਂ ਬਹੁਤੇ ਠੇਕਾ ਅਧਾਰਤ ਲੇਬਰ ਨਾਲ ਸੰਬੰਧ ਰੱਖਦੇ ਹਨ। ਜੋ ਆਮ ਤੌਰ 'ਤੇ ਮਾਮੂਲੀ ਮਜ਼ਦੂਰੀ ਤੋਂ ਵੀ ਵਾਂਝੇ ਹੁੰਦੇ ਹਨ। ਜਿਨ੍ਹਾਂ ਨੂੰ ਆਮ ਤੌਰ 'ਤੇ ਲਗਭਗ 10-12 ਘੰਟਿਆਂ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਸਿੰਗੂਰ ਤੇ ਦਾਦਰੀ ਦੀ ਜ਼ਮੀਨ ਹੜੱਪਣ ਦੀ ਡੀਟੇਲ (ਵੇਰਵੇ) ਨੂੰ ਜਾਹਰ ਕਰਨ ਦੀ ਮੰਗ ਨੂੰ ਵੀ ਪੱਛਮੀ ਬੰਗਾਲ ਸਰਕਾਰ ਨੇ ਇਹ ਕਹਿ ਕੇ ਹਮੇਸ਼ਾ ਨਾ ਮੰਜੂਰ ਕੀਤਾ ਕਿ ਇਹ ਇਕ ਟ੍ਰੇਡਸੀਕਰਟ (ਵਿਪਾਰਕ ਭੇਦ) ਹੈ SEZ ACT (2000) ਦੇ ਅਨੁਛੇਦ 50 (ਜਿਸ ਨੂੰ ਪਿੱਛੋਂ ਬੇਅਸਰ ਕਰ ਦਿੱਤਾ ਗਿਆ ਸੀ) ਅਨੁਸਾਰ SEZS ਨੂੰ ਲੇਬਰ ਵੈਲਵੇਅਰ ਕਰਮਚਾਰੀਆਂ ਦੇ ਝਗੜਿਆਂ, ਕੰਮ ਦੇ ਮਹੌਲ, ਬਜ਼ਰਮ ਮਜ਼ਦੂਰਾਂ ਲਈ ਸਹੂਲਤਾਂ ਆਦਿ ਨਾਲ ਸਬੰਧਤ ਸਰਕਾਰ ਦਾ ਇਹ ਮੰਨਣਾ ਹੈ ਕਿ ਐਕਸਪੋਰਟ 'ਚ ਵਾਧਾ ਤੇ 30 ਲੱਖ ਨਵੇਂ ਰੁਜ਼ਗਾਰ ਦਾ ਕਾਰਨ ਹੋਵੇਗਾ।

**ਇਸ਼ਤਿਹਾਬਾਜ਼ੀ ਤੇ ਮੀਡੀਆ ਮੈਨੇਜਮੈਂਟ** - ਮੀਡੀਆ ਮੈਨੇਜਮੈਂਟ ਸਾਮਰਾਜੀ ਤਾਕਤਾਂ ਦਾ ਇਕ ਮਹੱਤਵਪੂਰਨ ਹਥਿਆਰ ਹੈ। ਆਮ ਤੌਰ 'ਤੇ ਅਖਬਾਰਾਤ ਤੇ ਚੈਨਲਾਂ ਲਈ ਵਪਾਰਕ ਸਰਗਰਮੀਆਂ ਪ੍ਰਸਾਰਣ ਦਾ ਮਹੱਤਵਪੂਰਨ ਅੰਸ ਹੁੰਦੀਆਂ ਹਨ। ਇਹਨਾਂ ਪ੍ਰਸਾਰਣਾਂ 'ਚ ਆਪਣੀਆਂ ਲੋੜਾਂ ਅਨੁਸਾਰ ਅੰਸ਼ਾਂ ਨੂੰ ਸ਼ਾਮਲ ਕਰਨ ਲਈ ਮੀਡੀਆ ਮੈਨੇਜਮੈਂਟ ਦਾ ਟੂਲ ਅਪਣਾਇਆ ਜਾਂਦਾ ਹੈ। ਇਸ ਲਈ ਬੇਹਤਰੀਨ ਸਮਾਜੀ ਭੇਦਭਾਵ ਤੇ ਨਬਰਾਬਰੀ ਦੇ ਬਾਵਜੂਦ ਅਸੀਂ ਚੈਨਲਾਂ ਤੇ ਅਖਬਾਰਾਂ ਰਾਹੀਂ ਲੱਖਾਂ ਲੋਕਾਂ ਨੂੰ ਰੁਜ਼ਗਾਰ ਮੁਹਈਆ ਕਰਾਉਣ, ਵਪਾਰ 'ਚ ਵਾਧਾ, ਜੀ ਡੀ ਪੀ ਦੀ ਅਸਾਧਾਰਨ ਗ੍ਰੋਥ, ਸ਼ੇਅਰ

ਬਾਜ਼ਾਰਾਂ ਦੀ ਉਛਾਲ, ਨਵੀਆਂ-ਨਵੀਆਂ ਚੀਜ਼ਾਂ ਪ੍ਰਚਲਿਤ ਕਰਾਉਣ Celebrites ਦੇ ਦਿਨ ਰਾਤ ਦੇ ਸੈਡੂਅਲ ਆਦਿ ਦੀਆਂ ਖਬਰਾਂ ਪੜ੍ਹਦੇ ਤੇ ਸੁਣਦੇ ਰਹਿੰਦੇ ਹਨ। ਪਰ ਹਜ਼ਾਰਾਂ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੇ ਵੇਰਵੇ ਜਾਨਣ ਲਈ ਸਾਨੂੰ ਕਿਸੇ ਇਨਸਾਨੀ ਹੱਕ ਕਮਿਸ਼ਨ ਦੀ ਪੱਤ੍ਰਕਾ ਜਾਂ ਵੈਬਸਾਈਡ ਹੀ ਛਾਨਣੀ ਪੈਂਦੀ ਹੈ। ਸੁਆਲ ਇਹ ਹੈ ਕਿ ਆਖਰ ਇਸ ਆਪਸੀ ਵਿਰੋਧੀ ਗੱਲ ਦਾ ਕਾਰਣ ਕੀ ਹੈ? ਇਕ ਪ੍ਰਸਿੱਧ ਦੈਨਿਕ ਅਖਬਾਰ ਦੇ ਸੰਪਾਦਕ ਨੇ ਬੜਾ ਦਿਲਚਪਸ ਪਰ ਅਸਲੀ ਕਾਰਨ ਬਿਆਨ ਕੀਤਾ ਹੈ। ਉਸ ਨੇ ਦੱਸਿਆ ਕਿ ਇਕ ਉਚ ਪੱਧਰ ਦੇ ਅਖਬਾਰ ਦੀ ਕੁਲ ਕੀਮਤ ਲਗਭਗ 6 ਰੁਪਏ ਹੁੰਦੀ ਹੈ ਜਦ ਕਿ ਸਾਧਾਰਨ ਪਾਠਕ ਸਿਰਫ ਇਕ ਰੁਪਿਆ ਹੀ ਇਸ ਲਈ ਅਦਾ ਕਰਦਾ ਹੈ ਜਿਸ ’ਚੋਂ 43 ਪੈਸੇ ਪਬਲਿਸ਼ਰ ਨੂੰ ਹਾਸਲ ਹੁੰਦੇ ਹਨ ਬਾਕੀ ਕੀਮਤ ਇਸ਼ਤਿਹਾਰਬਾਜ਼ ਹੀ ਅਦਾ ਕਰਦੇ ਹਨ। ਦੂਜੇ ਸ਼ਬਦਾਂ ’ਚ ਕਿਹਾ ਜਾਏ ਤਾਂ ਇਹ ਕਿ ਸੰਪਾਦਕ ਵਿਭਾਗ ਦੇ ਮੁਕਾਬਲੇ ’ਚ ਐਡਰਵਾਈਜ਼ਿੰਗ ਡੇਸਕ 12 ਗੁਣਾ ਵੱਧ ਮਹੱਤਵਪੂਰਨ ਹੁੰਦਾ ਹੈ। ਇਹੀ ਕਾਰਨ ਹੈ ਕਿ ਅੱਜ ਵੱਡੇ ਅਖਬਾਰ ਸਮਾਜ ਦੇ ਖੁਸ਼ਹਾਲ ਵਰਗ ਦੀ ਨੁਮਾਇੰਦਗੀ ਜ਼ਰੂਰ ਕਰਦੇ ਹਨ ਪਰ ਅਸਲੀ ਭਾਰਤ ਦਾ ਪ੍ਰਤੀਬਿੰਬ ਉਹਨਾਂ ’ਚ ਘੱਟ ਝਲਕਦਾ ਹੈ। ਪੂੰਜੀਵਾਦੀ ਸ਼ਕਤੀਆਂ ਦੇ ਹਮਲਾਵਰ ਪ੍ਰਾਪੇਗੰਡੇ ਤੇ ਵਿਸ਼ੇਸ਼ ਸਭਿਆਚਾਰ ਨੂੰ ਹੱਲਾਸ਼ੇਰੀ ਦੇਣ ਅਤੇ ਸਮਾਜ ਦੇ ਵਿਸ਼ੇਸ਼ ਵਰਗ ’ਤੇ ਉਹਨਾਂ ਦੀ ਦਇਆ-ਦ੍ਰਿਸ਼ਟੀ ਜਿਥੇ ਪੂੰਜੀਵਾਦੀ ਕਲਚਰ ਨੂੰ ਮੰਜੂਰ ਕਰਨ ਦੀਆਂ ਕੋਸ਼ਿਸ਼ਾਂ ਨੂੰ ਜਾਹਰ ਕਰਦੀ ਹੈ। ਉਥੇ ਸਮਾਜ ਦੇ ਨਿਮਨ ਵਰਗ ਪ੍ਰਤੀ ਉਹਨਾਂ ਦੀ ਬੇਹਤਰੀਨ ਬੇਰੁਖੀ ਤੇ ਬੇਹਿਸੀ ਨੂੰ ਉਜਾਗਰ ਕਰਦੀ ਹੈ। ਉਥੇ ਸਮਾਜ ਦੇ ਨਿਮਨ ਵਰਗ ਪ੍ਰਤੀ ਉਹਨਾਂ ਦੀ ਬੇਹਤਰੀਨ ਬੇਰੁਖੀ ਤੇ ਬੇਹਿਸੀ ਨੂੰ ਹੀ ਜਾਹਰ ਕੀਤਾ ਹੈ। ਇਸੇ ਪ੍ਰਾਪੇਗੰਡੇ ਤੇ ਇਸ਼ਤਿਹਾਰਬਾਜ਼ੀ ਨੇ ‘ਖਾਓ-ਪੀਓ ਤੇ ਮੌਜ ਕਰੋ’ ਕਲਚਰ ਨੂੰ ਹੱਲਾਸ਼ੇਰੀ ਦੇਣ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇਹੀ ਕਾਰਨ ਹੈ ਕਿ ਅੱਜ ਦੇ ਨੌਜਵਾਨਾਂ ਨੂੰ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਤੇ ਸਿੰਗੂਰ ਦੇ ਅਤਿਆਚਾਰ ਅਸਰਅੰਦਾਜ਼ ਨਹੀਂ ਕਰਦੇ। ਹਾਂ ਉਹ ਕਿਸੇ ਫਿਲਮੀ ਹਸਤੀ ਦੇ ਬੇਲਾਗ ’ਤੇ ਰੋਜ਼ਾਨਾ ਇਹ ਜਾਨਣ ਲਈ ਜ਼ਰੂਰ ਵਿਜ਼ਿਟ ਕਰੇਗਾ ਕਿ ਜਨਾਬ ਦੇ ਮੋਢੇ ਦੀ ਤਕਲੀਫ ਦਾ ਕੀ ਹਾਲ ਹੈ।

ਮੀਡੀਆ ਦੇ ਪ੍ਰਾਪੇਗੰਡੇ ਤੇ ਇਸ਼ਤਿਹਾਰਬਾਜ਼ੀ ਨੇ ਹਰ ਥਾਂ ਇਕ ਅਜੀਬ ਬੇਹੁਦੇ ਕਲਚਰ ਨੂੰ ਜਨਮ ਦਿੱਤਾ ਹੈ, ਜਿਥੇ ਇਨਸਾਨੀਅਤ ਦੀਆਂ ਗਰੀਬ ਸਮੱਸਿਆਵਾਂ ’ਤੇ ਚਿੰਤਨ ਤੇ ਗੌਰ ਫਿਕਰ ਕਰਨ ਲਈ ਕੋਈ ਥਾਂ ਨਹੀਂ ਹੈ। ਇਥੇ ਇਕ ਮਿਸਾਲ ਇਸ ਸਥਿਤੀ ਨੂੰ ਵੇਖਣ ਲਈ ਕਾਫੀ ਹੈ ਕਿ ਕੋਕਾਕੋਲਾ ਦੀ ਪੈਦਾਵਾਰ ਨੂੰ ਜਦ Introduce ਕਰਵਾਇਆ ਗਿਆ ਤਾਂ ਸਥਾਨਕ ਲੋਕਾਂ ਦੇ ਬੇਪਨਾਹ ਜੋਸ਼ ਤੇ ਜਗਿਆਸਾ ਨੂੰ ਅਖਬਾਰਾਂ ਨੇ ‘ਹਿਸਟੀਰੀਆ’ ਦਾ ਨਾਂ ਦਿੱਤਾ ਸੀ। ਇਹ ਉਸ ਧਰਤੀ ਦੀ ਕਹਾਣੀ ਹੈ। ਜਿਸ ਨੇ ਕੁਝ ਹੀ ਸਾਲ ਪਹਿਲਾਂ ਕੋਕਾਕੋਲਾ ਦੀ ਰਾਖੀ ਤੇ ਸਰਪ੍ਰਸਦ ਦੇਸ਼ਾਂ ਤੋਂ ਅਜਾਦੀ ਲਈ ਲੱਖਾਂ ਜਾਨਾਂ ਦੀਆਂ ਕੁਰਬਾਨੀਆਂ ਪੇਸ਼ ਕੀਤੀਆਂ ਸਨ ਭਾਵ ਵਿਅਤਨਾਮ। ਖਾਸ ਕਰਕੇ ਸੂਚਨਾ ਤਕਨੀਕੀ ਨੇ ਪਿਛਲੇ ਕੁਝ ਸਾਲਾਂ ’ਚ ਪੂੰਜੀਵਾਦੀ ਰੁਝਾਣਾਂ ਨੂੰ ਵਿਹਾਰਕ ਰੂਪ ਦੇਣ ’ਚ ਬੜਾ ਹੀ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇਕ ਵਿਚਾਰਕ ਦਾ ਕਥਨ ਹੈ ਕਿ ‘ਇਲਮੀ ਇਨਕਲਾਬ ਆਪਣੇ ਆਸਤੀਨ ’ਚ ਸਾਮਰਾਜਵਾਦ ਨੂੰ ਛਿਪਾ ਕੇ ਲਿਆਂਦਾ ਹੈ।’ 39 ਲੱਖ ਇੰਟਰਨੈਟ ਹੋਸਟਸ ਅੱਜ ਅਮਰੀਕਾ ਸਭਿਆਚਾਰ ਤੇ

ਵਿਚਾਰਧਾਰਾ ਨੂੰ ਵਿਹਾਰਕ ਰੂਪ ਦੇਣ ਦਾ ਬੇਹਤਰੀਨ ਜ਼ਰੀਆ ਹੈ। ਇਕ ਪਾਸੇ ਕਿਸਾਨ ਦੀਆਂ ਆਤਮ ਹੱਤਿਆਵਾਂ ਹਨ ਅਤੇ ਦੂਜੇ ਪਾਸੇ ਫੂਡ ਟੈਕਨੋਲੋਜੀ ਦੇ ਸਹਾਰੇ ਪ੍ਰੋਸੈਸਡ ਫੂਡ ਕਲਚਰ ਪ੍ਰਵਾਨ ਚੜ੍ਹਾਇਆ ਜਾ ਰਿਹਾ ਹੈ। ਬਜ਼ਾਰ 'ਚ ਕੈਲੇਫੋਰਨੀਆ ਦੇ ਸੇਬ ਦੇਸੀ ਫਲਾਂ 'ਤੇ ਛਾ ਰਹੇ ਹਨ। ਬੱਚਿਆਂ ਦੀ ਮਸੂਮੀਅਤ 'ਤੇ ਹੁਣ ਮਿਕੀ ਤੇ ਡੋਨਾਲਡ ਨਹੀਂ ਬਲਕਿ ਪਲੇਅ ਸਟੇਸ਼ਨ ਦਾ ਕਬਜ਼ਾ ਹੈ। Age A Empie ਵਰਗੀ ਗੇਮਸ ਰਾਹੀਂ ਮਾਈਕਰੋਸਾਫਟ ਇਹਨਾਂ ਨੂੰ ਤਰਬਿਅਤ ਦਿੰਦਾ ਹੈ ਕਿ "ਨਵੀਂ ਦੁਨੀਆਂ ਨੂੰ ਫਤਹਿ ਕਰੋ, ਦੌਲਤ ਤੇ ਤਾਕਤ ਵਧਾਓ, ਬੇਪਨਾਹ ਇਨਾਮ ਤੇ ਸਨਮਾਨ ਪਾਓ, ਆਪਣੇ ਵਿਰੋਧੀਆਂ ਨੂੰ ਮਾਤ ਦੇ ਕੇ ਆਪਣੀ ਸਲਤਨਤ ਨੂੰ ਫੈਲਾਓ ਅਤੇ ਵੱਡੇ ਵੱਡੇ ਇਲਾਕਿਆਂ 'ਤੇ ਕਬਜ਼ੇ ਕਰਦੇ ਜਾਓ।"

# ਕੀ ਸਾਮਰਾਜ ਦੀ ਗੁਲਾਮ ਹੈ ਸਾਡੀ ਨਿਆਂ ਪ੍ਰਣਾਲੀ?

4 ਜਨਵਰੀ ਦਾ ਦਿਨ ਭਾਰਤੀ ਨਿਆਂ ਪ੍ਰਣਾਲੀ ਦੇ ਇਤਿਹਾਸ 'ਚ ਉਹਨਾਂ ਸਾਰੇ ਦਿਨਾਂ 'ਚੋਂ ਇਕ ਬਣ ਗਿਆ ਜਦ ਇਹ ਸਾਬਤ ਹੁੰਦਾ ਹੈ ਕਿ ਪੂੰਜੀਵਾਦੀ ਨਿਆਂ ਪਾਲਿਕਾ ਵੀ ਇਸ ਲੁਟੇਰੀ ਪੂੰਜੀਵਾਦੀ ਵਿਵਸਥਾ ਦਾ ਹੀ ਇਕ ਅੰਗ ਹੈ। ਦੂਰਗਾਮੀ ਤੌਰ 'ਤੇ ਸੈਸ਼ਨ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਨਿਆਂ ਪਾਲਿਕਾ ਦੇ ਸਾਰੇ ਥੰਮ ਪੂੰਜੀਵਾਦੀ ਪ੍ਰਣਾਲੀ ਦੇ ਰਵਾਂ ਤਰੀਕੇ ਨਾਲ ਚੱਲਣ ਨੂੰ ਹੀ ਯਕੀਨੀ ਬਣਾਉਂਦੇ ਹਨ। 4 ਜਨਵਰੀ ਨੂੰ ਪ੍ਰਸਿੱਧ ਡਾਕਟਰ, ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਨਾਲ ਜੁੜੇ ਮਨੁੱਖੀ ਅਧਿਕਾਰ ਕਾਰਕੁੰਨ ਤੇ ਸਤੀਸ਼ਗੜ੍ਹ ਦੇ ਆਦਿਵਾਸੀਆਂ 'ਚ ਲੰਮੇ ਸਮੇਂ ਤੋਂ ਸਿਹਤ ਵਰਕਰ ਵਜੋਂ ਕੰਮ ਕਰਨ ਵਾਲੇ ਡਾ. ਬਿਨਾਇਕ ਸੇਨ ਤੇ ਉਹਨਾਂ ਨਾਲ ਕਹੇ ਜਾਂਦੇ ਮਾਓਵਾਦੀ ਨੇਤਾ ਨਰਾਇਣ ਸਨਿਆਲ ਤੇ ਮਾਓਵਾਦੀ ਸ਼ੁਭਚਿੰਤਕ ਪਿਊਸ਼ ਗੁਹਾ ਨੂੰ ਸਤੀਸ਼ਗੜ੍ਹ ਦੀ ਇਕ ਅਦਾਲਤ ਦੇ ਜੱਜ ਬੀ ਪੀ ਵਰਮਾ ਨੇ ਉਮਰ ਕੈਦ ਦੀ ਸਜ਼ਾ ਸੁਣਾਈ। ਇਹਨਾ ਤਿੰਨਾਂ ਨੂੰ ਦੇਸ਼ ਧ੍ਰੋਹ ਦਾ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਨਾਲ ਹੀ ਦਹਿਸ਼ਤਗਰਦੀ ਰੋਕੂ ਕਨੂੰਨ ਅਤੇ ਖੂੰਖਾਰ ਸਤੀਸ਼ਗੜ੍ਹ ਜਨ ਸੁਰੱਖਿਆ ਕਨੂੰਨ ਤਹਿਤ ਵੀ ਦੋਸ਼ੀ ਠਹਿਰਾਇਆ ਗਿਆ। ਪੂਰੀ ਦੁਨੀਆਂ 'ਚ ਇਸ ਫੈਸਲੇ ਸਬੰਧੀ ਨਿਆਂ ਪ੍ਰਣਾਲੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹ ਸਰਭ ਪ੍ਰਵਾਣਿਤ ਤੱਥ ਹੈ ਕਿ ਇਹ ਫੈਸਲਾ ਪੂਰੀ ਤਰ੍ਹਾਂ ਸਤੀਸ਼ਗੜ੍ਹ ਦੀ ਮਜ਼ਦੂਰ-ਵਿਰੋਧੀ ਰਾਜਸ ਸਰਕਾਰ ਦੇ ਇਸ਼ਾਰਿਆਂ 'ਤੇ ਲਿਆ ਗਿਆ ਹੈ। ਅਸਲ 'ਚ ਸਤੀਸ਼ਗੜ੍ਹ 'ਚ ਆਦਿਵਾਸੀਆਂ ਦੀ ਲੁੱਟ-ਘਸੁੱਟ ਲਈ ਸਰਕਾਰੀ ਗੁੰਡਾਵਾਹਿਣੀ ਸਲਵਾ ਜੂਡਮ ਤੇ ਹਥਿਆਰਬੰਦ ਫੋਰਸਾਂ ਦੇ ਅਤਿਆਚਾਰ ਨੂੰ ਖੋਲ੍ਹਕੇ ਲੋਕਾਂ ਮੂਹਰੇ ਰੱਖਣ 'ਚ ਆਪਣੀ ਭੂਮਿਕਾ ਲਈ ਵਿਨਾਇਕ ਸੇਨ ਨੂੰ ਕੀਮਤ ਅਦਾ ਕਰਨੀ ਪੈ ਰਹੀ ਹੈ। ਸਾਰੀ ਦੁਨੀਆਂ 'ਚ ਇਸ ਗੱਲ ਦੀ ਚਰਚਾ ਆਮ ਹੈ ਕਿ ਇਸ ਪੂਰੇ ਮਾਮਲੇ 'ਚ ਦੋਸ਼ੀਆਂ ਖਿਲਾਫ ਸਬੂਤ ਜਾਂ ਤਾਂ ਮਜ਼ਾਕੀਆ ਸਨ ਜਾਂ ਫਿਰ ਫਰਜ਼ੀ। ਇਹੀ ਕਾਰਣ ਹੈ ਕਿ ਸਾਮਰਾਜੀਆਂ ਦੇ ਪੈਸੇ 'ਤੇ ਮਨੁੱਖੀ ਅਧਿਕਾਰ ਦੀ ਹਿਮਾਇਤ ਬਣਨ ਵਾਲੀ ਸੰਸਥਾ ਇਮਨੇਸਟੀ ਇੰਟਰਨੈਸ਼ਨਲ ਤੱਕ ਇਹ ਕਹਿਣ ਲਈ ਮਜ਼ਬੂਰ ਹੋ ਗਈਆਂ ਹਨ ਕਿ ਇਹ ਫੈਸਲਾ ਅਨਿਆਂ ਦਾ ਪ੍ਰਤੀਕ ਹੈ। ਅਰੁਨਧਤੀ ਰਾਏ, ਰਜੇਂਦਰ ਸੱਚਰ, ਅਮਤ੍ਰਿਆ ਸੇਨ, ਜਸਟਿਸ ਅਹਿਮਦੀ ਪ੍ਰਸ਼ਾਂਤ ਭੂਸ਼ਣ, ਜਸਟਿਸ ਕਾਟਜੂ ਸਮੇਤ ਅਣਗਿਣਤ ਬੁੱਧੀ ਜੀਵੀਆਂ, ਵਕੀਲਾਂ, ਜੱਜਾਂ, ਆਦਿ ਨੇ ਇਸ ਫੈਸਲੇ ਨੂੰ ਨਿਆਂ ਦਾ ਮਖੌਲ ਦੱਸਿਆ ਹੈ। ਪੂਰੇ ਦੇਸ਼ 'ਚ ਜਨਤਕ ਜੱਥੇਬੰਦੀਆਂ, ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਸੰਸਥਾਵਾਂ ਨੇ ਇਸ ਫੈਸਲੇ ਖਿਲਾਫ ਮੁਜਾਹਰੇ ਕੀਤੇ ਹਨ। ਵਿਨਾਇਕ ਸੇਨ ਤੇ ਜੇਲ੍ਹ 'ਚ ਬੰਦ ਨਰਾਇਣ ਸਨਿਆਲ ਨੂੰ ਚਿੱਠੀ ਲਿਖ ਕੇ ਪਿਊਸ਼ ਗੁਹਾ ਨੂੰ ਪਹੁੰਚਾਉਣ ਦਾ ਦੋਸ਼ ਹੈ। ਪਰ ਇਸ ਦੋਸ਼ ਲਈ ਉਹਨਾਂ 'ਤੇ ਦੇਸ਼ ਧ੍ਰੋਹ ਦਾ ਮੁਕੱਦਮਾ ਕਿਵੇਂ ਚਲਾਇਆ ਜਾ ਸਕਦਾ ਹੈ? ਅਤੇ ਇਸ ਲਈ ਉਮਰ ਕੈਦ ਦੀ ਸਜ਼ਾ ਕਿਵੇਂ ਦਿੱਤੀ ਜਾ ਸਕਦੀ ਹੈ? ਹੁਣ ਇਹ ਵੀ ਜାਹਿਰ ਹੋ ਚੁੱਕਾ ਹੈ ਕਿ ਸਬੂਤ ਵਜੋਂ ਜਿਹਨਾਂ ਪੱਤਰਾਂ ਨੂੰ ਪੇਸ਼ ਕੀਤਾ ਜਾ ਰਿਹਾ ਹੈ ਉਹਨਾਂ ਵਿਚ ਕੁਝ ਵੀ ਇਤਰਾਜਯੋਗ ਨਹੀਂ ਹੈ। ਦੂਜੀ ਗੱਲ ਨਰਾਇਣ ਸਨਿਆਲ ਤੇ ਪਿਊਸ਼ ਗੁਹਾ ਦੇ ਮਾਕਪਾ ਮਾਓਵਾਦੀ ਨਾਲ ਸੰਬੰਧਾਂ ਨਾਲ ਪੁਸ਼ਟੀ ਕਰਨ ਲਾਇਕ ਲੋੜੀਂਦਾ ਸਬੂਤ ਵੀ ਪੁਲਸ ਤੇ ਸਰਕਾਰ ਕੋਲ ਨਹੀਂ ਹੈ। ਅਜਿਹੇ 'ਚ ਇਹ ਪੂਰਾ ਫੈਸਲਾ ਸਤੀਸ਼ਗੜ੍ਹ ਸਰਕਾਰ ਦੇ ਰਾਜਸੀ ਤੇ ਆਰਥਿਕ ਮਕਸਦਾਂ ਤੋਂ ਪ੍ਰੇਰਿਤ ਦਿਸਦਾ ਹੈ। ਇਸ ਤੋਂ ਇਲਾਵਾ, ਜਿਸ ਵੀਡੀਓ ਨੂੰ

ਸਜ਼ਾ ਦੇਣ ਦੇ ਅਧਾਰ ਵਜੋਂ ਪੇਸ਼ ਕੀਤੇ ਸਬੂਤਾਂ 'ਚੋਂ ਇਕ ਮੰਨਿਆ ਗਿਆ ਹੈ, ਉਹ ਮੈਜਿਸਟਰੇਟ ਨੇ ਛੂਟ ਕਰਵਾਈ ਸੀ ਇਹ ਵੀਡੀਓ ਸੇਨ ਦੇ ਘਰ 'ਤੇ ਛਾਪੇ ਦੀ ਵੀਡੀਓ ਸੀ ਜਿਸ 'ਚ ਪੁਲਸ ਕਰਮੀਆਂ ਨੂੰ ਬੈਗ ਦੇ ਨਾਲ ਸੇਨ ਦੇ ਘਰ ਦੀਆਂ ਪੌੜੀਆਂ ਉਤਰਦੇ ਵਿਖਾਇਆ ਗਿਆ ਹੈ। ਉਹ ਕਹਿ ਰਹੇ ਹਨ ਕਿ ਇਸ ਛਾਪੇ 'ਚ ਇਹੀ ਮਿਲਿਆ ਹੈ। ਜਾਹਿਰ ਹੈ ਕਿ ਵੀਡੀਓ ਖੁਦ ਹੀ ਸਰਕਾਰ ਦੇ ਦਾਅਵਿਆਂ ਨੂੰ ਨਿਰ ਅਧਾਰ ਸਾਬਤ ਕਰਦਾ ਹੈ। ਪਰ ਸਤੀਸ਼ਗੜ੍ਹ ਦੀ ਅਦਾਲਤ ਦੇ ਮੈਜਿਸਟ੍ਰੇਟ ਨੇ ਇਸ ਵੀਡੀਓ ਨੂੰ ਬਚਾਅ ਪੱਖ ਦੇ ਵਕੀਲਾਂ ਨੂੰ ਵਿਖਾਉਣ ਤੋਂ ਨਾਂਹ ਕਰ ਦਿੱਤੀ। ਸਪੱਸ਼ਟ ਹੈ ਅਦਾਲਤ ਸਬੂਤ ਵਿਖਾਉਣ ਤੋਂ ਪਹਿਲਾਂ ਹੀ ਫੈਸਲਾ ਤਹਿ ਕਰ ਚੁੱਕੀ ਸੀ ਕਿਉਂਕਿ ਸਬੂਤ ਅਜਿਹੇ ਨਹੀਂ ਸਨ ਕਿ ਦੇਸ਼ ਧ੍ਰੋਹ 'ਚ ਸੇਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾਵੇ। ਦੇਸ਼ ਧ੍ਰੋਹ ਦੀ ਇਹ ਧਾਰਾ ਬ੍ਰਿਟਿਸ਼ ਬਸਤੀਵਾਦੀਆਂ ਨੇ ਭਾਰਤੀ ਕੌਮੀ ਸੰਘਰਸ਼ ਦੇ ਨੇਤਾਵਾਂ ਨੂੰ ਤੇ ਲੋਕ ਰੋਹ ਨੂੰ ਦਬਾਉਣ ਲਈ ਬਣਾਈ ਸੀ ਤੇ ਜਦ ਇਸ ਨੂੰ ਬਾਲ ਗੰਗਾਧਰ ਤਿਲਕ 'ਤੇ 1897 'ਚ ਤੇ ਮਹਾਤਮਾ ਗਾਂਧੀ ਉਮਰ 1922 'ਚ ਲਾਇਆ ਗਿਆ ਸੀ ਤਾਂ ਉਹਨਾਂ ਨੂੰ ਸਿਰਫ 6 ਸਾਲ ਦੀ ਸਜ਼ਾ ਸੁਣਾਈ ਗਈ ਸੀ ਪਰ ਵਿਨਾਇਕ ਸੇਨ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ। ਸਾਫ਼ ਜਾਹਿਰ ਹੈ ਕਿ ਵਿਨਾਇਕ ਸੇਨ ਨੂੰ ਸਤੀਸ਼ਗੜ੍ਹ 'ਚ ਸਰਕਾਰੀ ਹਥਿਆਰਬੰਦ ਫੋਰਸ ਅਤੇ ਸਲਵਾ-ਜੂਡਮ ਦੇ ਅਤਿਆਚਾਰਾਂ ਦਾ ਪਰਦਾਫਾਸ਼ ਕਰਨ ਤੇ ਸਲਵਾ-ਜੂਡਮ ਦੇ ਸਰਕਾਰ ਨਾਲ ਰਿਸ਼ਤਿਆਂ ਦਾ ਭਾਂਡਾ ਭੰਨਣ ਬਦਲੇ ਸਜ਼ਾ ਦਿੱਤੀ ਜਾ ਰਹੀ ਹੈ। ਕਨੂੰਨ ਦੇ ਜਾਣਕਾਰ ਸਾਰੇ ਵਕੀਲਾਂ ਤੇ ਸਾਬਕਾ ਜੱਜਾਂ ਨੇ ਮੰਨਿਆ ਹੈ ਕਿ ਉਹਨਾਂ ਨੂੰ ਸਬੂਤ ਕਿਹਾ ਹੀ ਨਹੀਂ ਜਾ ਸਕਦਾ ਹੈ। ਦੂਜੀ ਗੱਲ ਕਿ ਜੇ ਸਬੂਤ ਹੁੰਦੇ ਤਾਂ ਵੀ ਇਹਨਾਂ ਦੋਸ਼ਾਂ ਦੇ ਆਧਾਰ 'ਤੇ ਉਮਰ ਕੈਦ ਦੀ ਸਜ਼ਾ ਨਹੀਂ ਸੁਣਾਈ ਜਾ ਸਕਦੀ ਹੈ। ਪਰ ਇੱਥੇ ਸਾਫ ਤੌਰ 'ਤੇ ਨਿਆਂ ਪ੍ਰਣਾਲੀ ਪੂੰਜੀ ਦੇ ਇਸ਼ਾਰਿਆਂ 'ਤੇ ਨੱਚਦੀ ਨਜ਼ਰ ਆ ਰਹੀ ਹੈ। ਸਤੀਸ਼ਗੜ੍ਹ 'ਚ ਜਾਰੀ ਮਨੁੱਖੀ ਵਸੀਲਿਆਂ ਤੇ ਕੁਦਰਤੀ ਧਨ ਦੌਲਤ ਦੀ ਲੁੱਟ ਦੇ ਅਮਲ 'ਤੇ ਜੋ ਵੀ ਸਵਾਲ ਉਠਾਏਗਾ ਜਾਂ ਅੜਿੱਕਾ ਪੈਦਾ ਕਰੇਗਾ ਉਸ ਨੂੰ ਸਬਕ ਸਿਖਾਉਣ ਲਈ ਸਤੀਸ਼ਗੜ੍ਹ ਦੀ ਰਮਨ ਸਿੰਘ ਸਰਕਾਰ ਪੂਰੀ ਤਰ੍ਹਾਂ ਸ਼ਹਿਰਦ ਹੈ ਜੇ ਉਹ ਵਿਕਅਤੀ ਕੋਈ ਆਮ ਆਦਿਵਾਸੀ ਜਾਂ ਮਜ਼ਦੂਰ ਹਨ ਤਾਂ ਉਸ ਨੂੰ ਜਾਨੋ ਵੀ ਮਾਰਿਆ ਜਾ ਸਕਦਾ ਹੈ। ਜੇ ਉਹ ਬੰਦਾ ਬਿਨਾਇਕ ਸੇਨ ਵਰਗਾ ਕੋਈ ਪ੍ਰਸਿੱਧ ਡਾਕਟਰ ਤੇ ਮਨੁੱਖੀ ਅਧਿਕਾਰ ਵਰਕਰ ਹੈ ਤਾਂ ਉਸ ਨੂੰ ਮਾਓਵਾਦੀ ਸਮਰੱਥਕ ਦੱਸ ਕੇ ਜੀਵਨ ਭਰ ਲਈ ਸਲਾਖਾਂ ਪਿੱਛੇ ਧੱਕਿਆ ਜਾਵੇਗਾ। ਵਿਨਾਇਕ ਸੇਨ ਇਸ ਫੈਸਲੇ ਵਿਰੁੱਧ ਸਤੀਸ਼ਗੜ੍ਹ ਹਾਈਕੋਰਟ ਗਏ ਪਰ ਜਮਾਨਤ ਵੀ ਮਨਜੂਰ ਨਹੀਂ ਕੀਤੀ ਗਈ। ਭਾਰਤੀ ਨਿਆਂ ਪਾਲਿਕਾ ਭਾਰਤੀ ਦੀ ਪੂੰਜੀਵਾਦੀ ਵਿਵਸਥਾ ਦੇ ਦੂਰਗਾਮੀ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਕੰਮ ਕਰਦੀ ਹੈ। ਰਾਜ ਪੱਧਰ ਤੇ ਰਾਜ ਵਿਵਸਥਾ ਦੇ ਭਰਿਸ਼ਟਾਚਾਰ ਬਾਰੇ ਤਾਂ ਖੁਦ ਸੁਪਰੀਮ ਕੋਰਟ ਨੇ ਵੀ ਟਿੱਪਣੀ ਕਰ ਦਿੱਤੀ ਹੈ। ਸੁਪਰੀਮ ਕੋਰਟ ਕਿਸੇ ਨਿਰਪੱਖ ਨਿਆਂ ਦੀ ਵਕਾਲਤ ਕਰਦੀ ਹੋਵੇ ਅਜਿਹਾ ਨਹੀਂ ਹੈ। ਭੂਪਾਲ ਗੈਸ ਤਰਾਸਦੀ ਸੰਬੰਧੀ ਸੁਪਰੀਮ ਕੋਰਟ ਨੇ ਹੀ ਦੋਸ਼ਾਂ ਨੂੰ ਹਲਕਾ ਕਰਕੇ ਐਂਡਰਸਨ ਨੂੰ ਬਚਾਇਆ ਸੀ। ਵੱਖ-ਵੱਖ ਮੌਕਿਆਂ 'ਤੇ ਜਿੱਥੇ ਸੰਭਵ ਹੋਵੇ, ਨਿਆਂ ਪਾਲਿਕਾ ਪੂੰਜੀ ਦੇ ਪੱਖ 'ਚ ਖੜ੍ਹੇ ਹੋ ਕੇ ਫੈਸਲੇ ਲੈਂਦੀ ਹੈ। ਇਸ ਪੂਰੇ ਦੇਸ਼ 'ਚ ਇਕ ਹੋਰ ਸਵਾਲ ਨੂੰ ਵੀ ਪੇਸ਼ ਕੀਤਾ ਹੈ। ਇਹ ਸਵਾਲ ਹੈ ਦੇਸ਼ ਧ੍ਰੋਹ ਦੇ ਕਨੂੰਨ ਦਾ। ਯਾਦ ਹੋਵੇ ਇਹ ਕਨੂੰਨ ਅੰਗਰੇਜ਼ਾਂ ਵਲੋਂ ਭਾਰਤੀ ਜਨਤਾ ਦੇ

ਵਿਰੋਧ ਨੂੰ ਕੁਚਲਣ ਲਈ ਬਣਾਇਆ ਗਿਆ ਸੀ। ਇਹ ਸਭ ਤੋਂ ਖੂੰਖਾਰ ਕਨੂੰਨ ਹੈ। ਇਹ ਕਨੂੰਨ ਅਜ਼ਾਦੀ ਮਿਲਣ ਪਿੱਛੋਂ ਵੀ ਕਾਇਮ ਰਿਹਾ। ਵਿਡੰਬਨਾ ਦੀ ਗੱਲ ਤਾਂ ਇਹ ਹੈ ਕਿ ਖੁਦ ਗਾਂਧੀ ਤੇ ਤਿਲਕ ਨੂੰ ਇਸ ਕਨੂੰਨ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ। ਗਾਂਧੀ ਨੇ ਕਿਹਾ ਸੀ ਕਿ ਸਾਨੂੰ ਜਿੰਨੀ ਜਲਦੀ ਹੋਵੇ ਇਸ ਕਨੂੰਨ ਤੋਂ ਛੁਟਕਾਰਾ ਪਾ ਲੈਣਾ ਚਾਹੀਦਾ ਹੈ, ਕਿਉਂਕਿ ਇਹ ਸਾਡੀ ਸਾਮਰਾਜੀ ਗੁਲਾਮੀ ਦਾ ਪ੍ਰਤੀਕ ਹੈ।

ਪਰ 1947 ਪਿੱਛੋਂ ਵੀ ਇਸ ਕਨੂੰਨ ਨੂੰ ਕਾਇਮ ਰੱਖਿਆ ਗਿਆ। ਕਾਰਨ ਇਹ ਸੀ ਕਿ ਅਜ਼ਾਦੀ ਤੋਂ ਪਿੱਛੋਂ ਜਿਸ ਦਲਾਲ ਨੌਕਰਸ਼ਾਹ ਸਰਮਾਏਦਾਰੀ ਨੇ ਹਕੂਮਤ ਸੰਭਾਲੀ ਉਸ ਨੂੰ ਸ਼ੁਰੂ ਤੋਂ ਹੀ ਇਸ ਕਨੂੰਨ ਦੀ ਲੋੜ ਇਸ ਦੇਸ਼ ਦੇ ਮਜ਼ਦੂਰਾਂ ਤੇ ਕਿਸਾਨਾਂ ਦੇ ਅੰਦੋਲਨ ਨੂੰ ਕੁਚਲਣ ਲਈ ਮਹਿਸੂਸ ਹੋਈ। ਇਸ ਲਈ ਉਹਨਾਂ ਸਾਰੀਆਂ ਗੱਲਾਂ ਨੂੰ ਸੁਚੇਤ ਤੌਰ ’ਤੇ ਪਿੱਛੇ ਧੱਕ ਦਿੱਤੀਆਂ ਗਈਆਂ ਜੋ ਗਾਂਧੀ-ਨਹਿਰੂ ਨੇ 1947 ਤੋਂ ਪਹਿਲਾਂ ਕਹੀਆਂ ਸਨ। ਅੱਜ ਇਕ ਅਜ਼ਾਦ ਤੇ ਖੁਸ਼ਹਾਲ ਲੋਕਰਾਜ ਦਾ ਦਾਅਵਾ ਕਰਨ ਵਾਲੇ ਇਸ ਅਰਧ ਜਾਗੀਰੂ ਅਰਧ ਬਸਤੀਵਾਦੀ ਦੇਸ਼ ’ਚ ਪੂੰਜੀਵਾਦੀ ਜਮਹੂਰੀਅਤ ਦੀ ਪ੍ਰਕ੍ਰਿਤੀ ਨੂੰ ਸਾਫ ਕਰਦੀ ਹੈ। ਪੂੰਜੀਵਾਦੀ ਜਮਹੂਰੀਅਤ ਹੋ ਹੀ ਅਜਿਹੀ ਸਕਦੀ ਹੈ ਅਤੇ ਖਾਸ ਕਰਕੇ ਭਾਰਤ ਵਰਗੇ ਬੌਣੇ, ਵਿਕਲਾਂਗ ਤੇ ਚਾਲਾਕ ਦਲਾਲ ਪੂੰਜੀਵਾਦ ਦੇ ਤਹਿਤ ਤਾਂ ਐਸਾ ਕਨੂੰਨ ਪੂੰਜੀਪਤੀ ਜਮਾਤ ਲਈ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਇਹ ਸਵਾਲ ਸਿਰਫ ਕਨੂੰਨ ਦਾ ਹੀ ਨਹੀਂ ਬਲਕਿ ਸਮੁੱਚੀ ਭਾਰਤੀ ਦੰਡ ਪ੍ਰਣਾਲੀ (ਆਈ ਪੀ ਸੀ) ਤੇ ਭਾਰਤੀ ਅਪਰਾਧ ਦੰਡ ਪ੍ਰਣਾਲੀ (ਸੀ ਆਰ ਪੀ. ਸੀ.) ਦੀ ਵਜਾਬੀਅਤ ਦਾ ਹੈ ਜਿਸ ਨੂੰ ਬਿਨਾਂ ਕਿਸੇ ਤਬਦੀਲੀ ਜਾਂ ਮਾਮੂਲੀ ਤਬਦੀਲੀਆਂ ਨਾਲ ਅਪਣਾ ਲਿਆ ਗਿਆ। ਸਵਾਲ ਤਾਂ ਭਾਰਤੀ ਸੰਵਿਧਾਨ ’ਤੇ ਹੀ ਖੜ੍ਹਾ ਹੈ। ਯਾਦ ਹੋਵੇ ਮੌਜੂਦਾ ਸੰਵਿਧਾਨ ਨੂੰ ਪੂਰੀ ਭਾਰਤੀ ਜਨਤਾ ਵਲੋਂ ਚੁਣੀ ਗਈ ਸੰਵਿਧਾਨ ਸਭਾ ਨੇ ਨਹੀਂ ਬਣਾਇਆ ਸੀ ਬਲਕਿ ਸਿਰਫ਼ 10 ਫੀਸਦੀ ਰਾਜਿਆਂ-ਰਜਵਾੜਿਆਂ, ਬ੍ਰਿਟਿਸ਼ ਬਸਤੀਵਾਦੀਆਂ ਤੇ ਪੂੰਜੀਪਤੀਆਂ ਦੇ ਨੁਮਾਇੰਦਿਆਂ ਵਲੋਂ ਚੁਣਿਆ ਗਿਆ ਸੀ। 1947 ਪਿੱਛੋਂ ਨਵੀਂ ਸੰਵਿਧਾਨ ਸਭਾ ਬੁਲਾਉਣ ਦਾ ਵਾਅਦਾ ਨਹਿਰੂ ਨੇ ਕੀਤਾ ਸੀ ਪਰ ਉਹ ਪਿੱਛੋਂ ਇਸ ਤੋਂ ਮੁਕਰ ਹੀ ਗਏ। ਸਿੱਟੇ ਵਜੋਂ ਜਮਹੂਰੀਅਤ ਦੇ ਖੋਖਲੇ ਵਾਅਦੇ ਕਰਨ ਵਾਲਾ ਅੱਜ ਦਾ ਸੰਵਿਧਾਨ ਖੁਦ ਗੈਰ-ਜਮਹੂਰੀ ਨੀਂਹ ’ਤੇ ਖੜ੍ਹਾ ਹੈ ਅਤੇ ਭਾਰਤੀ ਪੂਰੀ ਜਨਤਾ ਨੇ ਇਸ ਨੂੰ ਕਦੇ ਮਾਨਤਾ ਨਹੀਂ ਦਿੱਤੀ। ਅਜਿਹੇ ਸੰਵਿਧਾਨ ਤੇ ਨਿਆਂ ਪ੍ਰਣਾਲੀ ਤਹਿਤ ਵਿਨਾਇਕ ਸੇਨ ਨੂੰ ਸੁਣਾਈ ਗਈ ਸਜ਼ਾ ਕੋਈ ਹੈਰਾਨੀ ਵਾਲੀ ਨਹੀਂ। ਹੁਣ ਰਾਜ ਦੇ ਜੁਲਮ ਦੀ ਮਾਰ ਹੇਠ ਜਮਹੂਰੀ ਤੇ ਸ਼ਹਿਰੀ ਅਧਿਕਾਰਾਂ ਦੀ ਗੱਲ ਕਰਨ ਵਾਲੇ ਬੁੱਧੀਜੀਵੀ, ਵਕੀਲ ਤੇ ਕਾਰਕੁੰਨ ਆਉਣਗੇ ਹੀ ਆਉਣਗੇ। ਇਹ ਬੇਰਹਿਮ ਪੂੰਜੀ ਪ੍ਰਬੰਦ ਦਾ ਅਜਿਹਾ ਦੌਰ ਹੈ ਜਿਸ ’ਚ ਪੂੰਜੀਵਾਦੀ ਵਿਵਸਥਾ ਦੇਸ਼ ਦੇ ਸਭ ਤੋਂ ਪਿਛੜੇ ਗਰੀਬ ਤੇ ਬੇਸਹਾਰਾ ਲੋਕਾਂ ਦੇ ਜੀਵਨ ਦੇ ਅਧਿਕਾਰ ਨੂੰ ਖੋਹੇ ਬਿਨ੍ਹਾਂ ਪੂੰਜੀ ਦੇ ਹਿੱਤਾਂ ਦੀ ਪੂਰਤੀ ਨਹੀਂ ਹੁੰਦੀ। ਸਿੱਟੇ ਵਜੋਂ ਦੇਸ਼ ’ਚ ਜਮਹੂਰੀ ਸਪੇਸ਼ ਲਗਾਤਾਰ ਸੁੰਗੜ ਰਿਹਾ ਹੈ। ਮਜ਼ਦੂਰਾਂ ਲਈ ਤਾਂ ਕੁਲ ਮਿਲਾ ਕੇ ਐਸੀ ਸਥਿਤੀ ਲਗਾਤਾਰ ਤੇ ਹਮੇਸ਼ਾ ਤੋਂ ਰਹੀ ਹੈ। ਵਿਨਾਇਕ ਸੇਨ ਨੇ ਭਾਰਤੀ ‘ਲੋਕਰਾਜ’ ਦੇ ਅਸਲੀ ਘਿਨੌਣੇ ਦਲਾਲ ਪੂੰਜੀਵਾਦੀ ਕਿਰਦਾਰ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਗਿਆ ਹੈ। ਇਸ ਦਾ ਕਿਰਦਾਰ ਮਜ਼ਦੂਰਾਂ ਤੋਂ ਛੁਪਿਆ ਹੋਇਆ ਤਾਂ ਕਦੀ ਨਹੀਂ ਸੀ ਅਤੇ ਉਹ ਹਰ ਰੋਜ਼ ਸੜਕ ’ਤੇ ਇਸ ਪੂੰਜੀਵਾਦੀ ਜਮਹੂਰੀਅਤ ਨਾਲ ਰੋਜ਼ਾਨਾ ਲੜਦੇ ਹਨ।

# ਕਿਵੇਂ ਹੈ ਸ਼ਾਹੂਕਾਰਾਂ ਦੀ ਚਾਂਦੀ-ਦਲਿਤਾਂ ਆਦਿਵਾਸੀਆਂ ਦੀ ਲੁੱਟ

ਸ਼ਿਵਰਾਜ ਸਿੰਘ ਚੌਹਾਨ ਸਰਕਾਰ ਨੇ ਉਸ ਮੁਹਿੰਮ ਨੂੰ ਖਾਮੋਸ਼ੀ ਦੇ ਨਾਲ ਵਾਪਸ ਲੈ ਲਿਆ ਜਿਸ ਕਾਰਨ ਪੱਛਮੀ ਮੱਧ ਪ੍ਰਦੇਸ਼ 'ਚ ਦਰਜਨਾ ਸ਼ਾਹੂਕਾਰ ਲਪੇਟ 'ਚ ਆ ਗਏ ਸਨ। ਹੁਣ ਸਰਕਾਰ ਆਪਣੇ ਪ੍ਰਸਪਰ ਵਿਰੋਧੀ ਸਮਰੱਥਕਾਂ ਵਿਚਕਾਰ ਸੰਤੁਲਨ ਬਿਠਾਉਣ ਦੀ ਕੋਸ਼ਿਸ਼ ਕਰ ਰਹੀ ਹੈ। 125 ਤੋਂ ਵੱਧ ਸ਼ਾਹੂਕਾਰ ਜਿਹਨਾਂ 'ਚ ਬਹੁਤੇ ਰਵਾਇਤੀ ਤੌਰ 'ਤੇ ਭਾਜਪਾ ਦੇ ਕੱਟੜ ਹਮਾਇਤੀ ਰਹੇ ਹਨ ਅਤੇ ਮਹਾਜਨ ਫਿਰਕੇ ਦੇ ਹਨ। ਹਜ਼ਾਰਾਂ ਕਰਜ਼ੇ ਲੈਣ ਵਾਲਿਆਂ ਦੀ ਲੁੱਟ ਦੇ ਦੋਸ਼ ਵਿੱਚ ਛੇ ਮਹੀਨੇ ਤੋਂ ਵੱਧ ਜੇਹਲ ਕੱਟ ਚੁੱਕੇ ਹਨ। ਉਹਨਾਂ ਦੇ ਪੀੜਤਾਂ 'ਚ ਬਹੁਤ ਗਰੀਬ ਆਦੀਵਾਸੀ ਦਲਿਤ ਹਨ। ਉਜੈਨ ਦੇ ਇਕ ਸਕੂਲ ਵਿੱਚ ਚਪੜਾਸੀ ਅਰੁਣ ਨੇ ਪਤਲ ਬਣਾਉਣ ਦੀ ਮਸ਼ੀਨ ਖਰੀਦਣ ਲਈ 30 ਹਜ਼ਾਰ ਰੁਪਏ ਦਾ ਕਰਜਾ ਲਿਆ ਸੀ ਉਸ ਨੇ 50 ਹਜ਼ਾਰ ਰੁਪੈ ਤੋਂ ਵੱਧ ਰਕਮ ਮੋੜ ਦਿੱਤੀ ਸੀ ਫਿਰ ਵੀ ਉਸ ਨੂੰ ਪੈਸੇ ਮੋੜਨ ਲਈ ਧਮਕਾਇਆ ਜਾ ਰਿਹਾ ਸੀ। ਸ਼ਾਹੂਕਾਰਾਂ ਨੇ ਕਰਜਦਾਰਾਂ ਦੇ ਨਾਲ ਜ਼ੋਰ-ਜ਼ਬਰਦਸਤ ਤੇ ਮਾਰਕੁਟ ਕਰਨ ਲਈ ਬਦਮਾਸ਼ ਪਾਲ ਰੱਖੇ ਹਨ। ਕਈ ਲੋਕ ਉਹਨਾਂ ਤੋਂ ਡਰਦੇ ਇਲਾਕਾ ਛੱਡ ਕੇ ਚਲੇ ਗਏ ਹਨ। ਉਜੈਨ ਦੇ ਨਿਵਾਸੀ 70 ਸਾਲਾ ਅਸਗਰ ਅਲੀ ਨੂੰ ਹੁਣ ਵੀ ਆਪਣੇ ਬੇਟੇ ਮੁਰਤਜਾ ਦੇ ਵਾਪਸ ਮੁੜਣ ਦੀ ਉਡੀਕ ਹੈ। ਮੁਰਤਜਾ ਨੇ ਸ਼ਾਹੂਕਾਰਾਂ ਦੇ ਇਕ ਸਮੂਹ ਤੋਂ ਸਿਰਫ਼ 6 ਲੱਖ ਰੁਪਏ ਦਾ ਕਰਜਾ ਲਿਆ ਸੀ ਅਤੇ 20 ਲੱਖ ਰੁਪਏ ਮੋੜਨ ਪਿਛੋਂ ਵੀ ਉਹਨਾਂ ਤੋਂ 14 ਲੱਖ ਰੁਪਏ ਦੀ ਮੰਗ ਕੀਤੀ ਜਾ ਰਹੀ ਸੀ। ਉਹਨਾਂ ਨੂੰ ਪੈਸੇ ਨਾ ਮੋੜਨ 'ਤੇ ਅੰਜਾਮ ਭੁਗਤਨ ਦੀ ਧਮਕੀ ਦਿੱਤੀ ਜਾ ਰਹੀ ਸੀ। ਅਜੇਹੇ ਵਿੱਚ ਮੁਰਤਜਾ ਆਪਣਾ ਘਰ ਛੱਡ ਕੇ ਭੱਜ ਗਿਆ। ਹਾਲਾਂਕਿ ਸ਼ਿਕਾਇਤ ਕਰਨ ਪਿਛੋਂ ਸ਼ਾਹੂਕਾਰਾਂ ਦੇ ਸਮੂਹ ਵਿੱਚੋਂ ਸਮੀ ਗੌਰਮ ਸ਼ਰਮਾ ਤਾਹਿਰ ਅਲੀ ਤੇ ਸੋਨੂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਮੁਰਤਜਾ ਨੂੰ ਹੁਣ ਵੀ ਘਰ ਵਾਪਸ ਆਉਣਾ ਸੁਰੱਖਿਅਤ ਨਹੀਂ ਲੱਗਿਆ। ਉਹਨਾਂ ਨੇ ਆਪਣੇ ਬਾਪ ਨੂੰ ਇਸ ਬੁਢੇਪੇ 'ਚ ਇਕੱਲਾ ਛੱਡ ਕੇ ਲੁਕ ਛਿਪ ਕੇ ਰਹਿਣਾ ਪੈ ਰਿਹਾ ਹੈ। ਪੇਂਡੂ ਇਲਾਕਿਆਂ ਵਿੱਚ ਗਰੀਬ ਕਿਸਾਨ ਅਕਸਰ ਸ਼ਾਹੂਕਾਰਾਂ ਦੇ ਇਸ ਹੱਥਕੰਡੇ ਦੇ ਸ਼ਿਕਾਰ ਹੁੰਦੇ ਰਹਿੰਦੇ ਹਨ ਅਤੇ ਉਹਨਾਂ ਨੂੰ ਆਪਣੀ ਜ਼ਮੀਨ ਗਵਾਉਣੀ ਪੈਂਦੀ ਹੈ। ਕਿਸਾਨ ਕਰਜਾ ਲੈਂਦੇ ਹਨ ਅਤੇ ਵਾਪਸ ਨਾ ਮੋੜ ਸਕਣ ਦੀ ਵਜਾਹ ਕਰਕੇ ਉਹਨਾਂ ਦੀ ਜ਼ਮੀਨ 'ਤੇ ਕਿਸਾਨ ਬਦਰੀ ਲਾਲ ਨੇ ਸ਼ਾਹੂਕਾਰ ਈਸ਼ਵਰਲਾਲ ਤੋਂ ਸਿਰਫ਼ 10 ਹਜ਼ਾਰ ਰੁਪਏ ਦਾ ਕਰਜਾ ਲਿਆ। ਉਸ ਨੂੰ ਨਾ ਮੋੜ ਸਕਣ ਕਰਕੇ ਉਹਨਾਂ ਨੂੰ 5 ਲੱਖ ਰੁਪਏ ਦੀ ਆਪਣੀ ਏਕੜ ਜਮੀਨ ਸ਼ਾਹੂਕਾਰ ਦੇ ਨਾਂ ਕਰਨੀ ਪਈ। ਉਹਨਾਂ ਦੀ ਪਤਨੀ ਸੰਗੀਤ ਨੇ ਲੋਕ ਸੁਣਵਾਈ ਦੌਰਾਨ ਪੁਲਸ ਨੂੰ ਆਪਣਾ ਦੁੱਖੜਾ ਸੁਣਾਇਆ ਅਤੇ ਪੁਲਸ ਦੀ ਦਖਲ ਅੰਦਾਜ਼ੀ ਨਾਲ ਪਹਿਲੀ ਵਾਰੀ ਪੀੜਤ ਦੇ ਹੱਕ 'ਚ ਮਾਮਲੇ ਨੂੰ ਸੁਲਝਿਆ ਗਿਆ। ਇਸ ਸਮੱਸਿਆ ਦੀ ਸਭ ਤੋਂ ਵੱਡੀ ਜੜ੍ਹ ਪੇਂਡੂ ਇਲਾਕਿਆਂ ਵਿੱਚ ਸੰਸਥਾਗਤ ਕਰਜਾ ਪ੍ਰਣਾਲੀ ਦਾ ਨਾ ਹੋਣਾ ਹੈ ਪੇਂਡੂ ਮਜ਼ਦੂਰਾਂ ਨੂੰ ਨਰੇਗਾ ਦੀ ਮਜ਼ਦੂਰੀ ਬੈਂਕ ਖਾਤਿਆਂ ਰਾਹੀਂ ਦਿੱਤੀ ਜਾਂਦੀ ਹੈ

ਇਸ ਦੇ ਬਾਵਜੂਦ ਉਹ ਕਰਜ਼ਾ ਲੈਣ ਦੇ ਯੋਗ ਨਹੀਂ ਮੰਨੇ ਜਾਂਦੇ ਹਨ। ਕਰਜ਼ਾ ਦੇਣ ਵਾਲੀਆਂ ਸਹਿਕਾਰੀ ਸੰਮਤੀਆਂ ਕਿਸਾਨਾਂ ਨੂੰ ਸਿਰਫ਼ ਖੇਤੀ ਸਬੰਧੀ ਸਰਗਰਮੀਆਂ ਲਈ ਉਧਾਰ ਦਿੰਦੀਆਂ ਹਨ। ਕਰਜ਼ਾ ਮੰਗਣ ਵਾਲਿਆਂ ਕੋਲ ਅਕਸਰ ਗਹਿਣੇ ਰੱਖਣ ਲਈ ਕੋਈ ਜਾਇਦਾਦ ਨਹੀਂ ਹੁੰਦੀ ਜਾਂ ਫਿਰ ਹੁੰਦੀ ਹੈ ਤਾਂ ਉਸ ਦੀ ਕੀਮਤ ਜ਼ਰੂਰੀ ਧਨ ਦੇ ਬਰਾਬਰ ਨਹੀਂ ਹੁੰਦੀ। ਹਾਲਾਂਕਿ 'ਮੱਧ ਪ੍ਰਦੇਸ਼ ਕਰਜਾਈਆਂ ਦੀ ਸੁਰੱਖਿਆ ਐਕਟ 1937' ਦੇ ਤਹਿਤ ਗੈਰ ਸੰਸਥਾਗਤ ਕਰਜਿਆਂ ਨੂੰ ਕਾਨੂੰਨੀ ਦਰਜਾ ਹਾਸਲ ਹੈ। ਪਰ ਇਹ ਕਾਨੂੰਨ 1947 ਤੋਂ ਪਹਿਲਾਂ ਉਸ ਸਮੇਂ ਬਣਿਆ ਸੀ ਜਦ ਕਰਜਾ ਸਿਰਫ਼ ਸ਼ਾਹੂਕਾਰ ਦਿੰਦੇ ਹੁੰਦੇ ਸਨ। ਉਸ ਸਮੇਂ ਪ੍ਰਚੂਨ ਬੈਂਕਿੰਗ ਨਹੀਂ ਸੀ ਅਤੇ ਸ਼ਾਹੂਕਾਰੀ ਪ੍ਰਬੰਦ ਏਨਾ ਬੇਰਹਿਮ ਨਹੀਂ ਸੀ। ਅੱਜ ਇਹ ਕਾਨੂੰਨ ਖੋਖਲਾ ਹੋ ਗਿਆ ਹੈ। ਇਸ ਕਾਨੂੰਨ ਦੇ ਤਹਿਤ ਵੱਧ ਵਿਆਜ ਵਸੂਲਣ ਜਾਂ ਪੀੜਤ ਨੂੰ ਸਤਾਉਣ ਦੇ ਦੋਸ਼ ਵਿੱਚ ਸਿਰਫ਼ 3-6 ਮਹੀਨੇ ਜੇਹਲ ਦੀ ਸਜ਼ਾ ਹੁੰਦੀ ਹੈ। ਬਹੁਤੇ ਸ਼ਾਹੂਕਾਰਾਂ ਕੋਲ ਲਾਇਸੰਸ ਤਕ ਨਹੀਂ ਹਨ ਅਤੇ ਉਹ ਕਰਜਾ ਲੈਣ ਵਾਲਿਆਂ ਤੋਂ ਚੈਕ 'ਤੇ ਦਸਖਤ ਕਰਵਾ ਲੈਂਦੇ ਹਨ। ਇਸ ਪਿਛੋਂ ਉਹਨਾਂ ਨੂੰ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੇ ਤਹਿਤ ਅਦਾਲਤ 'ਚ ਘਸੀਟਨ ਦੀ ਧਮਕੀ ਦਿੰਦੇ ਹਨ। ਉਜੈਨ ਦੇ ਪੁਲਸ ਮਹਾਂ-ਨਿਰੀਖਕ ਪਵਨ ਜੈਨ ਦਾ ਕਹਿਣਾ ਹੈ ਕਿ "ਅਸੀਂ ਸ਼ਾਹੂਕਾਰਾਂ ਦੇ ਸ਼ਿਕੰਜੇ ਵਿਚੋਂ ਲੋਕਾਂ ਨੂੰ ਆਜ਼ਾਦ ਕਰਾਉਣ ਲਈ ਸਖਤ ਵਿਵਸਥਾ ਦੀ ਵਰਤੋਂ ਕੀਤੀ ਹੈ, ਇਹ ਵਿਵਸਥਾਵਾਂ ਹਨ-ਪੈਸਾ ਚਕਾਉਣ ਦੀ ਖਾਤਰ ਧਮਕੀ ਦੇਣ 'ਤੇ ਜਬਰਨ ਵਸੂਲੀ ਲਈ ਭਾਰਤੀ ਦੰਡ ਸਹਿਤਾ (CR IPC) ਦੀ ਧਾਰਾ 384 ਤੇ 386, ਜਬਰਨ ਜਾਇਦਾਦ ਹੜੱਪਣ ਲਈ ਧਾਰਾ 392 ਅਤੇ 394 ਅਤੇ ਅਨਸੂਚਿਤ ਜਾਤੀ-ਜਨਜਾਤੀ (ਅਤਿਆਚਾਰ ਰੋਕੂ) ਕਾਨੂੰਨ" ਇਸ ਮੁਹਿੰਮ ਦੇ ਸਿੱਟੇ ਦਿਸਣ ਲੱਗੇ ਹਨ। 400 ਤੋਂ ਵੱਧ ਕੇਸਾਂ ਵਿੱਚ ਸ਼ਾਹੂਕਾਰਾਂ ਨੇ ਖੁਦ ਆਪਣਾ ਦਾਅਵਾ ਛੱਡ ਦਿੱਤਾ, ਜਾਇਦਾਦ ਮੋੜ ਦਿੱਤੀ ਜਾਂ ਫਿਰ ਵੱਧ ਵਸੂਲੇ ਗਏ ਪੈਸੇ ਵਾਪਸ ਕਰ ਦਿੱਤੇ। ਇਹ ਮੁਹਿੰਮ ਜੈਨ ਦੇ ਹੀ ਦਿਮਾਗ ਦੀ ਉਪਜ ਹੈ ਜਿਹਨਾਂ ਨੇ ਸਰਗੁਜਾ ਤੇ ਸਿਹੋਰ ਜ਼ਿਲ੍ਹੇ ਦੇ ਪੁਲਸ ਮੁਖੀ ਵਜੋਂ ਇਸ ਤਰ੍ਹਾਂ ਦੀ ਮੁਹਿੰਮ ਚਲਾਈ ਸੀ। ਪੁਲਸ ਨੇ ਪਹਿਲਾਂ ਪੋਸਟਰ ਅਤੇ ਪਰਚੇ ਰਾਹੀਂ ਲੋਕਾਂ ਨੂੰ ਦੱਸਿਆ ਕਿ ਇਹ ਸ਼ਾਹੂਕਾਰਾਂ ਖ਼ਿਲਾਫ਼ ਸਖਤ ਕਾਰਵਾਈ ਕਰਨ ਜਾ ਰਹੀ ਹੈ, ਲੋਕਾਂ ਨੂੰ ਦੱਸਿਆ ਕਿ ਕੌਮੀਕ੍ਰਿਤ ਬੈਂਕਾਂ ਦੀ ਵਿਆਜ ਦਰ ਤੋਂ ਵੱਧ ਵਿਆਜ ਲੈਣਾ, ਜਾਇਦਾਦ ਜਬਰੀ ਹੜੱਪਣੀ ਜਾਂ ਧਮਕੀ ਦੇਣਾ ਗੈਰ ਕਾਨੂੰਨੀ ਹੈ। ਅਸਲੀ ਸ਼ਾਹੂਕਾਰਾਂ ਖਿਲਾਫ਼ ਫਰਜ਼ੀ ਸ਼ਿਕਾਇਤਾਂ ਨੂੰ ਛਾਂਟਣ ਅਤੇ ਪੁਲਿਸ ਦੀ ਮਿਲੀ ਭੁਗਤ ਖ਼ਤਮ ਕਰਨ ਲਈ ਮਾਮਲਾ ਦਰਜ ਕਰਨ ਤੋਂ ਪਹਿਲਾਂ ਸੀ. ਐਸ. ਪੀ. ਪੱਧਰ ਦੇ ਅਧਿਕਾਰੀਆਂ ਤੋਂ ਜਾਂਚ ਕਰਵਾਈ ਜਾਂਦੀ ਹੈ। ਰਾਜ ਦੇ ਗ੍ਰਹਿ ਮੰਤਰੀ ਉਮਾ ਸ਼ੰਕਰ ਗੁਪਤਾ ਨੇ ਇਸ ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਐਲਾਨ ਕੀਤਾ ਕਿ ਇਸ ਨੂੰ ਸੂਬੇ ਦੇ ਦੂਜੇ ਇਲਾਕਿਆਂ 'ਚ ਵੀ ਲਾਗੂ ਕੀਤਾ ਜਾਵੇਗਾ ਪਰ ਭਾਜਪਾ ਦੇ ਲਈ ਇਸ ਦੇ ਰਾਜਸੀ ਸਿੱਟੇ ਗੰਭੀਰ ਹੋ ਸਕਦੇ ਹਨ। ਉਜੈਨ ਦੇ ਤਜਰਬੇ ਦੀ ਸਫਲਤਾ ਨਾਲ ਗੁਆਂਢੀ ਇੰਦੌਰ ਡਵੀਜਨ ਦੀ ਪੁਲਸ ਆਪਣੇ ਉਥੇ ਇਸ ਨੂੰ ਅਜਮਾਉਣ ਲੱਗੀ ਪਰ ਮੁਹਿੰਮ ਸ਼ੁਰੂ ਹੁੰਦਿਆਂ ਹੀ ਡੋਲਣ ਲੱਗੀ ਕਿਉਂਕਿ ਪ੍ਰਭਾਵਸ਼ਾਲੀ ਸ਼ਾਹੂਕਾਰ ਸਮੂਹ ਇੱਕ ਜੁੱਟ ਹੋ ਗਿਆ ਅਤੇ ਹਾਕਮ ਪਾਰਟੀ ਦੇ ਮੁੱਖ ਨੇਤਾਵਾਂ 'ਤੇ ਦਬਾਅ ਪਾਉਣ ਲੱਗਿਆ। ਅਜੇਹੇ 'ਚ ਸਪਸ਼ਟ ਹੈ ਕਿ ਸ਼ਿਵਰਾਜ ਸਰਕਾਰ ਨੂੰ ਇਸ

ਬਾਰੂਦੀ ਸੁਰੰਗ ਦੇ ਬਾਹਰ ਨਿਕਲਣ ਲਈ ਗਿਣੇ ਤੋਲੇ ਕਦਮ ਚੁਕਣੇ ਹੋਣਗੇ। ਇਕ ਪਾਸੇ ਜਿਥੇ ਪੈਸੇ ਵਾਲਾ ਵਪਾਰੀ ਸਮੂਹ ਜੋ ਅਕਸਰ ਸ਼ਾਹੂਕਾਰੀ ਕਰਦਾ ਹੈ, ਭਾਜਪਾ ਦਾ ਮੁੱਖ ਹਮਾਇਤੀ ਹੈ, ਉਹੀ ਕੇਸਰੀ ਸੰਗਠਨਾ ਦੀ ਨਿਰੰਤਰ ਮੁੰਹਿਮ ਦੀ ਵਜਾਹ ਕਰਕੇ ਪਾਰਟੀ ਨੇ ਗੁਜਰਾਤ ਸਰਹੱਦ ਦੇ ਨਾਲ ਲਗਦੇ ਪੱਛਮੀ ਮੱਧ ਪ੍ਰਦੇਸ਼ ਦੇ ਆਦੀਵਾਸੀ ਖੇਤਰਾਂ 'ਚ ਕਾਫੀ ਪੈਂਠ ਬਣਾ ਲਈ ਹੈ। ਕਾਂਗਰਸ ਇਸ ਇਲਾਕੇ ਦੇ ਦਲਿਤ ਤੇ ਆਦੀਵਾਸੀ ਇਲਾਕਿਆਂ ਵਿੱਚ ਆਪਣਾ ਆਧਾਰ ਬਣਾਉਣ 'ਚ ਜੁਟੀ ਹੈ। ਪਿਛੇ ਜਿਹੇ ਕਾਂਗਰਸ ਸਕੱਤਰ ਮੀਨਾਕਸ਼ੀ ਨਟਰਾਜਨ ਜੋ 2009 ਲੋਕ ਸਭਾ 'ਚ ਮੰਦਸੋਰ ਸੀਟ ਤੋਂ ਚੁਣੀ ਗਈ, ਅਜੇਹੇ 'ਚ ਭਾਜਪਾ ਦੀ ਇਸ ਮੁਹਿੰਮ ਤੋਂ ਉਸ ਨੂੰ ਫਾਇਦਾ ਹੋ ਸਕਦਾ ਹੈ।

ਭਾਜਪਾ ਪਿਛੜਿਆਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ 2003 'ਚ ਉਮਾ ਭਾਰਤੀ ਉਸ ਪਿਛੋਂ ਬਾਬੂ ਲਾਲ ਗੌਰ ਅਤੇ ਫਿਰ ਸ਼ਿਵਰਾਜ ਸਿੰਘ ਚੌਹਾਨ ਨੂੰ ਮੁੱਖ ਮੰਤਰੀ ਦੀ ਕੁਰਸੀ ਤੇ ਬਿਠਾ ਕੇ ਉਸ ਨੇ ਓ. ਬੀ. ਸੀ ਨੂੰ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਹੁਣ ਸ਼ਿਵਰਾਜ ਦੇ ਉਪਰ ਹੈ ਕਿ ਉਹ ਸ਼ਾਹੂਕਾਰਾਂ ਖਿਲਾਫ ਮੁਹਿੰਮ ਨਾਲ ਅੱਗੇ ਨਿਕਲਣਾ ਚਾਹੁੰਦੇ ਹਨ ਜਾਂ ਫਿਰ ਪਾਰਟੀ ਦੇ ਰਵਾਇਤੀ ਲੋਕ ਆਧਾਰ ਦੇ ਦਬਾਅ ਅੱਗੇ ਗੋਡੇ ਟੇਕਦੇ ਹਨ।

# ਜ਼ਮੀਨੇ ਬੇਘਰਿਆਂ ਦੀ ਕਬਜਾ ਜਰਵਾਣਿਆਂ ਦਾ

ਮਹਾਂਰਾਸ਼ਟਰ 'ਚ ਮਹਿੰਗੀ ਜ਼ਮੀਨ 'ਤੇ ਨਾ ਸਿਰਫ ਨੌਕਰਸ਼ਾਹਾਂ ਤੇ ਰਾਜਸੀ ਨੇਤਾਵਾਂ ਬਲਕਿ ਮੁੰਬਈ ਹਾਈਕੋਰਟ ਦੇ ਜੱਜਾਂ ਦੀ ਖਾਤਰ ਵੀ ਰਾਖਵੇਂਕਰਨ ਦੇ ਦਾਇਰੇ ਤੋਂ ਬਾਹਰ ਕਰ ਦਿੱਤੀ ਗਈ ਹੈ। ਮੁੰਬਈ ਦੇ ਬਾਂਦਰਾ (ਪੂਰਬ) 'ਚ ਜਗਤ ਵਿਦਿਆ ਰੋਡ 'ਤੇ ਘੱਟੋ-ਘੱਟ 24 ਜੱਜਾਂ ਲਈ ਦੋ ਰਿਹਾਇਸ਼ੀ ਸੰਮਤੀਆਂ ਦੀ ਉਸਾਰੀ ਜ਼ਮੀਨ ਦੇ ਮੂਲ ਰਾਖਵੇਂਕਰਨ 'ਚ ਤਬਦੀਲੀ ਕਰਕੇ ਕੀਤਾ ਗਿਆ ਹੈ। ਇਹਨਾਂ ਰਿਹਾਇਸ਼ੀ ਸੰਮਤੀਆਂ-ਨਿਆਂ ਸਾਗਰ ਤੇ ਸਿਧਾਂਤ ਦੀ ਉਸਾਰੀ 24905 ਵਰਗ ਮੀਟਰ ਦੇ ਇਸ ਜ਼ਮੀਨੀ ਟੁਕੜੇ ਦੇ ਇਕ ਹਿੱਸੇ 'ਚ ਕੀਤਾ ਗਿਆ ਹੈ। ਜੋ ਕਿ ਬੇਘਰੇ ਲੋਕਾਂ ਲਈ ਰਾਖਵਾਂ ਸੀ। ਜੂਨ 2004 'ਚ ਸਰਕਾਰ ਨੇ ਮਹਾਂ ਨਗਰ ਮੁੰਬਈ ਨਗਰ ਪਾਲਿਕਾ ਤੋਂ ਮਨਜ਼ੂਰੀ ਲੈਣ ਪਿੱਛੋਂ ਬੇਘਰਿਆਂ ਲਈ ਰਾਖਵੀਂ ਜ਼ਮੀਨ ਨੂੰ 10000 ਵਰਗ ਮੀਟਰ ਤੱਕ ਸੀਮਤ ਕਰ ਦਿੱਤਾ। ਬਾਕੀ ਜ਼ਮੀਨ ਇੱਕ ਅਦਾਲਤੀ ਭਵਨ, ਜੱਜਾਂ ਤੇ ਅਦਾਲਤ ਦੇ ਕਰਮਚਾਰੀਆਂ ਲਈ ਰਿਹਾਇਸ਼, ਇਕ ਜਿੰਮ ਤੇ ਇਕ ਸੜਕ ਬਣਾਉਣ ਲਈ ਰੱਖੀ ਗਈ ਜਿਸ ਵਿਚੋਂ 2800 ਵਰਗ ਮੀਟਰ ਜ਼ਮੀਨ 'ਤੇ ਕਬਜਾ ਕਰ ਲਿਆ ਗਿਆ। 12 ਅਗਸਤ 2002 ਨੂੰ ਨਿਆਂ ਸਾਗਰ ਸੰਮਤੀ ਦੇ ਸਕੱਤਰ ਨਿਆਂ ਮੂਰਤੀ ਐਫ ਆਈ ਰਿਬੇਲੋ ਨੇ, ਜੋ ਹੁਣ ਇਲਾਹਾਬਾਦ ਹਾਈਕੋਰਟ ਦੇ ਚੀਫ ਜਸਟਿਸ ਹਨ, ਉਸ ਜ਼ਮੀਨ ਦੇ ਦੋ ਹਿੱਸੇ ਦਿੱਤੇ ਜਾਣ ਦੀ ਬੇਨਤੀ ਕਰਦੇ ਹੋਏ ਉਸ ਵੇਲੇ ਦੇ ਮੁੱਖ ਮੰਤਰੀ ਬਿਲਾਸਰਾਓ ਦੇਸ਼ਮੁਖ ਨੂੰ ਚਿੱਠੀ ਲਿਖੀ। ਸੰਮਤੀ ਨੂੰ 2494 ਵਰਗ ਮੀਟਰ ਜ਼ਮੀਨ ਅਲਾਟ ਕਰ ਦਿੱਤੀ ਗਈ। ਸਿਧਾਂਤ ਸੰਮਤੀ ਨੂੰ ਵੀ 4300 ਵਰਗ ਮੀਟਰ ਦੀ ਜ਼ਮੀਨ ਦਿੱਤੀ ਗਈ ਜਿਸ 'ਤੇ ਇਕ ਅਦਾਲਤ ਬਣਾਈ ਜਾਣੀ ਹੈ। ਨਿਆਂ-ਸਾਗਰ ਨੂੰ ਭੂਖੰਡ 22500 ਰੁਪਏ ਪ੍ਰਤੀ ਵਰਗ ਮੀਟਰ ਦੀ ਅੰਤਰਿਮ ਦਰ 'ਤੇ ਦਿੱਤਾ ਗਿਆ। ਅਚਲ ਸੰਪਤੀ ਦੇ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਇਸ 'ਚ ਹਰੇਕ ਫਲੈਟ ਦੀ ਕੀਮਤ 2 ਕਰੋੜ ਤੋਂ ਘੱਟ ਨਹੀਂ ਹੈ। ਨੇੜੇ ਹੀ ਬਾਂਦਰਾ-ਕੁਰਲਾ ਕਮਪਲੈਕਸ 'ਚ ਪਰਿਵਾਰਿਕ ਮਾਮਲਿਆਂ ਦੀ ਇਕ ਹੋਰ ਅਦਾਲਤ ਹੋਣ ਕਰਕੇ ਸਰਕਾਰ ਨੂੰ ਲੱਗਾ ਕਿ ਇਸ ਇਲਾਕੇ 'ਚ ਇਕ ਹੋਰ ਅਦਾਲਤ ਦੀ ਕੋਈ ਲੋੜ ਨਹੀਂ ਹੈ। ਡਿੰਡੋਸ਼ੀ 'ਚ ਵੀ ਇਕ ਅਦਾਲਤ ਬਣਾਈ ਗਈ ਸੀ। ਨਿਆਂ ਮੂਰਤੀ ਪਲਸ਼ਿਕਰ ਦਾ ਜਿਨ੍ਹਾਂ ਦੀ ਥਾਂ ਨਿਆਂਮੂਰਤੀ ਜੇ ਐਨ ਪਟੇਲ ਸਿਧਾਂਤ ਸੰਮਤੀ ਦੇ ਪ੍ਰਮੋਟਰ ਬਣਾਏ ਗਏ ਸਨ। ਦੋਸ਼ ਹੈ ਕਿ ਨਿਆਂ ਮੂਰਤੀ ਪਟੇਲ ਨੇ ਸੰਮਤੀ 'ਚੋਂ ਉਹਨਾਂ ਦਾ ਨਾਂ ਹਟਾ ਦਿੱਤਾ। ਕਿਸੇ ਨੇ ਉਹਨਾਂ ਨੂੰ ਜ਼ਰੂਰੀ ਗੁੰਮਰਾਹ ਕੀਤਾ ਹੋਵੇਗਾ। ਇਹਨਾਂ ਸੰਮਤੀਆਂ 'ਚ ਰਹਿਣ ਵਾਲੇ ਸਾਰੇ ਜੱਜ ਆਪਣੇ ਬੇਦਾਗ ਰਿਕਾਰਡ ਲਈ ਜਾਣੇ ਜਾਂਦੇ ਹਨ। ਹੁਣ ਕਲਕੱਤਾ ਹਾਈਕੋਰਟ ਦੇ ਮੁੱਖ ਜੱਜ ਨਿਆਂ ਮੂਰਤੀ ਪਟੇਲ ਨੂੰ ਮੁੰਬਈ 'ਚ ਫਲੈਟ ਖਰੀਦਣ 'ਚ ਪ੍ਰੇਸ਼ਾਨੀ ਹੋ ਰਹੀ ਸੀ ਕਿਉਂਕਿ ਉਹਨਾਂ ਨੇ ਬਿੱਲਡਰ ਨੂੰ ਪੈਸਾ ਬਲੈਕ 'ਚ ਦੇਣ ਤੋਂ ਨਾਂਹ ਕਰ ਦਿੱਤੀ ਸੀ। ਨਿਆਂ ਮੂਰਤੀ ਰਿਬੇਲੋ ਨੇ ਰਾਜਸੀ ਪਾਰਟੀਆਂ ਤੋਂ ਜਿਹਨਾਂ ਨੂੰ ਆਪਣੇ ਦਫਤਰਾਂ ਲਈ ਥਾਂ ਚਾਹੀਦੀ ਸੀ, ਕਿਰਾਇਆ ਨਾ ਵਸੂਲਣ ਕਾਰਨ ਦੇਸ਼ਮੁਖ ਖਿਲਾਫ਼ ਕਦੀ ਸਖ਼ਤ ਟਿੱਪਣੀ ਕੀਤੀ ਸੀ। ਇਹ ਸਭ ਅਨੈਤਿਕ ਹੈ। ਜੇ ਇਹ ਜ਼ਮੀਨ ਜੱਜਾਂ ਤੇ ਅਦਾਲਤੀ ਕਰਮਚਾਰੀਆਂ ਦੀ ਰਿਹਾਇਸ਼ ਲਈ ਸੀ ਤਾਂ

ਕਰਮਚਾਰੀ ਕਿੱਥੇ ਚਲੇ ਗਏ। ਪਰ ਮਹਾਂਰਾਸ਼ਟਰ ਸਰਕਾਰ ਨੇ ਰਿਹਾਇਸ਼ੀ ਸੰਮਤੀਆਂ ਲਈ ਜ਼ਮੀਨ ਦੇਣ ਦੀ ਆਪਣੇ ਮੁਲਾਜ਼ਮਾਂ ਦੀ ਮੰਗ ’ਤੇ ਸਾਫ਼ ਨਾਂਹ ਕਰ ਦਿੱਤੀ ਹੈ ਲੋਕ ਨਿਰਮਾਣ ਮੰਤਰੀ ਛਗਨ ਮੁਜਬਲ ਨੇ ਵਿਧਾਨ ਸਭਾ ’ਚ ਇਸ ਪ੍ਰਸਤਾਅ ਨੂੰ ਖਾਰਜ ਕਰਦਿਆਂ ਕਿਹਾ ਸੀ ਕਿ “ਅਸੀਂ ਸਰਕਾਰੀ ਮੁਲਾਜ਼ਮਾਂ ਨੂੰ ਰਿਹਾਇਸ਼ ਸਹੂਲਤ ਤਦ ਦਿੰਦੇ ਹਾਂ ਜਦ ਤੱਕ ਉਹ ਸੇਵਾ ਵਿਚ ਹੈ। ਮਹਿਜ ਸਰਕਾਰੀ ਕਰਮਚਾਰੀ ਹੋਣ ਕਰਕੇ ਉਹਨਾਂ ਨੂੰ ਸਸਤੇ ਰੇਟ ਜੀਵਨ ਭਰ ਰਿਹਾਇਸ਼ੀ ਸਹੂਲਤ ਮੁਹਈਆ ਕਰਾਉਣ ਨਾਲ ਗਲਤ ਮਿਸਾਲ ਬਣੇਗੀ। ਜਨਗਣਨਾ ਦੇ ਦੂਜੇ ਦੌਰ ’ਚ ਮੁੰਬਈ ਦੇ ਬੇਘਰਿਆਂ ਦੀ ਗਿਣਤੀ 28 ਫਰਵਰੀ ਤੋਂ ਸ਼ੁਰੂ ਹੋਣੀ ਹੈ। ਰਾਜ ਸਰਕਾਰ ਨੂੰ ਹੁਣ ਉਹਨਾਂ ਲਈ ਬਦਲੇ ਘਰ ਦੀ ਵਿਵਸਥਾ ਕਰਨੀ ਪੈਣੀ ਹੈ।

# ਕ੍ਰਿਕਟ 'ਚ ਵੱਡੇ ਸੱਟੇਬਾਜ਼ ਕਿਵੇਂ ਲੁੱਟਦੇ ਹਨ ਮਾਲ?

"ਅਥਾਹ ਪੈਸਾ ਲੱਗਿਆ ਹੈ, ਕ੍ਰਿਕਟ ਦੀ ਸੱਟੇਬਾਜ਼ੀ 'ਚ ਕ੍ਰਿਕਟ 'ਤੇ ਦਾਅ ਏਨੇ ਉਚੇ ਹਨ ਕਿ ਤੁਸੀਂ ਇਸ ਨੂੰ ਮੈਚ ਦੇ ਨਤੀਜੇ 'ਤੇ ਆਪਣੀ ਪ੍ਰਛਾਈ ਪਾਉਣ ਤੋਂ ਰੋਕ ਨਹੀਂ ਸਕਦੇ। ਮੋਟੀ ਆਮਦਨੀ ਲਈ ਫਿਕਸਿੰਗ ਕੀਤੀ ਜਾਵੇਗੀ। ਵਿਸ਼ਵ ਕੱਪ ਬਹੁਤ ਵੱਡਾ ਮੌਕਾ ਹੈ" ਇਹ ਰਾਏ ਆਮਦਨ ਟੈਕਸ ਵਿਭਾਗ ਦੇ ਇਕ ਅਜਿਹੇ ਸੰਯੁਕਤ ਕਮਿਸ਼ਨਰ ਦੀ ਹੈ ਜੋ ਆਈ ਪੀ ਐਲ ਦੀ ਜਾਂਚ ਨਾਲ ਜੁੜੇ ਹਨ। ਭਾਰਤੀ ਕ੍ਰਿਕਟ ਦਾ ਵਿਸ਼ਵ ਵਿਆਪੀ ਅਰਥਚਾਰੇ ਦਾ ਨਵਾਂ ਕੇਂਦਰ ਹੈ। ਇਹ ਕ੍ਰਿਕਟ ਦੀ ਬਹੁਤ ਵੱਡੀ ਕਾਲੀ ਅਰਥ ਵਿਵਸਥਾ ਦਾ ਵੀ ਕੇਂਦਰ ਹੈ। ਮੁੰਬਈ ਦੇ ਸੱਟੇਬਾਜ਼ਾਂ ਦਾ ਕਹਿਣਾ ਹੈ ਕਿ 19 ਫਰਵਰੀ ਤੋਂ ਸ਼ੁਰੂ ਹੋਣ ਵਾਲੇ ਸੰਸਾਰ ਕੱਪ-2011 ਦੇ ਮੈਚਾਂ 'ਤੇ ਪਹਿਲਾਂ ਹੀ 60000 ਕਰੋੜ ਰੁਪਏ ਦਾ ਸੱਟਾ ਲੱਗ ਚੁੱਕਿਆ ਹੈ। ਪ੍ਰਵਰਤਨ ਡਾਇਰੈਕਟੋਰੇਟ ਦੇ ਸੂਤਰਾਂ ਦਾ ਮੋਟਾ ਅਨੁਮਾਨ ਹੈ ਕਿ 15000 ਕਰੋੜ ਰੁਪਿਆ ਸੱਟੇ 'ਤੇ ਲੱਗ ਰਿਹਾ ਹੈ। ਆਰ ਪੀ ਜੀ ਸਮੂਹ ਦੀਆਂ ਕੰਪਨੀਆਂ ਦੇ ਪ੍ਰਧਾਨ ਹਰਸ਼ ਗੋਇਨਕਾ ਦਾ ਅੰਦਾਜ਼ਾ ਹੈ ਕਿ 20000 ਕਰੋੜ ਰੁਪਏ ਤੋਂ ਵੱਧ ਦਾ ਸੱਟਾ ਲੱਗਿਆ ਹੈ। ਭਾਰਤ 'ਚ ਜੂਏ ਦੇ ਕਨੂੰਨ ਦੇ ਤਹਿਤ ਘੁੜਦੌੜ ਨੂੰ ਛੱਡ ਬਾਕੀ ਸਾਰੀ ਖੇਡ ਕੁਦ 'ਚ ਸੱਟੇਬਾਜ਼ੀ ਗੈਰ ਕਨੂੰਨੀ ਹੈ। ਇਸ ਲਈ ਸੱਟੇ ਦਾ ਪੂਰਾ ਧੰਦਾ ਖੂਫੀਆ ਹੋ ਗਿਆ ਹੈ। ਇਸ ਖੇਡ ਦੇ ਮੁੱਖ ਪ੍ਰਸ਼ਾਸ਼ਕ ਦੇਸ਼ ਦੀਆਂ ਖੂਫੀਆ ਸੱਟਾ ਸਿੰਡੀਕੇਟਾਂ ਤੇ ਮੈਚ ਫਿਕਸਿੰਗ 'ਚ ਉਹਨਾਂ ਦੀ ਭੂਮਿਕਾ ਤੋਂ ਵਾਕਿਫ ਹਨ। ਵੈਸੇ ਭਰਿਸ਼ਟਾਚਾਰ ਦਾ ਇਹ ਇਕੋ ਇਕ ਕੇਂਦਰ ਨਹੀਂ ਹੈ। ਪਿਛਲੇ ਹਫਤੇ ਆਈ ਸੀ ਸੀ ਪੰਚਾਟ ਨੇ ਤਿੰਨ ਪਾਕਿਸਤਾਨੀ ਕ੍ਰਿਕਟਰਾਂ-ਸਲਮਾਨ ਭੱਟ, ਮੁਹੰਮਦ ਆਸਿਫ ਤੇ ਮੁਹੰਮਦ ਆਮਿਰ ਨੂੰ ਅਗਸਤ 2010 ਦੌਰਾਨ ਇੰਗਲੈਂਡ 'ਚ ਮੈਚ ਫਿਕਸਿੰਗ ਕਰਨ ਦਾ ਦੋਸ਼ੀ ਠਹਿਰਾਇਆ। ਆਈ ਸੀ ਸੀ ਦੇ ਚੀਫ ਐਕਜੀਕੂਟਿਵ ਹਾਰੂਨ ਲੋਗਾਰਟ ਦਾ ਮੰਨਣਾ ਹੈ ਕਿ ਸੱਟੇਬਾਜ਼ੀ ਨੂੰ ਜਾਇਜ਼ ਬਣਾ ਦੇਣ ਨਾਲ ਸਥਿਤੀਆਂ ਪਾਰਦਰਸ਼ੀ ਹੋ ਜਾਣਗੀਆਂ ਅਤੇ ਸੱਟੇਬਾਜ਼ਾਂ ਲਈ ਮੁਸ਼ਕਿਲ ਹੋ ਜਾਵੇਗੀ। ਉਹਨਾਂ ਨੇ 7 ਫਰਵਰੀ ਨੂੰ ਮੀਡੀਆ ਨੂੰ ਕਿਹਾ "ਮੈਂ ਇਸ ਰਾਇ ਨਾਲ ਸਹਿਮਤ ਹਾਂ ਕਿ ਜੇ ਇਸ ਨੂੰ ਨਿਯਮਤ ਕਰ ਦਿੱਤਾ ਜਾਵੇ ਤਾਂ ਇਹ ਨਿਯਮਤ ਨਾ ਹੋਣ ਤੋਂ ਬੇਹਤਰ ਹੋਵੇਗਾ' ਇਸ ਤਰ੍ਹਾਂ ਦਾ ਸੁਝਾਅ ਦੇਣ ਵਾਲੇ ਉਹ ਪਹਿਲੇ ਉਚ ਕ੍ਰਿਕਟਰ ਪ੍ਰਸ਼ਾਸ਼ਨ ਨਹੀਂ ਹਨ 2003 ਤੋਂ 2006 ਦੌਰਾਨ ਆਈ ਸੀ ਸੀ ਦੇ ਪ੍ਰਧਾਨ ਰਹੇ ਇਹਸਾਨ ਮਨੀ ਨੇ ਪਿਛਲੇ ਸਾਲ ਅਖਬਾਰ 'ਦ ਵਿਜਡਨ ਕ੍ਰਿਕੇਟਰ ਨੂੰ ਦਿੱਤੀ ਇੰਟਰਵਿਊ 'ਚ ਕਿਹਾ" ਕਾਲੇ ਬਜਾਰਾਂ 'ਚ (ਖਾਸ ਕਰਕੇ ਭਾਰਤ ਦੇ ਜਿੱਥੇ ਸੱਟਾ ਪੂਰੀ ਤਰ੍ਹਾਂ ਅਨਿਯਮਤ ਹੈ) ਭਰਿਸ਼ਟਾਚਾਰ ਰੋਕੂ ਵਿਸ਼ੇਸ਼ ਇਕਾਈਆਂ ਦੀ ਖੂਫੀਆ ਜਾਣਕਾਰੀ ਥੋਥੀ ਹੀ ਹੋ ਸਕਦੀ ਹੈ। ਲਿਹਾਜਾ ਆਈ ਸੀ ਸੀ ਲਈ ਭਾਰਤ ਸਰਕਾਰ ਨੂੰ ਇਹ ਕਹਿਣ ਦਾ ਮੌਕਾ ਆ ਗਿਆ ਹੈ ਕਿ ਇਸਨੂੰ ਨਿਯਮਤ ਕਰ ਲੈਣ, ਮੈਨੂੰ ਪਤਾ ਨਹੀਂ ਹੈ ਕਿ ਇਸ ਨੂੰ ਨਿਯਮਤ ਕਿਉਂ ਨਹੀਂ ਦਿੱਤਾ ਗਿਆ ਹੈ ਕਿਉਂਕਿ ਸਰਕਾਰ ਇਸ ਤੋਂ ਕਾਫੀ ਪੈਸਾ ਕਮਾ ਸਕਦੀ ਹੈ।" ਭਾਰਤ 'ਚ ਕ੍ਰਿਕਟ 'ਚ ਸੱਟੇਬਾਜ਼ੀ ਦੀ ਸ਼ੁਰੂਆਤ ਨੂੰ ਪਹਿਲੀ ਵਾਰ 1983 'ਚ ਉਸ ਸਮੇਂ ਹੱਲਾਸ਼ੇਰੀ ਮਿਲ ਗਈ ਜਦ ਭਾਰਤ ਨੇ ਵਿਸ਼ਵ ਕੱਪ ਜਿੱਤਿਆ। ਟੈਲੀਵਿਜ਼ਨ ਤੇ ਹੋਰ ਸਿੱਧੇ ਪ੍ਰਸਾਰਣ

ਦੇ ਨਾਲ ਹੀ ਇਹ ਹੋਰ ਵੀ ਫੈਲਦੀ ਗਈ। 2011 ਦੇ ਵਿਸ਼ਵ ਕੱਪ 'ਚ 14 ਟੀਮਾਂ ਵਿਚਕਾਰ ਕਈ ਦਿਨਾਂ ਤੱਕ ਮੈਚ ਚੱਲਣਗੇ। ਇਹ ਵਜ੍ਹਾ ਕਰਕੇ ਕਾਫੀ ਸੱਟੇਬਾਜ਼ੀ ਹੋ ਰਹੀ ਹੇ। ਖ਼ੁਫੀਆ ਕਾਰੋਬਾਰ 'ਚ ਕਾਗਜ਼ 'ਤੇ ਕੋਈ ਲਿਖਾਈ ਪੜ੍ਹਾਈ ਨਹੀਂ ਹੁੰਦੀ। ਲੋਕ ਭਰੋਸੇ 'ਤੇ ਕੰਮ ਕਰਦੇ ਹਨ ਤੇ ਇਹੀ ਉਸ ਵਿਵਸਥਾ ਨੂੰ ਕਾਰਗਰ ਬਣਾਈ ਰੱਖਣ ਲਈ ਜ਼ਰੂਰੀ ਹੈ। ਸੱਟੇ 'ਚ ਅਕਸਰ ਪੈਸਾ ਲਾਉਣ ਵਾਲੇ ਮੁੰਬਈ ਦੇ ਇਕ ਵਪਾਰੀ ਦਾ ਕਹਿਣਾ ਹੈ ਕਿ "ਮੇਰੇ ਲੈਣ ਦੇਣ 'ਚ ਕਦੇ ਕੋਈ ਗਲਤੀ ਜਾ ਗਲਤ ਫਹਿਮੀ ਨਹੀਂ ਹੋਈ।"

ਸਟੋਰੀਏ ਆਪਣੇ ਤਰੀਕੇ ਹਮੇਸ਼ਾ ਬਦਲਦੇ ਰਹਿੰਦੇ ਹਨ, ਇਸ ਨਾਲ ਪ੍ਰਵਰਤਨ ਏਜੰਸੀਆਂ ਦਾ ਕੰਮ ਮੁਸ਼ਕਿਲ ਹੋ ਜਾਂਦਾ ਹੈ। ਸਟੋਰੀਏ ਨੂੰ ਕਦੇ ਵੀ ਨਕਦੀ ਨਾਲ ਭਰੇ ਬਕਸੇ ਨਹੀਂ ਦਿੱਤੇ ਜਾਂਦੇ, ਹੁਣ ਨਿਵੇਸ਼ਕ ਨੂੰ ਸੱਟੇ ਦੀ ਰਕਮ ਇਕ ਪੂਰਵ ਨਿਰਧਾਰਿਤ ਬੈਂਕ ਖਾਤੇ 'ਚ ਜਮ੍ਹਾਂ ਕਰਨ ਨੂੰ ਕਿਹਾ ਜਾਂਦਾ ਹੈ। ਇਸ ਪਿੱਛੋਂ ਸਟੋਰੀਏ ਉਸ ਖਾਤੇ 'ਚੋਂ ਪੈਸੇ ਕਢਵਾ ਲੈਂਦੇ ਹਨ। ਇਹ ਖਾਤਾ ਕਿਸੇ ਸਟੋਰੀਏ ਦੇ ਨਾਂ ਨਹੀਂ ਹੁੰਦਾ। ਸਟੋਰੀਏ ਏਜੰਟ ਤੋਂ ਪੁਲਸ ਦੇ ਮੁਖਬਰ ਬਣੇ ਗੁਲਜਾਰ ਉਰਫ ਪਟੇਲ ਦਾ ਕਹਿਣਾ ਹੈ ਕਿ "ਸਟੋਰੀਏ ਪੈਸੇ ਦੇ ਲੋੜਵੰਦ ਆਮ ਆਦਮੀ ਨੂੰ 10000 ਰੁਪਏ ਦੇ ਕੇ ਉਸ ਦੇ ਨਾਂ 'ਤੇ ਖਾਤਾ ਖੁਲਵਾਉਂਦੇ ਹਨ। ਜਦ ਨਿਵੇਸ਼ਕ ਉਸ ਖਾਤੇ 'ਚ ਪੈਸੇ ਜਮ੍ਹਾਂ ਕਰਵਾਉਂਦਾ ਹੈ ਤਾਂ ਉਹਨਾਂ ਨੂੰ ਐਸ ਐਮ ਐਸ ਜਾਂ ਈ-ਮੇਲ ਜ਼ਰੀਏ ਜਾਣਕਾਰੀ ਮਿਲ ਜਾਂਦੀ ਹੈ। ਫਿਰ ਉਹ ਉਸ ਪੈਸੇ ਨੂੰ ਕਢਵਾ ਕੇ ਖਾਤਾ ਬੰਦ ਕਰ ਦਿੰਦੇ ਹਨ।" ਪਟੇਲ ਮੁਤਾਬਕ ਪੂਰੇ ਦੇਸ਼ ਵਿਚ ਨਾਮੀ-ਗਰਾਮੀ ਬੈਂਕਾਂ ਨੂੰ ਇਸ ਤਰ੍ਹਾਂ ਦੇ ਘੱਟੋ-ਘੱਟ 13 ਲੱਖ ਖਾਤੇ ਹਨ ਅਤੇ ਉਹਨਾਂ 'ਚ ਕਰੀਬ ਪੰਜ ਲੱਖ ਇਕੱਲੇ ਮਹਾਂਰਾਸ਼ਟਰ 'ਚ ਹਨ, ਮੁੰਬਈ 'ਚ ਸਟੋਰੀਏ ਨੇ ਪਟੇਲ ਵਰਗੇ 2000 ਏਜੰਟ ਨਿਯੁਕਤ ਕਰ ਰੱਖੇ ਹਨ ਜੋ ਉਹਨਾਂ ਨੇ ਕ੍ਰਿਕਟ 'ਚ ਸੱਟੇ ਪ੍ਰਤੀ ਦਿਲਚਸਪੀ ਰੱਖਣ ਵਾਲਿਆਂ ਦੀ ਜਾਣਕਾਰੀ ਦਿੰਦੇ ਹਨ। ਪਟੇਲ ਦਾ ਕਹਿਣਾ ਹੈ ਕਿ "ਇਸ ਤਰ੍ਹਾਂ ਦੇ ਏਜੰਟ ਨੂੰ ਪੋਪਟ ਕਿਹਾ ਜਾਂਦਾ ਹੈ ਕਿਉਂਕਿ ਉਹ ਸਟੋਰੀਏ ਦਾ ਪ੍ਰਚਾਰ ਕਰਦੇ ਹਨ।" ਇਕ ਹੋਰ ਤਬਦੀਲੀ ਇਹ ਹੋਈ ਹੈ ਕਿ ਹੁਣ ਕ੍ਰਿਕਟ 'ਚ ਸੱਟੇਬਾਜ਼ੀ ਦਾ ਧੰਦਾ ਆਨ ਲਾਈਨ ਹੋ ਗਿਆ ਹੈ। ਪ੍ਰਵਰਤਨ ਏਜੰਸੀਆਂ ਦਾ ਕਹਿਣਾ ਹੈ ਕਿ ਉਹਨਾਂ ਦੇਸ਼ਾਂ ਦੀ ਸੱਟੇਬਾਜ਼ੀ ਵੈਬਸਾਈਟਾਂ ਖਿਲਾਫ ਕੁਝ ਕਰਨਾ ਬਹੁਤ ਮੁਸ਼ਕਿਲ ਹੈ। ਇੱਥੇ ਕ੍ਰਿਕਟ 'ਚ ਸੱਟੇਬਾਜ਼ੀ ਨਜਾਇਜ਼ (ਗੈਰ ਕਨੂੰਨੀ) ਨਹੀਂ ਹੈ, ਭਾਵੇਂ ਹੀ ਉਸ ਵਿਚ ਭਾਰਤੀ ਸਟੋਰੀਏ ਅਤੇ ਉਹਨਾਂ ਦੇ ਦਲਾਲ ਸ਼ਾਮਲ ਹੋਣ, ਆਈ ਪੀ ਐਲ ਦੀ ਜਾਂਚ ਨਾਲ ਜੁੜੇ ਇਕ ਉਚ ਪੁਲਸ ਅਧਿਕਾਰੀ ਪੁੱਛਦੇ ਹਨ, "ਇਸ਼ੇਜ ਸੀਰੀਜ਼ ਦੌਰਾਨ ਕਿਸੇ ਮੈਚ ਉਪਰ ਇੰਗਲੈਂਡ ਦੀ ਵੈਬਸਾਈਟ 'ਤੇ ਭਾਰਤੀ ਸਟੋਰੀਏ ਨੂੰ ਸੱਟੇਬਾਜ਼ੀ ਕਰਨ ਤੋਂ ਕਿਵੇਂ ਰੋਕੋਗੇ? ਇੰਡੀਆ ਬੈਟ ਡਾਟ ਕਾਮ, ਕਿਕ੍ਰਟ ਬੇਟ ਲਾਈਵ ਡਾਟਕਾਮ, ਬੇਟ 365 ਡਾਟਕਾਮ ਅਤੇ ਬੇਟਫੇਅਰ-ਫਰਸਟ ਡਾਟਕਾਮ ਵਰਗੀਆਂ ਕਈ ਸੱਟੇਬਾਜ਼ ਵੈਬਸਾਈਟ ਖ਼ੂਬ ਧੰਦਾ ਕਰ ਰਹੀਆਂ ਹਨ। ਵਿਸ਼ਵ ਕੱਪ ਦੱਬ ਕੇ ਪੈਸਾ ਲੁੱਟਣ ਦਾ ਮੌਕਾ ਹੈ। ਸੱਟਾ ਸਿਰਫ ਇਸ ਗੱਲ ਤੱਕ ਸੀਮਤ ਨਹੀਂ ਹੈ ਕਿ ਵਿਸ਼ਵ ਕੱਪ ਕੌਣ ਜਿੱਤੇਗਾ ਜਾਂ ਇਕ-ਇਕ ਮੈਚ ਕੌਣ ਜਿੱਤੇਗਾ? ਸਪਾਟ ਇਵੇਂਟ ਦੀ ਭਵਿੱਖਬਾਣੀ 'ਤੇ ਵੀ ਕਾਫੀ ਪੈਸਾ ਲੱਗਿਆ ਹੈ ਮਿਸਾਲ ਵਜੋਂ ਕੀ ਕਿਸੇ ਵਿਸ਼ੇਸ਼ ਓਵਰ 'ਚ ਤੀਸਰੀ ਗੇਂਦ ਵਾਈਡ ਕਰਾਰ ਦਿੱਤੀ ਜਾਵੇਗੀ। ਸਪਾਟ ਇਵੇਂਟ 'ਤੇ ਸੱਟੇਬਾਜ਼ੀ ਨਾਲ ਫਿਕਸਿੰਗ ਦਾ ਰੁਝਾਣ ਬਦਲ

ਗਿਆ ਹੈ। ਇਹ ਪੂਰੇ ਮੈਚ ਨੂੰ ਫਿਕਸ ਕਰਨ ਤੋਂ ਵੱਖਰਾ ਹੈ ਅਤੇ ਛੋਟਾ ਹੁੰਦਾ ਹੈ ਜਿਸ ਕਾਰਨ ਇਸ ’ਤੇ ਧਿਆਨ ਨਹੀਂ ਜਾਂਦਾ। ਜੇ ‘ਨਿਊਜ਼ ਆਫ਼ ਦਾ ਵਰਲਡ’ ਨੇ ਦਿਖਾਵੇ ਨੂੰ ਉਤਸੁਕ ਸਟੋਰੀਓ ਦਾ ਸਿਟੰਗ ਅਪਰੇਸ਼ਨ ਨਾ ਕੀਤਾ ਹੁੰਦਾ ਤਾਂ ਬਹੁਤ ਘੱਟ ਲੋਕਾਂ ਨੂੰ ਸ਼ੱਕ ਹੁੰਦਾ ਹੈ ਕਿ ਆਸਿਫ ਤੇ ਆਸਿਰ ਨੇ ਪੈਸੇ ਬਦਲੇ ਜਾਣ-ਬੁੱਝ ਕੇ ਨੋ ਬਾਲ ਪਾਏ ਸਨ। ਭਰਿਸ਼ਟਾਚਾਰ ਨਿਰੋਧਕ ਜਾਸੂਸਾਂ ਲਈ ਸ਼ੱਕੀ ਮੈਚ ਦੇ ਸਿੱਟੇ ਦੇ ਮੁਕਾਬਲੇ ਸ਼ੱਕੀ ਜਾਂ ਜਾਹਲੀ ਨੋ ਬਾਲ ਨੂੰ ਸਮਝਣਾ ਬਹੁਤ ਮੁਸ਼ਕਿਲ ਹੁੰਦਾ ਹੈ। ਕਲਕੱਤਾ ਦੇ ਸਟੋਰੀਓ ਦਾ ਕਹਿਣਾ ਹੈ ਕਿ ਮੈਚ ਦੇ ਨਤੀਜਿਆਂ ਤੇ ਸਪਾਟ ਇਵੇਂਟ ’ਤੇ ਸੱਟੇਬਾਜ਼ੀ ਪਿੱਛੋਂ ਹੁਣ ‘ਸੇਸ਼ਨ ਬੇਟਿੰਗ’ ਦਾ ਰੁਝਾਣ ਹੈ। ਇਸ ਵਿਚ ਹਰੇਕ ਓਵਰਾਂ ਪਿੱਛੋਂ ਗੰਵਾਏ ਜਾਣ ਵਾਲੀਆਂ ਵਿਕਟਾਂ ’ਤੇ ਸੱਟੇਬਾਜ਼ੀ ਹੁੰਦੀ ਹੈ। ਸੱਟੇਬਾਜ਼ੀ ਦੇ ਕੁਲ ਕਾਰੋਬਾਰ ’ਚ ਮੁੰਬਈ ਦੇ ਨਾਗਪਾੜਾ, ਮਝਗਾਂਵ, ਡੋਂਗਰੀ, ਚੇਂਬੂਰ, ਜੋਗੇਸ਼ਵਰੀ, ਬੋਰਿਵਲੀ ਤੇ ਮੀਰਾਰੋਡ ਵਰਗੇ ਇਲਾਕਿਆਂ ’ਚ ਕੰਮ ਕਰ ਰਹੇ ਸਟੋਰੀਓ ਦਾ ਯੋਗਦਾਨ ਸਭ ਤੋਂ ਵੱਧ ਹੈ। ਮਾਫੀਆ ਸਰਗਨਿਆਂ ਨਾਲ ਵੀ ਉਹਨਾਂ ਦੇ ਮਜ਼ਬੂਤ ਸੰਬੰਧ ਹਨ। ਸੂਤਰਾਂ ਮੁਤਾਬਕ ਮੁੰਬਈ ਦੇ ਜ਼ਿਆਦਾਤਰ ਸੱਟੇਬਾਜ਼ੀ ਸਿੰਡੀਕੇਟ ਭਗੌੜੇ ਸਰਗਨਾ ਦਾਊਦ ਇਬ੍ਰਾਹਿਮ ਦੇ ਸਹਿਯੋਗੀ ਚਲਾ ਰਹੇ ਹਨ। ਪਟੇਲ ਦਾ ਕਹਿਣਾ ਹੈ ਕਿ ਮੁੰਬਈ ’ਚ ਦਾਊਦ ਦਾ ਇਕ ਕਰੀਬੀ ਰਿਸ਼ਤੇਦਾਰ ਇਹਨਾਂ ਸਿੰਡੀਕੇਟਾਂ ਨੂੰ ਕੰਟਰੋਲ ਕਰਦਾ ਹੈ। ਖੁਫੀਆ ਸੂਤਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਸਥਿਤ ਚੁਟਾਨੀ ਤੇ ਨੁਮਾਨ, ਦੁਬਈ ਸਥਿਤ ਸੁਨੀਲ ਚੰਦਾਨੀ ਉਰਫ ਸੁਨੀਲ ਦੁਬਈ ਤੇ ਦਵੇਂਦਰ ਉਰਫ ਜੂਨੀਅਰ ਕੋਲਕੱਤਾ ਜੋ ਹੁਣ ਮੁੰਬਈ ’ਚ ਰਹਿੰਦਾ ਹੈ। ਦਾਊਦ ਦੇ ਭਾਰਤੀ ਸਟੋਰੀਓ ਨੂੰ ਕੰਟਰੋਲ ਕਰਦੇ ਹਨ। ਖੁਫੀਆ ਸੂਤਰਾਂ ਦਾ ਕਹਿਣਾ ਹੈ ਕਿ ਸੱਟੇਬਾਜ਼ੀ ਸਬੰਧੀ ਵੀ ਦਾਊਦ ਨੂੰ ਆਪਣੇ ਕੱਟੜ ਦੁਸ਼ਮਣ ਛੋਟਾ ਰਾਜਨ ਤੋਂ ਟੱਕਰ ਮਿਲ ਰਹੀ ਹੈ। ਰਾਜਨ ਦਾ ਭਰੋਸੇਮੰਦ ਸੰਤੋਸ਼ ਮਲੇਸ਼ੀਆ ਦੇ ਕੁਝ ਸੱਟਾ ਕਾਰੋਬਾਰ ਨੂੰ ਸੰਭਾਲਦਾ ਹੈ। ਜੇ ਸਟੋਰੀਏ ਨੂੰ ਪਹਿਲਾਂ ਤੋਂ ਤਹਿ ਮਾਹੌਲ ’ਚ ਮੁਨਾਫਾ ਹੋਣ ਦੀ ਥਾਂ ਘਾਟਾ ਪੈ ਜਾਵੇ ਤਾਂ ਕੀ ਹੁੰਦਾ ਹੈ? ਖੁਫੀਆ ਸੂਤਰਾਂ ਮੁਤਾਬਕ 2010 ’ਚ ਇੰਗਲੈਂਡ ਖਿਲਾਫ ਮੈਚ ਦੌਰਾਨ ਪਾਕਿਸਤਾਨੀ ਗੇਂਦਬਾਜ ਆਸਿਫ ਅਲੀ ਦੇ ਤੀਸਰੇ ਨੋ ਬਾਲ ਨਾਲ ਦਊਦ ਨੂੰ 50 ਕਰੋੜ ਦਾ ਝਟਕਾ ਲੱਗਿਆ। ਸੂਤਰਾਂ ਦਾ ਕਹਿਣਾ ਹੈ ਕਿ ਦਾਊਦ ਦੇ ਸਟੋਰੀਓ ਨੂੰ ਆਮਿਰ ਤੇ ਆਸਿਫ ਦੇ ਪਹਿਲੇ ਦੋ ਫਿਕਸ ਨੋ ਬਾਲ ਬਾਰੇ ਪਤਾ ਸੀ ਪਰ ਉਹਨਾਂ ਨੇ ਸਟੋਰੀਓ ਮਜਹਰ ਮਜੀਦ ਦੇ ਕਹਿਣ ’ਤੇ ਆਸਿਫ ਵੱਲ ਸੁੱਟੀ ਗਈ ਤੀਸਰੀ ਨੋ ਬਾਲ ਬਾਰੇ ਦੱਸਿਆ ਨਹੀਂ ਗਿਆ ਸੀ। ਮੈਦਾਨ ਦੇ ਵੱਡੇ ਖਿਡਾਰੀ ਇਸ ਤਰ੍ਹਾਂ ਦੀ ਹਾਰ ਤੋਂ ਨਿਰਾਸ਼ ਨਹੀਂ ਹਨ। ਵੈਸੇ ਅਜਿਹੀ ’ਚ ਕਠੋਰ ਸਜ਼ਾ ਸ਼ੁਰੂ ਹੋ ਜਾਂਦੀ ਹੈ, ਘਾਟੇ ਦੇ ਕਾਰਣ। ਖਾਸ ਕਰਕੇ ਵਿਰੋਧੀ ਸਟੋਰੀਓ ਅਕਸਰ ਸੁਪਾਰੀ ਦੇ ਸ਼ਿਕਾਰ ਹੋ ਜਾਂਦੇ ਹਨ। ਲੋਗਾਰਟ ਦਾ ਮੰਨਣਾ ਹੈ ਕਿ ਵਿਸ਼ਵ ਕੱਪ 2011 ਨਾਲ ਮੋਟੀ ਰਕਮ ਜੁੜੀ ਹੈ। ਇਸ ਦੇ ਬਾਵਜੂਦ ਇਹ ਭਰਿਸ਼ਟਾਚਾਰ ਮੁਕਤ ਹੋਵੇਗਾ। ਉਹਨਾਂ ਕਿਹਾ “ਬਹੁਤੇ ਖਿਡਾਰੀ ਇਮਾਨਦਾਰ ਹਨ, ਉਹ ਪੂਰੇ ਜੋਸ਼ ਨਾਲ ਖੇਡਦੇ ਹਨ, ਉਹ ਕਿਸੇ ਨਜਾਇਜ਼ ਤਰੀਕੇ ਨਾਲ ਫਾਇਦਾ ਉਠਾਉਣ ਦੀ ਕੋਸ਼ਿਸ਼ ਵਿਚ ਨਹੀਂ ਹਨ।” ਪਿੱਛੇ ਜਿਹੇ ਤਿੰਨ ਪਾਕਿਸਤਾਨੀ ਖਿਡਾਰੀਆਂ ਨੂੰ ਆਈ ਸੀ ਸੀ ਵਲੋਂ ਸਜ਼ਾ ਦਿੱਤੇ ਜਾਣਾ ਵੀ ਚੇਤਾਵਨੀ ਦਾ ਕੰਮ ਕਰੇਗਾ। ਕਿਸੇ ਵੀ ਸਜ਼ਾ ਨਾਲ ਸਭ ਤੋਂ ਅਹਿਮ ਗੱਲ ਇਹ ਹੁੰਦੀ ਹੈ ਕਿ ਇਸ ਨਾਲ ਉਹਨਾਂ ਲੋਕਾਂ ਨੂੰ ਸਖਤ ਸੰਦੇਸ਼ ਮਿਲਦਾ ਹੈ ਜੋ ਭਵਿੱਖ

’ਚ ਇਸ ਤਰ੍ਹਾਂ ਦੇ ਉਕਸਾਵੇ ’ਚ ਆ ਸਕਦੇ ਹਨ। ਇਸ ਤਰ੍ਹਾਂ ਕਰਨ ਨਾਲ ਕੈਰੀਅਰ ਜੇ ਖਤਮ ਨਹੀਂ ਹੋਵੇਗਾ ਤਾਂ ਕਾਫੀ ਹੱਦ ਤੱਕ ਸੀਮਤ ਜ਼ਰੂਰ ਹੋ ਜਾਵੇਗਾ। ਪਿਛਲੇ ਇਕ ਦਹਾਕੇ ਦੌਰਾਨ ਅਤੇ ਉਸ ਤੋਂ ਪਹਿਲਾਂ ਮੈਦਾਨ ਦੇ ਬਾਹਰ ਦੇ ਖਿਡਾਰੀਆਂ ਨੇ ਕ੍ਰਿਕਟਰਾਂ ਦਾ ਕੈਰੀਅਰ ਤਬਾਹ ਕਰ ਦਿੱਤਾ, ਮੈਚ ਫਿਕਸਿੰਗ ’ਚ ਭੂਮਿਕਾ ਕਾਰਨ ਦੱਖਣੀ ਅਫਰੀਕਾ ਦੇ ਸਾਬਕਾ ਕਪਤਾਨ ਹੈਂਸੀ ਕ੍ਰੋਨੀਏ ਤੇ ਸਾਬਕਾ ਭਾਰਤੀ ਕਪਤਾਨ ਮੁਹੰਮਦ ਅਜਹਰੁਦੀਨ ਵਰਗੇ ਮੁੱਖ ਖਿਡਾਰੀਆਂ ’ਤੇ ਉਮਰ ਭਰ ਲਈ ਪਾਬੰਦੀ ਲਾ ਦਿੱਤੀ ਗਈ ਸੀ, ਪਰ ਬਟ, ਆਸਿਫ ਤੇ ਆਮਿਰ ਨੇ ਉਹਨਾਂ ਤੋਂ ਕੋਈ ਸਬਕ ਨਹੀਂ ਸਿੱਖਿਆ, ਮੁੰਬਈ ’ਚ ਕ੍ਰਿਕਟ ਦੇ ਕਾਲੇ ਅਰਥਚਾਰੇ ਦੇ ਸੰਚਾਲਕ ਲੰਦਨ ਤੇ ਮੁੰਬਈ ’ਚ ਕ੍ਰਿਕਟ ਦੇ ਪ੍ਰਸ਼ੰਸਕਾਂ ਦੇ ਮੁਕਾਬਲੇ ਵੱਧ ਮਾੜੇ ਸਾਬਤ ਹੋਏ ਹਨ।

# ਸੈਕਸ ਘਪਲਾ ਬਨਾਮ ਮਾਫੀਆ ਰਾਜ

ਉਹਨਾਂ ਦੀ ਗੋਰੀ ਚਮੜੀ ਹੀ ਉਹਨਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਭਾਰਤ ’ਚ ਰਾਸ਼ਟਰ ਮੰਡਲ (ਸੀ. ਆਈ ਐਸ) ਜਾਂ ਸੋਵੀਅਤ ਸੰਘ ਦੇ ਸਾਬਕਾ ਗਣ ਰਾਜਾਂ ਦੀਆਂ ਗੋਰੀਆਂ ਲੜਕੀਆਂ ਨੇ ਦਿੱਲੀ ਤੇ ਮੁੰਬਈ ਵਰਗੇ ਮਹਾਂਨਗਰਾਂ, ਗੋਆ, ਵਰਗੇ ਸੈਲਾਨੀ ਕੇਂਦਰਾਂ ਅਤੇ ਸੂਰਤ ਤੇ ਅਹਿਮਦਾਬਾਦ ਵਰਗੇ ਵਪਾਰਕ ਕੇਂਦਰਾਂ ’ਚ ਘਰੇਲੂ ਵੇਸ਼ਵਾ ਬ੍ਰਿਤੀ ਨੂੰ ਵਧਾ ਦਿੱਤਾ ਹੈ। ਲੱਚਰ ਵੀਜਾ ਨਿਯਮ ਕਰਕੇ ਦੇਹ ਵਪਾਰ ’ਚ ਮਦਦ ਮਿਲਦੀ ਹੈ। ਇਹ ਲੜਕੀਆਂ ਦਲਾਲਾਂ ਦੀ ਮਦਦ ਨਾਲ ਇੱਥੇ ਸੈਲਾਨੀ ਵੀਜਾ ਲੈ ਕੇ ਆਉਂਦੀਆਂ ਹਨ ਅਤੇ ਇਥੇ ਆਂਟੀ’ ਕਹੀਆਂ ਜਾਣ ਵਾਲੀਆਂ ਅੱਧਖੜ ਉਮਰ ਦੀਆਂ ਰੂਸੀ ਔਰਤਾਂ ਉਹਨਾਂ ਦਾ ਸੁਆਗਤ ਕਰਦੀਆਂ ਹਨ। ਆਂਟੀ ਕਹੀਆਂ ਜਾਣ ਵਾਲੀਆਂ ਔਰਤਾਂ ਕਦੀ ਵੇਸ਼ਵਾ ਨਹੀਂ ਰਹੀਆਂ ਪਰ ਆਪਣੇ ਮਜ਼ਬੂਤ ਭਾਰਤੀ ਸਬੰਧਾਂ ਨੂੰ ਭੁਲਾ ਰਹੀਆਂ ਹਨ। ਇਕ ਆਂਟੀ ਦਾ ਕਹਿਣਾ ਹੈ ਪਿਛਲੇ ਦੋ ਸਾਲਾਂ ਦੌਰਾਨ 20000 ਤੋਂ ਵੱਧ ਲੜਕੀਆਂ ਭਾਰਤ ਆਈਆਂ ਤੇ ਇਥੋਂ ਗਈਆਂ ਹਨ। ਜ਼ਿਆਦਾਤਰ ਨੇ ਅੱਛਾ ਖਾਸਾ ਧੰਦਾ ਕਰ ਲਿਆ ਹੈ। ਮੁੰਬਈ ਪੁਲਸ ਦੇ ਸੰਯੁਕਤ ਪੁਲਸ ਕਮਿਸ਼ਨਰ ਰਾਕੇਸ਼ ਮਾਰੀਆ ਅਨੁਸਾਰ “ਭਾਰਤ ਦੁਬਈ ਤੇ ਸੀ ਆਈ ਐਸ ਦੇਸ਼ਾਂ ਦੇ ਦਲਾਲ ਇਕ-ਦੂਜੇ ਨਾਲ ਮਿਲ ਕੇ ਕੰਮ ਕਰਦੇ ਹਨ।” ਕੌਮੀ ਸੁਰਖਿਆ ਸਲਾਹਕਾਰ ਦਫਤਰ ਦੀ ਇਕ ਖੁਫੀਆ ਰਿਪੋਰਟ ’ਚ ਵਿਦੇਸ਼ੀਆਂ ਦੇ ਜ਼ਮੀਨ ਖਰੀਦਣ ’ਤੇ ਚਿੰਤਾ ਜਾਹਿਰ ਕੀਤੀ ਸੀ। ਇਹ ਜ਼ਮੀਨ ਖਾਸ ਕਰਕੇ ਗੋਆ ਵਰਗੀਆਂ ਥਾਵਾਂ ’ਤੇ ਨਜਾਇਜ਼ ਦੇਹ ਵਪਾਰ ਲਈ ਖਰੀਦੀ ਜਾ ਰਹੀ ਹੈ। ਹਾਲਾਂਕਿ ਭਾਰਤ ਦੇ ਮਨੁੱਖੀ ਤਸਕਰੀ ਰੋਕੂ ਕਨੂੰਨ ਔਰਤਾਂ ’ਤੇ ਲੜਕੀਆਂ ਦੀ ਅਨੈਤਿਕ ਤਸਕਰੀ ਰੋਕੂ (ਸੋਧ) ਕਨੂੰਨ 1978 ਤਹਿਤ ਦੇਹ ਵਪਾਰ ਰੋਕਣ ਦੀ ਵਿਵਸਥਾ ਹੈ ਪਰ ਵੇਸ਼ਵਾ ਬਿਰਤੀ ਆਪਣੇ ਆਪ ’ਚ ਅਪਰਾਧ ਨਹੀਂ ਹੈ। ਇਹ ਵਿਦੇਸ਼ੀ ਔਰਤਾਂ ਅੰਗਰੇਜ਼ੀ, ਹਿੰਦੀ ਅਖਬਾਰਾਂ ਦੇ ਵਰਗੀਕ੍ਰਿਤ ਇਸ਼ਤਿਹਾਰ ਵਾਲੇ ਹਿੱਸੇ ’ਚ ਪ੍ਰਤੀ ਪੰਜ ਲਾਈਨ ਦੇ ਲਈ 1800 ਰੁਪਏ ਹਿਸਾਬ ਨਾਲ ਇਸ਼ਤਿਹਾਰ ਦਿੰਦੀਆਂ ਹਨ। ਉਹਨਾਂ ’ਚ ਉਹਨਾਂ ਦਾ ਸੈਲਫੋਨ ਨੰਬਰ ਦੇ ਕੇ ‘ਬਾਡੀ ਮੈਸਜ’ ਤੇ ‘ਪੂਰਨ ਸੰਤੁਸ਼ਟੀ’ ਵਰਗੇ ਗੂੜ ਸੁਨੇਹੇ ਹੁੰਦੇ ਹਨ। ਇਸ ਦਾ ਮਤਲਬ ਹੁੰਦਾ ਹੈ : ਲੰਬੇ ਸਮੇਂ ਦੌਰਾਨ ਕਲਾਇੰਟ ਦੇ ਨਾਲ, ਦਲਾਲ ਦੇ ਠਿਕਾਣਿਆਂ ਜਾਂ ਪਹਿਲਾਂ ਤੋਂ ਤਹਿ ਥਾਵਾਂ ਤੇ ਸੈਕਸ ਸਬੰਧ ਅਤੇ ‘ਸਟੈਗ ਪਾਰਟੀਆਂ’ ਦੀ ਮੇਜਬਾਨੀ ਅਤੇ ਇਹ ਸਭ 8000 ਰੁਪਏ ਤੋਂ 30000 ਰੁਪਏ ਦੇਣ ਤੱਕ ਸੰਭਵ ਹੈ।

ਦਿੱਲੀ ’ਚ 150 ਤੋਂ ਵੱਧ ਦਲਾਲ ਇਹਨਾਂ ਔਰਤਾਂ ਦੀ ਮੇਜਬਾਨੀ ਕਰਦੇ ਹਨ ਅਤੇ ਉਹਨਾਂ ’ਚੋਂ ਕੁਝ ਨੇ ਚਾਰ-ਪੰਜ ਨੂੰ ਤਨਖਾਹ ’ਤੇ ਰੱਖਿਆ ਹੋਇਆ ਹੈ। ਉਹ ਉਹਨਾਂ ਨੂੰ ਰੱਖਣ ਤੇ ਉਹਨਾਂ ਦਾ ਪ੍ਰਚਾਰ ਕਰਨ ਲਈ ਕਲਾਇੰਟ ਤੋਂ ਮਿਲੇ ਪੈਸੇ ਰੱਖ ਲੈਂਦੇ ਹਨ। ਨੇਹਰੂ ਪਲੇਸ ਇਲਾਕੇ ’ਚ ਧੰਦਾ ਕਰਨ ਵਾਲੇ ਦਲਾਲ ਵਿਵੇਕ ਦਾ ਕਹਿਣਾ ਹੈ ਕਿ “ਪੁਲਸ ਨੂੰ ਸਾਡੀ ਆਵਾਜਾਈ ਬਾਰੇ ਪਤਾ ਹੈ, ਉਹ ਸਾਡੇ ਨਾਲ ਸਹਿਮਤ ਹੁੰਦੀ ਹੈ, ਇਹ ਹਾਨੀ ਰਹਿਤ ਅਪਰਾਧ ਹੈ।” ਸਾਬਕਾ ਪੁਲਸ ਅਧਿਕਾਰੀ ਕਿਰਨ ਬੇਦੀ ਇਸ ਨੂੰ ਸਮੁੱਚੀ ਅਪਰਾਧ ਨਿਆ ਪ੍ਰਣਾਲੀ ਦੀ ਸਮੂਹਕ ਨਾਕਾਮ ਕਰਾਰ ਦਿੰਦੀ ਹੈ।

# ਅਪਰਾਧ ਜਗਤ ਦੇ ਮਾਫੀਆ ਬਨਾਮ ਕਾਲਾ ਧਨ

ਭਾਰਤ ਦੇ ਪੈਟਰੋਲੀਅਮ ਮੰਤਰੀ ਜੈਪਾਲ ਰੈਡੀ ਨੇ ਮਹਾਂ ਰਾਸ਼ਟਰ ਦੇ ਵਧੀਕ ਕੁਲੈਕਟਰ ਯਸ਼ਵੰਤ ਸੋਨਵਾਨੇ ਦੀ ਮਿੱਟੀ ਦਾ ਤੇਲ ਪਾ ਕੇ ਸਾੜਨ ਨਾਲ ਕੀਤੀ ਹੱਤਿਆ ਦੀ ਖਬਰ ਸੁਣੀ। ਮੀਡੀਆ ਨੇ ਇਹ ਸਿੱਟਾ ਕੱਢਣ 'ਚ ਕੋਈ ਵਕਤ ਨਹੀਂ ਗੰਵਾਇਆ:– ਤੇਲ ਮਾਫੀਆ 'ਚ ਰੈਵਨਿਊ ਵਿਭਾਗ ਦੇ ਉਚ ਅਧਿਕਾਰੀ ਦੀ ਹੱਤਿਆ ਕਰ ਦਿੱਤੀ। ਕੁਝ ਪਲਾਂ ਪਿੱਛੋਂ ਨੌਕਰਸ਼ਾਹਾਂ ਨੇ ਮੰਤਰੀ ਨੂੰ ਦੇਸ਼ 'ਚ ਮਿਲਾਵਟੀ ਤੇਲ ਦੇ ਕਾਰੋਬਾਰ ਬਾਰੇ ਦੱਸਿਆ। ਉਹਨਾਂ ਕਿਹਾ ਕਿ ਸੋਨਵਾਨੇ ਕੋਈ ਹੈਰਾਨ ਕਰਨ ਵਾਲੀ ਹੈ ਕਿਉਂਕਿ ਭਾਰਤ ਦੀ ਖੁਫੀਆ ਜਾ ਸਮਾਨਾਂਤਰ ਅਰਥ ਵਿਵਸਥਾ 'ਚ ਮੌਤ ਆਮ ਗੱਲ ਹੈ। ਪਰ ਕਿਸੇ ਨੂੰ ਇਸ ਕਾਲੇ ਅਰਥਚਾਰੇ ਦੇ ਸਹੀ ਆਕਾਰ ਸਬੰਧੀ ਗਿਆਨ ਨਹੀਂ ਹੈ, ਕੁਝ ਸਾਲ ਪਹਿਲਾਂ ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਫਾਇਨਾਂਸ ਐਂਡ ਪਾਲਿਸੀ ਨੇ ਦੱਸਿਆ ਸੀ ਕਿ ਦੇਸ਼ ਦੀ ਕੁਲ ਘਰੇਲੂ ਪੈਦਾਵਾਰ ਦਾ 18 ਫੀਸਦੀ ਹਿੱਸਾ ਮਾਫੀਆ ਕੋਲ ਹੈ। ਦੂਜੇ ਲੋਕ ਇਸ ਦੇ 50 ਫੀਸਦੀ ਤੋਂ ਵੱਧ ਹੋਣ ਦਾ ਅਨੁਮਾਨ ਲਾਉਂਦੇ ਹਨ। ਦੁਨੀਆਂ ਭਰ ਦੇ ਵਿਤੀ ਅਪਰਾਧਾਂ 'ਤੇ ਨਜ਼ਰ ਰੱਖਣ ਵਾਲੀ ਲੰਦਨ ਸਥਿਤ ਸੰਸਥਾ ਟ੍ਰਾਂਸਪੇਰੇਂਸੀ ਇੰਟਰਨੈਸ਼ਨਲ ਪਾਸ ਵੀ ਨਹੀਂ ਹਨ। ਜਾਂਚ ਏਜੰਸੀਆਂ ਕਹਿੰਦੀਆਂ ਹਨ ਕਿ ਇਹ ਲੁੱਟ ਪੁਲਸ ਤੇ ਰਾਜਸੀ ਆਗੂਆਂ ਦੀ ਮਿਲੀਭੁਗਤ ਨਾਲ ਹੁੰਦੀ ਹੈ। ਉਹ ਦੱਸਦੀਆਂ ਹਨ ਕਿ ਪਹਿਲਾਂ ਦੇ ਮੁਕਾਬਲੇ ਨਜਾਇਜ਼ ਨਕਦੀ ਤੇਜ਼ੀ ਨਾਲ ਛੋਟੇ ਸ਼ਹਿਰਾਂ ਤੋਂ ਨਿਕਲ ਕੇ ਵੱਡੇ ਸ਼ਹਿਰਾਂ 'ਚ ਨਜਾਇਜ਼ ਨਿਵੇਸ਼ ਵਜੋਂ ਲੱਗ ਰਹੀ ਹੈ। ਖੁਫੀਆ ਬਿਊਰੋ (ਆਈ ਬੀ) ਦੇ ਸਾਬਕਾ ਸੰਯੁਕਤ ਨਿਦੇਸ਼ਕ ਮਲੇਅ ਕ੍ਰਿਸ਼ਨ ਘਰ ਦਾ ਕਹਿਣਾ ਹੈ ਕਿ "ਮਾਫੀਆ ਦੇ ਪੈਸੇ ਦਾ ਪਤਾ ਲਾਉਣਾ ਮੁਸ਼ਕਲ ਨਹੀਂ ਹੈ ਪਰ ਅਜਿਹਾ ਨਹੀਂ ਹੁੰਦਾ ਤਾਂ ਇਸ ਲਈ ਇਸ ਬਾਰੇ ਸਪਸ਼ੱਟ ਦਿਸ਼ਾ ਨਿਰਦੇਸ਼ ਨਹੀਂ ਹਨ ਕਿ ਇਹ ਕੰਮ ਕੌਣ ਕਰੇਗਾ–ਪੁਲਸ, ਪ੍ਰੀਵਰਤਨ ਡਾਇਰੈਕਟੋਰੇਟ ਜਾਂ ਰੈਵਨਿਊ ਖੁਫੀਆ ਡਾਇਰੈਕਟੋਰੇਟ ਪਰ ਸੋਨਾਵਾਨੇ ਦੀ ਹੱਤਿਆ ਦਾ ਉਦੇਸ਼ ਸਪਸ਼ਟ ਹੈ:– ਮਿੱਟੀ ਦੇ ਤੇਲ 'ਤੇ 19.60 ਪੈਸੇ ਪ੍ਰਤੀ ਲਿਟਰ ਸਬਸਿਡੀ ਦਿੱਤੇ ਜਾਣ ਕਰਕੇ ਉਹ ਦੇਸ਼ ਦੇ ਪੰਜ ਲੱਖ ਤੋਂ ਵੱਧ ਵੰਡ ਕੇਂਦਰਾਂ 'ਤੇ 12.37 ਰੁਪਏ ਪ੍ਰਤੀ ਲਿਟਰ ਦੀ ਦਰ ਨਾਲ ਵਿਕਦਾ ਹੈ। ਖੁੱਲ੍ਹੇ ਬਾਜ਼ਾਰ 'ਚ ਇਸਦੀ ਕੀਮਤ 32 ਰੁਪਏ ਪ੍ਰਤੀ ਲੀਟਰ ਤੇ ਡੀਜ਼ਲ ਦੀ 40 ਰੁਪਏ ਪ੍ਰਤੀ ਲਿਟਰ ਹੈ। ਪੂਰੇ ਦੱਖਣੀ ਏਸ਼ੀਆ 'ਚ ਸਭ ਤੋਂ ਘੱਟ ਕੀਮਤ ਭਾਰਤ ਵਿਚ ਹੀ ਹੈ। ਨੈਸ਼ਨਲ ਕਾਊਂਸਿਲ ਆਫ ਇੰਪਲਾਈਡ ਇਕਨਾਮਿਕਸ ਰਿਸਰਚ ਦੇ ਇਕ ਅਧਿਐਨ ਮੁਤਾਬਕ "ਅਜਿਹੇ 'ਚ ਨਜਾਇਜ਼ ਕਮਾਈ ਕਰਨ ਲਈ ਮਾਫੀਆ ਸਬਸਿਡੀ ਵਾਲੇ ਤੇਲ ਦੀ ਹੇਰਾਫੇਰੀ ਕਰਨ ਲਗਦੇ ਹਨ।"

ਇਸ ਵਿਚ ਕਿਹਾ ਗਿਆ ਹੈ ਕਿ ਤੇਲ ਦੇ ਬਾਜ਼ਾਰ 'ਚ ਜਥੇਬੰਦ ਮਾਫੀਆ ਗਿਰੋਹਾਂ ਦੀ ਗਿਣਤੀ ਵਧ ਰਹੀ ਹੈ। ਪਰ ਸੋਨੇਵਨੇ ਦੀ ਹੱਤਿਆ 'ਤੇ ਸਰਕਾਰ ਨੇ ਕਿਹੋ ਜਿਹੀ ਪ੍ਰਤੀਕ੍ਰਿਆ ਵਿਖਾਈ ਹੈ? ਤੇਲ ਦੇ ਮਾਮਲੇ ਨਾਲ ਜੁੜੇ ਨੌਕਰਸ਼ਾਹ ਟੈਂਕਰਾਂ 'ਤੇ ਨਜ਼ਰ ਰੱਖਣ ਲਈ ਸੈਟੇਲਾਈਟ ਟਰੈਕਿੰਗ ਸਿਸਟਮ ਚਾਹੁੰਦੇ ਸਨ ਪਰ ਜਦ ਉਹਨਾਂ ਨੂੰ ਦਸਿਆ ਗਿਆ ਕਿ ਤੇਲ ਕੰਪਨੀਆਂ ਖਪਤਕਾਰਾਂ ਨੂੰ ਸਿੱਧਾ ਮਿੱਟੀ ਦਾ ਤੇਲ ਨਹੀਂ ਵੇਚਦੀਆਂ ਅਤੇ ਥੋਕ ਵਿਕ੍ਰੇਤਾਵਾਂ 'ਤੇ ਨਜ਼ਰ ਰੱਖਣੀ ਬੇਹਤਰ ਹੋਵੇਗੀ ਤਾਂ ਉਨਾਂ ਨੇ

ਇਸ ਵਿਚਾਰ ਨੂੰ ਤਿਆਗ ਦਿੱਤਾ। ਹੋਰ ਤਾਂ ਹੋਰ ਦੇਸ਼ 'ਚ ਮਿਲਾਵਟੀ ਤੇਲ ਦੇ ਗੜ੍ਹ, ਨਾਸਕ 'ਚ ਕੰਮ ਕਰ ਚੁੱਕੀ ਇਕ ਸਾਬਕਾ ਨੌਕਰਸ਼ਾਹ ਨੇ ਇਹ ਦਾਅਵਾ ਕਰਕੇ ਮਹਾਂਰਾਸ਼ਟਰ ਸਰਕਾਰ ਨੂੰ ਸ਼ਰਮਿੰਦਾ ਕਰ ਦਿੱਤਾ ਕਿ 1995 'ਚ ਤੇਲ ਮਾਫੀਆ 'ਤੇ ਉਹਨਾਂ ਦੀ ਖੋਜ ਰਿਪੋਰਟ ਨੂੰ ਸਰਕਾਰ ਨੇ ਰੱਦੀ ਦੀ ਟੋਕਰੀ 'ਚ ਸੁੱਟ ਦਿੱਤਾ ਸੀ। ਨਾਸਿਕ ਦੀ ਸਾਬਕਾ ਮੰਡਲਾਯੁਕਤ ਲੀਨਾ ਮਹੰਕਲੇ ਦਾ ਕਹਿਣਾ ਹੈ, "ਅਜੇ ਤੱਕ ਕੁਝ ਨਹੀਂ ਕੀਤਾ ਗਿਆ ਹੈ।" ਸੋਨਵਨੇ ਦੀ ਹੱਤਿਆ (ਜੋ ਸਾੜ ਕੇ ਮਾਰਿਆ ਗਿਆ) ਦੇ ਮੁੱਖ ਦੋਸ਼ੀ ਪੋਪਟ ਦੱਤ ਸ਼ਿੰਦੇ ਖਿਲਾਫ ਮਿਲਾਵਟ ਦੇ ਅਣਗਿਣਤ ਕੇਸ ਮੁਲਤਵੀ ਰਹੇ ਪਰ ਆਪਣੇ ਮਜ਼ਬੂਤ ਰਾਜਸੀ ਸਬੰਧਾਂ ਕਾਰਨ ਉਹ ਗ੍ਰਿਫਤਾਰੀ ਤੋਂ ਬਚਦਾ ਰਿਹਾ। ਸ਼ਿੰਦੇ ਦੀ ਪਿੱਠ 'ਤੇ ਜਿਸ ਸਖਸ਼ ਦਾ ਹੱਥ ਹੈ ਉਹ ਮੁੰਬਈ ਦਾ ਸਭ ਤੋਂ ਵੱਡਾ ਡੀਜ਼ਲ ਡਾਨ, ਮੁਹੰਮਦ ਅਲੀ ਸ਼ੇਖ ਹੈ ਜਿਸ ਨੂੰ ਅਕਖਾ ਸਮੁੰਦਰ ਦਾ ਬਾਦਸ਼ਾਹ ਵੀ ਕਿਹਾ ਜਾਂਦਾ ਹੈ। ਮੁੰਬਈ ਦੇ ਜਾਂਚ ਕਰਤਾਵਾਂ ਪਾਸ ਉਸ ਦੀ ਡੀਜ਼ਲ ਤਸਕਰੀ ਅਤੇ ਪੁਲਸ ਤੇ ਸੀਮਾ ਟੈਕਸ ਵਿਭਾਗ ਦੇ ਉਚ ਅਧਿਕਾਰੀਆਂ ਦੇ ਨਾਲ ਉਸ ਦੇ ਸੰਬੰਧਾਂ ਦਾ ਪੂਰਾ ਬਿਓਰਾ ਹੈ। ਸ਼ੇਖ ਨੂੰ ਪਿਛਲੇ ਸਾਲ ਸਤੰਬਰ 'ਚ ਆਪਣੇ ਸਹਿਯੋਗੀ ਚਾਂਦ ਮਿਦਾਰ ਦੀ ਹੱਤਿਆ ਸਬੰਧੀ ਗ੍ਰਿਫਤਾਰ ਵੀ ਕੀਤਾ ਗਿਆ ਸੀ। ਤੇਲ ਮਾਫੀਆ ਚੋਰੀ ਦੇ ਤੇਲ ਅਤੇ ਮਿਲਾਵਟ ਦੇ ਗੜ੍ਹ ਰਹੇ ਉਪ ਨਗਰ ਗੋਵੰਡੀ ਦੇ ਇਕ ਛੋਟੇ ਜਿਹੇ ਸ਼ਹਿਰ ਮੰਡਾਲੇ 'ਚ ਦਿਨ ਦਿਹਾੜੇ ਆਪਣਾ ਧੰਦਾ ਕਰਦਾ ਹੈ। ਮਾਫੀਆ ਖਾੜੀ ਦੇ ਦੇਸ਼ਾਂ ਤੋਂ ਅਜਿਹਾ ਚਿੱਕੜ ਦਰਾਮਦ ਕਰਦਾ ਹੈ ਜਿਸ ਵਿਚ ਤੇਲ ਮੌਜੂਦ ਹੁੰਦਾ ਹੈ, ਪੁਲਸ ਮੁਤਾਬਕ ਨੇੜੇ ਪੈਂਦੇ ਸੀਂਵ-ਪਨਵੇਲ ਰਾਜਮਾਰਗ ਤੋਂ ਹੋ ਕੇ ਜਾਂਦੇ ਹਨ। ਲਿਹਾਜਾ ਇਹ ਮਾਫੀਆ ਟੈਂਕਰਾਂ ਦਾ ਇਕ ਤਿਹਾਈ ਹਿੱਸਾ ਖਾਲੀ ਕਰਕੇ ਉਸ 'ਚ ਦਰਾਮਦ ਕੀਤਾ ਚਿਕੜ ਤੋਂ ਹਾਸਲ ਮਿਲਾਵਟੀ ਤੇਲ ਭਰ ਦਿੰਦਾ ਹੈ। ਮੁੰਬਈ-ਪੁਣੇ ਜੀ. ਟੀ. ਰੋਡ 'ਤੇ ਸਥਿਤ ਵੜਗਾਂਵ-ਮਵਾਲ ਖੇਤਰ ਫਰਨੈਂਸ ਆਇਲ ਦੀ ਚੋਰੀ ਦਾ ਦੂਜਾ ਖੇਤਰ ਹੈ। ਔਸਤਨ ਹਰ ਟੈਂਕਰ 'ਚੋਂ ਘੱਟੋ-ਘੱਟ 200 ਲਿਟਰ ਤੇਲ ਚੋਰੀ ਕੀਤਾ ਜਾਂਦਾ ਹੈ। ਜੋ ਕੁਲ ਮਿਲਾ ਕੇ ਰੋਜ਼ਾਨਾ ਇਕ ਕਰੋੜ ਰੁਪਏ ਦਾ ਹੁੰਦਾ ਹੈ। ਤਾਵੜੇ ਕਹਿੰਦੇ ਹਨ "ਇਸ ਖੇਤਰ ਦੇ ਮਾਫੀਆ ਨੇ ਤੇਲ ਚੋਰੀ ਕਰਨ ਲਈ ਤੇਲ ਡਿਪੂਆਂ ਤਕ ਸਮਾਂਤਰ ਭੂਮੀਗਤ ਪਾਈਪਲਾਈਨਾਂ ਵਿਛਾ ਰੱਖੀਆਂ ਹਨ। ਇਹ ਜੰਗਲ ਰਾਜ ਹੈ ਜਿਥੇ ਦਾਅਬ ਵੱਧ ਹੋਣ ਕਰਕੇ ਕੋਈ ਇਸ 'ਤੇ ਇਤਰਾਜ਼ ਨਹੀਂ ਕਰਦਾ ਹੈ। ਅਸਿੱਧਾ ਲਾਭ ਬਹੁਤ ਜ਼ਿਆਦਾ ਹੈ। ਵਾਕਿਆ ਹੀ ਬਹੁਤ ਜ਼ਿਆਦਾ ਹੈ। ਕਦੀ ਦਿੱਲੀ ਦੇ ਖੁਦਾਈ ਮਾਫੀਆ ਦਾ ਪਰਦਾਫਾਸ਼ ਕਰਨ ਲਈ ਸਿਟੰਗ ਅਪ੍ਰੇਸ਼ਨ ਕਰਨ ਵਾਲੇ ਦਿੱਲੀ ਪੁਲਸ ਦੇ ਸੰਯੁਕਤ ਕਮਿਸ਼ਨਰ (ਵਿਜੀਲੈਂਸ) ਐਨ ਦਲੀਪ ਕੁਮਾਰ ਉਹਨਾਂ ਨਾਲ ਸਹਿਮਤੀ ਦਿੰਦੇ ਹਨ" ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਸਰਗਰਮ ਜਾਂ ਚੁਪ ਹਮਾਇਤ ਬਿਨਾ ਕੋਈ ਵੀ ਵਿਉਂਤਬੱਧ ਅਪਰਾਧ ਨਹੀਂ ਚੱਲ ਸਕਦਾ। ਖੁਦਾਈ, ਵੇਸ਼ਵਾਬਿਰਤੀ, ਨਸ਼ੇ ਤੇ ਭੂ-ਮਾਫੀਆ ਬਾਰੇ ਅਜਿਹਾ ਹੀ ਹੁੰਦਾ ਹੈ। ਦਲੀਪ ਕੁਮਾਰ ਦੇ ਸਿਟੰਗ ਅਪ੍ਰੇਸ਼ਨ ਨਾਲ ਦਿੱਲੀ ਦੇ ਬਾਹਰੀ ਇਲਾਕੇ ਬਵਾਨਾ ਤੇ ਨਰੇਲਾ 'ਚ ਬਾਲੂ ਮਾਫੀਆ ਦਾ ਪੂਰਾ ਕੰਟਰੋਲ ਜੱਗ ਜਾਹਰ ਹੋਇਆ ਸੀ। ਉਹਨਾਂ ਦੀ ਟੀਮ ਨੇ ਬਾਲੂ ਮਾਫੀਆ ਕਾਲਾ ਖਤਰੀ ਦੀ ਗੱਲਬਾਤ ਰਿਕਾਰਡ ਕੀਤੀ ਜੋ ਪੁਲਸ ਨੂੰ ਮੋਟੀ ਰਿਸ਼ਵਤ ਦੇ ਕੇ ਨਰੇਲਾ 'ਚ ਕੰਮ ਕਰਦਾ ਸੀ ਤੇ ਉਸ ਦਾ ਸਾਮਰਾਜ 175 ਕਰੋੜ ਰੁਪੈ ਦਾ ਸੀ। ਭਾਰਤ 'ਚ ਮਿਲਾਵਟੀ ਤੇਲ ਦਾ ਸਲਾਨਾ ਕਾਰੋਬਾਰ 17000

ਕਰੋੜ ਰੁਪਏ ਤੋਂ ਵੱਧ ਦਾ ਹੈ। ਕਾਲੇ ਧਨ ਨੂੰ ਸਫੈਦ ਬਣਾਉਣ ਦੇ ਧੰਦੇ 'ਚ ਫਰਜ਼ੀ ਸਾਧੂਆਂ ਦੇ ਸ਼ਾਮਲ ਹੋਣ ਨਾਲ ਆਸਥਾ ਝੂਠੀਆਂ ਉਮੀਦਾਂ ਪੈਦਾ ਕਰਨ ਦਾ ਕਾਰੋਬਾਰ ਬਣ ਗਈ ਹੈ। ਅਧਿਆਤਮਕਤਾ ਦੇਵਭੂਮੀ 'ਚ ਨਾਪਾਕ ਹਰਕਤਾਂ 'ਤੇ ਪਰਦਾ ਪਾਉਣ ਦਾ ਪਵਿੱਤਰ ਢੰਗ ਬਣ ਗਈ ਹੈ। ਕੇਰਲਾ 'ਚ ਵਧ ਫੁਲ ਰਹੇ ਕਈ ਤਰ੍ਹਾਂ ਦੇ ਮਾਫੀਆ 'ਚ ਖੁਦ ਸਾਧੂ ਤੇ ਸਾਧਵੀਆਂ ਸਭ ਤੋਂ ਵੱਧ ਤਾਕਤਵਰ ਹਨ। ਸੰਤੋਸ਼ ਮਾਧਵਨ ਉਰਫ ਸੁਆਮੀ ਅਮ੍ਰਿਤ ਚੈਤਨਿਆ (35 ਸਾਲ) ਨੂੰ ਦੋ ਸਾਲ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ। 2004 ਤੋਂ ਹੀ ਇੰਟਰਪੋਲ ਨੂੰ ਉਸ ਦੀ ਤਲਾਸ਼ ਸੀ। ਉਸ 'ਤੇ ਖਾੜੀ ਦੇ ਇਕ ਦੇਸ਼ 'ਚ ਕੇਰਲਾ ਦੀ ਇਕ ਔਰਤ ਤੋਂ 45 ਲੱਖ ਰੁਪਏ ਲੁੱਟਣ ਦਾ ਦੋਸ਼ ਸੀ, ਜਾਂਚ ਕਰਤਾਵਾਂ ਨੇ ਪਿੱਛੋਂ ਸਾਬਤ ਕੀਤਾ ਕਿ ਕੋਚੀ 'ਚ ਜੋਤਸ਼ੀ ਵਜੋਂ ਆਪਣਾ ਕੈਰੀਅਰ ਸ਼ੁਰੂ ਕਰਨ ਤੇ ਫਿਰ ਹਰਮਨਪਿਆਰਾ ਸੁਆਮੀ ਬਣ ਜਾਣ ਵਾਲਾ ਮਾਧਵਨ ਕਈ ਤਰ੍ਹਾਂ ਦਾ ਸ਼ਿਕਾਰ ਕਰਦਾ ਸੀ, ਕਈ ਫਿਲਮ ਸਟਾਰ ਉਚ ਪੁਲਸ ਅਧਿਕਾਰੀ ਤੇ ਰਾਜਸੀ ਆਗੂ ਇਸ ਤੇਜ਼ ਤਰਾਰ ਗੁਰੂ ਦੀ ਗ੍ਰਿਫਤਾਰੀ ਤੋਂ ਪਹਿਲਾਂ ਉਸ ਦੇ ਮੁਰੀਦ ਹੁੰਦੇ ਸਨ। ਇਕ ਪੱਧਰ ਦੀ ਅਦਾਲਤ ਨੇ 2009 'ਚ ਮਾਧਵਨ ਨੂੰ ਤਾਂ ਦੋ ਬਾਲਗ ਲੜਕੀਆਂ ਦੇ ਨਾਲ ਬਲਾਤਕਾਰ ਦੇ ਇਲਜਾਮ 'ਚ 16 ਸਾਲ ਦੀ ਸਖਤ ਕੈਦ ਦੀ ਸਜ਼ਾ ਸੁਣਾਈ। ਉਸ ਖਿਲਾਫ ਹੋਰਨਾਂ ਦੇਸ਼ਾਂ ਤੋਂ ਇਲਾਵਾ ਜ਼ਮੀਨ-ਜਾਇਦਾਦ ਹੜਪਣਾ, ਸ਼ੇਰ ਦੀ ਖੱਲ ਦਾ ਕਾਰੋਬਾਰ ਆਦਿ ਸ਼ਾਮਲ ਹਨ। ਰਾਜ ਪੁਲਸ ਨੇ ਉਸ ਦੇ ਆਸ਼ਰਮ ਤੋਂ ਐਸੀ ਸੀ ਡੀ ਬਰਾਮਦ ਕੀਤੀ ਜਿਸ 'ਚ 'ਗੁਰੂ' ਨੂੰ ਬਾਲਗ ਲੜਕੀਆਂ ਨੂੰ ਪ੍ਰੇਸ਼ਾਨ ਕਰਦੇ ਵਿਖਾਇਆ ਗਿਆ ਹੈ। ਮਾਧਵਨ ਦੀ ਗ੍ਰਿਫਤਾਰੀ ਪਿੱਛੋਂ ਰਾਜ ਭਰ ਤੋਂ ਖੁਦ ਜ਼ਿੰਮੀਦਾਰ ਸਾਧੂਆਂ ਤੇ ਸਾਧਵੀਆਂ ਦੇ ਖਿਲਾਫ ਚੈਕ ਦੇ ਘਪਲੇ, ਟੈਕਸ ਚੋਰੀ ਕਰਨ, ਚੋਰੀ, ਬਲਾਤਕਾਰ ਤੇ ਇਥੋਂ ਤੱਕ ਕਿ ਹੱਤਿਆ ਦੀਆਂ ਸ਼ਿਕਾਇਤਾਂ ਦਾ ਅੰਬਾਰ ਲੱਗ ਗਿਆ। ਕੁਝ ਹੀ ਹਫਤਿਆਂ ਦੌਰਾਨ ਪੁਲਸ ਨੇ ਵੱਖ-ਵੱਖ ਧਰਮਾਂ ਤੇ ਜਾਤੀਆਂ ਦੇ ਇਕ ਦਰਜਨ ਤੋਂ ਵੱਧ 'ਅਧਿਆਤਮਕ ਗੁਰੂਆਂ' ਨੂੰ ਗ੍ਰਿਫਤਾਰ ਕੀਤਾ ਜਿਹਨਾਂ ਕੋਲ ਆਲੀਸ਼ਾਨ ਆਸ਼ਰਮ ਹਨ ਤੇ ਉਹਨਾਂ ਦੇ ਭਗਤਾਂ 'ਚ ਕੇਰਲਾ ਹੀ ਨਹੀਂ ਬਲਕਿ ਪੂਰੇ ਦੇਸ਼ ਤੇ ਇੱਥੋਂ ਤੱਕ ਕਿ ਵਿਦੇਸ਼ ਦੇ ਲੋਕ ਵੀ ਸ਼ਾਮਲ ਹਨ। ਪੁਲਸ ਨੇ ਹਿਮਾਵਲ ਮਹੇਸ਼ਵਰ (ਉਸ ਨੇ ਇਕ ਥਾਣੇ ਦੇ ਅੰਦਰ ਮੀਡੀਆ ਦੇ ਲੋਕਾਂ ਨੂੰ ਪਿਸਤੌਲ ਦਿਖਾ ਕੇ ਧਮਕਾਇਆ), ਮਾਤਾ ਪ੍ਰਸੰਨਾ, ਮਾਂ ਵਿਸ਼ਨੂ ਮਾਇਆ, ਹੇਵਨਲੀ ਫੀਸਟ ਦੇ ਧਰਮ ਪ੍ਰਚਾਰਕਾਂ, ਸੈਮ ਕੁਲੀਕਲਾ, ਪਿਤਾ ਜੋਮਤਿਰਮਨੰਦ, ਸਿਘਨ ਕਟਾਰੀਆ ਤੇ ਸ਼ੇਖ ਯੂਸਫ ਸੁਲਤਾਨ ਸਮੇਤ ਕਈ ਲੋਕਾਂ ਖਿਲਾਫ ਕਾਰਵਾਈ ਕੀਤੀ। ਜਾਹਿਰ ਹੈ ਕਿ ਇਹਨਾਂ ਜਗੀਰਦਾਰ ਸਾਧੂਆਂ ਦੇ ਇਜੰਡੇ 'ਚ ਧਾਰਮਿਕਤਾ ਨੂੰ ਤਰਜੀਹ ਹਾਸਲ ਨਹੀਂ ਹੈ।

ਅਪਰਾਧ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਖਮਿਆਜਾ ਭੁਗਤਣਾ ਪੈਂਦਾ ਹੈ। 2002 ਬੈਚ ਦੇ ਭਾਰਤੀ ਵਣ ਸੇਵਾ ਦੇ ਅਧਿਕਾਰੀ ਸੰਜੈ ਚਤੁਰਵੇਦੀ ਨੂੰ ਆਪਣੇ ਸੀਨੀਅਰਾਂ ਦਾ ਗੁੱਸਾ ਸਿਰਫ ਇਸ ਲਈ ਝੱਲਣਾ ਪਿਆ ਕਿਉਂਕਿ ਉਹ ਹਰਿਆਣੇ 'ਚ ਮਾਫੀਆ ਨਾਲ ਭਿੜ ਪਏ। ਉਹਨਾਂ ਨੇ ਸਰਸਵਤੀ ਵਣ ਜੀਵ ਅਭਿਆਰੰਅ 'ਚ ਤਬਾਹੀ ਦੀ ਰਿਪੋਰਟ ਦਿੱਤੀ ਜਿਸ ਕਾਰਨ ਪਹਿਲਾਂ ਉਹਨਾਂ ਨੇ ਕੁਰਕੇਸ਼ਤਰ ਦੇ ਜ਼ਿਲ੍ਹਾ ਵਣ ਅਧਿਕਾਰੀ ਦੇ ਅਹੁਦੇ ਤੋਂ ਹਟਾਇਆ ਗਿਆ। ਚਤੁਰਵੇਦੀ ਨੂੰ ਬਹਾਲ ਤਾਂ ਕਰ ਦਿੱਤਾ ਗਿਆ ਪਰ ਮੁੱਖ ਮੰਤਰੀ ਨੇ ਇਕ ਵਾਰ ਫਿਰ ਉਹਨਾਂ ਨੂੰ ਉਦੋਂ ਮੁਅੱਤਲ ਕਰ

ਦਿੱਤਾ ਜਦ ਉਹਨਾਂ ਨੇ ਉੱਤਰਪ੍ਰਦੇਸ਼ ਦੇ ਫਤਿਆਬਾਦ 'ਚ ਇਕ ਨਿੱਜੀ ਜ਼ਮੀਨ 'ਤੇ ਸਰਕਾਰ ਦੇ ਪੈਸੇ ਨਾਲ ਹਰਬਲ ਪਾਰਕ ਦੀ ਉਸਾਰੀ ਰੋਕ ਦਿੱਤੀ। ਉਹਨਾਂ ਦੇ ਮੁਅਤਲੀ ਦੇ ਹੁਕਮ ਨੂੰ ਰਾਸ਼ਟਰਪਤੀ ਦੇ ਹੁਕਮ ਨਾਲ ਵਾਪਸ ਲੈ ਲਿਆ ਗਿਆ ਪਰ ਚੁਤਰਵੇਦੀ ਦਾ ਇਕ ਵਾਰ ਫਿਰ ਉਸ ਸਮੇਂ ਤਬਾਦਲਾ ਕਰ ਦਿੱਤਾ ਗਿਆ ਜਦ ਉਹਨਾਂ ਨੇ ਹਰਿਆਣਾ ਦੇ ਝੱਜਰ 'ਚ ਕਈ ਕਰੋੜ ਦੇ ਦਰਖਤ ਘੁਟਾਲੇ ਦਾ ਪਰਦਾਫਾਸ਼ ਕੀਤਾ। ਪਰ ਦੋਸ਼ੀ ਪਾਏ ਗਏ ਲੋਕਾਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਗੁਆਂਢੀ ਰਾਜ ਰਾਜਸਥਾਨ ਦੇ ਝੁਨਝੁਨ ਜ਼ਿਲ੍ਹੇ ਦੀ ਜ਼ਿਲ੍ਹਾ ਮੈਜਿਸਟ੍ਰੇਟ ਮੁਗਧਾ ਸਿਨਹਾ ਨੂੰ ਉਸ ਸਮੇਂ ਇਸ ਤਰ੍ਹਾਂ ਦੀ ਹਾਲਤ ਦਾ ਸਾਹਮਣਾ ਕਰਨਾ ਪਿਆ ਜਦ ਉਹਨਾਂ ਨੇ ਖੁਦਾਈ ਮਾਫੀਆ ਨਾਲ ਪੰਗਾ ਲਿਆ। 30 ਜਨਵਰੀ 2011 ਨੂੰ ਸਿਨਹਾ ਦਾ ਤਬਾਦਲਾ ਆਈ. ਏ. ਐਸ. ਅਧਿਕਾਰੀਆਂ ਦੇ ਨਾਲ ਸੂਰਜਗੜ੍ਹ ਦੇ ਕਾਂਗਰਸੀ ਐਮ. ਐਲ. ਏ. ਸ਼ਰਵਣਕੁਮਾਰ ਦੇ ਇਸ਼ਾਰੇ 'ਤੇ ਸ਼੍ਰੀ ਗੰਗਾਨਗਰ ਕੀਤਾ ਗਿਆ। ਸ਼ਰਵਣ ਕੁਮਾਰ ਨੇ ਇਸ ਲਈ ਕੈਬਨਿਟ ਮੰਤਰੀਆਂ, ਰਾਜ ਮੰਤਰੀਆਂ ਅਤੇ ਇਥੋਂ ਤੱਕ ਕਿ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਇਲਾਕੇ ਦੀਆਂ ਖਾਣਾਂ ਤੋਂ 150 ਕਰੋੜ ਰੁਪਏ ਮਹੀਨੇ ਦੀ ਆਮਦਨੀ ਹੁੰਦੀ ਹੈ ਅਤੇ ਇਸ ਵਿਚ ਉਹਨਾਂ ਦਾ ਹਿੱਸਾ ਹੈ।

ਪਿਛਲੇ 20 ਸਾਲਾਂ ਦੌਰਾਨ ਉਤਰ ਪ੍ਰਦੇਸ਼ 'ਚ ਜੀ. ਟੀ. ਰੋਡ 'ਤੇ ਵਣ ਖੇਤਰਾਂ 'ਚ ਸਰਗਰਮ ਮਾਫੀਆ ਨੇ 113 ਵਣ ਅਧਿਕਾਰੀਆਂ ਅਤੇ 15 ਤੋਂ ਵੱਧ ਇੰਜਨੀਅਰਾਂ ਦੀ ਹੱਤਿਆ ਕਰ ਦਿੱਤੀ। ਰਾਜ ਦੀਆਂ ਖਾਣਾਂ 'ਤੇ ਮਾਫੀਆ ਦੇ ਕਬਜ਼ੇ ਨਾਲ ਜੁੜੀ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜੱਜ ਡੀ. ਪੀ. ਸਿੰਘ ਨੇ ਕਿਹਾ "ਮਾਫੀਆ ਪ੍ਰਸਾਸ਼ਨ ਤੋਂ ਵੱਧ ਤਾਕਤਵਰ ਹੈ" ਇਲਾਹਾਬਾਦ ਹਾਈਕੋਰਟ ਦੀ ਲਖਨਊ ਪੀਠ ਨੇ ਇਕ ਵਾਰੀ ਮਾਫੀਆ ਕੰਟਰੋਲ ਸੰਮਤੀ ਗਠਿਤ ਕਰਨ ਦਾ ਸੁਝਾਅ ਦਿੱਤਾ ਸੀ ਪਰ ਕਿਸੇ ਨੇ ਉਸ ਨੂੰ ਅਮਲੀਜਾਮਾ ਨਹੀਂ ਪਹਿਨਾਇਆ। ਉਸ ਪਿੱਛੋਂ ਅਦਾਲਤ ਨੇ ਮਾਫੀਆ ਦੇ ਵਧਦੇ ਦਬਦਬਾ ਨੂੰ ਖਤਮ ਕਰਨ ਦੇ ਤਰੀਕੇ ਸੁਲਝਾਉਣ ਲਈ ਉਚ ਆਈ. ਏ. ਐਸ. ਅਧਿਕਾਰੀ ਜੀ. ਬੀ. ਪਟਨਾਇਕ ਦੀ ਅਗਵਾਈ 'ਚ ਇਕ ਸੰਸਦੀ ਸੰਮਤੀ ਜਥੇਬੰਦ ਕੀਤੀ। ਪਰ ਹੋਇਆ ਕੁਝ ਨਹੀਂ। ਇਕ ਉਚ ਆਈ. ਏ. ਐਸ. ਅਧਿਕਾਰੀ ਅਨੁਸਾਰ "3000 ਤੋਂ ਵੱਧ ਪੁਲਸ ਮੁਲਾਜਮ ਇਸ ਤਰ੍ਹਾਂ ਦੇ ਸਰਗਨਿਆਂ ਦੀ ਰਾਖੀ 'ਚ ਲੱਗੇ ਹੋਏ ਹਨ।" ਉਤਰ ਪ੍ਰਦੇਸ਼ ਦੇ ਵਿਸ਼ੇਸ਼ ਪੁਲਸ ਮਹਾਂਨਿਦੇਸ਼ਕ (ਕਨੂੰਨ ਪ੍ਰਣਾਲੀ ਤੇ ਅਪਰਾਧ ਕੰਟਰੋਲ) ਬ੍ਰਿਜ਼ ਲਾਲ ਦਾ ਕਹਿਣਾ ਹੈ ਕਿ ਰਾਜ 'ਚ ਵਿਜੈ ਮਿਸ਼ਰ ਤੇ ਮੁੱਖਤਾਰ ਅੰਸਾਰੀ (ਦੋਨੋਂ ਵਿਧਾਇਕ), ਸਾਬਕਾ ਐਮ. ਪੀ. ਅਤੀਕ ਅਹਿਮਦ ਤੇ ਹਾਲ 'ਚ ਸਾਹਮਣੇ ਆਏ ਮੁੰਨਾ ਸਿੰਘ ਤੇ ਰਮੇਸ਼ ਕਾਕਾ ਪ੍ਰਮੁੱਖ ਮਾਫੀਆ ਸਰਗਨਾ ਹੈ। ਉਹਨਾਂ ਦੀ ਮਰਜ਼ੀ ਤੋਂ ਬਿਨਾ ਰਾਜ 'ਚ ਇਕ ਪੱਤਾ ਵੀ ਨਹੀਂ ਹਿਲਦਾ। ਇਥੋਂ ਤੱਕ ਕਿ ਵਾਰਾਣਸੀ ਦੇ ਥੋਕ ਬਾਜ਼ਾਰ 'ਚ ਕੋਲਕਾਤਾ ਤੇ ਹੈਦਰਾਬਾਦ ਤੋਂ ਆਉਣ ਵਾਲੀ ਮੱਛੀ ਨਾਲ ਭਰੇ ਟਰੱਕ ਵੀ ਨਹੀਂ। ਰਾਜ 'ਚ 10 ਹਜ਼ਾਰ ਕਰੋੜ ਰੁਪਏ ਦਾ ਬਾਜ਼ਾਰ ਦਾਅ 'ਤੇ ਹੈ। ਜਿਸ 'ਚ ਰਾਜ ਮਾਰਗ ਦੇ ਠੇਕੇ ਤੋਂ ਲੈ ਕੇ ਦੂਜੇ ਸਰਕਾਰੀ ਠੇਕੇ ਤੇ ਖੁਦਾਈ ਦੇ ਪਟੇ ਸ਼ਾਮਲ ਹਨ। ਇਹੋ ਹਾਲ ਪੱਛਮੀ ਬੰਗਾਲ ਦਾ ਹੈ, ਜਿਥੇ ਰਾਜ ਦਾ ਨਵਾਂ ਕੋਲਾ ਮਾਫੀਆ ਜੈਦੇਵ ਮੰਡਲ ਬਰਧਮਾਨ ਜ਼ਿਲ੍ਹੇ ਦੇ ਰਾਨੀਗੰਜ 'ਚ ਆਪਦੇ ਗੜ੍ਹ ਤੋਂ ਹਰ ਮਹੀਨੇ 30 ਕਰੋੜ ਰੁਪਏ ਦੀ ਨਕਦੀ ਦੇ ਬਾਰੇ ਨਿਆਰੇ ਕਰਦਾ ਹੈ। ਉਹ ਬਾਂਗਲਾ ਮੁਸ਼ਕਲ ਨਾਲ ਪੜ੍ਹ

ਲਿਖ ਸਕਦਾ ਹੈ ਪਰ ਉਸ ਦੇ ਬੇਟੇ ਦੇਹਰਾਦੂਨ ਦੇ ਮਸ਼ਹੂਰ ਦੂਨ ਸਕੂਲ 'ਚ ਪੜ੍ਹ ਰਹੇ ਹਨ। ਮੰਡਲ ਦੇ ਲੋਕ ਇਸ ਲਈ ਵਧ ਫੁਲ ਰਹੇ ਹਨ, ਕਿਉਂਕਿ ਕਈ ਖਾਣਾਂ ਬੇਕਾਰ ਛੱਡ ਦਿੱਤੀਆਂ ਗਈਆਂ ਹਨ ਅਤੇ ਸਥਾਨਕ ਕੰਪਨੀਆਂ 50 ਫੀਸਦੀ ਘੱਟ ਕੀਮਤ 'ਤੇ ਕੋਲਾ ਖਰੀਦ ਲੈਂਦੀ ਹੈ।

ਸਰਕਾਰ ਕੋਲ ਇੰਡੀਆ ਲਿਮਟਿਡ (ਸੀ ਆਈ ਐਲ) ਜਿਸ ਦਾ ਦੇਸ਼ 'ਚ ਕੋਲੇ ਦੀ ਪੈਦਾਵਾਰ 'ਚ 80 ਫੀਸਦੀ ਹਿੱਸਾ ਹੈ, ਦਾ ਮੰਨਣਾ ਹੈ ਕਿ ਨਜਾਇਜ਼ ਖੁਦਾਈ ਵੱਡਾ ਖਤਰਾ ਬਣ ਗਈ ਹੈ। ਸੀ ਆਈ ਐਲ ਦੇ ਚੇਅਰਮੈਨ ਪਾਰਥ ਐਸ ਭੱਟਾਚਾਰੀਆ ਅਨੁਸਾਰ ਜੇ ਮਾਫੀਆ ਸਰਗਨਾ ਨਾ ਹੁੰਦੇ ਤਾਂ ਸਾਡੀਆਂ ਸਹਾਇਕ ਕੰਪਨੀਆਂ-ਈਸਟਰਨ ਕੋਲਫੀਲਡਸ ਲਿਮਃ ਭਾਰਤ ਕੋਕਿੰਗ ਕੋਲ ਲਿਮਃ ਤੇ ਸੈਂਟਰਲ ਕੋਲਫੀਲਡਸ ਲਿਮਃ ਦਾ ਮੁਨਾਫਾ ਹੋਰ ਵੀ ਜ਼ਿਆਦਾ ਹੁੰਦਾ।" ਜ਼ਿਆਦਾਤਰ ਕੋਲਾ ਮਾਫੀਆ ਦੇ ਮਜ਼ਬੂਤ ਰਾਜਸੀ ਸੰਬੰਧ ਹਨ। ਪਿਛਲੇ ਸਾਲ ਉਹਨਾਂ 'ਚੋਂ ਇਕ ਜਸਵੰਤ ਸਿੰਘ ਉਪਲ ਉਰਫ ਕਾਲੇ ਸਿੰਘ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁੱਧਾਦੇਵ ਭੱਟਾਚਾਰੀਆ ਨੂੰ ਦਾਨ ਵਜੋਂ ਇਕ ਲੱਖ ਰੁਪਏ ਤੋਂ ਵੱਧ ਦਾ ਚੈਕ ਮੁਹਈਆ ਕੀਤਾ ਹਾਲਾਂਕਿ ਭੱਟਾਚਾਰੀਆ ਨੇ ਇਹ ਚੈੱਕ ਮੋੜ ਦਿੱਤਾ ਪਰ ਕਈ ਲੋਕਾਂ ਨੂੰ ਹੈਰਾਨੀ ਹੋਈ ਕਿ ਉਹ ਮੁੱਖ ਮੰਤਰੀ ਤਕ ਕਿਵੇਂ ਪੁੱਜਾ ਮਾਫੀਆ ਰਾਜ ਹੀ ਇਸ ਦੇਸ਼ ਨੂੰ ਚਲਾ ਰਿਹਾ ਹੈ। ਸਤੰਬਰ 2010 'ਚ ਮੁਕਾਬਲਤਨ ਘੱਟ ਜਾਣੂ ਇਕ ਬੰਦੇ ਨੇ ਝਾਰਖੰਡ ਹਾਈਕੋਰਟ 'ਚ ਪਟੀਸ਼ਨ ਪਾ ਕੇ ਕੋਲਾ ਤਸਕਰਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ। ਘੱਟੋ-ਘੱਟ 602 ਕੰਪਨੀਆਂ ਦੀ ਸ਼ਨਾਖਤ ਕੀਤੀ ਗਈ ਸੀ ਪਰ ਤਸਕਰੀ ਬੇਰੋਕ ਜਾਰੀ ਹੈ। ਮਧੂ ਕੌੜਾ ਦੇ ਰਾਜ 'ਚ ਨਜਾਇਜ਼ ਖੁਦਾਈ ਨੂੰ ਖੁਦ ਮੁੱਖ ਮੰਤਰੀ ਦੀ ਸ਼ਹਿ ਹਾਸਲ ਸੀ। ਝਾਰਖੰਡ ਖਾਸ ਕਰਕੇ ਛੋਟਾ ਨਾਗਪੁਰ ਇਲਾਕੇ 'ਚ ਮਾਫੀਆ ਨੇ ਸਮਾਨਾਂਤਰ ਅਰਥਚਾਰਾ ਖੜ੍ਹਾ ਕਰ ਲਿਆ ਹੈ। ਹਰ ਰੋਜ਼ 600 ਤੋਂ ਵੱਧ ਟਰੱਕ ਜ਼ਿਆਦਾਤਰ ਵਾਰਾਣਸੀ ਦੇ ਰਸਤੇ ਨਜਾਇਜ਼ ਕੋਲਾ ਢੋਂਹਦੇ ਹਨ, ਦਰਅਸਲ ਪੂਰੇ ਝਾਰਖੰਡ 'ਚ ਹਰ ਸਾਲ 70,000 ਟਨ ਤੋਂ ਵੱਧ ਕੋਲਾ ਨਜਾਇਜ਼ ਕੱਢਿਆ ਜਾਂਦਾ ਹੈ। ਉਹਨਾਂ ਨੂੰ ਕਾਬੂ ਕਰ ਸਕਣਾ ਸੰਭਵ ਨਹੀਂ। ਕਰਨਾਟਕ ਦੇ ਬੇਲਾਰੀ ਜ਼ਿਲ੍ਹੇ 'ਚ ਰੈਡੀ ਭਰਾਵਾਂ-ਜਨਾਰਦਨ, ਕਰੁਣਾਕਰ ਤੇ ਸੋਮਸ਼ੇਖਰ-ਦੇ ਪ੍ਰਭਾਵ ਕਰਕੇ 'ਹਿਚ ਅ ਰਾਈਡ' ਦਾ ਮਤਲਬ ਹਮੇਸ਼ਾ ਹੈਲੀਕਾਪਟਰ 'ਤੇ ਚੜ੍ਹਨਾ ਹੁੰਦਾ ਹੈ, ਰੈਡੀ ਭਰਾ ਉਨ੍ਹਾਂ ਖਾਣਾਂ ਨੂੰ ਖਾਲੀ ਕਰਦੇ ਹਨ ਜੋ ਉਨ੍ਹਾਂ ਦੀਆਂ ਨਹੀਂ ਹਨ ਪਰ ਉਨ੍ਹਾਂ ਤੋਂ ਉਹ 10-15 ਫੀਸਦੀ ਟੈਕਸ ਵਸੂਲਦੇ ਹਨ। ਇਸ ਗੋਰਖ ਧੰਦੇ ਲਈ ਖੁਦਾਈ ਕਰਨ ਵਾਲਿਆਂ ਦੇ ਨਾਲ ਨਜਾਇਜ਼ ਸਮਝੌਤਾ ਕਰ ਲਿਆ ਜਾਂਦਾ ਹੈ ਤੇ ਬਦਲੇ 'ਚ ਉਹਨਾਂ ਨੂੰ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਪਿਛਲੇ ਸਾਲ ਉਹਨਾਂ ਦੀ ਬੇਹਿਸਾਬ ਆਮਦਨ 125.94 ਕਰੋੜ ਰੁਪਏ ਤੋਂ ਵੱਧ ਹੋ ਗਈ। ਗੁਜਰਾਤ ਦੇ ਭਾਵਨਗਰ 'ਚ ਵੱਖਰਾ ਸ਼ਿਪ ਬ੍ਰੇਕਿੰਗ ਯਾਰਡ (ਜਿਥੇ ਪਾਣੀ ਦੇ ਪੁਰਾਣੇ ਜਹਾਜ਼ ਤੋੜੇ ਜਾਂਦੇ ਹਨ) 'ਚ ਵੀ ਇਸ ਤਰ੍ਹਾਂ ਦੇ ਹਾਲਾਤ ਹਨ। ਉਥੇ ਮਾਫੀਆ ਨਿਯਮਤ ਤੌਰ 'ਤੇ ਵਾਤਾਵਰਣ ਕਨੂੰਨਾਂ ਦੀ ਉਲੰਘਣਾ ਕਰਦੇ ਹਨ ਅਤੇ ਪੁਰਾਣੇ ਜਹਾਜ਼ਾਂ ਨੂੰ ਤੋੜਦੇ ਸਮੇਂ ਖਤਰਨਾਕ ਕਚਰੇ ਨੂੰ ਚੁਕਣ ਲਈ ਕਰੀਬ 4500 ਮਜ਼ਦੂਰਾਂ ਨੂੰ ਮਜ਼ਬੂਰ ਕਰਦੇ ਹਨ। ਹੁਣੇ ਜਿਹੇ ਹੀ ਇਕ ਜਾਂਚ 'ਚ ਪਾਇਆ ਗਿਆ ਹੈ ਕਿ ਉਹ ਹਰ ਸਾਲ 200 ਕਰੋੜ ਰੁਪਏ ਦੇ ਪੈਦਾਵਾਰੀ ਟੈਕਸ ਦੀ ਚੋਰੀ ਕਰਦੇ ਹਨ। ਜੁਆਬ ਤਲਬ ਕਰਨ 'ਤੇ ਮਾਫੀਆ ਨੇ ਪਿਛਲੇ

ਸਾਲ ਦਸੰਬਰ 'ਚ ਜਹਾਜ਼ ਤੋੜਨ ਵਾਲਿਆਂ ਨੂੰ ਇਕ ਹਫਤੇ ਤੱਕ ਕੰਮ ਕਰਨ ਤੋਂ ਰੋਕ ਦਿੱਤਾ। ਸਰਕਾਰ ਨੇ ਮਾਲ ਸੂਚੀ ਦਿਖਾਉਣ ਦਾ ਨੋਟੀਫੀਕੇਸ਼ਨ ਨੂੰ ਕਮਜ਼ੋਰ ਕਰਕੇ ਮਾਮਲੇ ਨੂੰ ਰਫਾ ਦਫਾ ਕਰ ਦਿੱਤਾ। ਸਾਮਰਾਜ ਸੇਵੀ ਸੰਗਠਨ ਪਲੇਟਫਾਰਮ ਆਨ ਸ਼ਿਪਬ੍ਰੇਕਿੰਗ ਦੇ ਉਚ ਮੈਂਬਰ ਗੋਪਾਲ ਕ੍ਰਿਸ਼ਨ ਕਹਿੰਦੇ ਹਨ ਕਿ ਇਸ ਨਾਲ ਉਹਨਾਂ ਦਾ ਰਸੂਖ ਜਾਹਿਰ ਹੁੰਦਾ ਹੈ। ਸਿੱਟਾ ਸਪਸ਼ਟ ਹੈ ਕੋਈ ਵੀ ਮਾਫੀਆ ਤੋਂ ਜਵਾਬ ਤਲਬ ਨਹੀਂ ਕਰਦਾ। ਕੁਲ ਮਿਲਾ ਕੇ ਇਥੇ ਮਾਫੀਆ ਹੀ ਰਾਜ ਕਰਦਾ ਹੈ।

# ਅਪਰਾਧੀ ਤੇ ਬਲਾਤਕਾਰੀ ਵਿਧਾਇਕ ਬਨਾਮ ਮਾਇਆਵਤੀ

ਮੇਰੀ ਬੇਟੀ ਨੇ ਜਾਨ ਬਚਾਉਣ ਲਈ ਮੋਬਾਇਲ ਚੋਰੀ ਕੀਤਾ ਤਾਂ ਉਹ ਜੇਲ੍ਹ ਵਿਚ ਹੈ ਅਤੇ ਜਿਸ ਵਿਧਾਇਕ ਤੇ ਉਸ ਦੇ ਗੁੰਡਿਆਂ ਨੇ ਉਸ ਨਾਲ ਬਲਾਤਕਾਰ ਕੀਤਾ ਉਹ ਦੋ ਮਹੀਨੇ ਪਿੱਛੋਂ ਫੜੇ ਜਾ ਰਹੇ ਹਨ। ਫਿਰ ਵੀ ਤੁਸੀਂ ਨਿਆਂ ਦੀ ਉਮੀਦ ਪੁੱਛਦੇ ਹੋ? ਨਿਆਂ ਦੀ ਉਮੀਦ ਮੇਰੀ ਪਿੱਠ ਤੋਂ ਪੁੱਛੋ, ਜਿਸ ’ਤੇ ਨਰੈਨੀ ਦੇ ਗੁੰਡਿਆਂ ਨੇ ਬਿਆਨ ਵਾਪਸ ਕਰਾਉਣ ਲਈ ਏਨੇ ਡੰਡੇ ਬਰਸਾਏ। ਨਿਆਂ ਦੀ ਉਮੀਦ ਮੇਰੀ ਬੇਟੀ ਤੋਂ ਪੁੱਛੋ ਕਿ ਪੀੜਤ ਹੋਣ ਦੇ ਬਾਵਜੂਦ ਉਹ ਜੇਲ੍ਹ ’ਚ ਰਹੀ ਹੁਣ ਬਾਹਰ ਆਈ ਹੈ ਤਾਂ ਬਸਪਾ ਦੇ ਗੁੰਡੇ ਉਸ ਨੂੰ ਜਿਉਣ ਦੇਣਗੇ ਜਾਂ ਨਹੀਂ-ਇਹ ਕਹਿਣਾ ਹੈ ਬਲਾਤਕਾਰ ਦਾ ਸ਼ਿਕਾਰ ਹੋਈ ਨੀਲੂ (ਨਾਂ ਬਦਲਿਆ ਹੋਇਆ) ਦੇ ਪਿਤਾ ਅੱਛੇਲਾਲ ਨਿਸ਼ਾਦ ਦਾ ਜਿਸ ਨੂੰ ਬੇਟੀ ਨੂੰ ਛੁਡਵਾ ਕੇ ਲਿਆਉਣ ਪਿੱਛੋਂ ਜਿੰਦਾ ਤੇ ਸੁਰੱਖਿਅਤ ਰੱਖਣ ਦੀ ਚਿੰਤਾ ਸਤਾ ਰਹੀ ਹੈ। ਉਤਰ ਪ੍ਰਦੇਸ਼ ਦੀ ਸੱਤਾਧਾਰੀ ਪਾਰਟੀ ’ਚ ਗੁੰਡੇ, ਭਰਿਸ਼ਟਾਚਾਰੀ ਤੇ ਬਲਾਤਕਾਰੀ ਵਿਧਾਇਕਾਂ ਦੀ ਵਧਦੀ ਗਿਣਤੀ ਤੋਂ ਜਾਹਿਰ ਹੋਣ ਲੱਗਿਆ ਹੈ ਕਿ ਮਾਇਆਵਤੀ ਨੇ ਪਿਛਲੀ ਚੋਣ ’ਚ ਸੋਸ਼ਲ ਇੰਜਨੀਰਿੰਗ ਕੀਤੀ, ਜੋ ਫਸਲ ਬੀਜੀ ਉਹ ਹੁਣ ਪੱਕ ਗਈ ਹੈ। ਜਾਤੀ, ਬਾਹੂਬਲ ਤੇ ਫਿਰਕਿਆਂ ਦੀ ਇੰਜਨੀਰਿੰਗ ਨਾਲ ਮਾਇਆਵਤੀ ਨੇ ਬਹੁਮਤ ਦੀ ਜੋ ਇਤਿਹਾਸਕ ਨੈਮਤ ਹਾਸਲ ਕੀਤੀ ਸੀ, ਉਸ ਦੀ ਦੇਣ ਦੇਸ਼ ਦੇ ਲੋਕਾਂ ਨੂੰ ਇਸ ਰੂਪ ’ਚ ਭੁਗਤਣੀ ਪੈ ਰਹੀ ਹੈ ਕਿ ਸਤਾਧਾਰੀ ਪਾਰਟੀ ਨੇ ਸਪਾ ਸਰਕਾਰ ਦੀ ਅਪਰਾਧਿਕ ਦਿਖ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਦੋ ਜਨਵਰੀ ਨੂੰ ਮੁੱਖ ਮੰਤਰੀ ਦੇ ਹੁਕਮ ’ਤੇ ਗਠਿਤ ਸੀ ਆਈ ਡੀ ਜਾਂਚ ਟੀਮ ਨੇ 12 ਜਨਵਰੀ ਨੂੰ ਸਰਕਾਰ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਹੈ। ਜਿਸ ’ਚ ਨੀਲੂ ਦੇ ਸਮੂਹਿਕ ਬਲਾਤਕਾਰ ਦੀ ਪੁਸ਼ਟੀ ਹੋਈ। ਰਾਜ ਦੇ ਮੁੱਖ ਸਕੱਤਰ ਸਸ਼ਾਂਕ ਸ਼ੇਖਰ ਨੇ ਲਖਨਊ ’ਚ ਸੀ ਆਈ ਡੀ ਰਿਪੋਰਟ ਜਾਰੀ ਕਰਦੇ ਹੋਏ ਕਿਹਾ ਕਿ “ਨਰੈਣੀ ਦੇ ਬਸਪਾ ਵਿਧਾਇਕ ਪ੍ਰਸ਼ੋਤਮ ਨਰੇਸ਼ ਤ੍ਰਿਵੇਦੀ ਤੇ ਉਸ ਦੇ ਤਿੰਨ ਸਾਥੀਆਂ ਪਥਰਾ ਦੇ ਸੁਰੇਸ਼ ਨੇਤਾ ਤੇ ਰਜਿੰਦਰ ਸ਼ੁਕਲਾ ਤੇ ਰਾਵਣ ਗਰਗ ਵਲੋਂ ਸਮੂਹਕ ਬਲਾਤਕਾਰ ਦੀ ਪੁਸ਼ਟੀ ਹੋਈ ਹੈ। ਪੁਲਸ ਨੇ ਸਭ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਨਾਲ ਹੀ ਸੀ ਆਈ ਡੀ ਨੇ ਪੀੜਤ ਲੜਕੀ ’ਤੇ ਲੱਗੇ ਮੋਬਾਇਲ ਚੋਰੀ ਤੇ ਪੰਜ ਹਜ਼ਾਰ ਰੁਪੈ ਚੋਰੀ ਦੇ ਦੋਸ਼ ਨੂੰ ਵੀ ਸਹੀ ਪਾਇਆ ਹੈ ਤੇ ਸਥਾਨਕ ਪ੍ਰਸ਼ਾਸਨ ਦੀਆਂ ਸਾਰੀਆਂ ਗੜਬੜਾਂ ਨੂੰ ਢੱਕਦੇ ਹੋਏ ਸਾਫ ਪਾਕ ਕਰਾਰ ਦਿੱਤਾ ਹੈ। ਬੁਦੇਲਖੰਡ ਦੇ ਗੁਲਾਬੀ ਗੈਂਗ ਦੀ ਸੰਪਤੀ ਪਾਲ ਕਹਿੰਦੀ ਹੈ ‘ਜਿਸ ਥਾਣੇ ਨੇ ਪੀੜਤ ਨੂੰ ਅਪਰਾਧੀ ਤੇ ਅਪਰਾਧੀ ਨੂੰ ਛੱਡ ਰੱਖਿਆ ਸੀ। ਉਹਨਾਂ ਪੁਲਸ ਅਧਿਕਾਰੀਆਂ ਤੇ ਡਾਕਟਰਾਂ ’ਤੇ ਕਾਰਵਾਈ ਨਾ ਕੀਤੇ ਜਾਣਾ ਜਾਹਿਰ ਕਰਦਾ ਹੈ ਕਿ ਪ੍ਰਸ਼ਾਸ਼ਨ ਅਪਰਾਧਿਕ ਕਚਰੇ ਦਾ ਢੇਰ ਆਪਣੇ ਪਾਸ ਜਮ੍ਹਾਂ ਕਰ ਰਿਹਾ ਹੈ।’ ਰਾਜ ਸਰਕਾਰ ਨੂੰ ਮਾਮਲੇ ਦੀ ਸੀ ਆਈ ਡੀ ਜਾਂਚ ਕਰਵਾਉਣੀ ਪਈ ਕਿਉਂਕਿ ਸਥਾਨਕ ਅਤਰਰਾ ਥਾਣੇ ਨੇ ਅਪਰਾਧੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਪੀੜਤ ਨੀਲੂ ਨੂੰ ਰਾਹਤ ਦੀ ਉਮੀਦ

ਡਾਕਟਰੀ ਜਾਂਚ ਤੋਂ ਬੱਝੀ, ਪਰ ਬਾਂਦਾ ਰਾਜਕੀ ਹਸਪਤਾਲ ਦੇ ਦੋ ਡਾਕਟਰਾਂ ਵਲੋਂ ਕੀਤੀ ਗਈ ਜਾਂਚ 'ਚ ਬਲਾਤਕਾਰ ਦੀ ਪੁਸ਼ਟੀ ਨਾ ਹੋਣ ਦੀ ਰਿਪੋਰਟ ਪੇਸ਼ ਕੀਤੀ ਗਈ। 10 ਜਨਵਰੀ ਦੀ ਜੁਡੀਸ਼ੀਅਲ ਮੈਜਿਸਟਰੇਟ ਦੇ ਸਾਹਮਣੇ ਜਨਪੀੜਤ ਨੇ ਫਿਰ ਵਿਧਾਇਕ ਤੇ ਉਹਨਾਂ ਦੇ ਸਾਥੀਆਂ ਵਲੋਂ ਬਲਾਤਕਾਰ ਦੀ ਗੱਲ ਦੁਹਰਾਈ ਤਾਂ ਜੱਜ ਨੇ ਇਸ ਬਾਬਤ ਸਥਾਨਕ ਪ੍ਰਸਾਸ਼ਨ ਨੂੰ ਫਟਕਾਰ ਲਾਈ ਪਰ ਵਿਧਾਇਕ ਦੇ ਖੌਫ ਅੱਗੇ ਕਨੂੰਨ ਫਟਕਾਰ ਬੇਅਸਰ ਰਹੀ। ਬੁੰਦੇਲਖੰਡ ਦੇ ਸਮਾਜ ਸੇਵਕ ਪੁਸ਼ਪੇਂਦਰ ਰਾਏ ਅਨੁਸਾਰ 'ਜੇ ਸਥਾਨਕ ਲੋਕਾਂ 'ਤੇ ਸਮਾਜਕ ਕਾਰਕੁੰਨਾਂ ਨੇ ਦਬਾਅ ਨਾ ਪਾਇਆ ਹੁੰਦਾ ਤਾਂ ਮਾਮਲਾ ਕਦੋਂ ਦਾ ਦੱਬ ਗਿਆ ਹੁੰਦਾ ਤੇ ਲੋਕਾਂ ਦੇ ਨੁਮਾਇੰਦਿਆਂ ਦੀ ਅਸਲੀਅਤ ਦਾ ਇਹ ਹਿੱਸਾ ਵੀ ਪਤਾ ਨਾ ਲੱਗਦਾ ਜੋ ਸੀ ਆਈ ਡੀ ਜਾਂਚ 'ਚ ਉਜਾਗਰ ਹੋ ਸਕਿਆ ਹੈ।

ਨੀਲੂ ਵਿਧਾਇਕ ਦੇ ਘਰ ਕਿਵੇਂ ਪਹੁੰਚੀ, ਇਸ ਦਾ ਪੂਰਾ ਹਿੱਸਾ ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਜ਼ਿਲ੍ਹਾ ਦਫਤਰ ਤੋਂ 65 ਕਿਲੋਮੀਟਰ ਦੂਰ ਸ਼ੈਵਾਜਪੁਰ ਪਿੰਡ ਦੀ ਰਹਿਣ ਵਾਲੀ ਨੀਲੂ ਦੀ ਮਾਂ ਦੀ ਨੌਂ ਸਾਲ ਪਹਿਲਾਂ ਬੀਮਾਰੀ ਕਾਰਨ ਮੌਤ ਹੋ ਗਈ ਸੀ। ਉਸ ਪਿੱਛੋਂ ਨੀਲੂ ਅਕਸਰ ਆਪਣੇ ਨਾਨੇ ਦੇ ਘਰ ਜਾਣ ਲੱਗੀ। ਨੀਲੂ ਦੇ ਪਿਤਾ ਮੁਤਾਬਕ ਡੇਢ ਸਾਲ ਤੋਂ ਉਹ ਨਾਨੇ ਦੇ ਘਰ ਰਹਿ ਰਹੀ ਸੀ। ਉਥੇ ਨੀਲੂ ਦੇ ਨਾਲ ਪੰਨਾ ਜ਼ਿਲ੍ਹੇ ਦੇ ਧਰਮਪੁਰ ਥਾਣੇ ਦੇ ਦੋ ਸਿਪਾਹੀਆਂ ਨੇ ਬਲਾਤਕਾਰ ਕੀਤਾ। ਜਿਸ ਦੀ ਪੁਸ਼ਟੀ ਹੋਣ ਪਿੱਛੋਂ ਦੋਨਾਂ ਨੂੰ ਮੁਅਤਲ ਕਰ ਦਿੱਤਾ ਗਿਆ। ਪਿੱਛੋਂ ਉਹ ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਦੇ ਲੱਛਾਪੁਰਵਾ ਪਿੰਡ 'ਚ ਰਹਿਣ ਵਾਲੇ ਆਪਣੇ ਮਾਸੜ ਮਿੱਠੂ ਲਾਲ ਕੋਲ ਡੇਢ ਮਹੀਨੇ ਤੋਂ ਰਹਿਣ ਲੱਗੀ। ਕਰੀਬ ਮਹੀਨਾ ਪਹਿਲਾਂ ਮਿੱਠੂ ਲਾਲ ਨੇ ਅੱਛੇ ਲਾਲ ਨੂੰ ਫੌਨ ਤੇ ਦੱਸਿਆ ਕਿ ਨੀਲੂ ਭੱਜ ਗਈ ਹੈ। ਲੱਭਣ 'ਤੇ ਪਤਾ ਲੱਗਿਆ ਕਿ ਉਹ ਬਾਂਦਾ ਜ਼ਿਲ੍ਹੇ ਦੇ ਪਥਰਾ ਪਿੰਡ ਦੇ ਰਜੂ ਪਟੇਲ ਕੋਲ ਕੈਦ ਕਰ ਕੇ ਰੱਖੀ ਗਈ ਹੈ। ਅੱਛੇ ਲਾਲ ਨੂੰ ਜਿਉਂ ਹੀ ਪਤਾ ਲੱਗਿਆ ਕਿ ਨੀਲੂ ਪਥਰਾ ਤੇ ਉਸ ਨੂੰ ਮਿਠੂਲਾਲ ਤੋਂ 55 ਹਜ਼ਾਰ ਰੁਪਏ ਖਰੀਦ ਲਿਆ ਹੈ ਤਾਂ ਉਸ ਨੇ ਨਰੈਣੀ ਦੇ ਬਸਪਾ ਵਿਧਾਇਕ ਪੁਰਸ਼ੋਤਮ ਤ੍ਰਿਵੇਦੀ ਨੂੰ ਮਾਮਲੇ ਦੀ ਜਾਣਕਾਰੀ ਦਿੱਤੀ। ਅੱਛੇਲਾਲ ਵਿਧਾਇਕ ਕੋਲ ਗਏ ਕਿ ਉਹ ਵੀ ਬਸਪਾ ਦੇ ਸੈਕਟਰੀ ਪ੍ਰਭਾਰੀਸਨ ਸਤ ਦਸੰਬਰ ਨੂੰ ਵਿਧਾਇਕ ਨੇ ਆਪਣੇ ਲੋਕਾਂ ਨੂੰ ਭਿਜਵਾ ਕੇ ਨੀਲੂ ਨੂੰ ਰੱਜੂ ਤੋਂ ਮੁਕਤ ਕਰਵਾ ਲਿਆ ਅਤੇ ਸੁਰੱਖਿਆ ਦਾ ਹਵਾਲਾ ਦੇ ਕੇ ਆਪਣੇ ਘਰ ਰੱਖ ਲਿਆ। ਅੱਛੇਲਾਲ ਕਹਿੰਦੇ ਹਨ 'ਪੰਜ ਦਿਨ ਗੁਜਰਨ ਪਿੱਛੋਂ ਮੈਨੂੰ ਮੇਰੀ ਬੇਟੀ ਨੇ ਫੋਨ 'ਤੇ ਕਿਹਾ 'ਪਾਪਾ ਮੇਰੇ ਅੰਗ 'ਚੋਂ ਬਹੁਤ ਖੂਨ ਵਗ ਰਿਹਾ ਹੈ, ਮੈਨੂੰ ਬਚਾਅ ਲਓ, ਨਹੀਂ ਤਾਂ ਮੈਂ ਮਰ ਜਾਊਂਗੀ' ਜਦੋਂ ਮੈਂ ਸਵੇਰੇ ਵਿਧਾਇਕ ਕੋਲ ਪੁੱਜਦਾ, ਉਸ ਤੋਂ ਪਹਿਲਾਂ ਹੀ ਉਹ ਭੱਜ ਗਈ। ਨੀਲੂ ਦੇ ਭੱਜਣ ਪਿੱਛੋਂ ਵਿਧਾਇਕ ਦੇ ਗੁੰਡਿਆਂ ਨੇ ਮੈਨੂੰ ਪੁੱਠਾ ਲਟਕਾ ਕੇ ਬਹੁਤ ਮਾਰਿਆ। ਪਿੱਛੋਂ ਬੇਟੀ ਮਿਲ ਗਈ ਤਾਂ ਦਸ ਲੱਖ ਰੁਪਿਆ ਤੇ ਬਲੈਰੋ ਗੱਡੀ ਦੇ ਕੇ ਬਿਆਨ ਬਦਲਣ ਦੀ ਧਮਕੀ ਦਿੰਦੇ ਰਹੇ।

ਬਸਪਾ ਆਪਣੀ ਇਸ ਅਪਰਾਧਿਕ ਤਸਵੀਰ ਤੋਂ 2012 ਦੀਆਂ ਵਿਧਾਨ ਸਭਾ ਚੋਣਾਂ 'ਚ ਕਿਵੇਂ ਬਚੇਗੀ-ਮਾਇਆਵਤੀ ਦੀ ਵੱਡੀ ਚਿੰਤਾ ਇਹੀ ਹੈ। 15 ਜਨਵਰੀ ਨੂੰ ਮਾਇਆਵਤੀ ਦੇ ਜਨਮ ਦਿਨ ਤੋਂ ਠੀਕ ਪਹਿਲਾਂ ਮਿਲਿਆ ਇਹ ਤੋਹਫਾ ਹੁਣ ਤੱਕ ਦੇ ਸਾਰੇ ਤੋਹਫਿਆਂ ਤੋਂ ਵੱਖਰਾ ਹੈ। ਖਾਸ ਕਰਕੇ ਉਦੋਂ ਜਦ ਕਿ ਵਿਧਾਇਕ ਬਲਾਤਕਾਰ

ਕਾਂਡ ਦਾ ਇਹ ਪੂਰਾ ਮਾਮਲਾ ਰਾਜ ਰੰਗ ਨਾਲ ਭਰ ਗਿਆ ਹੈ। ਪਹਿਲੀ ਵਾਰੀ ਬਸਪਾ ਦੀ ਟਿਕਟ ਤੇ ਜਿੱਤ ਕੇ ਆਏ ਲੱਠਮਾਰ ਵਿਧਾਇਕ ਪ੍ਰਸ਼ੋਤਮ ਨਰੇਸ਼ ਤ੍ਰਿਵੇਦੀ ਮਾਇਆਵਤੀ ਦੇ ਨਜ਼ਦੀਕੀ ਵਿਧਾਇਕ ਤੇ ਮੰਤਰੀ ਬਾਬੂ ਸਿੰਘ ਕੁਛਵਾਹਾ ਗੁੱਟ ਤੋਂ ਵੱਖਰਾ ਬਸਪਾ 'ਚ ਜਗ੍ਹਾ ਬਣਾਉਣ 'ਚ ਲੱਗੇ ਸਨ। ਨੀਲੂ ਬਲਾਤਕਾਰ ਕਾਂਡ ਮਾਇਆਵਤੀ ਲਈ ਇਕ ਵੱਡਾ ਧੱਕਾ ਹੈ। ਬਸਪਾ ਦੇ ਅਪਰਾਧੀ ਵਿਧਾਇਕਾਂ ਸੰਬੰਧੀ ਇਹ ਕੋਈ ਨਵਾਂ ਕੇਸ ਨਹੀਂ। ਬੁਲੰਦ ਸ਼ਹਿਰ ਦੇ ਡਿਬਈ ਵਿਧਾਨ ਸਭਾ ਖੇਤਰ ਤੋਂ ਬਸਪਾ ਵਿਧਾਇਕ ਭਗਵਾਨ ਸ਼ਰਮਾ ਉਰਫ ਗੁੱਡੂ ਪੰਡਿਤ ਨੂੰ ਪਿੱਛੇ ਜਿਹੇ ਹੀ ਪੰਚਾਇਤੀ ਚੋਣਾਂ 'ਚ ਮੈਂਬਰ ਦੇ ਅਗਵਾਅ ਦੇ ਕੇਸ 'ਚ ਗੁੰਡਾ ਐਕਟ ਲਾਇਆ ਗਿਆ ਹੈ। ਗੁੱਡੂ ਪੰਡਿਤ 'ਤੇ 2007 'ਚ ਯੌਨ ਅਪਰਾਧ ਦੇ ਮਾਮਲੇ 'ਚ ਮੁਕੱਦਮਾ ਦਰਜ ਹੈ। ਔਰਿਆ ਦੇ ਵਿਧਾਇਕ ਸ਼ੇਖਰ ਤਿਵਾੜੀ ਵੀ ਇਕ ਪੀ ਡਬਲਯੂ ਡੀ ਇੰਜਨੀਅਰ ਦੀ ਹੱਤਿਆ ਸੰਬੰਧੀ ਅਪਰਾਧ 'ਚ 2008 ਤੋਂ ਜੇਲ੍ਹ 'ਚ ਬੰਦ ਹਨ। ਗੋਰਖਪੁਰ ਤੋਂ ਚਿਲਾਪੁਰ ਦੇ ਵਿਧਾਇਕ ਰਾਜੇਸ ਤ੍ਰਿਪਾਠੀ 'ਤੇ ਨਜਾਇਜ਼ ਜ਼ਮੀਨ ਤੇ ਕਬਜਾ ਕਰਨ ਤੇ ਨਿੱਜੀ ਸਵਦਾਹ ਤੋਂ ਪੈਸੇ ਵਸੂਲਣ ਦਾ ਮਾਮਲਾ ਉਜਾਗਰ ਹੋਇਆ ਹੈ। ਫੈਜਾਬਾਦ ਜ਼ਿਲ੍ਹੇ ਦੇ ਮਿਲਕੀਪੁਰ ਵਿਧਾਇਕ ਅਨੰਦ ਸੇਨ ਯਾਦਵ ਨੂੰ ਰਾਜ ਮੰਤਰੀ ਦੇ ਅਹੁਦੇ ਤੋਂ ਇਸ ਲਈ ਹਟਾਇਆ ਗਿਆ ਕਿ ਉਸ ਦਾ ਨਾਂ ਇਕ ਕਾਲਜ ਵਿਦਿਆਰਥਣ ਦੇ ਅਗਵਾਅ ਤੇ ਹੱਤਿਆ ਦੇ ਕੇਸ 'ਚ ਉਸ ਦਾ ਨਾਂ ਆਇਆ ਹੈ। ਉਚ ਸਿੱਖਿਆ ਮੰਤਰੀ ਤੇ ਮਿਡਲ ਸਿੱਖਿਆ ਮੰਤਰੀ 'ਤੇ ਵੀ ਅਧਿਕਾਰਾਂ ਦੀ ਦੁਰਵਰਤੋਂ ਤੇ ਭਰਿਸ਼ਟਾਚਾਰ ਦੇ ਮਾਮਲੇ ਦਰਜ ਹਨ। 11 ਵਿਧਾਇਕ ਯੌਨ ਅਪਰਾਧਾਂ 'ਚ ਸ਼ਾਮਲ ਪਾਏ ਗਏ ਹਨ। ਮਾਇਆਵਤੀ ਦੀ ਪਾਰਟੀ ਦਾ ਇਹ ਹੈ ਅਪਰਾਧਿਕ ਰਿਕਾਰਡ।

# ਬੇਘਰ-ਬੇਸਹਾਰਾ ਬੱਚੇ ਦਿੱਲੀ ਦੀ ਸੜਕਾਂ 'ਤੇ ਰਾਤ ਕੱਟਣ ਲਈ ਮਜ਼ਬੂਰ ਕਿਉਂ?

ਸੜਕਾਂ 'ਤੇ ਤਿੰਨ ਸਾਲਾਂ ਦੀ ਉਮਰ ਤੋਂ ਲੈ ਕੇ ਬੇਸਹਾਰਾ ਘੁੰਮ ਰਿਹਾ 13 ਸਾਲਾ ਸੈਫੁਦੀਨ ਚੈਨ ਦੀ ਨੀਂਦ ਲੈਣ ਲਈ ਰੋਜਾਨਾ ਰਾਤ ਨੂੰ ਆਪਣੇ ਲਈ ਨਵੀਂ ਥਾਂ ਲੱਭਦਾ ਹੈ। ਰੈਣ ਬਸੇਰੇ 'ਚ ਜਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਥੇ ਮੌਜੂਦ ਲੋਕ ਉਸ ਨੂੰ ਮਾਰ ਕੁੱਟ ਕੇ ਭਜਾ ਦਿੰਦੇ ਹਨ। ਉਧਰ ਦੇਵੀ (8) ਸ਼ੀਤਲ (6) ਰੋਸ਼ਨੀ (8) ਤੇ ਅਨਿਤਾ (4) ਲਾਲ ਬੱਤੀਆਂ 'ਤੇ ਭੀਖ ਮੰਗਦੀਆਂ ਹਨ ਅਤੇ ਰਾਤ ਨੂੰ ਕਦੀ ਕਿਸੇ ਪਰਿਵਾਰ ਦੇ ਨਾਲ ਸੁਰੱਖਿਆ ਦੀ ਤਲਾਸ਼ 'ਚ ਰਹਿੰਦੀਆਂ ਹਨ। ਕਈ ਵਾਰੀ ਇਹਨਾਂ ਬੱਚਿਆਂ ਨੇ ਅਸਥਾਈ ਰੈਨ ਬਸੇਰਿਆਂ 'ਚ ਆਸਰੇ ਦੀ ਤਲਾਸ਼ ਕੀਤੀ ਪਰ ਉਹਨਾਂ ਨੂੰ ਇਹ ਕਹਿ ਕੇ ਭਜਾ ਦਿੱਤਾ ਗਿਆ ਕਿ ਉਹ ਗੰਦਾ ਖਾਣਾ ਖਾਂਦੇ ਹਨ। ਜਦ ਕਿ ਇਹਨਾਂ ਬੱਚਿਆਂ ਨਾਲ ਜੁੜੇ ਅੰਕੜੇ ਚੌਂਕਾ ਦੇਣ ਵਾਲੇ ਹਨ। ਸਵੈ ਸੇਵੀ ਸੰਗਠਨਾਂ ਦਾ ਦਾਅਵਾ ਹੈ ਕਿ ਦਿੱਲੀ ਦੀਆਂ ਸੜਕਾਂ 'ਤੇ ਬੇਸਹਾਰਾ ਘੁੰਮ ਰਹੇ ਕਰੀਬ 10,000 ਬੱਚਿਆਂ ਨੂੰ ਰੋਜਾਨਾ ਰਾਤ ਦੀਆਂ ਇਸ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਨਾਲ ਰੂ-ਬ-ਰੂ ਹੋਣਾ ਪੈਂਦਾ ਹੈ। ਹਾਲਾਂਕਿ ਹਾਲ ਦੇ ਸਮਾਜ ਕਲਿਆਣ ਮੰਤਰੀ ਦਾਅਵਾ ਕਰਦੇ ਹਨ ਕਿ "ਸਾਡੇ ਕੋਲ ਬੇਘਰ ਬੇਸਹਾਰਾ ਬੱਚਿਆਂ ਲਈ ਸਹੀ ਅੰਕੜੇ ਮੌਜੂਦ ਨਹੀਂ ਹਨ। ਜੇ ਸਹੀ ਅੰਕੜੇ ਮਿਲ ਜਾਣ ਤਾਂ ਅਸੀਂ ਇਨ੍ਹਾਂ ਲਈ ਵਿਸ਼ੇਸ਼ ਪ੍ਰਬੰਧ ਕਰਨ ਲਈ ਤਿਆਰ ਹਾਂ।" ਇਸ ਤਰ੍ਹਾਂ ਦੇ ਕਿਸੇ ਸਰਵੇ ਸੰਬੰਧੀ ਸਿੰਘਲ ਕੁਝ ਖਾਸ ਨਹੀਂ ਦੱਸ ਸਕਦੇ ਕਿ ਕੌਣ ਕਰੇਗਾ ਤੇ ਕਦੋਂ ਕਰੇਗਾ ਅਤੇ ਸਿਰਫ਼ ਵਿਸ਼ਵਾਸ਼ ਦਿਵਾ ਕੇ ਹੀ ਮਾਮਲੇ ਤੋਂ ਟਾਲਾ ਵੱਟ ਜਾਂਦੇ ਹਨ। ਸੜਕਾਂ 'ਤੇ ਗੁਜਾਰਾ ਕਰਨ ਵਾਲੇ ਇਹਨਾਂ ਬੇਸਹਾਰਾ ਬੱਚਿਆਂ ਦੀ ਗੱਲ ਕਰੀਏ ਤਾਂ ਉਹਨਾਂ ਨੂੰ ਕਦੀ ਰੈਨ-ਬਸੇਰਿਆਂ 'ਚ ਵੜਨ ਨਹੀਂ ਦਿੱਤਾ ਜਾਂਦਾ, ਤਾਂ ਕਦੀ ਉਹਨਾਂ ਨਾਲ ਮਾਰ ਕੁੱਟ ਹੁੰਦੀ ਹੈ ਤੇ ਕਦੀ ਉਹਨਾਂ ਨੂੰ ਜਬਰ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਬਸ ਇਸੇ ਡਰ ਕਰਕੇ ਇਹ ਬੱਚੇ ਦਿੱਲੀ ਦੇ ਰੈਣ ਬਸੇਰਿਆਂ ਜਾਂ ਅਸਥਾਈ ਬਸੇਰਿਆਂ ਵੱਲ ਜਾਂਦੇ ਹੀ ਨਹੀਂ ਹਨ। ਸਰਾਏ ਕਾਲੇ ਖਾਨ ਦੀਆਂ ਸੜਕਾਂ 'ਤੇ ਕੂੜਾ ਇਕੱਠਾ ਕਰਨ ਵਾਲਾ 9 ਸਾਲ ਦਾ ਸਾਹਿਲ ਇਸ ਦੀ ਬਾਖੂਬੀ ਪੁਸ਼ਟੀ ਕਰਦਾ ਹੈ। "ਰੈਨ ਬਸੇਰੇ 'ਚ ਵੱਡੀ ਉਮਰ ਦੇ ਲੋਕਾਂ ਦਾ ਕਬਜਾ ਹੈ ਇਸ ਲਈ ਅਸੀਂ ਸਟੇਸ਼ਨ 'ਤੇ ਹੀ ਕਿਧਰੇ ਸੌਂ ਜਾਂਦੇ ਹਾਂ, ਉਥੇ ਨਹੀਂ ਜਾਂਦੇ।" ਇਸ ਤਰ੍ਹਾਂ ਇਕ ਹੀ ਉਮਰ ਦੇ ਪੰਜ-ਛੇ ਬੱਚਿਆਂ ਦੇ ਸਮੂਹ, ਦਿੱਲੀ ਦੇ ਵੱਖ-ਵੱਖ ਪਲੇਟ ਫਾਰਮਾਂ ਦੀਆਂ ਪੌੜੀਆਂ ਹੇਠਾਂ, ਪਾਰਕਿੰਗ ਥਾਵਾਂ ਅਤੇ ਮੰਦਰ ਦੇ ਨਜ਼ਦੀਕ ਇਕ ਹੀ ਥਾਂ 'ਤੇ ਸੌਂਦੇ ਵੇਖ ਸਕਦੇ ਹਾਂ। ਇਹਨਾਂ ਬੱਚਿਆਂ ਮੁਤਾਬਕ, ਵੱਡੇ ਲੜਕੇ ਜਾਂ ਆਦਮੀ ਇਹਨਾਂ ਰੈਨ ਬਸੇਰਿਆਂ 'ਚ ਦਾਦਾ ਗਿਰੀ ਕਰਦੇ ਹਨ ਅਤੇ ਉਹਨਾਂ ਦੇ ਪੈਸੇ ਤੱਕ ਖੋਹ ਲੈਂਦੇ ਹਨ। ਦਿੱਲੀ ਦੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਕਿਰਣ ਵਾਲੀਆ ਕਹਿੰਦੀ ਹੈ, "ਮੈਂ ਕਈ ਰੈਨ ਬਸੇਰਿਆਂ ਦਾ ਅਚਾਨਕ ਦੌਰਾ ਕੀਤਾ ਹੈ, ਉਥੇ ਅੱਛਾ ਮਾਹੌਲ ਵੇਖਣ ਨੂੰ ਮਿਲਿਆ।" ਸੜਕਾਂ 'ਤੇ ਰਹਿਣ ਵਾਲੇ ਬੇਸਹਾਰਾ ਬੱਚਿਆਂ ਦੇ ਜੀਵਨ 'ਚ ਸੁਧਾਰ ਲਿਆਉਣ ਦੇ

ਯਤਨ ਕਰ ਰਹੇ 'ਚੇਤਨਾ' ਦੇ ਕਾਰਜਕਾਰੀ ਨਿਦੇਸ਼ਕ ਸੰਜੈ ਗੁਪਤਾ ਦੱਸਦੇ ਹਨ, "ਸੜਕਾਂ 'ਤੇ ਇਧਰ ਉਧਰ ਘੁੰਮਦੇ ਬੇਘਰ-ਬੇਸਹਾਰਾ ਬੱਚਿਆਂ ਦਾ ਜ਼ਿਕਰ ਕਿਸੇ ਵੀ ਸਰਕਾਰੀ ਯੋਜਨਾ 'ਚ ਨਹੀਂ ਹੈ। ਰਾਤ ਨੂੰ ਡਰਦੇ ਮਾਰੇ ਇਹ ਰੈਣ-ਬਸੇਰਿਆਂ 'ਚ ਨਹੀਂ ਜਾਂਦੇ ਜਿਸ ਕਾਰਨ ਇਹਨਾਂ ਦੇ ਅਪਰਾਧਿਕ ਸਰਗਰਮੀਆਂ ਨਸ਼ੇ ਦੀ ਲਤ ਜਾਂ ਫਿਰ ਯੌਨ ਸੋਸ਼ਣ ਦੇ ਸ਼ਿਕਾਰ ਹੋਣ ਦੀਆਂ ਕਾਫੀ ਸੰਭਾਵਨਾਵਾਂ ਰਹਿੰਦੀਆਂ ਹਨ। ਪਿੱਛੇ ਜਿਹੇ ਹੀ ਸੁਪਰੀਮ ਕੋਰਟ ਨੇ ਇਹਨਾਂ ਸਰਦੀਆਂ 'ਚ ਦਿੱਲੀ 'ਚ ਠੰਡ ਨਾਲ ਇਕ ਵੀ ਸਖਸ਼ ਦੀ ਮੌਤ ਨਾ ਹੋ ਜਾਣ ਕਰਕੇ ਸਥਾਨਕ ਪ੍ਰਸਾਸ਼ਨ ਨੂੰ ਹੱਲਾਸ਼ੇਰੀ ਦਿੱਤੀ ਹੈ। ਅਦਾਲਤ ਨੇ ਕਿਹਾ ਹੈ ਕਿ ਠੰਡ ਦੇ ਬਾਵਜੂਦ ਦਿੱਲੀ 'ਚ ਬੱਚਿਆਂ ਸਮੇਤ ਕਿਸੇ ਦੀ ਜਾਨ ਠੰਡ ਕਰਕੇ ਨਹੀਂ ਗਈ ਹੈ। ਬੇਸ਼ੱਕ ਅਦਾਲਤ ਦਾ ਇਹ ਕਹਿਣਾ ਇਕ ਦਮ ਸਹੀ ਹੈ। ਪਰ ਦਿੱਲੀ ਸਰਕਾਰ ਨੂੰ ਇਸ ਪ੍ਰਸੰਸ਼ਾ ਤੋਂ ਅੱਗੇ ਵੀ ਹਰਕਤ 'ਚ ਆਉਣ ਦੀ ਲੋੜ ਹੈ। ਠੰਡ ਨਾਲ ਤਾਂ ਕੋਈ ਨਹੀਂ ਮਰਿਆ ਪਰ ਇਹ ਦੇਖਣ ਦੀ ਵੀ ਲੋੜ ਹੈ ਕਿ ਇਹ ਬੇਸਹਾਰਾ ਬੱਚੇ ਸੜਕ ਕਿਨਾਰੇ ਰਾਤ ਗੁਜਾਰਦੇ ਕਿਵੇਂ ਗਲਤ ਆਦਤਾਂ ਦਾ ਸ਼ਿਕਾਰ ਹੋ ਜਾਂਦੇ ਹਨ। ਗੁਪਤਾ ਦੱਸਦੇ ਹਨ, "ਬੱਚੇ ਨਸ਼ੇ ਦਾ ਸਹਾਰਾ ਲੈਂਦੇ ਹਨ" ਸਲੂਸ਼ਨ (ਡਾਇਲੂਟਡ ਫਲਿਊਡ) ਸੁੰਘਣ ਨਾਲ ਬੱਚਿਆਂ ਦਾ ਸਰੀਰ ਕਾਫੀ ਹੱਦ ਤੱਕ ਸੁੰਨ ਹੋ ਜਾਂਦਾ ਹੈ। ਅਤੇ ਉਹਨਾਂ ਨੂੰ ਠੰਡ ਦਾ ਅਹਿਸਾਸ ਹੀ ਨਹੀਂ ਹੁੰਦਾ। ਇਸ ਕਾਰਨ ਇਹ ਬੱਚੇ ਸਰਦੀਆਂ ਵਿਚ ਡਾਇਲੂਟਿਡ ਫਲਿਊਡ ਨੂੰ ਸਾਹ ਰਾਹੀਂ ਖਿੱਚਣ 'ਚ ਵਾਧਾ ਕਰ ਦਿੰਦੇ ਹਨ ਅਤੇ ਇਕ ਦਿਨ 'ਚ 3-5 ਬੋਤਲਾਂ ਤੱਕ ਖਿੱਚ ਜਾਂਦੇ ਹਨ। ਸੜਕਾਂ 'ਤੇ ਬੇਸਹਾਰਾ ਘੁੰਮਣ ਵਾਲੇ ਇਹਨਾਂ ਬੱਚਿਆਂ ਸੰਬੰਧੀ ਦਿੱਲੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਡੀ ਸੀ ਪੀ ਸੀ ਆਰ) ਨੇ ਦਿੱਲੀ ਸਰਕਾਰ ਨੂੰ ਇੱਕ ਨੋਟਿਸ ਭੇਜਿਆ, ਇਸ ਤੇ ਕਮਿਸ਼ਨ ਦੇ ਚੇਅਰਮੈਨ ਅਮੋਦ ਕੰਠ ਕਹਿੰਦੇ ਹਨ "ਅਸੀਂ ਸੜਕਾਂ 'ਤੇ ਘੁੰਮਣ ਵਾਲੇ ਬੇਸਹਾਰਾ ਬੱਚਿਆਂ ਸਬੰਧੀ ਦਿੱਲੀ ਸਰਕਾਰ ਨੂੰ ਇਕ ਨੋਟਿਸ਼ ਭੇਜਿਆ ਹੈ। ਅਸੀਂ ਚਾਹੁੰਦੇ ਹਾਂ ਕਿ ਅਜਿਹੇ ਬੱਚਿਆਂ ਲਈ ਵੱਖਰੇ ਰੈਨ ਬਸੇਰਿਆਂ ਦੀ ਉਸਾਰੀ ਹੋਵੇ। ਇਸ ਲਈ ਅਸੀਂ 20 ਰੈਣ ਬਸੇਰੇ ਸਥਾਪਤ ਕਰਨ ਦਾ ਪ੍ਰਸਤਾਵ ਰੱਖਿਆ ਹੈ।" ਦਿੱਲੀ ਦੇ ਰੈਨ ਬਸੇਰਿਆਂ ਦੀ ਉਸਾਰੀ ਤੇ ਦੇਖ ਰੇਖ ਦਾ ਜਿੰਮਾ ਪਿੱਛੋਂ ਜਿਹੇ ਦਿੱਲੀ ਅਰਬਨ ਸ਼ੈਲਟਰ ਇਮਪਰੂਵਮੈਂਟ ਬੋਰਡ (DUSIB) ਨੂੰ ਸੌਂਪਿਆ ਗਿਆ ਹੈ। ਬੋਰਡ ਦੇ ਸ਼ੈਲਟਰਾਂ ਸੰਬੰਧੀ ਸਟੇਟ ਰਿਪੋਰਟ ਵੇਖੀਏ ਤਾਂ ਇਸ ਸਮੇਂ ਦਿੱਲੀ 'ਚ 64 ਸਥਾਈ ਤੇ 84 ਅਸਥਾਈ ਬਸੇਰੇ ਚਲ ਰਹੇ ਹਨ। ਸਥਾਈ ਰੈਨ ਬਸੇਰਿਆਂ ਦੀ ਸਮਰਥ 9085 ਲੋਕਾਂ ਦੀ ਹੈ। ਜਦ ਕਿ ਉਹਨਾਂ 'ਚ ਔਰਤਾਂ ਤੇ ਬੱਚਿਆਂ ਲਹੀ 665 ਸੀਟਾਂ ਰੱਖੀਆਂ ਗਈਆਂ ਹਨ। ਗੱਲ ਸਥਾਈ ਰੈਨ ਬਸੇਰਿਆਂ ਦੀ ਕਰੀਏ ਤਾਂ ਵੱਖ-ਵੱਖ ਐਨ ਜੀ ਓ ਦੀ ਮਦਦ ਨਾਲ ਚਲ ਰਹੇ ਇਹਨਾਂ ਬਸੇਰਿਆਂ ਦੀ ਕੁਲ ਸਮਰਥਾ 8400 ਹੈ ਪਰ ਇਹਨਾਂ ਸਾਰਿਆਂ 'ਚ ਬੱਚਿਆਂ ਦਾ ਹਿੱਸਾ ਕਾਫੀ ਘੱਟ ਰੱਖਿਆ ਗਿਆ ਹੈ।

ਦੂਜੇ ਪਾਸੇ ਦਿੱਲੀ ਦੇ ਵਿੱਤ ਮੰਤਰੀ ਨੇ ਪਿਛਲੇ ਸੋਮਵਾਰ ਦਿੱਲੀ ਦੇ ਵੱਖ ਰੈਨ ਬਸੇਰਿਆਂ ਦਾ ਦੌਰਾ ਕੀਤਾ ਤੇ ਫਿਰ ਪਿਛੋਂ ਉਹਨਾਂ 'ਚ ਬੁਨਿਆਦੀ ਸਹੂਲਤਾਂ 'ਚ ਵੱਡੀ ਪੱਧਰ 'ਤੇ ਸੁਧਾਰ ਲਿਆਉਣ ਦਾ ਐਲਾਨ ਕੀਤਾ ਹੈ। ਪਰ ਉਹਨਾਂ ਦੇ ਇਸ ਐਲਾਨ 'ਚ ਸੜਕਾਂ ਤੇ ਬੇ ਸਹਾਰਾ ਘੁੰਮਣ ਵਾਲੇ ਬੱਚਿਆਂ ਲਈ ਬੇਸਹਾਰਿਆਂ ਦਾ ਉਕਾ ਹੀ ਕੋਈ ਜ਼ਿਕਰ ਨਹੀਂ ਹੈ। ਉਥੇ ਸਿੰਘਲ ਬੱਚਿਆਂ ਦੀ ਸੁਧ ਲੈਣ ਲਈ ਅਜੇ ਅੰਕੜਿਆਂ

ਦੀ ਉਡੀਕ ਕਰ ਰਹੇ ਹਨ ਤਾਂ ਵਾਲੀਆ ਰੈਨ ਬਸੇਰਿਆਂ 'ਚ ਸਭ ਕੁਝ ਅੱਛਾ ਹੋਣ ਦੀ ਗੱਲ ਕਰਦੀ ਹੈ। ਸਰਕਾਰ ਨੂੰ ਬੱਚਿਆਂ ਦੇ ਇਸ ਡਰ 'ਤੇ ਧਿਆਨ ਦੇਣ ਦੇ ਨਾਲ ਹੀ ਉਹਨਾਂ ਨੂੰ ਵਿਵਸਥਾ ਨਾਲ ਵੀ ਜੋੜਨਾ ਹੋਵੇਗਾ। ਇਸ ਦਾ ਅਹਿਸਾਸ ਨਿਜਾਮੁਦੀਨ 'ਚ ਰਹਿਣ ਵਾਲੇ ਸਤ ਸਾਲ ਦੇ ਪ੍ਰਸ਼ਾਂਤ ਦੀ ਇਸ ਗੱਲ ਨਾਲ ਹੀ ਹੋ ਜਾਂਦਾ ਹੈ, "ਸਰਦੀਆਂ ਤਾਂ ਜਿਵੇਂ ਤਿਵੇਂ ਕੱਟ ਰਹੀਆਂ ਹਨ, ਪਰ ਹੁਣ ਬਰਸਾਤ ਤੋਂ ਪਹਿਲਾਂ ਰਹਿਣ ਦਾ ਕੋਈ ਬੰਦੋਬਸਤ ਹੋ ਜਾਵੇ।" ਪਰ ਸਰਕਾਰ ਤੇ ਪ੍ਰਸਾਸ਼ਨ ਦੇ ਰੁਖ ਨੂੰ ਵੇਖਦੇ ਹੋਏ ਇਸ ਗੱਲ ਦੀ ਸੰਭਾਵਨਾ ਘੱਟ ਹੀ ਲੱਗਦੀ ਹੈ ਕਿ ਇਹਨਾਂ ਬੱਚਿਆਂ ਲਈ ਭਵਿੱਖ 'ਚ ਜਲਦੀ ਹੀ ਕੁਝ ਹੋਣ ਵਾਲਾ ਹੈ।

✪✪✪